# ਗੁਰਮਤਿ ਨਾਮ ਅਭਿਆਸ ਕਮਾਈ



ਭਾਈ ਸਾਹਿਬ ਰਣਧੀਰ ਸਿੰਘ


www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰਮਤਿ

# ਨਾਮ ਅਭਿਆਸ ਕਮਾਈ

ਭਾਈ ਸਾਹਿਬ ਰਣਧੀਰ ਸਿੰਘ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

੨੩-ਜੀ, ਸਰਾਭਾ ਨਗਰ, ਲੁਧਿਆਣਾ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਗਿਆਰਵੀਂ ਵਾਰ ਜੁਲਾਈ ੧੯੯੯
ਬਾਰ੍ਹਵੀਂ ਵਾਰ ਮਾਰਚ ੨00੪
੨000 ਕਾਪੀ
ਮੁੱਲ : ੫0-00

ਪ੍ਰਕਾਸ਼ਕ :

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
੨੩-ਜੀ, ਸਰਾਭਾ ਨਗਰ, ਲੁਧਿਆਣਾ

ਪ੍ਰਿੰਟਰ : ਬ੍ਰਾਈਟ ਪ੍ਰਿੰਟਰਜ਼, ਜਲੰਧਰ

 www.sikhbookclub.com

# ਤਤਕਰਾ

| ਪ੍ਰਕਰਣ | ਪੰਨਾ |
|---|---|
| – ਮੁਖ ਬਚਨ | ੫ |
| ੧. ਨਾਮ ਜਪਣ ਦਾ ਹੁਕਮ ਤੇ ਬਰਕਤਾਂ | ੧੧ |
| ੨. ਮਨ ਦੀ ਸੁਧੀ ਤੇ ਦੁੱਖਾਂ ਦੀ ਨਵਿਰਤੀ | ੨੬ |
| ੩. ਗੁਰਬਾਣੀ ਪੜ੍ਹਨ, ਸੁਨਣ, ਗਾਉਣ ਤੇ ਲਿਖਣ ਦਾ ਫਲ ਤੇ ਨਾਮ ਦੀ ਪਾਰਸ ਕਲਾ | ੩੧ |
| ੪. ਨਾਮ ਅਭਿਆਸ ਦੀ ਵਿਆਖਿਆ | ੩੬ |
| ੫. ਅਜਪਾ ਜਾਪ | ੬੫ |
| ੬. ਦੁਨੀਆਂ ਦੇ ਫਿਲਾਸਫਰਾਂ ਦੀ ਪੋਜ਼ੀਸ਼ਨ | ੭੩ |
| ੭. ਗੁਰਮੰਤ੍ਰ ਤੇ ਗੁਰਬਾਣੀ ਸਬੰਧੀ ਨਿਰਣਾ | ੮੦ |
| ੮. ਖਾਲਸੇ ਦਾ ਗੁਰਮਤਿ ਗੁਰਮੰਤ੍ਰ ਕੇਹੜਾ ਹੈ ? | ੯੩ |
| ੯. ਵਾਹਿਗੁਰੂ ਗੁਰਮੰਤ੍ਰ ਦਾ ਸਿਮਰਨ | ੧੦੩ |
| ੧੦. ਉਧਾਰ ਨਿਸਤਾਰੇ ਦਾ ਸਾਧਨ | ੧੧੦ |
| ੧੧. ਪ੍ਰਮਾਰਥ ਤੇ ਸੁਆਰਥ ਸਿੱਧੀ ਲਈ ਨਾਮ ਬਾਣੀ ਦਾ ਸੇਵਨ | ੧੧੩ |
| ੧੨. ਤੱਤ ਗਿਆਨ ਤੇ ਚੁੰਚ ਗਿਆਨ | ੧੧੬ |
| ੧੩. ਗੁਰਮਤਿ ਗੁਰਮੰਤ੍ਰ ਤੇ ਹੋਰ ਮੰਤ੍ਰਾਂ ਜੰਤ੍ਰਾਂ ਦਾ ਫਰਕ | ੧੧੮ |
| ੧੪. ਨਾਮ ਦਾ ਸਿਮਰਣ, ਮਨ ਦੀਆਂ ਮੁਰਾਦਾਂ ਤੇ ਰਿੱਧੀਆਂ ਸਿੱਧੀਆਂ | ੧੨੬ |
| ੧੫. ਗੁਰਮੰਤ੍ਰ ਦੇਣ ਦਾ ਅਧਿਕਾਰ ਕਿਸ ਨੂੰ ਹੈ ? | ੧੪੧ |
| ੧੬. 'ਸੁਣਿਐ' ਤੇ 'ਮੰਨੈ' ਦੀ ਵਿਆਖਿਆ : | ੧੬੧ |
| (੧) ਮਨ ਦੀਆਂ ਸੋਚਾਂ ਵਿਚਾਰਾਂ | ੧੬੧ |
| (੨) ਅਕਾਲ ਪੁਰਖ ਪਰ ਧਿਆਨ ਦਾ ਟਿਕਣਾ | ੧੬੬ |
| (੩) ਨਾਮ ਦਾ ਸੁਣਨਾ, ਨਾਮ ਦਾ ਪੜ੍ਹਨਾ ਬੁਝਣਾ | ੧੬੭ |
| (੪) ਗੁਰੂ ਘਰ ਦੀ ਭਾਉ ਭਗਤੀ | ੧੮੩ |
| (੫) ਨਾਮ ਦਾ ਮੰਨਣਾ, ਸ਼ਬਦ ਸੁਰਤ ਵਾਲਾ ਅਭਿਆਸ | ੧੯੩ |
| ੧੭. ਜਪੁਜੀ ਸਾਹਿਬ ਦੀਆਂ 'ਸੁਣਿਐ' 'ਮੰਨੈ' ਦੀਆਂ ਪਉੜੀਆਂ ਦੀ ਵਯਾਖਯਾ : | ੨੧੯ |
| (੧) ਸੁਣਿਐ ਦੀਆਂ ਪਉੜੀਆਂ ਦੀ ਵਯਾਖਯਾ | ੨੧੯ |
| (੨) ਮੰਨੈ ਦੀਆਂ ਪਉੜੀਆਂ ਦੀ ਵਯਾਖਯਾ | ੨੨੫ |
| ੧੮. ਅੰਤਕਾ—ਨਾਮ ਜਪਣ ਦੀ ਜੁਗਤੀ | ੨੩੩ |

 www.sikhbookclub.com

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

ਗਉੜੀ ਕੀ ਵਾਰ ਮ: ੪, ਪੰਨਾ ੩੦੫

## ਮੁਖ-ਬਚਨ

### (ਪਹਿਲੀ ਐਡੀਸ਼ਨ)

'ਗੁਰਮਤਿ ਨਾਮ ਅਭਿਆਸ ਕਮਾਈ' ਵਾਲਾ ਇਹ ਲੇਖ ਜਦ ਪਹਿਲੇ ਪਹਿਲ ਅਖਬਾਰ 'ਗੁਰ ਸੇਵਕ' ਵਿਚ ਛਪਣਾ ਸ਼ੁਰੂ ਹੋਇਆ ਸੀ, ਉਸ ਵੇਲੇ ਖਿਆਲ ਸੀ ਕਿ ਇਹ ਇਤਨਾ ਲੰਮਾ ਨਹੀਂ ਹੋਵੇਗਾ, ਪਰ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲੇਖਣੀ ਦਾ ਵੇਗ ਜਦੋਂ ਤੁਰ ਪਵੇ, ਤਾਂ ਇਸ਼ ਦੀ ਠਲ ਪੈਣੀ ਕੋਈ ਸੌਖੀ ਗੱਲ ਨਹੀਂ ਜਿਸ ਕਰਕੇ ਲੇਖ ਸੁਤੇ ਸਿਧ ਹੀ ਇਕ ਪੁਸਤਕ ਬਣ ਗਿਆ, ਜਿਸ ਵਿਚ ਗੁਰਬਾਣੀ ਵਿਚ ਗੁਰਮੰਤ੍ਰ ਕੀ ਹੈ ? ਗੁਰਮੰਤ੍ਰ ਦੇ ਸਿਮਰਨ ਦੀ ਲੋੜ, ਗੁਰਮੰਤ੍ਰ ਸਿਮਰਨ ਦੇ ਗੁਝੇ ਭੇਦ, ਗੁਰਮੰਤ੍ਰ ਦੀ ਪਾਰਸ ਕਲਾ, ਅਜਪਾ ਜਾਪ, ਰਿੱਧੀਆਂ ਸਿੱਧੀਆਂ, ਮਨ ਦੀਆਂ ਮੁਰਾਦਾਂ ਤੇ ਨਾਮ ਸਿਮਰਨ ਦਾ ਪ੍ਰਤਾਪ, ਗੁਰਮੰਤ੍ਰ ਦੇਣ ਦਾ ਅਧਿਕਾਰ ਕਿਸ ਨੂੰ ਹੈ ? ਦੁਨਿਆਵੀ ਫਿਲਾਸਫੀ ਤੇ ਤੱਤ ਗਿਆਨ ਆਦਿ ਵਿਸ਼ਿਆਂ ਪਰ ਬੜੀ ਡੂੰਘੀ ਵਿਚਾਰ ਕੀਤੀ ਗਈ ਹੈ। ਇਸ ਵਿਚ ਵਾਧਾ ਇਹ ਹੈ ਕਿ ਹਰ ਗਲ ਨੂੰ ਗੁਰਬਾਣੀ ਦੇ ਹਵਾਲੇ ਦੇ ਕੇ ਖੋਲ੍ਹ ਕੇ ਦਸਿਆ ਗਿਆ ਹੈ। ਜੋ ਸਜਣ 'ਨਾਮ ਅਭਿਆਸ' ਦੇ ਖੋਜੀ ਤੇ ਲੋੜ ਵੰਦ ਹਨ, ਉਹਨਾਂ ਲਈ ਏਹ ਪੁਸਤਕ ਇਕ ਤਰ੍ਹਾਂ ਦਾ ਚਾਨਣ ਮੁਨਾਰਾ ਹੈ। ਏਹ ਗਲ ਨਿਰਸੰਦੇਹ ਕਹੀ ਜਾ ਸਕਦੀ ਹੈ ਕਿ 'ਗੁਰਮਤਿ ਨਾਮ ਅਭਿਆਸ ਕਮਾਈ' ਪ੍ਰਥਾਇ ਐਸੀ ਪੁਸਤਕ ਅੱਜ ਤਕ ਕੋਈ ਪ੍ਰਕਾਸ਼ਤ ਨਹੀਂ ਹੋਈ। ਜਿਨ੍ਹਾਂ ਗੱਲਾਂ ਸਬੰਧੀ ਆਮ ਸਿਖ ਜਨਤਾ ਕਈ ਤਰ੍ਹਾਂ ਦੇ ਭੁਲੇਖਿਆਂ ਵਿਚ ਪਈ ਹੋਈ ਹੈ, ਉਨ੍ਹਾਂ ਦਾ ਏਸ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਨਿਰਣਾ ਕੀਤਾ ਗਿਆ ਹੈ। ਗੁਰਬਾਣੀ ਦੇ ਪਰਮਾਣ ਦੇ ਕੇ ਉਨ੍ਹਾਂ ਦੇ ਜੋ ਅਰਥ ਕੀਤੇ ਗਏ ਹਨ, ਓਹ ਐਸੇ ਵਿਲੱਖਣ, ਢੁਕਵੇਂ ਤੇ ਫਬਵੇਂ ਹਨ, ਕਿ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਅਰਥ ਕੇਵਲ ਨਾਮ ਸਿਮਰਨ ਦੀ ਕਮਾਈ ਕਰਨ ਨਾਲ ਹੀ ਸਫੁਰ ਹੋ ਸਕਦੇ ਹਨ। ਏਹ ਪੁਸਤਕ ਕੀ ਹੈ ? 'ਗੁਰਮਤਿ ਨਾਮ ਦੀ ਕਮਾਈ' ਦਾ ਪੇਖਿਆ ਪਰਖਿਆ ਜ਼ਾਤੀ ਤਜਰਬਾ ਹੈ। 'ਗੁਰਮਤਿ ਨਾਮ ਅਭਿਆਸ ਕਮਾਈ' ਵਿਚ ਸ਼ਬਦ 'ਅਭਿਆਸ' ਤੋਂ ਭਾਵ 'ਸਿਮਰਨ' ਤੇ 'ਜਾਪ' ਦਾ ਹੈ। ਭਾਵ ਏਹ ਕਿ ਏਸ ਪੁਸਤਕ ਵਿਚ ਸਤਿਨਾਮ ਗੁਰਮੰਤ੍ਰ ਦੇ ਸਿਮਰਨ ਦੀ ਕਮਾਈ ਦੀ ਗੁਰਮਤਿ ਰੀਤੀ, ਇਸ ਦੀ ਪ੍ਰਾਪਤੀ ਤੇ ਫਲ ਆਦ ਵਿਸ਼ਿਆਂ ਨੂੰ ਗੁਰਬਾਣੀ ਦੇ ਆਸਰੇ ਵਿਆਖਿਆ ਰੂਪ ਵਿਚ ਵਰਨਣ ਕੀਤਾ ਗਿਆ ਹੈ। ਏਸ ਨਾਸਕਤਾ ਤੇ ਪੱਛਮੀ ਤਹਿਜ਼ੀਬ ਦੇ ਅਸਰ ਹੇਠ ਆਏ ਜ਼ਮਾਨੇ ਵਿਚ ਲੋਕ 'ਰੱਬ' ਤੇ 'ਨਾਮ'

ਅਤੇ 'ਨਾਮ ਸਿਮਰਨ' ਨੂੰ ਵਾਧੂ ਤੇ ਗੈਰ ਜ਼ਰੂਰੀ ਗੱਲਾਂ ਦਸਦੇ ਹਨ। ਚੰਗੇ ਪੜ੍ਹੇ ਲਿਖੇ ਸਿਖ ਵਿਦਵਾਨ ਸਜਣ ਭੀ 'ਨਾਮ', 'ਨਾਮ ਸਿਮਰਨ' ਤੇ 'ਗੁਰਬਾਣੀ ਦੀ ਵਿਚਾਰ' ਆਦਿ ਵਿਸ਼ਿਆਂ ਨੂੰ ਅਜ ਕਲ ਦੇ ਸਮੇਂ ਦੇ ਪ੍ਰਭਾਵ ਅਨੁਸਾਰ ਤੇ ਮਨ ਮੰਨੇ ਸਾਇੰਟਫਿਕ ਤਰੀਕੇ ਨਾਲ ਗੁਰਬਾਣੀ ਦਾ ਅਭਿਪਰਾ ਦਸਣ ਲਈ, ਅਜੇਹੇ ਢੰਗ ਤੇ ਅਰਥਾਂ ਵਿਚ ਪ੍ਰਗਟ ਕਰਦੇ ਹਨ, ਕਿ ਜਿਨ੍ਹਾਂ ਤੋਂ ਗੁਰਬਾਣੀ ਦਾ ਅਸਲ ਆਸ਼ਾ ਹੀ ਗੁੰਮ ਹੋ ਜਾਂਦਾ ਹੈ।

ਸਿਖ ਲਿਖਾਰੀਆਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਤੋਂ ਪਿਛੋਂ ਜੁੱਧਾਂ ਦਾ ਘੋਰ ਸਮਾਂ ਲੰਘਣ ਪਰ ਏਹ ਕਮੀ ਆਉਣੀ ਸ਼ੁਰੂ ਹੋ ਗਈ ਸੀ ਕਿ 'ਗੁਰਬਾਣੀ' ਨੂੰ ਗੁਰਬਾਣੀ ਦੀ ਇਸਤਲਾਹ ਤੇ ਗੁਰਬਾਣੀ ਦੇ ਚਾਨਣੇ ਨਾਲ ਵਿਚਾਰਨ ਦੀ ਥਾਂ ਹਿੰਦੂ ਫਿਲਾਸਫੀ ਨਾਲ ਮੇਲ ਕੇ ਏਸ ਦਾ ਆਸ਼ਾ ਵੇਦਾਂ ਸ਼ਾਸਤਰਾਂ ਦੇ ਅਨਕੂਲ ਸਿਧ ਕਰਨ ਪਰ ਜ਼ੋਰ ਦਿਤਾ ਜਾਣ ਲਗ ਪਿਆ। ਪੁਰਾਣੇ ਗਿਆਨੀਆਂ ਤੇ ਸੰਤਾਂ ਆਦਿ ਦਾ ਬਹੁਤ ਜ਼ੋਰ ਗੁਰਬਾਣੀ ਨੂੰ ਵੇਦਾਂ ਤੇ ਸ਼ਾਸਤਰਾਂ ਦੇ ਅਨਕੂਲ ਸਿਧ ਕਰਨ ਪਰ ਹੀ ਹੁੰਦਾ ਸੀ ਤੇ ਅਜ ਕਲ ਅੰਗਰੇਜ਼ੀ ਪੜ੍ਹੇ ਲਿਖੇ ਵਿਦਵਾਨ ਗੁਰਬਾਣੀ ਨੂੰ ਨਵੀਂ ਰੌਸ਼ਨੀ ਦੇ ਖਿਆਲਾਂ ਅਨੁਸਾਰ ਢਾਲ ਕੇ ਇਸ ਦੀ ਵਿਆਖਿਆ ਪਛਮੀ ਫਿਲਾਸਫੀ ਤੇ ਸਾਇੰਸ ਅਨੁਸਾਰ ਕਰਨ ਪਰ ਜ਼ੋਰ ਦਿੰਦੇ ਤੇ ਕਰਦੇ ਹਨ, ਪਰ ਗੁਰਬਾਣੀ ਨੂੰ ਗੁਰਬਾਣੀ ਦੇ ਚਾਨਣੇ ਵਿਚ ਵੇਖਣ ਤੇ ਸਮਝਣ ਦੀ ਕੋਸ਼ਿਸ਼ ਜਿਵੇਂ ਪੁਰਾਣੇ ਸਮੇਂ ਦੇ ਲੋਕਾਂ ਨੇ ਨਹੀਂ ਕੀਤੀ ਸੀ, ਇਸੇ ਤਰ੍ਹਾਂ ਮੌਜੂਦਾ ਸਮੇਂ ਦੇ ਵਿਦਵਾਨ ਭੀ ਨਹੀਂ ਕਰ ਰਹੇ। ਏਸ ਪੁਸਤਕ ਵਿਚ ਖਾਸ ਗਲ ਇਹ ਹੈ ਕਿ ਗੁਰਬਾਣੀ ਦੇ ਪ੍ਰਮਾਣਾਂ ਦੇ ਅਰਥ ਗੁਰਬਾਣੀ ਦੀ ਇਸਤਲਾਹ ਤੇ ਆਸ਼ੇ ਅਨੁਸਾਰ ਹੀ ਕੀਤੇ ਗਏ ਹਨ, ਜੋ ਕਿ ਏਸ ਜ਼ਮਾਨੇ ਵਿਚ ਇਕ ਦੁਰਲਭ ਮਿਸਾਲ ਹੈ।

ਪੁਸਤਕ ਅੰਦਰ ਅਜ ਕਲ ਦੇ ਕਈ ਲਿਖਾਰੀਆਂ, ਗੁਰਬਾਣੀ ਦੇ ਟੀਕਾ-ਕਾਰਾਂ ਦੀਆਂ ਗਲਤ ਤੇ ਮਸ਼ਕੂਕ ਗੱਲਾਂ ਦਾ ਭੀ ਸ਼ੰਕਾ ਸਮਾਧਾਨ ਕੀਤਾ ਗਿਆ ਹੈ, ਨਾਲ ਹੀ ਕਈਆਂ ਪੁੱਛਾਂ ਦੇ ਉੱਤਰ ਭੀ ਆ ਗਏ ਹਨ। ਗੱਲ ਕੀ ਪੁਸਤਕ ਵਿਚ 'ਨਾਮ ਸਿਮਰਨ' ਦੀ ਸਾਰੀ ਫਿਲਾਸਫੀ ਤੇ ਵਿਚਾਰ ਵੇਰਵੇ ਸਹਿਤ ਆ ਗਈ ਹੈ। ਨਾਲ ਹੀ ਗੁਰਬਾਣੀ ਵਿਚੋਂ ਹੀ ਪਰਮਾਣਾਂ ਦੁਆਰਾ 'ਗੁਰਮੰਤ੍ਰ' ਨੂੰ ਪਰਗਟ ਕਰਕੇ ਏਹ ਗੱਲ ਭੀ ਦਸੀ ਗਈ ਹੈ ਕਿ 'ਗੁਰਮੰਤ੍ਰ' ਹੀ ਸਾਰੀ ਗੁਰਬਾਣੀ ਦਾ ਸਾਰ ਹੈ।

ਇਹ ਮਜ਼ਮੂਨ 'ਗੁਰ ਸੇਵਕ' ਅਖਬਾਰ ਵਿਚ ਲਗਾਤਾਰ ਕਈ ਮਹੀਨੇ ਤੋਂ ਪਰਕਾਸ਼ਤ ਹੋਣ ਕਰਕੇ ਏਸ ਦਾ ਪਰੇਮੀ ਸਜਣਾਂ ਪਰ ਇਤਨਾ ਖਿਚ ਵਾਲਾ ਅਸਰ ਹੋਇਆ ਕਿ ਕਈ ਸੱਜਣਾਂ ਨੇ ਜ਼ਬਾਨੀ ਤੇ ਕਈਆਂ ਨੇ ਲਿਖ ਕੇ ਏਸ ਨੂੰ

ਪੁਸਤਕ ਦੀ ਸ਼ਕਲ ਵਿਚ ਪ੍ਰਕਾਸ਼ਤ ਕਰਨ ਦੀ ਪਰੇਰਨਾ ਕੀਤੀ, ਜਿਸ ਤੋਂ ਪਤਾ ਲਗਾ ਕਿ ਸੰਗਤਾਂ ਵਿਚ ਅਜੇਹੇ ਵਿਸ਼ਿਆਂ ਵਾਲੇ ਲੇਖਾਂ ਦੀ ਖਾਸ ਰੁਚੀ ਤੇ ਜ਼ਰੂਰਤ ਹੈ, ਏਸ ਗੱਲ ਨੂੰ ਮੁਖ ਰਖਕੇ ਇਸ ਨੂੰ ਪੁਸਤਕ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ। ਆਸ਼ਾ ਹੈ ਕਿ ਸੰਗਤਾਂ ਇਸ ਨੂੰ ਪੜ੍ਹ ਕੇ ਲਾਭ ਲੈਣਗੀਆਂ ਤੇ ਸ੍ਰੀ ਮਾਨ ਭਾਈ ਸਾਹਿਬ ਜੀ ਦਾ ਇਹ ਪ੍ਰੀਸ਼ਰਮ ਸਫਲਾ ਹੋਵੇਗਾ। ਭਾਈ ਸਾਹਿਬ ਜੀ ਦੀ ਲੇਖਣੀ ਦੇ ਅੰਕਿਤ ਹੋਏ ਲੇਖਾਂ ਵਿਚ ਜੋ ਗੁਰਮਤਿ ਦੇ ਉਚੇ ਤੇ ਸੁਚੇ ਭਾਵ ਨਿਰਣਤ ਹੋਏ ਹੁੰਦੇ ਹਨ, ਉਹ ਅਪਣੀ ਮਿਸਾਲ ਆਪ ਹੀ ਹਨ। ਭਾਈ ਸਾਹਿਬ ਦੀਆਂ ਐਸੀਆਂ ਕਈ ਪੁਸਤਕਾਂ, ਲੇਖ ਤੇ ਕਵਿਤਾਵਾਂ ਹਨ, ਜਿਨ੍ਹਾਂ ਦੇ ਪ੍ਰਕਾਸ਼ਤ ਹੋਣ ਦੀ ਇਸ ਸਮੇਂ ਖਾਸ ਲੋੜ ਹੈ। ਗੁਰੂ ਕਰੇ ਕਿ ਉਹ ਸਮਾਂ ਝਬਦੇ ਆਵੇ, ਜਦ ਕਿ ਇਹ ਸਭ ਚੀਜ਼ਾਂ ਛਪਕੇ ਗੁਰਮਤਿ ਖੋਜੀ ਤੇ ਪਰੇਮੀ ਸਜਣਾਂ ਦੇ ਆਨੰਦ-ਹੁਲਾਸ ਦਾ ਕਾਰਣ ਬਨਣ।

ਨਾਹਰ ਸਿੰਘ ਗਯਾਨੀ
ਐ: ਗੁ: ਸੇਵਕ, ਅੰਮ੍ਰਿਤਸਰ

੧੫ ਮਾਰਚ ੧੯੩੬
੩ ਚੇਤਰ ੧੯੯੩

## (ਦੂਜੀ ਐਡੀਸ਼ਨ)

'ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਦੀ ਪਹਿਲੀ ਐਡੀਸ਼ਨ ਮਾਰਚ ੧੯੩੬ ਵਿਚ ਛਪੀ ਸੀ, ਏਹ ਸੰਗਤਾਂ ਦੇ ਮਨ ਇਤਨੀ ਭਾਈ ਕਿ ਸਾਲ ਦੇ ਅੰਦਰ ਅੰਦਰ ਹੀ ਸਟਾਕ ਵਿਚ ਕੋਈ ਕਾਪੀ ਭੀ ਬਾਕੀ ਨ ਬਚੀ। ਸੰਗਤਾਂ ਦੀ ਏਸ ਪੁਸਤਕ ਬਾਰੇ ਮੰਗ ਦਿਨੋ ਦਿਨ ਵਧਦੀ ਗਈ। ਪਿਛਲੇ ਸਾਲ ਤੋਂ ਹੀ ਏਸ ਦੇ ਪ੍ਰਕਾਸ਼ਤ ਕਰਨ ਦਾ ਖ਼ਿਆਲ ਸੀ ਪਰ ਹੁਣ ਤਕ ਮੌਕਾ ਨਹੀਂ ਬਣਿਆ ਸੀ। ਹੁਣ ਏਹ ਪੁਸਤਕ ਲਾਹੌਰ ਦੇ ਕੁਛ ਪਰੇਮੀ ਸਜਣਾਂ ਦੀ ਹੁੱਬ, ਉਦਮ ਤੇ ਸਹਾਇਤਾ ਦੇ ਬਲ ਕਰਕੇ ਪ੍ਰਕਾਸ਼ਤ ਹੋਈ ਹੈ, ਜਿਨ੍ਹਾਂ ਦੇ ਪ੍ਰੀਸ਼ਰਮ ਤੇ ਗੁਰਮਤਿ ਖੋਜ ਸਬੰਧੀ ਉਤਸ਼ਾਹ ਲਈ ਦਾਸ ਹਿਤੋਂ ਚਿਤੋਂ ਧੰਨਵਾਦੀ ਹੈ ਤੇ ਖੁਸ਼ੀ ਦੀ ਗਲ ਹੈ ਕਿ ਉਨ੍ਹਾਂ ਦੀ ਇੱਛਾ ਪੂਰੀ ਹੋਈ ਹੈ ਤੇ ਪੁਸਤਕ ਪਹਿਲੀ ਐਡੀਸ਼ਨ ਨਾਲੋਂ ਦੁੱਗਣੇ ਆਕਾਰ (ਹੁਜਮ) ਵਿਚ ਛਪੀ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਦੇਸ ਪ੍ਰਦੇਸ ਤੋਂ ਪਰੇਮੀ ਗੁਰਮਤਿ ਸਬੰਧੀ ਕਈ ਤਰ੍ਹਾਂ ਦੀਆਂ ਪੁਛਾਂ ਕਰਦੇ ਰਹਿੰਦੇ ਹਨ। ਆਪ ਇਹਨਾਂ ਪੁਛਾਂ ਦੇ ਉਤਰ ਵਿਚ ਅਕਸਰ ਲੇਖ ਹੀ ਲਿਖ ਦਿਆ ਕਰਦੇ ਹਨ। ਸੋ ਦੂਜੀ

ਐਡੀਸ਼ਨ ਵਿਚ ਕੁਛ ਪਰੇਮੀ ਜਨਾਂ ਦੇ ਪੁਛਣ ਤੇ ਪਰੇਰਨਾ ਦੇ ਕਾਰਨ ਹੇਠ ਲਿਖੇ ਪੰਜ ਪ੍ਰਕਰਣ ਖਾਸ ਤੌਰ ਪਰ ਨਵੇਂ ਅੰਕਿਤ ਹੋ ਕੇ ਦਰਜ ਹੋਏ ਹਨ—

'ਵਾਹਿਗੁਰੂ ਗੁਰਮੰਤ੍ਰ ਦਾ ਸਿਮਰਨ', 'ਉਧਾਰ ਨਿਸਤਾਰੇ ਦਾ ਸਾਧਨ', 'ਪ੍ਰਮਾਰਥ ਤੇ ਸੁਆਰਥ ਸਿਧੀ ਲਈ ਨਾਮ ਬਾਣੀ ਦਾ ਸੇਵਨ', 'ਸੁਣਿਐ ਤੇ ਮੰਨੇ ਦੀ ਵਯਾਖਯਾ', 'ਜਪੁਜੀ ਸਾਹਿਬ ਦੀਆਂ ਸੁਣਿਐ ਤੇ ਮੰਨੇ ਦੀਆਂ ਪਉੜੀਆਂ ਦੀ ਵਯਾਖਯਾ', ਪੁਸਤਕ ਵਿਚ ਕੁਲ ੧੭ ਪ੍ਰਕਰਣ ਹਨ।

ਮੰਗਲਵਾਰ
੧੬ ਅਗਸਤ ੧੯੩੮
੧ ਭਾਦਰੋਂ ੧੯੯੫

ਨਾਹਰ ਸਿੰਘ ਗਯਾਨੀ
ਅੰਮ੍ਰਿਤਸਰ

## (ਸਤਵੀਂ ਐਡੀਸ਼ਨ)

ਪਹਿਲੀ ਅਤੇ ਦੂਜੀ ਐਡੀਸ਼ਨ ਤੋਂ ਬਾਦ, ਪੁਸਤਕ 'ਗੁਰਮਤਿ ਨਾਮ ਅਭਿਆਸ ਕਮਾਈ' ਦੀ ਤੀਜੀ, ਚੌਥੀ, ਪੰਜਵੀਂ ਅਤੇ ਛੇਵੀਂ ਐਡੀਸ਼ਨ ਕਰਮ-ਵਾਰ ਮਈ ੧੯੪੪, ਸਤੰਬਰ ੧੯੫੨, ਜਨਵਰੀ ੧੯੬੨ ਅਤੇ ਮਈ ੧੯੬੯ ਵਿਚ ਛਪੀ ਸੀ।

ਹੁਣ ਸੰਗਤਾਂ ਦੇ ਲਾਭ ਹਿਤ, ਪੁਸਤਕ ਦੀ ਸਤਵੀਂ ਐਡੀਸ਼ਨ ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਸੁਧਾਈ ਕਰਕੇ, ਅਤੇ ਸੁੰਦਰ ਰੂਪ ਦੇ ਕੇ ਪ੍ਰਕਾਸ਼ਤ ਕੀਤੀ ਗਈ ਹੈ।

੧੨੬ ਮਾਡਲ ਟਾਊਨ
ਲੁਧਿਆਣਾ
ਮਿਤੀ : ੧-੧੦-੭੬

ਬਲਬੀਰ ਸਿੰਘ
ਪ੍ਰਕਾਸ਼ਕ

## (ਅਠਵੀਂ ਐਡੀਸ਼ਨ)

ਅਠਵੀਂ ਵਾਰ ਪੁਸਤਕ ਦਸੰਬਰ ੧੯੮੦ ਵਿਚ ਪ੍ਰਕਾਸ਼ਤ ਕੀਤੀ ਗਈ।

੧੨੬ ਮਾਡਲ ਟਾਊਨ
ਲੁਧਿਆਣਾ
ਮਿਤੀ ੧੫-੧੨-੮੦

ਬਲਬੀਰ ਸਿੰਘ
ਪ੍ਰਕਾਸ਼ਕ

 www.sikhbookclub.com

# ਗੁਰਮਤਿ

# ਨਾਮ ਅਭਿਆਸ ਕਮਾਈ

ਗੁਰਮਤਿ ਨਾਮ ਦੇ ਸਿਮਰਨ ਦੇ ਸਿਧਾਂਤ

ਸਬੰਧੀ ਖੋਜ ਭਰੀ ਵਿਚਾਰ



www.sikhbookclub.com

ੴ ਵਾਹਿਗੁਰੂ ਜੀ ਕੀ ਫਤਹ

੧

# ਨਾਮ ਜਪਣ ਦਾ ਹੁਕਮ ਤੇ ਨਾਮ ਜਪਣ ਦੀਆਂ ਬਰਕਤਾਂ

ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਗਰ ਬਾਣੀ ਆਦਿ ਤੋਂ ਅੰਤ ਤਾਈਂ ਇਹੋ ਉਪਦੇਸ਼ ਦ੍ਰਿੜ੍ਹਾਉਂਦੀ ਹੈ ਕਿ ਨਾਮੁ ਜਪਹੁ ! ਨਾਮੁ ਜਪਹੁ ! ਹਰ ਇਕ ਗੁਰਵਾਕ ਤੋਂ ਇਹੋ ਹੁਕਮ ਮਿਲਦਾ ਹੈ ਕਿ ਨਾਮ ਅਰਾਧਹੁ ! ਨਾਮ ਜਪਹੁ, ਇਕ ਨਿਮਖ ਭਰ ਭੀ ਬਿਲੰਭ ਨਾ ਕਰਹੁ !! ਮਾਨਸ ਜਨਮ ਦਾ ਸੱਚਾ ਲਾਹਾ ਇਹੋ ਹੈ। ਸਾਰੀ ਗੁਰਬਾਣੀ ਦਾ ਤਤੁ ਸਾਰ ਇਹੋ ਹੈ। ਗੁਰਮਤਿ ਦੀ ਸਚੀ ਮੱਤ ਹਦਾਇਤ ਇਹੋ ਹੈ। ਸਤਿਗੁਰੂ ਸੱਚੇ ਗੁਰਦੇਵ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮਨ ਸਿਰ ਸਾਰ ਹੁਕਮ ਇਹੋ ਹੈ, ਪਰ ਅੱਜ ਕਲ ਦੇ ਵਿਦਯਾ-ਅਕਲ ਸਹਸ ਸਿਆਣਪੀ ਯੂਰਪੀ ਤਹਿਜ਼ੀਬ ਤੇ ਇਲਮ ਦੇ ਅਸਰ ਹੇਠ ਆਏ ਬਹੁਤ ਸਾਰੇ ਸਿਖ ਜਗਿਆਸੂ ਸਤਿਗੁਰੂ ਦੇ ਤਤ ਸਾਰ ਹੁਕਮ ਤੋਂ ਉਕੇ ਹੀ ਮੁਨਹਰਫ ਹਨ, ਉਨ੍ਹਾਂ ਨੂੰ ਗੁਰਬਾਣੀ ਦੇ ਇਹ ਵਾਕ ਪੋਂਹਦੇ ਹੀ ਨਹੀਂ। ਇਸ ਹੁਕਮ ਦੇ ਮੰਨਣੋਂ ਉਹ ਸਿਰਫ ਸਿਰ ਹੀ ਨਹੀਂ ਫੇਰਦੇ, ਸਗੋਂ ਇਸ ਹੁਕਮ ਮੁਨਹਰਫੀ ਦਾ ਪੰਥ ਵਿਖੇ ਪ੍ਰਚਾਰ ਕਰਦੇ ਹਨ। ਪੰਥਕ ਪੇਪਰ ਅਖਬਾਰ ਇਨ੍ਹਾਂ ਦੇ ਹੱਥ ਵਸਿ ਹੋਣ ਕਰਕੇ ਬੜੇ ਬੜੇ ਲੰਮੇ ਚੌੜੇ ਲੇਖ ਲਗਾਤਾਰ ਅਤੇ ਸਿਲਸਲੇ ਵਾਰ ਲਿਖ ਲਿਖ ਗੁਰ ਹੁਕਮਾਂ ਦੀ ਬੇ-ਮੁਖਤਾ ਦਾ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕਰ ਰਹੇ ਹਨ। ਗੁਰਮਤਿ ਪ੍ਰਚਾਰ ਦੇ ਥਾਉਂ ਸਗੋਂ ਗੁਰਮਤਿ ਪ੍ਰਹਾਰ ਕਰ ਰਹੇ ਹਨ। ਉਨ੍ਹਾਂ ਦੇ ਲੇਖ ਦਸ ਰਹੇ ਹਨ ਕਿ ਜੋ ਕੁਛ ਉਹ ਲਿਖ ਰਹੇ ਹਨ, ਉਸ ਉਪਰ ਉਨ੍ਹਾਂ ਨੂੰ ਖੁਦ ਵਿਸ਼ਵਾਸ ਨਹੀਂ। ਦ੍ਰਿੜ ਭਰੋਸੇ ਬਿਹੂਣ ਡਾਵਾਂ ਡੋਲ ਹੋ ਰਹੇ ਹਨ। ਕੈਸੀ ਭੈੜੀ ਅਤੇ ਭਿਆਨਕ ਹਾਲਤ ਹੈ ਕਿ ਜਿਸ ਮਜ਼ਮੂਨ ਉੜੇ ਉਹ ਖੁਦ ਹਾਵੀ ਨਹੀਂ, ਉਸ ਦੇ ਲਿਖਾਰੀ ਹੋਣ ਦਾ ਕਿਉਂ ਦਾਵਾ ਬੰਨ੍ਹਣ। ਜਿਸ ਮਾਰਗ ਦੇ ਉਹ ਪਾਂਧੀ ਹੀ ਨਹੀਂ, ਜਿਸ ਰਾਹ ਦੇ ਉਹ ਜਾਣੂ ਹੀ ਨਹੀਂ, ਉਸ ਬਾਬਤ ਉਨ੍ਹਾਂ ਨੂੰ ਲਿਖਣ ਲਿਖਾਉਣ ਦੀ ਕੀ ਲੋੜ ਹੈ ? ਇਕ ਵਾਰ ਨਹੀਂ ਅਨੇਕ ਵਾਰ ਅਤੇ ਭਾਂਤ ਭਾਂਤ ਦੇ ਪੰਥਕ ਅਖਬਾਰਾਂ, ਰਸਾਲਿਆਂ ਅੰਦਰਿ

'ਨਾਮਿ ਬਾਣੀ' ਦੇ ਸਿਰ ਲੇਖ ਹੇਠਾਂ ਐਸੇ ਲੇਖ ਸਪਸ਼ਟ ਤੌਰ ਤੇ ਛਪੇ ਹਨ ਕਿ 'ਵਾਹਿਗੁਰੂ' 'ਵਾਹਿਗੁਰੂ' ਕਰਨਾ ਅਤੇ 'ਪੱਥਰ' 'ਪੱਥਰ' ਆਖਣਾ ਇਕੋ ਜਿਹਾ ਹੀ ਅਸਰ ਰਖਦਾ ਹੈ । ਗੁਰੂ ਘਰ ਵਿਖੇ ਕੋਈ ਖਾਸ ਨਾਮ ਨਹੀਂ, ਜਿਸ ਦਾ ਜਾਪ ਅਭਿਆਸ ਕਰਨਾ ਵਿਧਾਨ ਹੈ । ਬਸ ਪ੍ਰੇਮ ਮੁਖ ਹੈ । ਪ੍ਰੇਮ ਨਾਲ ਪੱਥਰ ਪੱਥਰ ਆਖੀ ਜਾਣ ਦਾ ਵੀ ਉਹੋ ਅਸਰ ਹੈ ਜਿਹਾ ਕਿ ਰਾਮ ਰਾਮ ਅਥਵਾ ਵਾਹਿਗੁਰੂ ਵਾਹਿਗੁਰੂ ਆਖੀ ਜਾਣ ਦਾ । ਇਸ ਮਨਮਤਿ ਦੀ ਪਰੋੜ੍ਹਤਾ ਵਿਚ ਉਹ ਮਨਘੜਤ ਕਹਾਣੀਆਂ ਘੜ ਘੜ ਲਿਖ ਸੁਣਾਉਂਦੇ ਹਨ । ਇਸ ਬਿਧਿ ਉਹ ਗੁਰਮਤਿ ਦੇ ਥਾਉਂ ਮਨਮਤਿ ਦਾ ਪਰਚਾਰ ਕਰਦੇ ਹਨ । ਤਿਨ੍ਹਾਂ ਪ੍ਰਤੀ ਹੀ ਇਹ ਗੁਰਵਾਕ ਠੀਕ ਘਟਦਾ ਹੈ :

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
ਪਸੂ ਭਏ ਅਭਿਮਾਨੁ ਨ ਜਾਈ ॥

ਬਸੰਤ ਮ: ੧, ਪੰਨਾ ੧੧੯੦

ਉਹ ਕਹਿੰਦੇ ਹਨ ਕਿ ਮਨਉਕਤ ਕੋਈ ਅੱਖਰ ਭੀ ਆਖੀ ਜਾਓ, ਪਰ ਪਰੇਮ ਨਾਲ ਆਖੀ ਜਾਓ, ਉਹ ਤਾਂ ਸਭ ਸਫਲਾ ਹੈ, ਪਰ ਰੱਬ ਦਾ ਕੋਈ ਖਾਸ ਨਾਮ ਭੀ ਭਾਵੇਂ ਹੋਵੇ, ਉਸ ਨੂੰ ਅ-ਪਰੇਮ ਸਹਿਤ ਆਖਣਾ ਕਦੇ ਭੀ ਫਲੀ ਭੂਤ ਨਹੀਂ ਹੁੰਦਾ । ਇਕ ਮਨਘੜਤ ਗਪੌੜ ਕਹਾਣੀ ਲਿਖ ਕੇ ਉਹ ਸਾਬਤ ਕਰਦੇ ਹਨ, ਕਿ ਇਕ ਪੁਰਸ਼ ਸੂਧੇ ਸੁਭਾ ਨਾਲ 'ਮੂਰਖ' 'ਮੂਰਖ' ਪਦਾਂ ਦਾ ਜਾਪ ਜਪ ਕੇ ਹੀ ਸਦ ਗਤੀ ਨੂੰ ਪ੍ਰਾਪਤ ਹੋ ਗਿਆ ਸੀ । ਅਸੀਂ ਇਸ ਗਪੌੜ ਕਥਾ ਨੂੰ ਕਦਾਚਿਤ ਭੀ ਤਸਲੀਮ ਨਹੀਂ ਕਰ ਸਕਦੇ, ਕਿਉਂਕਿ ਇਹ ਗੁਰਮਤਿ ਆਸ਼ੇ ਤੋਂ ਉੱਕੀ ਹੀ ਪ੍ਰਤਿਕੂਲ ਹੈ । ਨਾ ਹੀ ਕਿਸੇ ਗੁਰੂ ਘਰ ਦੇ ਇਤਿਹਾਸ ਅੰਦਰ ਐਸੀ ਕੋਈ ਗਪੌੜ ਕਥਾ ਅਸੀਂ ਅੱਜ ਤਾਈਂ ਪੜ੍ਹੀ ਸੁਣੀ ਹੈ । ਐਸੀਆਂ ਗੱਲਾਂ ਦੇ ਲਿਖਾਰੀਆਂ ਵਿਚੋਂ ਇਕ ਲੇਖਕ ਆਪਣੇ ਲੇਖ ਵਿਚ ਕੁਝ ਸਤਰਾਂ ਇਸ ਬਿਧ ਲਿਖਦੇ ਹਨ :

'ਅਸਲ ਗੱਲ ਤਾਂ ਇਹ ਹੈ ਕਿ ਕੋਈ ਨਾਮ ਸ਼੍ਰੀ ਪਰਮੇਸ਼ਰ ਦਾ ਨਹੀਂ ਹੋ ਸਕਦਾ । ਜੇ ਤੁਸੀਂ ਲਫਜ਼ੀ ਮਤਲਬ ਲਵੋਗੇ ਤਾਂ ਹਰ ਇਕ ਨਾਮ ਕਿਸੇ ਦੇ ਗੁਣਾਂ ਨੂੰ ਪਰਗਟ ਕਰੇਗਾ । ਸੋ ਅਸਲ ਕੋਈ ਇਕ ਨਾਮ ਉਸ ਵਾਹਿਗੁਰੂ ਦਾ ਹੋ ਹੀ ਨਹੀਂ ਸਕਦਾ । ਕਿਸੇ ਇਕ ਬੇ-ਮਤਲਬੇ ਲਫ਼ਜ਼ ਨੂੰ ਕਹੀ ਜਾਣਾ ਕੀ ਗੁਣ ਕਰ ਸਕਦਾ ਹੈ ।' ਆਦਿ ।

ਇਸ ਪਰਕਾਰ ਦੀਆਂ ਮਨ ਉਕਤ ਦਲੀਲਾਂ ਦੇ ਦੇ ਕੇ ਉਹ ਗੁਰਮਤਿ ਦੇ ਨਾਮ ਭਗਤੀ ਵਾਲੇ ਅਸੂਲ ਤੋਂ ਸਰਕਸ਼ੀ ਕਰ ਰਹੇ ਹਨ ਅਤੇ ਭੋਲੇ ਭਾਲੇ

ਸਿਧੜ ਸਿਖਾਂ ਨੂੰ ਗੁਰਬਾਣੀ ਅਤੇ ਗੁਰਮਤਿ ਨਾਮ ਤੋਂ ਅਸ਼ਰਧਕ ਬਣਾ ਰਹੇ ਹਨ । ਅਸੀਂ ਐਸੇ ਲੇਖਕਾਂ ਨੂੰ ਸਨਿੰਮਰ ਬੇਨਤੀ ਕਰਦੇ ਹਾਂ, ਕਿ ਉਹ ਇਸ ਮਨ ਮਤਿ ਨੂੰ ਛਡਕੇ ਨਾਮ ਬਾਣੀ ਦੇ ਖੋਜੀ ਬਣਨ, ਉਨ੍ਹਾਂ ਨੂੰ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਏਹਨਾਂ ਦੀਖਸ਼ਤ ਵਾਕਾਂ ਉਤੇ ਅਮਲ ਕਰਨਾ ਚਾਹੀਦਾ ਹੈ । ਯਥਾ ਗੁਰਵਾਕ :

ਛਾਡਿ ਸਿਆਣਪ ਬਹੁ ਚਤੁਰਾਈ ॥
ਗੁਰ ਪੂਰੇ ਕੀ ਟੇਕ ਟਿਕਾਈ ॥

ਗਉੜੀ ਮ: ੫, ਪੰ: ੧੯੦

ਚਤਰਾਈਆਂ ਅਤੇ ਸਿਆਣਪਾਂ ਮਨ ਦੀਆਂ ਮਤਾਂ ਛਡਕੇ ਸਤਿਗੁਰੂ ਪੂਰੇ ਉਪਰ ਸ਼ਰਧਾ ਭਾਵਨੀ ਵਾਲੀ ਟੇਕ ਟਿਕਾਉਣੀ ਚਾਹੀਦੀ ਹੈ ਪਰ ਸਪਸ਼ਟ ਏਹੋ ਜਾਪਦਾ ਹੈ ਕਿ ਅਜੇਹੇ ਪੁਰਸ਼ਾਂ ਦੀ ਗੁਰੂ ਅਤੇ ਗੁਰਬਾਣੀ ਉਤੇ ਰਾਈ ਮਾਤਰ ਭੀ ਸ਼ਰਧਾ ਨਹੀਂ, ਸ਼ਰਧਾ ਹੋਵੇ ਤਾਂ ਉਹ ਅਜੇਹੇ ਗੁਰਵਾਕ ਮੰਨਣੋਂ ਕਦੇ ਸਿਰ ਨਾ ਫੇਰਨ ਅਤੇ ਨਾਮ ਤੋਂ ਕਦੇ ਮੁਨਕਰ ਨਾ ਹੋਵਨ ! ਗੁਰਬਾਣੀ ਗੁਰੂ ਕੇ ਵਾਕ ਤਾਂ ਇਉਂ ਦਸਦੇ ਹਨ :

ਹਰਿ ਕਾ ਨਾਮੁ ਦੀਓ ਗੁਰਿਮੰਤ੍ਰੁ ॥
ਮਿਟੇ ਵਿਸੂਰੇ ਉਤਰੀ ਚਿੰਤ ॥

ਗਉੜੀ ਮ: ੫, ਪੰ: ੧੯੦

ਅਰਥਾਤ ਸਤਿਗੁਰੂ ਨੇ ਨਾਮ ਰੂਪੀ ਗੁਰਮੰਤਰ ਦੀ ਬਖਸ਼ਿਸ਼ ਕੀਤੀ ਹੈ, ਜਿਸ ਦੀ ਬਰਕਤ ਨਾਲ ਸਾਰੇ ਵਿਸੂਰੇ ਮਿਟ ਗਏ ਹਨ ਅਤੇ ਚਿੰਤਾ ਉਤਰ ਗਈ ਹੈ, ਪਰ ਗੁਰਬਾਣੀ ਤੋਂ ਅਸਰਧਕ ਕਹਿੰਦੇ ਹਨ, ਕਿ ਨਾ ਕੋਈ ਨਾਮ ਹੈ ਤੇ ਨਾ ਨਾਮ ਦੇ ਜਪਣ ਦੀ ਲੋੜ ਹੈ । ਸਚੇ ਸਤਿਗੁਰੂ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਵਾਕ ਰੂਪੀ ਹੁਕਮ ਹੈ :

ਗੁਰੂ ਗੁਰੂ ਜਪਿ ਮੀਤ ਹਮਾਰੇ ॥
ਮੁਖ ਊਜਲ ਹੋਵਹਿ ਦਰਬਾਰੇ ॥

ਗਉੜੀ ਮ: ੫, ਪੰ: ੧੯੦

ਅਰਥਾਤ : ਹੇ ਸਾਡੇ ਮਿਤਰ ਪਿਆਰੇ ਤੂੰ ਗੁਰੂ ਗੁਰੂ ਜਪ ਅਤੇ ਇਸ ਜਪ ਜਪਣ ਦਾ ਫਲ ਕੀ ਹੈ, ਅਕਾਲ ਪੁਰਖ ਦੀ ਸਚੀ ਦਰਗਾਹ ਵਿਚ ਤੇਰਾ ਮੁਖ ਉਜਲਾ ਹੋਵੇਗਾ । ਨਾਮ ਜਪਣ ਦੀ ਅਕਲ ਕਲਾ ਦਾ ਪਾਰਸ ਪਾਰਜਾਤੀ ਫਲ ਨਿਰਸੰਦੇਹ ਇਹੋ ਹੋਵੇਗਾ, ਕਿਉਂਕਿ ਸਤਿਗੁਰ ਦੀ ਬਾਣੀ ਸਤਿ ਸਤਿ ਹੈ । ਗੁਰਵਾਕ ਹੈ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥

ਗਉੜੀ ਕੀ ਵਾਰ ਮ: ੪, ਪੰ: ੩੦੮

ਹੁਣ ਦਸੋ ਅਸੀਂ ਸਤਿਗੁਰੂ ਦੀ ਬਾਣੀ ਨੂੰ ਸਤਿ ਸਤਿ ਕਰਕੇ ਮੰਨੀਏ ਯਾ ਔਝੜੇ ਪਏ ਆਗੂਆਂ ਦੀ ਮਤਿ ਨੂੰ ਸਚਾ ਮੰਨੀਏ। 'ਗੁਰੂ ਗੁਰੂ ਜਪਣ' ਨੂੰ ਉਹ ਬੇ-ਮਤਲਬੇ ਲਫਜ਼ ਰਟਣੇ ਆਖੀ ਜਾਣ ਪਰ ਸਿਖਾਂ ਸ਼ਰਧਾਲੂਆਂ ਦੇ ਨਿਕਟ ਤਾਂ ਇਹ ਐਨ ਪੁਰਮਤਲਬ ਬ੍ਰਹਮ ਵਾਕ ਹਨ। ਜਿਸ 'ਗੁਰੂ ਗੁਰੂ ਜਪਣ' ਨਾਲ 'ਮੁਖ ਊਜਲ ਹੋਵਹਿ ਦਰਬਾਰੇ' ਵਾਲਾ ਮਨੁਖਾ ਦੇਹ ਦਾ ਸਫਲ ਜਨੰਮੀ ਲਾਹਾ ਪ੍ਰਾਪਤ ਹੋਣਾ ਗੁਰੂ ਸਾਹਿਬ ਦਰਸਾਉਣ, ਉਨ੍ਹਾਂ 'ਗੁਰੂ ਗੁਰੂ ਜਪਣ' ਰੂਪੀ ਵਾਕਾਂ ਨੂੰ ਗੁਰੂ ਕਾ ਸਰਧਾਵਾਨ ਸਿਖ ਤਾਂ ਬੇਮਤਲਬੇ ਲਫਜ਼ ਨਹੀਂ ਕਹਿ ਸਕਦਾ। ਅਸਰਧਕ ਲੋਕ ਕਹਿਣ ਤਾਂ ਏਹ ਉਨ੍ਹਾਂ ਦੇ ਅਭਾਗ ਹਨ ਅਤੇ ਉਨ੍ਹਾਂ ਦੀ ਅਧੋਗਤੀ ਦੇ ਇਹ ਮੰਦੇ ਲਛਣ ਹਨ। ਅਸਾਡੇ ਸਚੇ ਗੁਰਦੇਵ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਤਾਂ ਫੁਰਮਾਉਂਦੇ ਹਨ ;

ਹਰਿ ਸਿਮਰਤ ਤੇਰੀ ਜਾਇ ਬਲਾਇ ॥
ਸਰਬ ਕਲਿਆਣ ਵਸੈ ਮਨਿ ਆਇ ॥੧॥
ਭਜੁ ਮਨ ਮੇਰੇ ਏਕੋ ਨਾਮ ॥
ਜੀਅ ਤੇਰੇ ਕੈ ਆਵੈ ਕਾਮ ॥ ੧ ॥ ਰਹਾਉ ॥
ਰੈਣਿ ਦਿਨਸੁ ਗੁਣ ਗਾਉ ਅਨੰਤਾ ॥
ਗੁਰ ਪੂਰੇ ਕਾ ਨਿਰਮਲ ਮੰਤਾ ॥੨॥
ਛੋਡਿ ਉਪਾਵ ਏਕ ਟੇਕ ਰਾਖੁ ॥
ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥

ਗਉੜੀ ਮ: ੫, ਪੰਨਾ ੧੯੩

ਭਾਵ, ਜਿਸ ਨਾਮ ਦੇ ਸਿਮਰਨ ਕਰਕੇ ਤੇਰੀ ਸਾਰੀ ਬਿਪਤ ਬਲਾਇ ਦੂਰ ਹੋ ਜਾਇ, ਜਿਸ ਨਾਮ ਦੇ ਸਿਮਰਨ ਕਰਕੇ ਸਰਬ ਸੌਖ ਕਲਿਆਣ ਅੰਤਰਿ ਆਤਮੇ ਹੀ ਆਇ ਵਸਨ ; ਹੇ ਮਨ ਮੇਰੇ ! ਤੂੰ ਐਸੇ ਨਾਮ ਨੂੰ ਹੀ ਕੇਵਲ ਏਕੋ ਨਾਮ ਨੂੰ ਹੀ ਭਜੁ। ਏਸੇ ਏਕੈ ਨਾਮ ਨੇ ਹੀ ਏਥੇ ਓਥੇ, ਆਗੈ, ਪਾਛੈ, ਲੋਕ ਪ੍ਰਲੋਕ ਵਿਖੇ ਤੇਰੇ ਜੀਅੜੇ ਦੇ ਕੰਮ ਆਉਣਾ ਹੈ। ਪਰ ਸਾਡੇ ਅਸਰਧਕ ਵੀਰ ਏਹ ਪੁਠੀਆਂ ਭੁਲਾਉਣੀਆਂ ਦੇਣ ਕਿ ਨਾਮ ਕੋਈ ਨਹੀਂ ਅਤੇ ਨਾਮ ਨਰੂਪਣੀ ਅਖੱਰਾਂ ਵਾਲੇ ਪਦ ਸਭ ਬੇ ਮਤਲਬੇ ਲਫਜ਼ ਹਨ ਤਾਂ ਦਸੋ ਅਸੀਂ ਗੁਰੂ ਦੇ ਸਿਖ ਹੁੰਦੇ ਹੋਏ ਸਤਿਗੁਰਾਂ ਦੀ ਮਤ ਮੰਨੀਐ ਕਿ ਸਤਿਗੁਰੂ ਮਤ ਤੋਂ ਬੇਮੁਖ

ਕਰਾਉਣ ਹਾਰਿਆਂ ਦੀ ਮਤ ਮੰਨੀਏ। ਜਿਸ ਨਾਮ ਨੂੰ ਜਪਣ ਲਈ ਗੁਰੂ ਸਾਹਿਬ ਸਮੱਗਰ ਗੁਰਬਾਣੀ ਵਾਕਾਂ ਅੰਦਰ ਜ਼ੋਰਦਾਰ ਅਪੀਲ ਅਸਾਡੇ ਮਨਾਂ ਤਾਈਂ ਕਰਦੇ ਹਨ ਅਤੇ ਜਿਸ ਨਾਮ ਦੇ ਜਪਣ ਸਿਮਰਨ ਕਰਕੇ ਅਸਾਡੀਆਂ ਸਭ ਬਲਾਈਆਂ ਦੂਰ ਹੋਵਨ ਅਤੇ ਸਰਬ ਕਲਿਆਣਾਂ ਮਨਿ ਆਇ ਵਸਣ ਅਤੇ ਜੋ ਨਾਮ ਕੇਵਲ ਨਾਮ ਹੀ ਅਸਾਡੇ ਜੀਵ ਆਤਮਾ ਦਾ ਦੋਹੀਂ ਲੋਕੀਂ ਕਲਿਆਣ ਕਾਰੀ ਤੇ ਸਹਾਈ ਹੋਵੇ, ਕੀ ਉਸ ਨਾਮ ਨੂੰ ਅਸੀਂ ਗੁਰੂ ਕੇ ਸਿਖ ਬੇ-ਮਤਲਬੇ ਲਫਜ਼ ਕਹਿ ਮੰਨ ਕੇ ਜਪਣੋਂ ਹਟ ਸਕਦੇ ਹਾਂ ? ਹਾਂ, ਓਸੇ ਸੂਰਤ ਵਿਚ ਹੀ ਹਟ ਸਕਦੇ ਹਾਂ, ਜੇ ਅਸਾਡੀ ਸਰਧਾ ਪੂਰਣ ਭਰੋਸੇ ਭਾਵਨੀ ਵਾਲੀ ਬੁਧੀ ਬਿਪਰਜੇ ਹੋ ਜਾਵੇ ਅਤੇ ਸਤਿਗੁਰੂ ਕੀ ਬਾਣੀ ਸਤਿ ਸਤਿ ਕਰ ਮੰਨਣੋਂ ਗੁਮਰਾਹ ਹੋ ਜਾਏ। ਗੁਰੂ ਕਿਰਪਾ ਕਰੇ ਕਿ ਅਸਾਡੀ ਸਰਧਾ ਹੀਣ ਦਸ਼ਾ ਨਾ ਹੋਣੀ ਪਾਵੇ ਅਤੇ ਅਸਾਡੀ ਏਹ ਸਰਧਾ ਬਣੀ ਰਹੇ, ਕਿ ਗੁਰੂ ਕੀ ਬਾਣੀ ਨੂੰ ਧੁਰ ਕੀ ਬਾਣੀ ਮੰਨਦੇ ਰਹੀਏ ਅਤੇ ਮਨ ਬਚ ਕ੍ਰਮ ਕਰਕੇ ਮੰਨਦੇ ਰਹੀਏ ਅਤੇ ਸਤਿਗੁਰੂ ਬਾਣੀ ਬਾਝੋਂ ਹੋਰ ਅਲਪੱਗ ਪੁਰਸ਼ਾਂ ਦੀਆਂ ਕਚੀਆਂ ਕਹਿਣੀਆਂ ਕੁਬਾਣੀਆਂ ਨੂੰ ਕਦੇ ਵੀ ਰੱਬੀ ਕਲਾਮ ਕਰਕੇ ਨਾ ਮੰਨੀਏਂ। ਕੁਬਾਣ ਕੁਬਚਨੀਏ ਤਾਂ ਕਹਿੰਦੇ ਹਨ ਕਿ ਨਾ ਕੋਈ ਨਾਮ ਹੈ, ਨਾ ਸਿਮਰਨ ਤੇ ਨਾ ਸਿਮਰਨ ਦਾ ਲਾਭ ਹੈ, ਪਰ ਗੁਰੂ ਸਾਹਿਬ ਇਸ ਬਿਧ ਉਨ੍ਹਾਂ ਦੇ ਕੰਨ ਖੋਲ੍ਹਦੇ ਹਨ। ਯਥਾ ਗੁਰਵਾਕ :

ਦੁਲਭ ਦੇਹ ਹੋਈ ਪਰਵਾਨੁ ॥
ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥੨॥
ਹਰਿ ਸਿਮਰਤ ਪੂਰਨ ਪਦੁ ਪਾਇਆ ॥
ਸਾਧ ਸੰਗਿ ਭੈ ਭਰਮ ਮਿਟਾਇਆ ॥੩॥

ਗਉ: ਮ: ੫, ਪੰ: ੧੯੩

ਧੰਨ ਸਤਿਗੁਰ ! ਧੰਨ ਗੁਰਵਾਕ ! ਦੇਖਿਆ ! ਨਾਮੁ ਨੀਸਾਨ ਸਤਿਗੁਰ ਦੁਆਰਿਓਂ ਮਿਲਦਾ ਹੈ। ਗੁਰੂ ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ ਅਤੇ ਸਚੀ ਸਾਖੀ ਭਰਦੇ ਹਨ ਕਿ ਨਾਮ ਰੂਪੀ ਸਚਾ ਜਪ ਨੀਸਾਨ ਅਸੀਂ ਪਾਇਆ ਹੈ, ਪਰ ਪਾਇਆ ਹੈ ਸਤਿਗੁਰੂ ਨਾਨਕ ਦੇਵ ਜੀ ਦੇ ਦੁਆਰਿਉਂ—ਦਰੋਂ ਘਰੋਂ, —ਜਿਸ ਦੇ ਪਾਉਣ ਕਰਕੇ ਇਹ ਦੁਰਲਭ ਮਨੁਖਾ ਦੇਹੀ ਪਰਵਾਨ ਅਤੇ ਸਫਲ ਹੋਈ ਹੈ ਅਤੇ ਇਸ ਨਾਮ ਦੇ ਸਿਮਰਨ ਕਰਕੇ ਹੀ ਇਸ ਜਪ ਨੀਸਾਨ ਦੇ ਤੁਫੈਲ ਹੀ ਪੂਰਨ ਪਦ ਪਾਇਆ ਹੈ ਅਤੇ ਏਸ ਪਦ ਨੂੰ ਗੁਰਮਤਿ ਨਾਮ ਜਪਣ ਵਾਲਾ ਜਨ ਹੀ ਪਾ ਸਕਦਾ ਹੈ। ਫੇਰ ਸਤਿਗੁਰੂ ਜੀ ਫੁਰਮਾਉਂਦੇ ਹਨ, ਯਥਾ ਗੁਰਵਾਕ :

 www.sikhbookclub.com

**ਸਤਿਗੁਰਿ ਮੰਤ੍ਰ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ॥**

ਗਉੜੀ ਮ: ੫, ਪੰਨਾ ੧੯੬

ਜਪਣ ਜੋਗ ਨਾਮ ਰੂਪੀ ਗੁਰ ਮੰਤਰ ਕੈਸਾ ਸਪਸ਼ਟ ਸਿੱਧ ਹੋਇਆ। ਇਸ ਗੁਰ ਮੰਤਰ ਰੂਪੀ ਨਾਮ ਦੇ ਆਸਰੇ, ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਰਬ ਕਾਮ ਮਨੋਰਥ **ਪੂਰਨ** ਹੋਏ ਹਨ ਅਤੇ ਪੂਰਨ ਹੋ ਜਾਂਦੇ ਹਨ। **ਕੀ ਅਜੇ ਭੀ ਨਾਮ ਰੂਪੀ ਸੁਅਖਰਾਂ ਨੂੰ ਬੇ-ਮਤਲਬੇ ਲਫਜ਼ ਕਿਹਾ ਜਾ ਸਕਦਾ ਹੈ ? ਹੋਰ ਗੁਰਵਾਕ ਲਵੋ :**

ਅਨਦਿਨੁ ਜਪਉ ਗੁਰੂ ਗੁਰ ਨਾਮ ॥
ਤਾਤੇ ਸਿਧਿ ਭਏ ਸਗਲ ਕਾਮ ॥

ਗਉ: ਮ: ੫, ਪੰਨਾ ੨੦੨

ਕੀ ਅਜੇ ਭੀ ਨਾਮ ਮ੍ਰਿਗ ਤ੍ਰਿਸ਼ਨਾ ਹੀ ਹੈ ? ਕੀ ਗੁਰੂ ਸਾਹਿਬ ਆਪਣੀ ਪਵਿੱਤ੍ਰ ਅਤੇ ਸਤਿ ਅਤੇ ਅੰਮ੍ਰਿਤ ਤਤ ਬਾਣੀ ਦੁਆਰਾ ਮ੍ਰਿਗ ਤ੍ਰਿਸ਼ਨਾ ਦਾ ਉਪ੍ਰਦੇਸ਼ ਹੀ ਦ੍ਰਿੜਾਉਂਦੇ ਹਨ ? **ਕੈਸੀ ਫੋਰਸ ( force) ਨਾਲ ਕੈਸੀ ਦ੍ਰਿੜ੍ਹਤਾ ਨਾਲ ਗੁਰੂ ਸਾਹਿਬ ਅਸਾਡੇ ਪ੍ਰਤੀ ਉਪਦੇਸ਼ਦੇ ਹਨ ਕਿ ਅਨਦਿਨ ਨਿਸਬਾਸਰ ਗੁਰਮਤਿ ਨਾਮ ਜਪੋ ਅਤੇ ਜਪੀ ਜਾਓ, ਜਿਸ ਜਪਣ ਕਰ ਸਾਰੇ ਅਰਥ ਕਾਮ ਮੋਖ ਸਿਧ ਹੋ ਜਾਂਦੇ ਹਨ।** ਸਰਬ ਮਨੋ ਕਾਮਨਾ ਪੁਜਾਵਨਹਾਰੇ ਮੋਕਸ਼ ਦਾਤਾ ਨਾਮ ਨੂੰ ਬੇ-ਮਤਲਬਾ ਨਾਮ ਆਖਣ ਵਾਲਿਆਂ ਉਤੇ ਅਫਸੋਸ ! ਸਦ ਅਫਸੋਸ !!

ਨਾਮ ਜਪਣ ਦੇ ਪੁਰ-ਮਤਲਬ ਹੋਣ ਦੀ ਮੂੰਹ ਬੋਲਦੀ ਤਸਵੀਰ ਇਹ ਅਗਲੇਰੇ ਗੁਰਵਾਕ ਕੈਸੀ ਸੋਹਣੀ ਖਿਚਦੇ ਹਨ, ਯਥਾ ਗੁਰਵਾਕ :

ਜਾਸੁ ਜਪਤ ਭਉ ਅਪਦਾ ਜਾਇ ॥
ਧਾਵਤ ਮਨੂਆ ਆਵੈ ਠਾਇ ॥
ਜਾਸੁ ਜਪਤ ਫਿਰਿ ਦੂਖੁ ਨਾ ਲਾਗੈ ॥
ਜਾਸੁ ਜਪਤ ਇਹ ਹਉਮੈ ਭਾਗੈ ॥ ੨ ॥
ਜਾਸੁ ਜਪਤ ਵਸਿ ਆਵਹਿ ਪੰਚਾ ॥
ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥
ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥
ਜਾਸੁ ਜਪਤ ਹਰਿ ਦਰਗਹ ਸਿਝੈ ॥ ੩ ॥
ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥
ਜਾਸੁ ਜਪਤ ਹਰਿ ਹੋਵਹਿ ਸਾਧ ॥
ਜਾਸੁ ਜਪਤ ਮਨੁ ਸੀਤਲ ਹੋਵੈ ॥
ਜਾਸੁ ਜਪਤ ਮਲੁ ਸਗਲੀ ਖੋਵੈ ॥ ੪ ॥

ਜਾਸੁ ਜਪਤ ਰਤਨੁ ਹਰਿ ਮਿਲੈ ॥
ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥
ਜਾਸੁ ਜਪਤ ਕਈ ਬੈਕੁੰਠ ਵਾਸੁ ॥
ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥
ਜਾਸੁ ਜਪਤ ਇਹ ਅਗਨਿ ਨ ਪੋਹਤ ॥
ਜਾਸੁ ਜਪਤ ਇਹੁ ਕਾਲੁ ਨ ਜੋਹਤ ॥
ਜਾਸੁ ਜਪਤ ਤੇਰਾ ਨਿਰਮਲ ਮਾਥਾ ॥
ਜਾਸੁ ਜਪਤ ਸਗਲਾ ਦੁਖੁ ਲਾਥਾ ॥ ੬ ॥
ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥
ਜਾਸੁ ਜਪਤ ਸੁਣਿ ਅਨਹਤ ਧੁਨੈ ॥
ਜਾਸੁ ਜਪਤ ਇਹ ਨਿਰਮਲ ਸੋਇ ॥
ਜਾਸੁ ਜਪਤ ਕਮਲੁ ਸੀਧਾ ਹੋਇ ॥ ੭ ॥
ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥
ਜਿਸਕੈ ਹਿਰਦੈ ਮੰਤ੍ਰੁ ਦੇ ਹਰੀ ॥
ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥

ਗਉੜੀ ਮ: ੫, ਪੰਨਾ ੨੩੬

ਦੇਖਿਆ ! ਨਾਮ ਜਪਣ ਦੀ ਪਾਰਸ ਕਲਾ ਦੇ ਪ੍ਰਭਾਵ ਕਰਕੇ ਕਿੰਨੀਆਂ ਬਰਕਤਾਂ ਆ ਵੁਠਦੀਆਂ ਹਨ (੧) ਨਾਮ ਜਪਣ ਕਰਿ ਡਰ ਭਉ ਅਪਦਾ ਦੂਰ ਹੋ ਜਾਂਦੀ ਹੈ । (੨) ਅਤੇ ਨਾ ਥਿਰ ਰਹਿਣ ਵਾਲਾ ਦਹਿਦਿਸ ਧਾਵਨ ਵਾਲਾ ਮਨੂਆ ਥੈਂਹ ਸਿਰ ਆ ਜਾਂਦਾ ਹੈ, ਬਹੁੜ ਭਟਕਦਾ ਭਰਮਦਾ ਨਹੀਂ । (੩) ਨਾਮ ਜਪਣ ਕਰਕੇ ਫੇਰ ਕੋਈ ਦੁਖ ਨਹੀਂ ਲਗਦਾ । ਫੇਰ ਤੋਂ ਭਾਵ ਨਾਮ ਗੁਰਮੰਤ੍ਰ ਮਿਲਨ ਪਸਚਾਤ ਨਾਮ ਦੀ ਅਭਿਆਸ ਕਮਾਈ ਅਰੰਭਣ ਪਸਚਾਤ ਬਹੁੜੇ ਦਰਦ ਦੁਖ ਵਿਆਪਣੋਂ ਰਹਿ ਖੜੋਂਦੇ ਹਨ । (੪) ਨਾਮ ਜਪਣ ਕਰਕੇ ਹਉਮੈ ਦਾ ਰੋਗ ਭੀ ਨਸ ਭਜ ਜਾਂਦਾ ਹੈ । (੫) ਨਾਮ ਦੇ ਜਪਣ ਕਰਕੇ ਪੰਚ ਦੂਤ ਕਾਮ,ਕ੍ਰੋਧ,ਲੋਭ,ਮੋਹ,ਅਹੰਕਾਰ ਵਸਗਤ ਹੋ ਜਾਂਦੇ ਹਨ, ਭਾਵ ਦਮਨ ਹੋ ਜਾਂਦੇ ਹਨ । (੬) ਨਾਮ ਜਪਣ ਕਰਕੇ ਹਿਰਦੇ ਘਟ ਅੰਦਰ ਅੰਮ੍ਰਿਤ ਰਸ ਦਾ ਸੰਚਾਰ ਹੁੰਦਾ ਹੈ । (੭) ਨਾਮ ਜਪਣ ਕਰਿ ਤ੍ਰਿਸ਼ਨਾ ਰੋਗ ਜੋ ਸਰਬ ਸੰਸਾਰ ਨੂੰ ਵਿਆਪ ਰਿਹਾ ਹੈ, ਦੂਰ ਹੋ ਜਾਂਦਾ ਹੈ ਅਰਥਾਤ ਸਾਰੀ ਤ੍ਰਿਸ਼ਨਾ ਬੁਝ ਜਾਂਦੀ ਹੈ । (੮) ਨਾਮ ਦੇ ਜਪਣ ਕਰਕੇ ਸਚੀ ਦਰਗਾਹ ਵਿਖੇ ਜਾ ਸਿਝੀਦਾ ਹੈ । (੯) ਨਾਮ ਦੇ

ਜਪਣ ਕਰਿ ਕੋਟਿ ਅਪਰਾਧ ਮਿਟ ਜਾਂਦੇ ਹਨ। (੧੦) ਨਾਮ ਦੇ ਜਪਣ ਕਰਿ ਹੀ ਸਚੇ ਸਾਧ ਹੋ ਜਾਈਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :

ਜਿਨ੍ਹਾਂ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

ਗਉੜੀ ਕੀ ਵਾਰ ਮ: ੫, ਪੰਨਾ ੩੧੯

(੧੧) ਨਾਮ ਜਪਣ ਕਰ ਮਨ ਸੀਤਲ ਸ਼ਾਂਤ ਹੋ ਜਾਂਦਾ ਹੈ। ਕੇਵਲ ਨਾਮ ਜਪਣ ਕਰਿ ਸੱਚੀ ਸੀਤਲਤਾ ਅਤੇ ਸੱਚੀ ਸ਼ਾਂਤਮਈ ਦਸ਼ਾ ਪ੍ਰਾਪਤ ਹੁੰਦੀ ਹੈ, ਐਵੇਂ ਨਹੀਂ। ਨਾਮ ਹੀਣ ਜੰਤਾਂ ਦੀਆਂ ਸੜੀਆਂ ਸ਼ਾਂਤਮਈਆਂ ਸਭ ਫੋਕੀਆਂ ਹਨ। (੧੨) ਨਾਮ ਜਪਣ ਕਰ ਜਨਮ ਜਨਮ ਦੀ ਸਗਲੀ ਮੈਲ ਮਲੀਆ-ਮੇਟ ਹੋ ਜਾਂਦੀ ਹੈ। (੧੩) ਅਤੇ ਹਰਿ ਹਰਿ ਹੀਰਾ ਰਤਨ ਜੋਤਿ ਪ੍ਰਕਾਸ਼ ਦੇ ਪਰਤੱਖ ਦਰਸ ਨਿਹਾਰਨੀ ਸਰੂਪ ਵਿਚ ਪ੍ਰਾਪਤ ਹੁੰਦਾ ਹੈ। (੧੪) ਜੋਤਿ ਰਸ ਵਿਗਾਸ ਦੀ ਬਿਵਸਥਾ ਪਰਾਪਤ ਹੋ ਜਾਣ ਪਰ ਭੀ ਨਾਮ ਦਾ ਅਜਪਾ ਜਾਪ ਨਹੀਂ ਛੱਡ ਹੁੰਦਾ। (੧੫) ਨਾਮ ਜਪਣ ਕਰਿ ਹਰੀ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ। (੧੬) ਨਾਮ ਜਪਣ ਕਰ ਕੋਟ ਬੈਕੁੰਠਾਂ ਦੇ ਵਾਸ ਦਾ ਸੁਖ ਪ੍ਰਾਪਤ ਹੁੰਦਾ ਹੈ। (੧੭) ਨਾਮ ਜਪਣ ਕਰ ਸੁਖ, ਸਹਿਜ ਪਦ ਵਿਖੇ ਨਿਵਾਸ ਹੋ ਜਾਂਦਾ ਹੈ। (੧੮) ਨਾਮ ਦੇ ਜਪਣ ਕਰ ਇਹ ਜਨਮ ਮਰਨ ਜਠਰਾਗਨ ਭੈ ਸਾਗਰੀ ਅਗਨੀ, ਜਿਸ ਨਾਲ ਸਾਰਾ ਸੰਸਾਰ ਜਲ ਰਿਹਾ ਹੈ, ਨਹੀਂ ਪੋਂਹਦੀ। (੧੯) ਨਾਮ ਦੇ ਜਪਣ ਨਾਲ ਕਾਲ ਨਹੀਂ ਜੋਹ ਸਕਦਾ। (੨੦) ਨਾਮ ਦੇ ਜਪਣ ਨਾਲ ਭਜਨੀਕ ਦਾ ਮੁਖ ਮਾਥਾ ਨੂਰ ਉਜਲਾਰਾ ਹੋ ਜਾਂਦਾ ਹੈ। (੨੧) ਨਾਮ ਜਪਣ ਕਰ ਕਲ ਕਲੇਸ ਆਧ ਬਿਆਧ ਉਪਾਧ ਰੂਪੀ ਸਗਲੇ ਦੂਖਾਂ ਦਾ ਨਾਸ ਹੋ ਜਾਂਦਾ ਹੈ। (੨੨) ਨਾਮ ਜਪਣ ਕਰ ਅਉਖੀ ਘੜੀ ਵਾਲੀਆਂ ਮੁਸ਼ਕਲਾਂ ਭੀੜੀਆਂ ਅਤੇ ਅੜੀਆਂ ਆਫਤਾਂ ਕਦੇ ਸਿਰ ਤੇ ਆ ਨਹੀਂ ਬਣਦੀਆਂ। (੨੩) ਨਾਮ ਦੇ ਜਪਣ ਕਰ ਹੀ ਦਸਮ ਦੁਆਰ ਦੀਆਂ ਅਨਹਦ ਧੁਨੀਆਂ ਸੁਣਾਈ ਦੇਂਦੀਆਂ ਹਨ। (੨੪) ਨਾਮ ਦੇ ਜਪਣ ਕਰ ਇਹ ਸੰਸਾਰਕ ਸੋਇ ਸੋਭਾ ਭੀ ਨਿਰਮਲ ਹੋ ਆਉਂਦੀ ਅਤੇ ਹੋ ਰਹਿੰਦੀ ਹੈ। (੨੫) ਨਾਮ ਜਪਣ ਕਰ ਨਾਭ ਕੰਵਲ ਮੂਧਿਓਂ ਸਿੱਧਾ ਹੋ ਜਾਂਦਾ ਹੈ, "ਪਰਗਾਸੁ ਭਇਆ ਕਉਲੁ ਖਿਲਿਆ"* ਵਾਲੀ ਅਮਰ ਖੀਵੀ ਖੇਡ ਬਣਿ ਆਉਂਦੀ ਹੈ। ਇਹ ਸਾਰੀਆਂ ਬਰਕਤਾਂ ਪਰਦਾਤਨੀ ਸ਼ੁਭ ਦ੍ਰਿਸ਼ਟੀ ਉਸ ਸਭਾਗੇ ਜੰਤ ਉਪਰ ਹੁੰਦੀ ਹੈ, ਜਿਸ ਦੇ ਹਿਰਦੇ ਅੰਦਰ ਨਾਮ ਮੰਤਰ ਦਾ ਪ੍ਰਵੇਸ਼ ਹੋ ਜਾਂਦਾ ਹੈ। ਗੁਰੂ ਕਰਣਾ ਕਰ ਇਹ ਉਪਰ ਲਿਖੀਆਂ ਨਾਮ ਗੁਰਮੰਤ੍ਰ ਦੇ ਜਾਪ

---

*ਗਉੜੀ ਮ: ੫, ਪੰਨਾ ੨੪੯

ਅਭਿਆਸ ਦੀਆਂ ਅਮੋਘ ਦਾਤਾਂ ਬਰਕਤਾਂ ਹਨ, ਜਿਸ ਨਾਮ ਨੂੰ ਕਿ ਅਸਾਡੇ ਨਵੀਨ ਆਗੂ ਬੇਮਤਲਬੀ ਲਫਜ਼ਾ ਲਫਜ਼ੀ ਦਸਦੇ ਹਨ। ਅਸਲ ਬਾਤ ਇਹ ਹੈ ਕਿ ਉਹਨਾਂ ਨੂੰ ਨਾਮ ਦੀ ਦਾਤ ਅਜੇ ਤਕ ਪਰਾਪਤ ਨਹੀਂ ਹੋਈ। "ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ"* ਨਾਮ ਦੀ ਦਾਤ ਤਾਂ ਕੀ ਪਰਾਪਤ ਹੋਣੀ ਸੀ, ਉਹਨਾਂ ਗੁਰਬਾਣੀ ਭੀ ਅਜ ਤਾਂਈਂ ਪੜ੍ਹੀ ਵਿਚਾਰੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਪਾਠ ਭੀ ਕਦੇ ਪਰੇਮ ਸਹਿਤ ਨਹੀਂ ਕੀਤਾ ਹੋਣਾ, ਜੇ ਕੀਤਾ ਹੁੰਦਾ ਤਾਂ ਉਹਨਾਂ ਨੂੰ ਨਾਮ ਜਪਣ ਅਤੇ ਨਾਮ ਦੀ ਪਾਰਸ ਕਲਾ ਪ੍ਰਥਾਇ ਕਦੇ ਅਜੇਹੇ ਸੰਦੇਹ ਨ ਵਿਆਪਦੇ, ਜੋ ਉਹਨਾਂ ਨੂੰ ਗੁਰਮਤਿ ਤੋਂ ਹੀ ਉੱਕੇ ਗੁਮਰਾਹ ਕਰਦੇ। ਉਹਨਾਂ ਦੇ ਭਾ ਦਾ ਉੱਪਰ ਦਿਤੇ ਗੁਰ ਪ੍ਰਮਾਣਾ ਅੰਦਰ ਦਰਸਾਈ ਨਾਮ ਜਪਣ ਦੀ ਪਾਰਸ ਰਸਾਇਣੀ ਮਹਿਮਾ ਐਵੇਂ ਕਲਪਤ ਗੱਲਾਂ ਹੀ ਹਨ। ਓਹਨਾਂ ਨੂੰ ਗੁਰੂ ਕੇ ਸਿਖ ਸਦਾਉਂਦੇ ਹੋਏ ਇਹ ਖਿਆਲ ਕਰਦੇ ਹੋਏ ਰੰਚਕ ਸੋਚ ਨਹੀਂ ਆਉਂਦੀ ਕਿ ਸਰਬੱਗਤਾ ਦੇ ਮਾਲਕ ਸਤਿਗੁਰ ਕਦੋਂ ਅਲਪੱਗ ਜੀਵਾਂ ਵਾਲੀਆਂ ਮਨ ਕਲਪਤ ਗੱਲਾਂ ਕਰ ਸਕਦੇ ਸਨ ? ਗੁਰੂ ਗੁਸਾਈਂ ਤਾਂ ਸਰਬੱਗ ਪੁਰਖ ਬਿਧਾਤੇ ਹੋਏ। ਗੁਰੂ ਘਰ ਦੇ ਪੁਗ ਖਲੋਤੇ ਹੋਏ ਅਥਵਾ ਨਾਮ ਕਮਾਈ ਵਾਲੇ ਗੁਰਮੁਖ ਸਿਖ ਸੰਤ ਭਗਤਾਂ ਪ੍ਰਥਾਇ ਗੁਰਵਾਕ ਇਹ ਸਚਾਈ ਨਿਰੂਪਣ ਕਰਾਉਂਦੇ ਹਨ :

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥

ਰਾਮਕਲੀ ਮ: ੫, ਪੰ: ੮੯੪

ਗੁਰਮਤਿ ਨਾਮ ਅਭਿਆਸ ਕਮਾਈ ਦੇ ਕਰਨੀ ਵਾਲੇ ਗੁਰਮੁਖ ਜਨਾਂ ਨੂੰ ਨਾਮ ਦੀ ਪਾਰਸ ਕਲ੍ਹਾ ਸਬੰਧੀ ਜਿਉਂ ਜਿਉਂ ਉਹ ਨਾਮ ਕਮਾਈਆਂ ਕਰਦੇ ਹਨ, ਤਿਉਂ ਤਿਉਂ ਓਹਨਾਂ ਨੂੰ ਗੁਝੇ ਭੇਦ ਖੁਲਦੇ ਜਾਂਦੇ ਹਨ, ਜੋ ਓਹ ਪ੍ਰਗਟ ਪਹਾਰੇ ਸਾਂਗੋ ਪਾਂਗ ਦੇਖਦੇ ਹਨ। ਤਨਕ ਮਾਤ੍ਰ ਨਾਮ ਦੀ ਕਮਾਈ ਹੀ ਅਲੌਕਿਕ ਚਮਤਕਾਰ ਪ੍ਰਜੁਲਤ ਕਰਾ ਦਿੰਦੀ ਹੈ ਪਰ ਨਾਮ ਅਭਿਆਸ ਕਮਾਈ ਦੀ ਰਹਿਤ ਰਹਿਣੀ ਬਵਸਥਾ ਪ੍ਰਾਪਤ ਹੋਣ ਤੋਂ ਪਹਿਲਾਂ ਭੀ ਸਰਧਾਲੂ ਸਿਖ ਜਗਿਆਸੂਆਂ ਨੂੰ ਸਤਿਗੁਰ ਦੀ ਧੁਰੋਂ ਉਚਾਰੀ ਬਾਣੀ ਉਤੇ ਪੂਰਨ ਸ਼ਰਧਾ ਵਿਸ਼ਵਾਸ ਅਤੇ ਭਾਉ ਭਾਵਣੀ ਆਉਣੀ ਅਤ ਲਾਜ਼ਮੀ ਹੈ। ਸਤਿਗੁਰ ਦੀ ਬਾਣੀ ਜੇਕਰ ਕੋਈ ਸਿਖ ਸਤਿ ਸਤਿ ਕਰ ਨਹੀਂ ਮੰਨਦਾ, ਉਸ ਨੂੰ ਗੁਰੂ ਕਾ ਸਿਖ ਸਦਾਵਣ ਦਾ ਕੀ ਹੱਕ ਹੈ ? ਗੁਰਬਾਣੀ ਦੇ ਆਸ਼ੇ ਤੋਂ ਉਲਟ ਗੁਰਮਤਿ

---

* ਗਉੜੀ ਕੀ ਵਾਰ ਮ: ੪, ਪੰਨਾ ੩੦੬, ੩੧੬

ਦੇ ਸਚੇ ਸਿਧਾਂਤ ਤੋਂ ਵਿਰੁਧ ਤਰਕ ਕੁਤਰਕੀ ਢਕੋਂਸਲੇ ਘੜਨੇ ਗੁਰਮਤਿ ਦੀ ਖੁੱਲਮ-ਖੁੱਲੀ ਮੁਖਾਲਫਤ ਕਰਨਾ ਹੈ। ਨਾਮ ਜਪਣ ਪ੍ਰਥਾਇ ਜਿਤਨੇ ਭੀ ਗੁਰਵਾਕ ਹਨ, ਤਿਨ੍ਹਾਂ ਦਾ ਆਸ਼ਾ ਅਤਿਅੰਤ ਸਰਲ ਅਤੇ ਸਪਸ਼ਟ ਹੈ। ਉਸ ਵਿਚ ਰੰਚਕ ਗੁਲੰਝ ਯਾ ਗੂੜ੍ਹ ਗੁਪਤ ਰਮਜ਼ਨੀ ਰਾਜ਼ ਅਰਥਾਬੰਦੀ ਨਹੀਂ, ਜੋ ਸਮਝ ਵਿਚ ਨਾ ਆਵੇ ਯਾ ਆਮ ਫਹਿਮ ਨਾ ਹੋਵੇ। ਭਗਾ ਦਸੋ :

ਬਾਰੰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥

ਗਉੜੀ ਸੁਖਮਨੀ ਮ: ੫ ਪੰ: ੨੮੬

ਇਸ ਗੁਰਵਾਕ ਅੰਦਰਿ ਕਿਹੜਾ ਗੂੜ੍ਹ ਗੁਪਤ ਸਿਧਾਂਤ ਹੈ, ਜਿਹੜਾ ਸਮਝ ਵਿਚ ਨਹੀਂ ਆ ਸਕਦਾ। ਸਪਸ਼ਟ ਹੈ ਕਿ ਇਸ ਗੁਰਵਾਕ ਅੰਦਰ ਬਾਰੰਬਾਰ ਨਾਮ ਜਪਣ ਦੀ ਆਗਿਆ ਹੈ ਅਤੇ ਨਾਮ ਜਪਣ ਨੂੰ ਅੰਮ੍ਰਿਤ ਦੇ ਗਟਾਕ ਭੁੰਚਣਾ ਦਰਸਾਇਆ ਹੈ। ਅਸਾਨੂੰ ਗੁਰੂ ਦੇ ਸ਼ਰਧਾਲੂ ਸਿੱਖ ਹੋਣ ਦੀ ਹੈਸੀਅਤ ਵਿਚ ਸਾਫ ਮੰਨ ਲੈਣਾ ਚਾਹੀਦਾ ਹੈ ਕਿ ਗੁਰੂ ਕੀ ਆਗਿਆ ਹੈ, ਬਾਰੰਬਾਰ ਨਾਮ ਜਪਣ ਦੀ ਅਤੇ ਸਤਿਗੁਰੂ ਸਾਹਿਬ ਦਾ ਇਹ ਕਥਨ ਭੀ ਨਿਰੋਲ ਸਚ ਅਤੇ ਸੋਲਾਂ ਆਨੇ ਸੱਚ ਹੈ ਕਿ ਨਾਮ ਜਪਣਾ ਅੰਮ੍ਰਿਤ ਦੇ ਘੁਟ ਪੀਣਾ ਹੈ ਅਤੇ ਨਾਮ ਜਪਣ ਕਰ ਅਤੇ ਨਾਮ ਰੂਪੀ ਅੰਮ੍ਰਿਤ ਭੁੰਚਣ ਕਰ ਮਨ ਤਨ ਧ੍ਰਾਪੀਦਾ ਹੈ। ਜਦੋਂ ਤਾਈਂ ਸਾਨੂੰ ਇਹ ਸਰਧਾ ਭਾਵਨੀ ਗੁਰੂ ਕੇ ਵਾਕਾਂ ਉਪਰ ਨਹੀਂ ਆਵੇਗੀ, ਅਸੀਂ ਨਾਮ ਜਪਣ ਹੀ ਨਹੀਂ ਲਗ ਸਕਦੇ। ਸਰਧਾ ਭਾਵਨੀ ਤਾਂ ਕੀ ਉਪਜਣੀ ਸੀ, ਅਸੀਂ ਉਲਟੀਆਂ ਤਰਕਾਂ ਗੁਰਬਾਣੀ ਦੇ ਸਿਧੇ ਭਾਵ ਉਤੇ ਕਰਨ ਲਗ ਪੈਂਦੇ ਹਾਂ ਅਤੇ ਐਨ ਇਸ ਆਸ਼ੇ ਦੇ ਉਲਟ ਆਪੋ ਆਪਣੀਆਂ ਹੁੱਜਤਾਂ ਭੇੜਨ ਲਗ ਪੈਂਦੇ ਹਾਂ। ਆਪਣੀ ਅਲਪੱਗ ਅਕਲੋਂ ਉਪੰਨੇ ਮਸਲੇ ਘੜਨ ਲਗ ਪੈਂਦੇ ਹਾਂ। ਕੋਈ ਗਿਆਨੀ ਉਚਰਦਾ ਹੈ ਕਿ ਬਾਰ ਬਾਰ ਇਕੋ ਲਫਜ਼ ਨੂੰ ਕਹੀ ਜਾਣਾ ਅਤੇ ਬਾਣੀ ਬਿਨਾਂ ਸਮਝੇ ਪੜ੍ਹੀ ਜਾਣਾ ਐਵੇਂ ਬੱਕਰੀ ਵਾਂਗੂੰ ਮੂੰਹ ਮਾਰਨਾ ਹੈ। ਉਨ੍ਹਾਂ ਦੀ ਦਲੀਲ ਬਾਜ਼ੀ ਇਹ ਹੁੰਦੀ ਹੈ ਕਿ ਬਿਨਾਂ ਸਮਝੇ ਬਾਣੀ ਨੂੰ ਪੜ੍ਹਨ ਦਾ ਕੋਈ ਲਾਭ ਨਹੀਂ, ਨਾ ਹੀ ਨਾਮ ਜਪਣ ਦਾ ਕੋਈ ਫਲ ਹੈ। ਫਰਜ਼ ਕਰੋ ਕਿ ਬਿਨਾਂ ਸਮਝੇ ਬਾਣੀ ਪੜ੍ਹਨ ਦਾ ਕੋਈ ਲਾਭ ਨਹੀਂ, ਪਰ ਅਸੀਂ ਪੁਛਦੇ ਹਾਂ ਕਿ ਆਪਣੀ ਸਮਝ ਨੂੰ ਬਾਣੀ ਦੇ ਪਿਛੇ ਲਾਉਣਾ ਹੈ ਯਾ ਬਾਣੀ ਨੂੰ ਸਮਝ ਦੇ ਪਿਛੇ ? ਗੁਰਬਾਣੀ ਨੂੰ ਅਸੀਂ ਆਪਣੀ ਸਮਝ ਦੀ ਕਸੌਟੀ ਨਾਲ ਪ੍ਰਖਣਾ ਹੈ ਕਿ ਗੁਰਬਾਣੀ ਨੂੰ ਗੁਰਬਾਣੀ ਦੀ ਰੋਸ਼ਨੀ ਨਾਲ ਹੀ ਸਮਝਣਾ ਹੈ ? ਅਸਾਡੀ ਆਪਣੀ ਅਲਪੱਗ ਅਕਲ ਅਤੇ

ਸਮਝ ਸਰਬੱਗ ਗੁਰਬਾਣੀ ਦੇ ਉੱਚ ਆਸ਼ੇ ਦੇ ਮੁਕਾਬਲੇ ਵਿਚ ਤਾਂ ਹੈ ਹੀ ਕੁ-ਅਕਲ ਅਤੇ ਕੁ-ਸਮਝ। ਇਸ ਕੁ-ਸਮਝ ਅਤੇ ਅਲਪੱਗ ਅਕਲ ਨੇ ਆਪਣੇ ਆਪ ਹੀ ਯਾ ਆਪਣੀ ਰੋਸ਼ਨੀ ਵਿਚ ਸਰਬੱਗ ਪੁਰਸ਼ਾਂ ਦੇ ਤਤਸਾਰ ਆਸ਼ੇ ਨੂੰ ਸਮਝਣ ਦੀ ਹਮਾਕਤ ਕੀਤੀ ਤਾਂ ਹੀ ਤੇ ਘਰ ਘਰ ਬੂਝ ਬੁਝੱਕੜ ਗਿਆਨੀ ਬਣ ਕੇ ਬੈਠ ਗਏ ਹਨ,ਆਪ ਅਉਝੜ ਜਾ ਰਹੇ ਹਨ ਅਤੇ ਲੋਕਾਂ ਨੂੰ ਅਉਝੜ ਪਾ ਰਹੇ ਹਨ। ਆਪਣੇ ਜਾਣੇ ਤਾਂ ਉਹ ਮਹਾਂ ਉੱਚ ਖਿਆਲੀਏ ਗਿਆਨੀ ਹਨ ਅਤੇ ਆਪਣੀ ਇਸ ਮਤਸਰ ਵਿਚ ਮੱਤੇ ਹੋਏ ਆਖਦੇ ਹਨ ਕਿ ਇਕ ਬੇ-ਮਾਅਨੇ ਲਫਜ਼ਾਂ ਨੂੰ ਬਾਰ ਬਾਰ ਰਟੀ ਜਾਣਾ ਕੋਈ ਉੱਚ ਗਿਆਨ ਵਾਲੀ ਗੱਲ ਥੋੜੋ ਹੀ ਹੈ, ਇਆਣਿਆਂ ਵਾਲੀ ਕੋਝੀ ਕਬੁਧ ਹੈ ਅਤੇ ਕਮਲਿਆਂ ਵਾਲੀ ਕਾਰ ਹੈ। ਸਿਆਣਿਆਂ ਵਾਲੀ ਸਿਆਣਪ ਇਸ ਗੱਲ ਉਤੇ ਯਕੀਨ ਹੀ ਨਹੀਂ ਲਿਆਉਂਦੀ ਕਿ ਬਾਰੰ ਬਾਰ ਨਾਮ ਜਪਣਾ ਹੀ ਅਸਲ ਭਜਨ ਅਤੇ ਤੱਤ ਗਿਆਨ ਹੈ। ਇਸ ਦਾ ਅਸਲ ਕਾਰਨ ਇਹੋ ਹੈ ਕਿ ਅਸੀਂ ਗੁਰਬਾਣੀ ਨੂੰ ਆਪਣੀ ਅਕਲ ਦੇ ਪਿਛੇ ਲਾਉਂਦੇ ਹਾਂ। ਆਪਣੀ ਅਕਲ ਨੂੰ ਗੁਰਬਾਣੀ ਪਿਛੇ ਨਹੀਂ ਲਾਉਂਦੇ, ਜੇ ਲਾਈਏ ਅਤੇ ਲਾਈ ਚਲੀਏ ਤਾਂ ਤੜੱਕ ਨਾਮ ਜਪਣ ਲਗ ਜਾਈਏ। ਜਦ ਬਾਣੀ ਆਖਦੀ ਹੈ ਕਿ 'ਬਾਰੰ ਬਾਰ ਬਾਰ ਪ੍ਰਭੁ ਜਪੀਐ' ਤਾਂ ਸਾਫ ਅਤੇ ਸਪਸ਼ਟ ਗੁਰ ਆਸ਼ੇ ਨੂੰ ਸਮਝਣ ਅਤੇ ਸਮਝ ਕੇ ਕਮਾਉਣ ਵ੍ਵਿਚ ਹੀਲ ਹੁੱਜਤ ਨਾ ਕਰੀਏ, ਪਰ ਅਸੀਂ ਤਾਂ ਜਾਣ ਬੁਝ ਕੇ ਇਸ ਦੇ ਵਿੰਗ ਤੜਿੰਗੇ ਅਰਥ ਲਾਉਣ ਲੱਗ ਪੈਂਦੇ ਹਾਂ। ਕੋਈ ਇਸ ਦੇ ਅਰਥ ਨਿਰੀ ਸੋਚ (**meditation**) ਹੀ ਲਾਉਂਦਾ ਹੈ। ਕੋਈ ਗੁਰ ਸ਼ਬਦ ਦੇ ਨਿਰੇ ਅਰਥ ਵੀਚਾਰ ਨੂੰ ਹੀ ਨਾਮ ਜਪਣਾ ਸਮਝਦਾ ਹੈ।

ਕੋਈ ਅਕਾਲ ਪੁਰਖ ਦੇ ਗੁਣਾਂ ਨੂੰ ਚਿੰਤਨ ਕਰਨਾ ਹੀ ਨਾਮ ਅਭਿਆਸ ਖਿਆਲ ਕਰੀ ਬੈਠਾ ਹੈ। ਕੋਈ ਆਪਣੇ ਮਨ ਮੰਨੇ ਖਿਆਲਾਂ ਦੀ ਹੀ ਪਰਮਾਤਮ ਮੂਰਤੀ ਬਣਾ ਕੇ ਉਸ ਮੂਰਤੀ ਦੇ ਧਿਆਨ ਧਰਨ ਨੂੰ ਨਾਮ ਅਭਿਆਸ ਕਰਨਾ ਦਸਦਾ ਹੈ। ਕੋਈ ਕੇਵਲ ਕਾਦਰੇ ਕੁਦਰਤ ਦੀ ਹੋਂਦ ਨੂੰ ਅਨਮਾਨ ਕਰਨਾ ਹੀ ਨਾਮ ਜਪਣਾ ਨਿਰਣਾਉਂਦਾ ਹੈ ਅਤੇ ਇਸ ਬਿਧ ਗੁਰਮਤਿ ਨਾਮ ਦੇ ਨਿਰਣੇ ਨੂੰ ਹੀ ਨਾਮ ਜਪਣ ਦੀ ਗੁਪਤ ਫਿਲਾਸਫੀ ਦਸਦਾ ਹੈ। ਕਈ ਮੰਨੇ ਦੰਨੇ ਦਾਨੇ ਪਰਧਾਨੇ ਗਿਆਨੀ ਇਉਂ ਆਪਣਾ ਗਿਆਨ ਨਿਰਖਾਉਂਦੇ ਹਨ ਕਿ ਇੰਦ੍ਰੀਆਂ ਦੇ ਉਕਤੀ ਯੁਕਤੀ ਦੁਆਰਾ ਨਿਰੋਧ ਹੋਣ ਪਰ ਜਦੋਂ ਚਿਤ ਬਿਰਤੀ ਦੀ ਇਕਾਗਰਤਾ ਪ੍ਰਾਪਤ ਹੁੰਦੀ ਹੈ, ਓਥੇ ਜਾ ਕੇ ਜੋ ਧੁਨੀ ਸੁਣਾਈ ਦਿੰਦੀ ਹੈ, ਓਹੀ ਅਸਲ ਨਾਮ ਹੈ ਅਤੇ ਓਸੇ ਨਾਮ ਦੇ ਸੁਣਨ ਮੰਨਣ ਪ੍ਰਥਾਇ ਹੀ * 'ਸੁਣੀਐ'

* ਸੁਣੀਐ ਤੇ ਮੰਨੇ ਦੀ ਵਿਆਖਿਆ ਪੁਸਤਕ ਦੇ ਪਿਛਲੇ ਹਿੱਸੇ ਵਿਚ ਦਰਜ ਹੈ।

ਅਤੇ 'ਮੰਨੇ' ਦੀਆਂ ਪੌੜੀਆਂ ਘਟਦੀਆਂ ਹਨ, ਜਿਨ੍ਹਾਂ ਦਾ ਪਾਠ ਕਿ ਸ੍ਰੀ ਜਪੁਜੀ ਸਾਹਿਬ ਵਿਖੇ ਆਉਂਦਾ ਹੈ। ਏਹ ਉਪਰ ਕਥੇ ਨਾਮ ਦੇ ਸਾਰੇ ਨਿਰਣੇ ਚਪਲ ਬੁਧੀ ਦੀ ਅਰਥ ਚਤਰਾਈਆਂ ਦੇ ਸਿੱਟੇ ਹਨ। ਆਪੋ ਆਪਣੀ ਵਿਦਵਿਤਾ ਦਿਖਾਉਣ ਦੇ ਵਿੰਗੇ ਟੇਢੇ ਯਤਨ ਹਨ। ਗੁਰਬਾਣੀ ਦੇ ਸਰਲ ਸ਼ੁਧ ਅਰਥ ਨੂੰ ਵਿਗਾੜ ਕੇ ਟੇਢ-ਰਵਸ਼ੀ ਵਿਚ ਪੈਣਾ ਅਰਥਾਂ ਦੇ ਅਨਰਥ ਕਰਨਾ ਹੈ। ਆਪ ਧੋਖੇ ਵਿਚ ਪੈਣਾ ਅਤੇ ਹੋਰਨਾਂ ਨੂੰ ਧੋਖੇ ਵਿਚ ਪਾਉਣਾ ਹੈ। ਇਕ ਉਘੇ ਜਰਨਲਿਸਟ ਆਪਣਾ ਆਰਟੀਕਲ 'ਨਾਮ' 'ਬਾਣੀ' ਪ੍ਰਥਾਇ ਲਿਖਦੇ ਲਿਖਦੇ ਇਉਂ ਲਿਖ ਦਿੰਦੇ ਹਨ :

'ਬਾਣੀ ਪੜ੍ਹਨਾ ਅਥਵਾ ਵਾਹਿਗੁਰੂ ਵਾਹਿਗੁਰੂ ਕਹਿਣਾ ਭਜਨ ਦੀਆਂ ਬਾਹਰਲੀਆਂ ਸ਼ਕਲਾਂ ਹਨ। ਅਸਲ ਭਜਨ ਤਾਂ ਪ੍ਰਮਾਤਮਾ ਦੇ ਪ੍ਰੇਮ, ਪ੍ਰਮਾਤਮਾ ਦੀ ਬੇਅੰਤਤਾ ਤੇ ਪ੍ਰਮਾਤਮਾ ਦੀ ਅਸਚਰਜਤਾ ਵਿਚ ਲੀਨ ਹੋਣਾ ਹੈ।' ਜਿਸ ਦਾ ਸਪਸ਼ਟ ਭਾਵ ਏਹ ਹੈ ਕਿ ਬਾਣੀ ਪੜ੍ਹਨਾ ਅਥਵਾ ਵਾਹਿਗੁਰੂ ਵਾਹਿਗੁਰੂ ਕਹਿਣਾ ਅਸਲ ਭਜਨ ਨਹੀਂ। ਜਿਸ ਨੂੰ ਅਸਾਡੇ ਅਨੂਠੇ ਜਰਨਲਿਸਟ ਜੀ ਅਸਲ ਭਜਨ ਆਖਦੇ ਹਨ, ਉਹ ਤਾਂ ਭਜਨੀਕ ਦੀ ਆਤਮ ਬਿਵਸਥਾ ਹੈ ਨਾ ਕਿ ਭਜਨ। ਪ੍ਰਮਾਤਮਾ ਦੇ ਪ੍ਰੇਮ ਵਿਚ ਲੀਨ ਹੋਣਾ, ਪਰਮਾਤਮਾ ਦੀ ਬੇਅੰਤਤਾ ਤੇ ਪਰਮਾਤਮਾ ਦੀ ਅਸਚਰਜਤਾ ਵਿਚ ਲੀਨ ਹੋਣਾ ਇਹ ਤਾਂ ਇਕ ਆਤਮ ਬਿਵਸਥਾ ਹੈ ਨਾ ਕਿ ਭਜਨ। ਤਾਂ ਦਸੋ ਭਜਨ ਕਿਹੜਾ ਰਹਿ ਗਿਆ ? ਬਾਣੀ ਪੜ੍ਹਨਾ ਯਾ ਵਾਹਿਗੁਰੂ ਵਾਹਿਗੁਰੂ ਆਖਣਾ ਤਾਂ ਜਰਨਲਿਸਟ ਜੀ ਦੇ ਭਾਣੇ ਅਸਲ ਭਜਨ ਨਹੀਂ। ਕੀ ਅਸਾਡੇ ਆਤਮ ਅਵਸਥਾ ਨੂੰ ਭਜਨ ਦੱਸਣ ਵਾਲੇ ਭਜਨੀਕ ਜੀ ਉਸ ਬਿਵਸਥਾ ਵਿਚ ਆਪੇ ਹੀ ਲੀਨ ਹੋ ਜਾਣਗੇ ? ਨਿਰੇ ਅਨੁਮਾਨ ਦੁਆਰਾ ਹੀ ਪ੍ਰਮਾਤਮਾ ਦੇ ਪ੍ਰੇਮ ਵਿਚ ਲੀਨ ਹੋ ਜਾਣਗੇ ਯਾ ਕਾਦਰ ਦੀ ਕੁਦਰਤ ਦਾ ਬਹਿਰੰਗ ਨਜ਼ਾਰਾ ਦੇਖ ਕੇ ਹੀ ਉਸਦੀ ਬੇਅੰਤਤਾ ਅਤੇ ਅਸਚਰਜਤਾ ਵਿਚ ਲੀਨ ਹੋ ਜਾਣਗੇ। ਇਸ ਹਾਲਤ ਵਿਚ ਭੀ ਅਸਾਡੇ ਲੀਨਤਾ ਦੇ ਅਨੁਮਾਨ ਵੇਤਾ ਜੀ ਨੂੰ ਉਹਨਾਂ ਬਿਵਸਥਾਵਾਂ ਵਿਚ ਲੀਨ ਹੋਣ ਲਈ ਬਾਹਰਲੀਆਂ ਸ਼ਕਲਾਂ ਇਖਤਿਆਰ ਕਰਨੀਆਂ ਪੈਣਗੀਆਂ। ਅਸਲ ਭਜਨ ਤਾਂ ਫੇਰ ਭੀ ਕਿਨਾਰੇ ਹੀ ਰਹਿ ਗਿਆ। ਲੀਨਤਾ ਵਾਲੀ ਬਿਵਸਥਾ ਨੂੰ ਪ੍ਰਾਪਤ ਹੋਣ ਦਾ ਕੋਈ ਤਤ ਸਾਧਨ ਹੋਣਾ ਚਾਹੀਦਾ ਹੈ ਨਾ ਕਿ ਗੱਲੀਂ ਬਾਤੀਂ ਲਿਵਲੀਨਤਾ ਪ੍ਰਾਪਤ ਕਰ ਲੈਣੀ, ਕੈਸੀ ਮੁਗਾਲਤੇ ਵਿਚ ਪੈਣ ਅਤੇ ਪਾਉਣ ਵਾਲੀ ਟੇਢ ਫਿਲਾਸਫੀ ਹੈ। ਅਸਾਡੇ ਟੇਢ ਰਵਸ਼ੀਏ ਲਾਜੀਸ਼ੀਅਨ ਜੀ ਫੇਰ ਇਸ ਬਿਧ ਉਚਰਦੇ ਹਨ :

'ਕੇਵਲ ਵਾਹਿਗੁਰੂ ਵਾਹਿਗੁਰੂ ਕਹਿਣਾ ਭਜਨ ਨਹੀਂ; ਸਗੋਂ ਨਾਲ ਹੀ

ਉਸ ਦੀ ਕੁਦਰਤ ਤੇ ਕਾਦਰ ਦੇ ਗੁਣਾਂ ਦੇ ਹੁਲਾਰੇ ਵਿਚ ਉਡਣਾ ਭਜਨ ਹੈ।'

ਇਥੇ ਫੇਰ ਟੇਢੀ ਥਿਊਰੀ ਵਾਲਾ ਮੁਗਾਲਤਾ ਹੈ। ਕੁਦਰਤ ਅਤੇ ਕਾਦਰ ਦੇ ਗੁਣਾਂ ਦੇ ਹੁਲਾਰੇ ਵਿਚ ਉਡਣਾ ਮਨ ਦੀ ਨਿਰੀ ਅਨੁਮਾਨਕ ਅਵਸਥਾ ਹੈ ਨਾ ਕਿ ਭਜਨ। ਗੱਲ ਕੀ ਅਜ ਕਲ ਭਜਨ ਦੀਆਂ ਇਸ ਬਿਧ ਮਨ ਮੰਨੀਆਂ ਡੇਫੀ-ਨੀਸ਼ਨਾਂ (ਲੱਛਣ ਤੇ ਤਾਰੀਫਾਂ) ਹੋ ਰਹੀਆਂ ਹਨ। ਗੁਰਮਤਿ ਦਰਸਾਏ ਗੁਰਬਾਣੀ ਬੁਝਾਏ ਭਜਨ ਨੂੰ ਤਿਲਾਂਜਲੀ ਦਿਤੀ ਜਾ ਰਹੀ ਹੈ। ਅਗੇ ਜਾ ਕੇ ਓਹੀ ਟੇਢ ਰਵਸ਼ੀਏ ਮੰਤਕੀ ਜੀ ਇਹ ਨਵਾਂ ਮਨਤਕ ਛਾਂਟਦੇ ਹਨ :

'...ਜਿਸ ਦੇ ਦਿਲ ਵਿਚ ਪਰੇਮ ਤੇ ਸ਼ਰਧਾ ਹੈ, ਉਹ ਭਾਵੇਂ ਕਿਸੇ ਗੁਣ ਵਾਲੇ ਨਾਮ ਦਾ ਹੀ ਜਾਪ ਕਰੇ, ਉਸ ਦੇ ਮਨ ਵਿਚਿ ਹਰਿ ਇਕ ਪਰਮਾਤਮਾ ਦੇ ਗੁਣ ਦੇ ਉਛਾਲੇ ਵਜਣਗੇ। ਇਹ ਗੁਣ ਉਸ ਨੇ ਕੋਈ ਉਸ ਲਫਜ਼ ਵਿਚੋਂ ਤਾਂ ਨਹੀਂ ਕਢਣੇ, ਸਗੋਂ ਆਪਣੇ ਪਰੇਮ ਵਿਚੋਂ ਕਢਣੇ ਹਨ।'

ਇਥੇ ਸਾਡੇ ਮਨਤਕੀ ਜੀ ਬਾਹਯ ਮੁਖੀ ਅਰਥਾਤ ਨਿਜ ਕਥੇ ਲਫਜ਼ੀ ਨਾਮ ਤੋਂ ਭੀ ਮੁਨਕਰ ਹੋ ਗਏ। ਨਿਰੇ ਪਰੇਮ ਅਤੇ ਸ਼ਰਧਾ ਉਤੇ ਹੀ ਸ਼ਾਕਰ ਜਾ ਹੋਏ, ਪਰ ਅਸੀਂ ਫੇਰ ਪੁਛਦੇ ਹਾਂ ਕਿ ਇਹ ਸ਼ਰਧਾ ਅਤੇ ਪ੍ਰੇਮ ਆਪੇ ਹੀ ਕਿਵੇਂ ਉਪਜਿ ਆਉਣਗੇ ਅਤੇ ਉਹ ਸ਼ਰਧਾ ਤੇ ਪ੍ਰੇਮ ਹੀ ਕੀ ਹੋਏ, ਜਿਸ ਦੇ ਕਾਰਨ ਪਰੇਮੀ ਅਤੇ ਸ਼ਰਧਾਲੂ ਜਨ ਭਾਵੇਂ ਕਿਸੇ ਹੀ ਗੁਣ ਵਾਲੇ ਨਾਮ ਦਾ ਜਾਪ ਜਪਦੇ ਫਿਰਨ। ਐਸੀ ਸ਼ਰਧਾ ਹੀ ਠਹਿਚਲੀ ਹੋਈ ਸ਼ਰਧਾ ਹੈ। ਐਸਾ ਪਰੇਮ ਹੀ ਉਝੜ ਭਰਮੀਆ ਪਰੇਮ ਹੈ, ਜਿਸ ਦੀ ਟੇਕ ਇਕ ਨਾਮ ਨੀਸਾਨ ਉਤੇ ਨਹੀਂ ਟਿਕੀ। ਨਾਮ ਦੀ ਟੇਕ ਬਿਹੂਣ ਆਪ ਹੁਦਰਾ ਸ਼ਰਧਾ ਪਰੇਮ ਉਪਜਣਾ ਇਕ ਅਨਹੋਣੀ ਗੱਲ ਹੈ। ਯਥਾ ਗੁਰਵਾਕ :

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੨੩॥

ਸਲੋਕ ਸੇਖ ਫਰੀਦ ਕੇ, ਮ: ੩, ਪੰਨਾ ੧੩੭੮

ਇਹ ਖਸਮ ਕਾ ਪਰੇਮ ਪਿਆਲਾ ਨਾਮ ਦਾ ਪਿਆਲਾ ਹੈ, ਸੋ ਨਾਮ ਦਾ ਪਿਆਲਾ ਉਸ ਨੂੰ ਮਿਲਦਾ ਹੈ, ਜੋ ਖਸਮ ਨੂੰ ਭਾਉਂਦਾ ਹੈ। ਖਸਮ ਨੂੰ ਸੋਈ ਜਨ ਭਾਉਂਦਾ ਹੈ ਜੋ ਖਸਮ ਦੇ ਭਾਣੇ ਅੰਦਰਿ ਚਲੇ ਅਤੇ ਜੋ ਜਨ ਗੁਰੂ ਕਰਤਾਰ ਦੇ ਭਾਣੇ ਅੰਦਰ ਚਲਦੇ ਹਨ ਸੋਈ ਗੁਰੂ ਕੇ ਸਚੇ ਸਿਖ ਹਨ। ਯਥਾ ਗੁਰਵਾਕ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

ਸੋਰਠਿ ਮ: ੩, ਪੰਨਾ ੬੦੧

 www.sikhbookclub.com

ਗੁਰੂ ਕੀ ਭਾਣੇ ਮਈ ਆਗਿਆ ਮੰਨਦੇ ਹੋਏ ਜਿਨ੍ਹਾਂ ਨੇ ਸੀਸ ਤਲੀ ਤੇ ਰੱਖ ਕੇ ਗੁਰਸਿਖੀ ਕਬੂਲੀ (ਧਾਰਨ ਕੀਤੀ) ਹੈ, ਤਿਨ੍ਹਾਂ ਨੂੰ ਨਾਮ ਰੂਪੀ ਪ੍ਰੇਮ ਪਿਆਲੇ ਦੀ ਬਖਸ਼ਸ਼ ਹੁੰਦੀ ਹੈ, ਐਵੇਂ ਨਹੀਂ, ਅਤੇ ਇਸ ਪਾਰਸ ਰਸਾਇਣੀ ਨਾਮ ਰੂਪੀ ਦਾਤ ਇਲਾਹੀ ਨੂੰ ਗੁਰੂ ਦੁਆਰਿਓਂ (ਸਿਰੀ ਗੁਰੂ ਗ੍ਰੰਥ ਸਾਹਿਬ ਜੀ ਸਚੇ ਗੁਰਦੇਵ ਦੇ ਤਾਬਿਆ ਪੰਚ ਪਰਵਾਨ ਗੁਰਮੁਖ ਸਿੰਘਾਂ ਪਿਆਰਿਆਂ ਦੀ ਰਾਹੀਂ ਅੰਮ੍ਰਿਤ ਖੰਡੇ ਦਾ ਛਕ ਕੇ ਅਤੇ ਨਾਮ ਗੁਰ ਮੰਤ੍ਰ ਦੇ ਪਾਤਰ ਹੋ ਕੇ) ਪ੍ਰਾਪਤ ਕਰੀਦਾ ਹੈ।

ਏਹੋ ਨਦਰੀ ਨਦਰ ਨਿਹਾਲ ਗੁਰੂ ਅਕਾਲ ਦੀ ਕਿਰਪਾ ਹੈ, ਏਹੋ ਨਦਰ ਮਿਹਰ ਹੈ। ਜੋ ਗੁਰੂ ਦੁਆਰੇ ਹੋਇ ਕੇ ਸਾਹਿਬ ਨੂੰ ਸੰਮਾਲਣ ਲਈ ਪੰਜਾ ਪਿਆਰਿਆਂ ਅਗੇ ਪਾਤਰ ਅਧਿਕਾਰੀ ਹੋ ਕੇ ਹਾਜ਼ਰ ਹੁੰਦੇ ਹਨ, ਉਹਨਾਂ ਹਾਜ਼ਰ ਹਜ਼ੂਰ ਬੰਦਿਆਂ ਉਤੇ ਨਦਰ ਮਿਹਰ ਹੁੰਦੀ ਹੈ। ਪਰ ਨਦਰ ਕਰੰਮੀਏ ਬੰਦੇ ਕੇਵਲ ਕ੍ਰਿਪਾ ਉਤੇ ਸ਼ਾਕਰ ਰਹਿ ਕੇ ਨਾਮ ਅਭਿਆਸ ਕਮਾਈਆਂ ਛਡ ਨਹੀਂ ਬਹਿੰਦੇ। ਬਹੁਤ ਸਾਰੇ ਨਾਮ ਨਿਖੱਟੂ ਮੱਚਲ ਹੋ ਨਾਮ ਤੋਂ ਗੁਮਰੁੱਠ ਹੋ ਜਾਂਦੇ ਹਨ। ਨਾਮ ਤਾਂ ਉਹ ਜਪ ਨਹੀਂ ਸਕਦੇ। ਨਾ ਜਪਣ ਦੀ ਸਾਹਸ ਖ਼ੁਆਹਸ਼ ਹੀ ਹੁੰਦੀ ਹੈ ਤੇ ਬਹਾਨੇ ਲਾਉਂਦੇ ਹਨ ਇਸ ਪ੍ਰਕਾਰ ਕਿ ਜਦੋਂ ਗੁਰੂ ਦੀ ਕਿਰਪਾ ਹੋਵੇਗੀ ਓਦੋਂ ਨਾਮ ਜਪਾਂਗੇ, ਭਾਈ ਕਿਰਪਾ ਬਿਨਾ ਨਾਮ ਜਪ ਨਹੀਂ ਹੁੰਦਾ। ਪਰ ਗੁਰੂ ਕਿਰਪਾਲ ਦੀ ਕਿਰਪਾ ਆਪਣੇ ਹੁਕਮੀ ਬੰਦੇ ਸਿੰਘ ਉਤੇ ਹੋਵੇਗੀ। ਪਹਿਲਾਂ ਹੁਕਮੀ ਬੰਦਾ ਹੋਣਾ ਸਿਖ ਦਾ ਫਰਜ਼ ਹੈ, ਪਿਛੋਂ ਉਸ ਦੀ ਨਦਰ ਮਿਹਰ ਦਾ ਪਾਤਰ ਓਹ ਆਪੇ ਹੀ ਬਣ ਜਾਂਦਾ ਹੈ। ਸਤਿਗੁਰੂ ਦਾ ਹੁਕਮ ਕਮਾਉਣ ਹਾਰੇ ਸਿਖ ਸੇਵਕ ਅੰਦਰ ਹਉਮੈਂ ਦਾ ਲੇਸ ਨਹੀਂ ਲਗਦਾ। ਓਹ ਤਾਂ ਸਤਿਗੁਰੂ ਦਾ ਹੁਕਮ ਕਮਾਉਣਾ ਆਪਣਾ ਸੁਭਾਗ ਸਮਝਦਾ ਹੈ ਤੇ ਆਪਣੀ ਅਧਮ ਸੇਵਾ ਸਮਝਦਾ ਹੈ। ਸਤਿਗੁਰੂ ਸਚੇ ਗੁਰਦੇਵ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਦੋਂ ਵੀ ਹੁਕਮ ਲਵੋ, ਓਹ ਏਹੀ ਹੁਕਮ ਦਿੰਦੇ ਹਨ, ਨਾਮ ਜਪਹੁ, ਨਾਮ ਅਭਿਆਸ ਕਮਾਈਆਂ ਕਰਹੁ। ਸਭ ਧੰਧ ਬੰਧ ਤੋਂ ਮੁਖ ਅਤੇ ਸਚੀ ਕਾਰ ਕਮਾਵਨੀ ਨਾਮ ਰੂਪੀ ਸੁਕ੍ਰਿਤ ਕਰਨੀ ਹੈ। ਜੋ ਜਨ ਨਾਮ ਕਮਾਈਆਂ ਵਾਲੀ ਸੁਕ੍ਰਿਤ ਕਰਨੀ ਰੂਪੀ ਕਾਰ ਕਮਾਵਨ ਲਗ ਗਿਆ, ਉਹ ਗੁਰੂ ਦਾ ਸਭ ਤੋਂ ਸਰੇਸ਼ਟ ਹੁਕਮੀ ਬੰਦਾ ਸਿੰਘ ਸੁਜਾਨ ਹੈ। ਉਸ ਦੇ ਉਪਰ ਗੁਰੂ ਦੀ ਕਿਰਪਾ ਹੋ ਗਈ ਅਤੇ ਹੋਰ ਭੀ ਹੋਵੇਗੀ ਅਤੇ ਦਿਨੋਂ ਦਿਨ ਖਿਨੋ ਖਿਨ ਹੁੰਦੀ ਰਹੇਗੀ। ਨਾਮ ਨਖੱਟੂ ਗੁਰ ਹੁਕਮ ਅਦੂਲ ਮਨਮੁਖੀ ਨਿਗੁਰੇ ਨਿਗੋਸਾਏ ਮਾਣੂਆਂ ਉਪਰ ਕੇਹੀ ਕਿਰਪਾ ? ਉਹ ਕਦਾਚਿਤ ਇਹ ਆਸ ਨਾ ਰਖਣ ਕਿ

ਅਨਾਚੇਤ ਕਿਰਪਾ ਹੋ ਜਾਵੇਗੀ। ਜੇ ਕਰ ਸ਼ਾਜ਼ੋ ਨਾਦਰ ਕਿਸੇ ਖਾਸ ਉਤੇ ਇਹ ਅਨਾਚੇਤ ਕਿਰਪਾ ਹੋ ਭੀ ਗਈ ਹੋਵੇ ਤਾਂ ਇਹ ਸਮਝੋ ਕਿ ਉਹ ਉਸ ਦੇ ਪੂਰਬਲੇ ਜਨਮ ਦੇ ਕਰਮਾਂ ਦਾ ਅੰਕੂਰ ਫਲ ਉਸ ਨੂੰ ਮਿਲਿਆ ਹੈ। ਨਦਰ ਕਰਮ ਦਾ ਓਤ ਪੋਤ ਇਤਹਾਦੀ ਧਰਮ ਹੈ, ਜੋ ਅਵਸ਼ ਅਪਣਾ ਫਲ ਦਿਖਾਵੇਗਾ। ਏਹ ਜੋ ਕਹਿੰਦੇ ਹਨ ਕਿ ਨਾਮ ਦੀਆਂ ਕਮਾਈਆਂ ਕੀਤੇ ਬਿਨਾਂ ਕੇਵਲ ਕਿਰਪਾ ਦੁਆਰਾ ਹੀ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਵੇਗੀ, ਕਿਰਪਾ ਪਾਤਰ ਨੂੰ ਨਾਮ ਜਪਣ ਦੀ ਲੋੜ ਨਹੀਂ, ਏਹ ਓਹਨਾਂ ਦਾ ਬਿਲਕੁਲ ਲਗਵ ਖਿਆਲ ਅਤੇ ਮਨਮਤਿ ਭਰਿਆ ਫੋਕਾ ਢਕੋਂਸਲਾ ਹੈ। ਗੁਰਵਾਕ ਹੈ :

ਜਾਂਕਉ ਅਪਨੀ ਕਿਰਪਾ ਧਾਰੈ ॥
ਸੋ ਜਨੁ ਰਸਨਾਂ ਨਾਮੁ ਉਚਾਰੈ ॥

ਗਉੜੀ ਮ: ੫, ਪੰਨਾ ੧੯੦

ਰਸਨਾ ਦੁਆਰਾ ਨਾਮ ਉਚਾਰਨ ਦੀ ਕਮਾਈ ਕਿਰਪਾ ਪਾਤਰ ਸਿਖ ਸੇਵਕ ਦੀ ਹਰ ਛਿਨ ਅਤੇ ਹਰ ਸਮੇਂ ਬਣੀ ਰਹੇਗੀ। ਉਹ ਮਿੱਟੀ ਦਾ ਮਟੂੰਨ ਹੋ ਕੇ ਕਦੇ ਭੀ ਨਹੀਂ ਬੈਠੇਗਾ।

## ੨

# ਮਨ ਦੀ ਸ਼ੁਧੀ ਤੇ ਦੁਖਾਂ ਦੀ ਨਵਿਰਤੀ

ਨਾਮ ਦਾ ਵਿਰਦ ਕਰਕੇ, ਸੁਆਸ ਅਭਿਆਸੀ ਗਰਾਸਾਂ ਕਰਕੇ, ਸ਼ਬਦ ਸੁਰਤ ਦੇ ਪਰਚੇ ਕਰਕੇ ਦਿਨੋ ਦਿਨ ਦੂਣ ਸਵਾਈ ਚੜ੍ਹਦੀ ਕਲਾ ਵਿਚ ਕਿਰਪਾ ਪਾਤ੍ਰ ਬੰਦਗੀ ਵਾਲੇ ਬੰਦਿਆਂ ਨੂੰ ਸਤਿਗੁਰੂ ਨਿਤ ਨਵਤਨੇ ਜੋਬਨ ਵਿਚ ਸ਼ਿੰਗਾਰੇਗਾ। ਰਸਨਾ ਮੁਖ ਕਰਕੇ ਬੈਖਰੀ ਬਾਣੀ ਦੁਆਰਾ ਨਾਮ ਜਪਣ ਦਾ ਉਪਦੇਸ ਥਾਉਂ ਥਾਈਂ ਭਰਿਆ ਪਿਆ ਹੈ, ਫਿਰ ਖਬਰ ਨਹੀਂ ਸਿਖ ਸਦਾਵਨ ਵਾਲੇ ਮਨਤਕੀ ਤਬਕੇ ਦੇ ਲੋਗ ਕਿਸ ਮੂੰਹ ਨਾਲ ਇਹ ਆਖ ਦਿੰਦੇ ਹਨ ਕਿ ਇਕ ਪਦ ਨੂੰ ਮੂੰਹੋਂ ਬਾਰੰਬਾਰ ਉਚਾਰੀ ਜਾਣ ਵਿਚ ਕੀ ਗੁਣ ਹੈ ? ਐਸੇ ਪੁਰਸ਼ਾਂ ਨੂੰ ਇਕ ਹੋਰ ਕਮਲ ਖਿਆਲੀ ਚਿੰਮੜੀ ਹੋਈ ਹੈ ਕਿ ਕੇਵਲ ਸ਼ੁਧ ਹਿਰਦੇ ਵਾਲਿਆਂ ਤੋਂ ਹੀ ਨਾਮ ਦੀ ਕਮਾਈ ਹੋ ਸਕਦੀ ਹੈ, ਸ਼ੁਧ ਹਿਰਦੇ ਨਾਲ ਹੀ ਨਾਮ ਜਪਿਆ ਪਰਵਾਨ ਅਤੇ ਫਲੀ ਭੂਤ ਹੋ ਸਕਦਾ ਹੈ। ਕੈਸੀ ਕੁ-ਸਮਝ ਹੈ। ਹਿਰਦਾ ਸ਼ੁਧ ਤਾਂ ਨਾਮ ਨੇ ਹੀ ਕਰਨਾ ਹੈ। ਨਾਮ ਕਮਾਈ ਤੋਂ ਬਿਨਾਂ ਹਿਰਦਾ ਸੁਧ ਹੋ ਹੀ ਨਹੀਂ ਸਕਦਾ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥

ਮ: ੩, ਸੋਰਠਿ ਵਾਰ ਮ: ੪, ਪੰਨਾ ੬੫੧

ਗੁਰਵਾਕ ਦੇ ਅਨੁਸਾਰ ਇਕ ਤਾਂ ਇਹ ਮਨ ਜਨਮ ਜਨਮ ਦੀ ਮੈਲ ਲਗਣ ਕਰਕੇ ਕਾਲਾ ਸਿਆਹ ਪਹਿਲਾਂ ਜਮਾਂਦਰੂ ਹੀ ਹੈ। ਫੇਰ ਏਸ ਜਨਮ ਵਿਚ ਅਨਿਕ ਪ੍ਰਕਾਰੀ ਕੁਸੰਗ ਹੋਣ ਦੇ ਕਾਰਨ ਪਾਪਾਂ ਦੀ ਮੈਲ ਹੋਰ ਵਧੇਰੇ ਲਗ ਜਾਣ ਕਰਕੇ ਇਹ ਮਨ ਅਹਿਨਿਸ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨਾਲ ਅੱਟਿਆ ਹੋਇਆ ਹੈ ਤਾਂ ਆਪੋਂ ਸੁਧ ਕਿਵੇਂ ਹੋਵੇ :

ਨਾਨਕ ਮੈਲਾ ਉਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥

ਸਿਰੀ ਰਾਗੁ ਕੀ ਵਾਰ ਮ: ੩, ਪੰਨਾ ੮੯

ਗੁਰਵਾਕ ਦੇ ਭਾਵ ਅਨੁਸਾਰ ਨਾਮ ਰੂਪੀ ਗੁਰ ਸ਼ਬਦ ਕਮਾਈ ਬਿਹੂਣ ਮਨ ਦੀ ਮੈਲ ਨਹੀਂ ਉਤਰਦੀ। ਨਾਮ ਸਿਮਰਨ ਗੁਰ ਮੰਤ੍ਰ ਦਾ ਜਾਪ ਜਪਣ ਵਿਚ ਖਾਸ

ਅੰਮ੍ਰਿਤ ਰਸਾਇਣੀ ਪਾਰਸ ਕਲਾ ਹੈ ਜਿਸ ਦੇ ਪ੍ਰਭਾਵ ਪ੍ਰਤਾਪ ਕਰ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ। ਯਥਾ ਗੁਰਵਾਕ :

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥
ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥

ਸਿਰੀ ਰਾਗੁ ਮ: ੫, ਪੰਨਾ ੪੮

ਅਸਰਧਕ ਲੋਕਾਂ ਨੂੰ ਯਕੀਨ ਨਹੀਂ ਆਉਂਦਾ ਕਿ ਜੀਭ ਰਸਨਾ ਦੁਆਰਾ ਸਿਮਰਨ ਕੀਤਿਆਂ ਮਨ ਦੀ ਮੈਲ ਕਿਵੇਂ ਉਤਰ ਜਾਂਦੀ ਹੈ, ਪਰ :

ਰਸਨਾ ਸਚਾ ਸਿਮਰੀਐ ਤਨੁ ਮਨੁ ਨਿਰਮਲੁ ਹੋਇ

ਸਿਰੀ ਰਾਗੁ ਮ: ੫, ਪੰਨਾ ੪੯

ਗੁਰਵਾਕ ਦ੍ਰਿੜ ਕਰਾਉਂਦਾ ਹੈ ਕਿ ਰਸਨਾ ਦੁਆਰਾ ਸਚਾ ਨਾਮ ਸਿਮਰਨ ਕਰਕੇ ਮਨੁ ਤੇ ਤਨੁ ਦੋਵੇਂ ਨਿਰਮਲ ਹੋ ਜਾਂਦੇ ਹਨ। ਇਹ ਤਾਂ ਥੋੜੀ ਹੀ ਗਲ ਹੈ, ਅੰਮ੍ਰਿਤ ਨਾਮ ਤਾਂ ਜੰਮਣ ਮਰਨਾ ਮੇਟ ਦਿੰਦਾ ਹੈ। ਯਥਾ :

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥

ਸਿਰੀ ਰਾਗੁ ਮ: ੫, ਪੰਨਾ ੪੯

ਅਤੇ ਇਸ ਜਨਮ ਵਿਖੇ ਅੰਮ੍ਰਿਤ ਨਾਮ ਰੂਪੀ ਗੁਰਮੰਤ੍ਰ ਪ੍ਰਾਪਤ ਕਰਕੇ ਅਤੇ ਇਸ ਗੁਰਮੰਤ੍ਰ ਨੂੰ ਅਹਿਨਿਸ ਉਰਿਧਾਰੇ ਰਖਣ ਦਾ ਇਹ ਪਾਰਸ ਭੂਤੀ ਫਲ ਹੁੰਦਾ ਹੈ ਕਿ ਜਿਊਂਦੇ ਜੀ ਉਸ ਨੂੰ ਸੰਸਾਰ ਦਾ ਕੋਈ ਭਉ ਦੁਖ ਕਲੇਸ਼ ਨਹੀਂ ਵਿਆਪ ਸਕਦਾ। ਯਥਾ ਗੁਰਵਾਕ :

ਦੁਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ ॥

ਸਿਰੀ ਰਾਗੁ ਮ: ੫, ਪੰਨਾ ੫੧

ਨਾਮ ਗੁਰਮੰਤ੍ਰ ਅਤੇ ਨਾਮ ਦੀ ਪਾਰਸ ਕਲਾ ਤੋਂ ਮੁਨਕਰਾਂ ਦੇ ਸੋਧਣ ਲਈ ਇਹ ਤਕੜਾ ਤਾਜ਼ੀਆਨਾ ਹੈ।

ਉਪਰਲੇ ਭਾਵ ਦੀ ਪ੍ਰੌੜਤਾ ਲਈ ਨਾਲ ਲਗਦੇ ਹੀ ਹੋਰ ਗੁਰਵਾਕ ਦੀ ਪੁਸ਼ਟੀ ਲਓ। ਯਥਾ :

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ
ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ
ਜੋ ਗੁਰਮਤਿ ਰਾਮ ਰਸੁ ਖਾਤੇ ॥

ਗਉੜੀ ਪੂਰਬੀ ਮ: ੪, ਪੰਨਾ ੧੬੯

ਹਰਿ ਹਰਿ ਪਦ ਨਾਮ ਦੇ ਨਾਲ ਮੁੜਿ ਮੁੜਿ ਲਿਖਣ ਦਾ ਭਾਵ ਇਹ ਹੈ ਕਿ ਗੁਰਮਤਿ ਨਾਮ ਨੂੰ ਇਸ ਬਿਧ ਮੁੜ ਮੁੜ ਓਹੀ ਨਾਮ ਉਚਾਰ ਕੇ ਬਾਰ

ਬਾਰ ਜਪਣਾ ਹੈ, ਅਰਥਾਤ ਅੱਠੋ ਪਹਿਰ ਇਸ ਦਾ ਜਾਪ ਸਿਮਰਨ ਕਰਨਾ ਹੈ। ਕਿਸੇ ਉਕਤੀ ਯੁਕਤੀ ਦੀ ਕੋਈ ਲੋੜ ਨਹੀਂ। ਕੇਵਲ ਸਹਿਜ ਸੁਭਾਇ ਹੀ ਗੁਰਬਾਣੀ ਤੇ ਨਾਮ ਦਾ ਅਰਾਧਨ ਅਪਣੀ ਪਾਰਸ ਕਲਾ ਵਰਤਾਏ ਬਿਨਾਂ ਨਹੀਂ ਰਹਿੰਦਾ। ਯਥਾ ਗੁਰਵਾਕ :

ਸਹਜਿ ਸੁਭਾਇ ਬੋਲੈ ਹਰਿ ਬਾਣੀ ॥
ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥
ਦੂਖੁ ਦਰਦੁ ਜਮੁ ਨੇੜਿ ਨ ਆਵੈ ॥
ਕਹੁ ਨਾਨਕ ਜੋ ਹਰਿ ਗੁਨਗਾਵੈ ॥

ਗਉੜੀ ਮ: ੫, ਪੰਨਾ ੧੯੧

ਇਸ ਭਾਵ ਦੀ ਪਰੋੜ੍ਹਤਾ ਵਿਚ ਇਹ ਅਗਲਾ ਗੁਰਵਾਕ ਖੂਬ ਨਿਸ਼ਾ ਕਰਦਾ ਹੈ :

ਨਿਰਮਲ ਗੁਣ ਗਾਵਹੁ ਨਿਤ ਨੀਤ ॥
ਗਈ ਬਿਆਧਿ ਉਬਰੇ ਜਨ ਮੀਤ ॥

ਗਉੜੀ ਮ: ੫, ਪੰਨਾ ੨੦੦

ਰਸਨਾ ਦੁਆਰਾ ਨਾਮ ਜਪਣ ਦੀ ਚੁੰਭਕ ਕਲਾ ਐਸੀ ਹੈ ਕਿ ਬੜੇ ਬੜੇ ਮਹਾਂ ਕਸ਼ਟ ਭੀ ਇਕ ਖਿਨ ਵਿਚ ਕਟੇ ਜਾਂਦੇ ਹਨ। ਯਥਾ ਗੁਰਵਾਕ :

ਮਹਾਂ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥

ਗਉੜੀ ਪੂਰਬੀ ਮ: ੫, ਪੰਨਾ ੨੧੦

ਨਾਮ ਭਜਨੀਕ ਸੰਤਾਂ ਭਗਤਾਂ ਲਈ ਹਰਿ ਜਸ ਕਰਨਾ, ਸੁਣਨਾ ਅਥਵਾ ਗਾਵਨਾ ਜੀਵਨ ਰੂਪ ਜੀਵਾਂ ਦਾ ਮੂਲ ਹੈ ਜਿਸ ਬਿਨਾਂ ਨਾਮ ਰਸੀਏ ਜਨ ਜੀਉ ਨਹੀਂ ਸਕਦੇ, ਸੁਆਸਿ ਸੁਆਸਿ ਇਸ ਨਾਮ ਰੂਪੀ ਜੀਵਨ ਰਾਸ ਅੰਮ੍ਰਿਤ ਪੂੰਜੀ ਨੂੰ ਭੁੰਚ ਭੁੰਚ ਜੀਉਂਦੇ ਹਨ। ਯਥਾ ਗੁਰਵਾਕ :

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥
ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥

ਗਉੜੀ ਮਾਝ ਮ: ੫, ਪੰਨਾ ੨੧੮

ਤਾਹੀਂ ਤੇ ਸਤਿਗੁਰੂ ਨੇ ਨਾਮ ਨੂੰ ਸਰਬ ਫਲ ਪਰਦਾਤਾ, ਪਾਰਜਾਤ ਅਤੇ ਸਰਬ ਕਾਮਨਾ ਪੁਜਾਵਨ ਹਾਰ ਕਾਮਧੇਨ ਰੂਪ ਕਰਕੇ ਗੁਰਬਾਣੀ ਅੰਦਰਿ ਦਰਸਾਇਆ ਹੈ। ਯਥਾ ਗੁਰਵਾਕ :

ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥

ਗਉੜੀ ਸੁਖਮਨੀ ਮ: ੫, ਪੰਨਾ ੨੬੫

ਸਾਰਿਆਂ ਰੋਗਾਂ ਦਾ ਅਉਖਧ ਰੂਪ ਦਾਰੂ ਭੀ ਨਾਮ ਹੀ ਹੈ ਅਤੇ ਉਸ ਦੇ ਮੰਗਲ ਮਈ ਗੁਣ ਗਾਵਣੇ ਕਲਿਆਣ ਕਾਰੀ ਹਨ। ਯਥਾ ਗੁਰਵਾਕ :

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

ਗਉੜੀ ਸੁਖਮਨੀ ਮ: ੫, ਪੰਨਾ ੨੬੫

ਮੰਗਲ ਗੁਣ ਗਾਉਣ ਨਾਲ ਹਉਮੈ ਰੂਪੀ ਬਿਖ ਅਤੇ ਮੈਲ ਭੀ ਦੂਰ ਹੋ ਜਾਂਦੀ ਹੈ। ਗੁਰਵਾਕ :

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥

ਗਉੜੀ ਸੁਖਮਨੀ ਮ: ੫, ਪੰਨਾ ੨੮੯

ਇਸ ਹਉਮੈ ਦੀ ਮੈਲ ਰੂਪੀ ਬਿਖ ਦੇ ਅੰਮ੍ਰਿਤ ਨਾਮ ਦੁਆਰਾ ਉਤਰ ਜਾਣ ਦੀ ਅਗਲੇਰਾ ਗੁਰਵਾਕ ਸ਼ਾਹਦੀ ਭਰਦਾ ਹੈ :

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰਧਾਰਿ ॥

ਗਉੜੀ ਕੀ ਵਾਰ ਮ: ੪, ਪੰਨਾ ੩੦੦

ਏਹ ਅੰਮ੍ਰਿਤ ਨਾਮ ਐਸਾ ਪਵਿਤ੍ਰ ਅਤੇ ਪਾਵਨ ਪੁਨੀਤ ਹੈ ਕਿ ਇਸ ਦੇ ਮੁਖ ਕਰਕੇ ਬੋਲਣ ਨਾਲ ਹੀ ਸਭ ਦੁਖ ਦਲਿਦਰ ਦੂਰ ਹੋ ਜਾਂਦੇ ਹਨ। ਯਥਾ ਗੁਰਵਾਕ :

ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥

ਗਉੜੀ ਕੀ ਵਾਰ ਮ: ੪, ਪੰਨਾ ੩੦੭

ਹੁਣ ਭੀ ਕੋਈ ਕਸਰ ਬਾਕੀ ਹੈ ਮਨਤਕੀ ਦਲੀਲ ਬਾਜ਼ਾਂ ਦੀ ਤਸੱਲੀ ਕਰਨ ਦੀ, ਜੋ ਕਹਿੰਦੇ ਹਨ ਕਿ ਮੂੰਹ ਨਾਲ 'ਵਾਹਿਗੁਰੂ ਵਾਹਿਗੁਰੂ' ਬੋਲੀ ਜਾਣ ਨਾਲ ਕੀ ਬਣਦਾ ਹੈ। ਏਹ ਹੈ ਗੁਰਮਤਿ ਨਾਮ ਦੀ ਮੁਖ ਬੋਲੀ ਪਾਰਸ ਕਲਾ।

"ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ ॥"* ਰੂਪੀ ਗੁਰਵਾਕ ਇਤ੍ਰਾਜ਼ ਕਰਨ ਵਾਲਿਆਂ ਦੀ ਮਤਿ ਠਿਕਾਣੇ ਕਰਦਾ ਹੈ ਜੋ ਕਹਿੰਦੇ ਹਨ ਕਿ ਗੁਰਬਾਣੀ ਜਾਂ ਗੁਰਮੰਤ੍ਰ ਦਾ ਮੁੜ ਮੁੜ ਪਾਠ ਕਰਨਾ ਐਵੇਂ ਬਕਰੀ ਵਾਂਗੂ ਮੂੰਹ ਮਾਰਨਾ ਹੈ। ਗੁਰਵਾਕ ਦਾ ਫੁਰਮਾਨ ਹੁਕਮ ਤਾਂ ਏਹ ਹੈ ਕਿ "ਸਦਾ ਸਦਾ ਗੁਣ ਉਚਰੈ" ਅਤੇ ਇਸ ਦਾ ਪਾਰਸ ਚੰਭੁਕੀ ਫਲ ਏਹ ਹੈ : "ਦੁਖੁ ਦਾਲਦੁ ਗਇਆ ਬਿਲਾਇ", ਫੇਰ ਦਸੋ ਕਿ ਹੁਣ ਸ਼ਕ ਵਾਲੀ ਕਿਹੜੀ

---

* ਗਉੜੀ ਕੀ ਵਾਰ ਮ: ੫, ਪੰਨਾ ੩੨੧

 www.sikhbookclub.com

ਗੱਲ ਰਹਿ ਗਈ। ਫੇਰ ਇਸੇ ਭਾਵ ਦੀ ਪ੍ਰੋੜ੍ਹਤਾ ਹਿਤ ਹੇਠਲਾ ਗੁਰਵਾਕ ਭੀ ਖੂਬ ਸੋਭਦਾ ਹੈ :

ਦੂਖ ਰੋਗ ਭਏ ਗਤੁ ਤਨ ਤੇ
ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ
ਅਬ ਮੇਰਾ ਮਨੁ ਕਤਹੀ ਨ ਜਾਇ ॥ ੧ ॥
ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ
ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥

ਆਸਾ ਮ: ੫, ਪੰਨਾ ੩੭੩

ਤਨ ਤੇ ਮਨ ਦੇ ਸਾਰੇ ਰੋਗਾਂ ਦੇ ਦੂਰ ਕਰਨ ਲਈ ਸਚਾ ਨਾਮ ਕਿਆ ਅਜਬ ਅਉਖਧ ਸਾਬਤ ਹੋਇਆ। ਸਤਿਗੁਰੂ ਦੀ ਬਾਣੀ ਅੰਮ੍ਰਿਤ ਕਲਾ ਸੰਪੰਨ ਹੈ, ਇਸ ਦੇ ਅਰਥ ਲਾਉਣ ਦੀ ਲੋੜ ਨਹੀਂ ਨਾ ਏਥੇ ਕੋਈ ਸੋਚ ਵਿਚਾਰਾਂ ਦੇ ਸਿਲਸਲੇ ਛੇੜਨ ਦੀ ਲੋੜ ਹੈ। ਲੋੜ ਹੈ ਤਾਂ ਕੇਵਲ ਸਰਧਾ ਭਗਤਿ ਭਾਵਨੀ ਦੀ ਹੈ। ਅੰਮ੍ਰਿਤ ਬਾਣੀ ਦੇ ਬੋਲਣ ਨਾਲ ਹੀ ਬੋਲਣਹਾਰੇ ਦੇ ਮੁਖ ਵਿਖੇ ਅੰਮ੍ਰਿਤ ਪੈਂਦਾ ਹੈ। ਯਥਾ ਗੁਰਵਾਕ :

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥

ਗੂਜਰੀ ਮ: ੪, ਪੰਨਾ ੪੯੪

ਤਥਾ—

ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥
ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥

ਗੂਜਰੀ ਮ: ੪, ਪੰਨਾ ੪੯੩

ਵਾਹ ਧੰਨ ਗੁਰਬਾਣੀ ਦੀ ਅੰਮ੍ਰਿਤ ਪਾਰਸ ਪਰਸ, ਸਰਧਾ ਭਗਤਿ ਸੇਤੀ ਸੁਣਨ ਪੜ੍ਹਨਹਾਰੇ ਦੋਹਾਂ ਦਾ ਨਿਸਤਾਰਾ ਹੋ ਜਾਂਦਾ ਹੈ। ਅਸੀਂ ਹਰ ਰੋਜ਼ ਸਿਰੀ ਅਨੰਦ ਸਾਹਿਬ ਦੇ ਪਾਠ ਵਿਚ ਪੜ੍ਹਦੇ ਸੁਣਦੇ ਹਾਂ ਕਿ :

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਿਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥

ਰਾਮਕਲੀ ਮ: ੩, ਅਨੰਦੁ, ਪੰਨਾ ੯੨੨

੨

# ਗੁਰਬਾਣੀ ਪੜ੍ਹਨ, ਸੁਣਨ, ਗਾਉਣ ਤੇ ਲਿਖਣ ਦਾ ਫਲ ਤੇ ਨਾਮ ਦੀ ਪਾਰਸ ਕਲਾ

ਫੇਰ ਗੁਰੂ ਮਹਾਰਾਜ ਦਾ ਹੋਰ ਵਾਕ ਆਉਂਦਾ ਹੈ :

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ ॥

ਸਿਰੀ ਰਾਗ ਮ: ੫, ਪੰਨਾ ੮੧

ਹੁਣ ਦਸੋ ! ਇਥੇ ਕੀ ਮਨਤਕ ਚਲੇਗੀ। ਗੁਰਬਾਣੀ ਦੇ ਪੜ੍ਹਨ, ਸੁਣਨ, ਲਿਖਣ ਮਾਤਰ ਨਾਲ ਹੀ ਨਿਸਤਾਰਾ ਹੈ। ਏਥੇ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ ਰਹੀ। ਗੁਰਵਾਕ ਦੀ ਪੰਗਤੀ ਵਿਚੋਂ ਤਾਂ ਕੋਈ ਹੋਰ ਦੂਜੇ ਅਰਥ ਕਢੇ ਨਹੀਂ ਜਾ ਸਕਦੇ। ਮਨ ਉਕਤ ਢਕੋਂਸਲੇ ਬਾਜ਼ੀਆਂ ਕੋਈ ਭਾਵੇਂ ਕਿਵੇਂ ਕਰਦਾ ਫਿਰੇ। ਬਾਣੀ ਗੁਰੂ ਰੂਪ ਹੈ, ਬਾਣੀ ਅੰਮ੍ਰਿਤ ਰੂਪ ਹੈ। ਅੰਮ੍ਰਿਤ ਬਾਣੀ ਇਉਂ ਹੈ ਕਿ ਇਸ ਦੇ ਪੜ੍ਹਨ ਸੁਣਨ ਮਾਤ੍ਰਰ ਨਾਲ ਹੀ ਪੜ੍ਹਨ ਸੁਣਨ ਹਾਰੇ ਦੇ ਮੁਖ ਅਤੇ ਕੰਨਾਂ ਵਿਖੇ ਅੰਮ੍ਰਿਤੁ ਪੈਂਦਾ ਹੈ।

ਬਾਣੀ ਗੁਰੂ ਰੂਪ ਇਸ ਕਰਕੇ ਹੈ ਕਿ ਜੋ ਕੁਛ ਗੁਰਬਾਣੀ ਕਹਿੰਦੀ ਹੈ, ਉਸ ਨੂੰ ਗੁਰਬਾਣੀ ਦੇ ਸੇਵਨ ਹਾਰਾ ਗੁਰਸਿਖ ਮੰਨੇ ਤਾਂ ਉਸ ਦਾ ਪਰਤੱਖ ਨਿਸਤਾਰਾ ਹੋ ਜਾਂਦਾ ਹੈ, ਅਰਥਾਤ ਉਸ ਦੇ ਨਿਸਤਾਰਾ ਹੋਣ ਵਿਚਿ ਕੋਈ ਸੰਦੇਹ ਹੀ ਨਹੀਂ ਰਹਿੰਦਾ। ਯਥਾ ਗੁਰਵਾਕ :

ਬਾਣੀ ਗੁਰੁ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

ਨਟ ਮ: ੪, ਪੰਨਾ ੯੮੨

ਗੁਰਬਾਣੀ ਕੀ ਕਹਿੰਦੀ ਹੈ :

ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥

ਸੋਰਠਿ ਮ: ੫, ਪੰਨਾ ੬੧੧

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥

ਸੋਰਠਿ ਮ: ੫, ਪੰਨਾ ੬੨੯


www.sikhbookclub.com

ਭਾਵ—ਗੁਰਬਾਣੀ ਦਾ ਗਾਵਣਾ, ਪੜ੍ਹਨਾ, ਸੁਣਨਾ ਹੀ ਹਰ ਸਮੇਂ ਸੁਖਦਾਈ ਹੈ। ਭਾਵੇਂ ਕਿਸੇ ਵੇਲੇ ਗਾਵਹੁ, ਪੜਹੁ, ਸੁਣਹੁ। ਏਥੇ ਹੋਰ ਫਿਲਾਸਫੀ ਛਾਂਟਣ ਦੀ ਲੋੜ ਨਹੀਂ। ਆਪਣੀ ਮੈਲੀ ਮਤ ਬੁਧ ਸੋਚ ਵਿਚਾਰ ਦੀ ਏਥੇ ਕੁਛ ਨਹੀਂ ਵਟੀਦੀ। ਇਹ ਸਭ ਮੈਲੀਆਂ ਚੀਜ਼ਾਂ ਹਨ। ਏਹਨਾਂ ਤਾਂ ਪਾਰਸ ਰੂਪ ਅੰਮ੍ਰਿਤ ਬਾਣੀ ਦੇ ਨਾਲ ਸੁਪਰਸ ਹੋ ਕੇ ਮੈਲਿਓਂ ਨਿਰਮਲ ਹੋਣਾ ਹੈ। ਮੈਲੀਆਂ ਵਸਤਾਂ ਦੇ ਮਾਲਕਾਂ ਦੀ ਕੀ ਤਾਕਤ ਹੈ ਕਿ ਨਿਰਮਲ ਅੰਮ੍ਰਿਤ ਬਾਣੀ ਦੀ ਅਰਥ ਵਿਚਾਰ ਮਈ ਕੋਈ ਕਾਂਟ ਛਾਂਟ ਕਰ ਸਕਣ ਅਤੇ ਹੀਲ ਹੁੱਜਤ ਅਗੇ ਡਾਹ ਸਕਣ। ਏਹ ਬਪੁੜੀਆਂ ਵਿਚਾਰ ਬੁਧੀਆਂ ਉਰੇ ਉਰੇ ਹੀ ਰਹਿ ਜਾਂਦੀਆਂ ਹਨ। ਤ੍ਰੈਗੁਣੀ ਅਲਪ-ਮਤੀ ਲੋਕਾਂ ਦੀ ਤੁਰੀਆ ਗੁਣੀ ਗੁਰਬਾਣੀ ਤਾਈਂ ਕੀ ਦਸਤਰਸ ਹੋ ਸਕਦੀ ਹੈ ? ਕਖ ਭੀ ਨਹੀਂ।

ਮਨਿ ਹਰਿ ਕੀਰਤਿ ਕਰਿ ਸਦਹੂੰ ॥
ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ ॥
ਦੇਵ ਗੰਧਾਰੀ ਮ: ੫, ਪੰਨਾ ੫੨੯

ਏਹ ਗੁਰਵਾਕ ਇਸ ਗੱਲ ਨੂੰ ਹੋਰ ਭੀ ਨਿਸਚਿਤ ਕਰਾਉਂਦਾ ਹੈ ਕਿ ਗੁਰਬਾਣੀ ਦਾ ਗਾਵਣਾ, ਸੁਣਨਾ, ਪੜ੍ਹਨਾ ਹੀ ਪਾਰਸ ਕਲਾ ਪਰਬੀਨ ਹੈ, ਅੰਮ੍ਰਿਤ ਬਾਣੀ ਜੋ ਹੋਈ। ਨਹੀਂ ਤਾਂ ਹੋਰ ਕੱਚੀ ਬਾਣੀ ਦੇ ਗੀਤ ਭਾਵੇਂ ਕਿਤਨੇ ਹੀ ਗਾਈ ਜਾਵੇ, ਪੜ੍ਹੀ, ਸੁਣੀ ਜਾਵੇ, ਪਾਰਸ ਕਲਾ ਵਰਤਦੀ ਹੀ ਨਹੀਂ; ਪਾਰਸ ਕਲਾ ਤਾਂ ਕੀ ਵਰਤਣੀ ਸੀ, ਸਗੋਂ ਇਸ ਕਚੀ ਬਾਣੀ ਦੇ ਕਥਤਿਆਂ, ਬਕਤਿਆਂ ਅਤੇ ਸਰੋਤਿਆਂ ਨੂੰ ਗੁਰੂ ਸਾਹਿਬ ਕਚ ਪਿਚ ਰੱਚੇ ਕੱਚੇ ਕਹਿ ਕੇ ਪੁਕਾਰਦੇ ਹਨ। ਯਥਾ ਗੁਰਵਾਕ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥
ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਕਚੀ ਬਾਣੀ ਨੂੰ ਭਾਵੇਂ ਦਿਨ ਰਾਤ ਸਾਰੀ ਅਵਰਦਾ ਹੀ ਗਾਵੀ ਜਾਵੋ ਅਤੇ ਪੜ੍ਹੀ ਸੁਣੀ ਜਾਵੋ, ਬਸ ਕਚਿਆਣ ਵਰਤੇਗੀ। ਇਸ ਦੇ ਪੜ੍ਹਨ, ਸੁਣਨ, ਗਾਉਣ ਹਾਰਿਆਂ ਵਿਚ ਕਚਿਆਣਤਾ ਹੀ ਵਰਤੀ ਰਹੇਗੀ। ਏਹ ਕਚ ਕੁਬਾਣੀ ਕਚਿਆਂ ਮਾਇਆ ਰੱਚਿਆਂ ਅਲਪ ਮਾਣੂਆਂ ਦੀ ਰਚੀ ਹੋਈ ਜੋ ਹੋਈ। ਏਸੇ ਕਚਿਆਣ ਕੁ-ਕਲਾ ਦੇ ਕਾਰਨ ਤਾਂ ਕੁਬਾਣੀਆਂ ਦਾ ਗਾਵਣਾ ਹਰਿ ਕੀਰਤਨ ਤੁਲ ਨਹੀਂ ਹੋ ਸਕਦਾ, ਭਾਵੇਂ ਕੋਟ ਕਲਾ ਸੰਗੀਤ ਵਿਦਯਾ ਦੇ ਗਵੱਯੇ ਇਸ

ਕੁਬਾਣੀ ਕੱਚੀ ਬਾਣੀ ਨੂੰ ਸਿਰ ਖਪਾ ਖਪਾ ਕੇ ਗਾਵਨ। ਗਾਇਨ ਵਿਦਯਾ ਹਰਿ ਜਸ ਗੁਰਬਾਣੀ ਦੇ ਕੀਰਤਨ ਰਹਸ ਤੇ ਸੁੰਨੀ ਅਤੇ ਊਰੀ ਸੰਗੀਤ ਵਿਦਯਾ ਹਰਗਿਜ਼ ਹਰਗਿਜ਼ ਕਲਿਆਣ ਕਾਰੀ ਨਹੀਂ ਹੋ ਸਕਦੀ, ਕਿਉਂਕਿ ਉਹ ਗੁਰਬਾਣੀ ਦੇ ਕਲਾ ਕੀਰਤਨੀ ਅੰਮ੍ਰਿਤ ਰਹਸ ਤੋਂ ਖਾਲੀ ਹੈ। ਗੰਧਰਬਾਂ ਦੀਆਂ ਨਾਨਾ ਪ੍ਰਕਾਰੀ ਤਾਨਾਰੀਰੀਆਂ ਕਿਸੇ ਕੰਮ ਨਹੀਂ ਆਉਂਦੀਆਂ, ਅਤੇ ਕਿਸੇ ਲੇਖੇ ਭੀ ਨਹੀਂ ਪੈਂਦੀਆਂ, ਸਿਵਾਏ ਇਸ ਦੇ ਕਿ ਇਸ ਦੀ ਕੁਚੇਸ਼ਟਾ ਇਸ ਦੇ ਚੇਟਕੀਆਂ ਨੂੰ ਕੁਟਲ ਕੁਚੀਲਤਾ ਦੇ ਅੰਧ ਕੂਪ ਵਿਖੇ ਲਿਜਾ ਗਿਰਾ ਦੇਵੇ।

ਸਾਇੰਸ ਵਿਦਯਾ ਦੀ ਚੁੰਧਿਆਈ ਹੋਈ ਅਕਲ ਦੇ ਚੌੜ ਚਾਨਣੀ ਸਿਆਣੇ ਅੰਮ੍ਰਿਤ ਬਾਣੀ ਦੇ ਆਕ੍ਰਖਣੀ ਅਸਰ ਤੋਂ ਤਾਂ ਉੱਕੇ ਹੀ ਮੁਨਕਰ ਹਨ, ਪਰੰਤੂ ਰਚਨਹਾਰ ਦੇ ਰਚਤ ਪਦਾਰਥਾਂ ਦੀ ਮਾਇਕ ਸ਼ਕਤੀ ਦੇ ਮਿਕਨਾਤੀਸੀ ਅਸਰ ਦੇ ਬੜੇ ਕਾਇਲ ਹਨ। ਜੈਸੇ ਕਿ ਅਸਾਡੇ ਆਮ ਜਨਤਾ ਅਪਣਾਏ ਜਰਣਲਿਸਟ ਜੀ ਆਪਣੇ ਲੇਖ ਵਿਖੇ ਇਸ ਬਿਧ ਇਲਾਨੀਆਂ ਲਿਖਦੇ ਹਨ:

'ਇਸ ਜਹਾਨ ਵਿਚ ਬੇਅੰਤ ਤਾਕਤਾਂ ਹਨ, ਜੋ ਸਾਡੇ ਉਤੇ ਅਸਰ ਕਰ ਰਹੀਆਂ ਹਨ। ਜ਼ਮੀਨ, ਖਾਣਾ, ਪੀਣਾ, ਹਵਾ, ਚੰਦ, ਸੂਰਜ, ਤਾਰੇ, ਰੁਤ, ਬੇਅੰਤ ਜਾਨਵਰ, ਬੇਅੰਤ ਆਦਮੀ ਤੇ ਹੋਰ ਹਰ ਤਰ੍ਹਾਂ ਦੀ ਪੈਦਾਇਸ਼ ਸਭ ਸਾਡੇ ਖਿਆਲਾਂ ਉਤੇ ਅਸਰ ਕਰਦੀ ਹੈ, ਪਰ ਗੁਰਬਾਣੀ ਅਸਰ ਨਹੀਂ ਕਰਦੀ।'

ਇਹ ਗੁਰਬਾਣੀ ਅਕਸੀਰ ਅਸਰ ਮਾਯਾ ਨਾਲ ਮਨੂਰ ਹੋਈਆਂ ਬਿਰਤੀਆਂ ਤੇ ਬੁਧੀਆਂ ਨੂੰ ਪੋਂਹਦਾ ਜੋ ਨਹੀਂ। ਨੀਚੇ ਦਰਜੇ ਦੇ ਕਚ-ਪਿਚੀ ਪਦਾਰਥਾਂ ਦੇ ਅਸਰ ਝਟ ਪਟ ਹੋ ਜਾਂਦੇ ਹਨ। ਤ੍ਰੈਗੁਣੀ ਪਦਾਰਥਾਂ ਦੇ ਅਸਰ ਨੂੰ ਤ੍ਰੈਗੁਣੀ ਰਚਨਾ ਦੀ ਘਾੜਤ ਬੁਧੀ ਇਕ ਦਮ ਕਬੂਲ ਕਰ ਲੈਂਦੀ ਹੈ। ਇਸ ਕਰਕੇ ਉਕਤ ਪਦਾਰਥਾਂ ਵਲ ਉਹ ਹੋਰ ਹੋਰ ਖਿਚੀਂਦੀ ਤੁਰੀ ਜਾਂਦੀ ਹੈ। ਪਰਬਲ ਰੁਚੀ ਹੋਣ ਕਰਕੇ ਬਾਰੰਬਾਰ ਉਹ ਉਹਨਾਂ ਪਦਾਰਥਾਂ ਨੂੰ ਪਰਸਨ ਲਈ ਹੱਥ ਪਸਾਰਦੀ ਹੈ। ਪਰਸਨ ਦੀ ਦੇਰ ਹੈ ਕਿ ਤਾਬੜਤੋੜ ਅਸਰ ਹੋ ਜਾਂਦਾ ਹੈ, ਭਾਵੇਂ ਭੈੜਾ ਅਸਰ ਹੀ ਹੋਵੇ। ਪਰ ਹਨੇਰ ਤਾਂ ਇਹ ਹੈ ਕਿ ਬੁਰਾ ਅਸਰ ਹੁੰਦੇ ਹੋਇਆਂ ਭੀ ਉਹਨਾਂ ਪਦਾਰਥਾਂ ਵਲ ਜਾਣ ਬੁਝ ਕੇ ਦੌੜੀਦਾ ਹੈ! ਤੁਰੀਆ ਗੁਣੀ ਸਤਿ ਪਦਾਰਥ ਅੰਮ੍ਰਿਤ ਬਾਣੀ ਵਲ ਮਾਇਆ ਮਲ ਭੇਖਧਾਰੀਆਂ ਦੀ ਰੁਚੀ ਹੀ ਨਹੀਂ ਜਾਂਦੀ, ਉਹ ਇਸ ਅਲੌਕਕ ਅਤੇ ਅਮੋਲਕ ਪਦਾਰਥ ਨੂੰ ਪਰਸਦੇ ਹੀ ਨਹੀਂ ਫੇਰ ਪਾਰਸ ਕਲਾ ਦਾ ਆਕਰਖਣੀ ਅਸਰ ਕਿਵੇਂ ਹੋਵੇ:

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥
ਰਾਮਕਲੀ ਬਾਣੀ ਰਵਿਦਾਸ ਜੀ ਕੀ, ਪੰਨਾ ੯੭੩

ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ ॥

ਕਾਨੜਾ ਮ: ੪, ਪੰਨਾ ੧੩੧੧

ਪਾਰਸ ਰਸਾਇਣੀ ਅਕਸੀਰ ਅੰਮ੍ਰਿਤ ਬਾਣੀ ਦਾ ਇਸ ਵਿਚ ਕੋਈ ਕਸੂਰ ਨਹੀਂ। ਇਸ ਦਾ ਆਕਰਖਣੀ ਅਸਰ ਹੈ, ਪਰ ਇਸ ਨੂੰ ਕਬੂਲ ਕਰਨ ਵਾਲੀਆਂ ਰੁਚੀਆਂ ਹੀ ਨਹੀਂ ਹਨ। ਰੁਚੀਆਂ ਨੇ ਅਸਰ ਪਜ਼ੀਰ ਤਾਂ ਕੀ ਹੋਣਾ ਸੀ, ਉਹਨਾਂ ਨੂੰ ਤਾਂ ਇਸ ਅਕਸੀਰ ਦੇ ਭੰਡਣ ਦੀ ਰੁਚੀ ਪਰਬਲ ਹੋ ਕੇ ਚਿੰਮੜੀ ਹੋਈ ਹੈ, ਤਾਂ ਹੀ ਉਹ ਦੁਹਾਈਆਂ ਦੇ ਦੇ ਕੇ ਲੋਗਾਂ ਨੂੰ ਵਰਗਲਾ ਭੁਚਲਾ ਰਹੇ ਹਨ ਕਿ 'ਵਾਹਿਗੁਰੂ ਵਾਹਿਗੁਰੂ' ਕਹਿਣ ਵਿਚ ਕੀ ਵਾਧਾ ਹੈ ਜੇ 'ਪੱਥਰ ਪੱਥਰ' ਕਹਿ ਲਓ, ਇਕ ਸਾਰ ਹੀ ਹੈ। ਉਹਨਾਂ ਨੂੰ ਅੰਮ੍ਰਿਤ ਬਾਣੀ ਦੀ ਸਾਰ ਹੀ ਕੀ ? ਸਾਰ ਤਿਨਾਂ ਨੂੰ ਹੈ ਜਿਨ੍ਹਾਂ ਅੰਮ੍ਰਿਤ ਬਾਣੀ, ਅੰਮ੍ਰਿਤ ਨਾਮ ਨੂੰ ਪਰਸ ਭੁੰਚ ਕੇ ਸਚਾ ਅੰਮ੍ਰਿਤ ਰਸ ਚਖਿਆ ਹੈ।

ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ
ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ
ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥

ਬਿਹਾਗੜਾ ਮ: ੪, ਪੰਨਾ ੫੩੮

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ
ਹਰਿ ਹਰਿ ਨਾਮੁ ਧਿਆਏ ਰਾਮ ॥

ਬਿਹਾਗੜਾ ਮ: ੪, ਪੰਨਾ ੫੩੮

ਦੇਖੀ ਪਾਰਸ ਕਲਾ ਗੁਰਮਤਿ ਨਾਮ ਦੀ ਅਤੇ ਅੰਮ੍ਰਿਤ ਬਾਣੀ ਦੀ ! ਕੀ ਕੁਛ ਕੌਤਕ ਵਰਤਿਆ ! ਇਸ ਪਾਰਸ ਰੂਪੀ ਅੰਮ੍ਰਿਤ ਬਾਣੀ ਨੂੰ ਬਾਣੀ ਗੁਮਰੁਠ ਅਗਿਆਨੀ ਕਹਿੰਦੇ ਹਨ, ਕੀ ਬਾਰ ਬਾਰ ਜਪਣਾ ਹੈ ਅਤੇ ਮੁੜ ਮੁੜ ਪੜ੍ਹਨਾ ਹੈ। ਇਸ ਕਲਾ ਕਉਤਕੀ ਅਕਸੀਰ ਤਾਸੀਰ ਵਾਲੇ ਅੰਮ੍ਰਿਤ ਨਾਮ ਨੂੰ ਏਹ ਅਣਜਾਣ ਆਖਦੇ ਹਨ ਕਿ ਕੀ ਬੱਕਰੀ ਵਾਂਗੂੰ ਮੂੰਹ ਮਾਰਨਾ ਹੈ, ਪਰ ਗੁਰੂ ਸਾਹਿਬ ਦਾ ਪਵਿੱਤ੍ਰ ਹੁਕਮ ਇਹ ਹੈ। ਗੁਰਵਾਕ :

ਉਚਰਹੁ ਰਾਮ ਨਾਮੁ ਲਖ ਬਾਰੀ ॥
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥

ਗਉੜੀ ਮ: ੫, ਪੰਨਾ ੧੯੪

ਤਥਾ :

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ
ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ
ਮੁਖੁ ਹਰਿ ਆਰਾਧੇ ਮੇਰਾ ਰਾਮ ॥......
ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ
ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ
ਕਟੀਐ ਕਾਲ ਕੀ ਫਾਸੀ ਰਾਮ ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ
ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥
ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ
ਹਰਿ ਗੁਣ ਸੁਣੀਅਹਿ ਅਵਿਨਾਸੀ ॥

ਸੂਹੀ ਮ: ੫, ਪੰਨਾ ੭੮੦

ਵਾਹ ਕਿਆ ਅਮੋਘ ਬਚਨ ਰੂਪੀ ਬਾਣ ਸ੍ਰੀ ਸਤਿਗੁਰ ਜੀ ਨੇ ਵਾਹੇ ਹਨ। ਲਖ ਲਖ ਵਾਰ, ਲਗਾਤਾਰ, ਇਕੋ ਸਾਹ, ਇਕ ਤਾਰ, ਨਾਮ ਜਪਣ ਦਾ, ਨਾਮ ਜਪੀ ਜਾਣ, ਦਿਨਸ ਰਾਤ, ਸਾਸਿ ਗਰਾਸਿ ਜਪੀ ਜਾਣ ਦਾ ਸ੍ਰੀ ਸਤਿਗੁਰੂ ਸਾਹਿਬ ਦਾ ਬੜਾ ਕਰੜਾ ਅਤੇ ਤਾਕੀਦੀ ਹੁਕਮ ਹੈ। ਅਜੇਹੇ ਹੁਕਮਾਂ ਰੂਪੀ ਗੁਰਵਾਕਾਂ ਨਾਲ ਸ੍ਰੀ ਸਤਿਗੁਰੂ ਸਾਹਿਬ ਦੀ ਸਮਗਰ ਬਾਣੀ ਭਰੀ ਪਈ ਹੈ। ਉਦਾਹਰਨ ਵਜੋਂ ਕੁਛ ਗੁਰਵਾਕ ਹੇਠਾਂ ਦਿਤੇ ਜਾਂਦੇ ਹਨ :

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥

ਸਿਰੀ ਰਾਗੁ ਮ: ੧, ਪੰਨਾ ੨੦

## ੪

# ਨਾਮ ਅਭਿਆਸ ਦੀ ਵਿਆਖਿਆ

ਸਾਸਿ ਸਾਸਿ ਹਰ ਨਾਮ ਨੂੰ ਮੈਂ ਸਿਮਰਾਂ। ਮਨ ਤੇ ਮੁਖ ਰਸਨਾ ਅਤੇ ਹਿਰਦੇ ਅੰਦਰਿ ਉਤਾਰਾਂ ਅਤੇ ਉਤਾਰੀ ਰਖਾਂ ਦਿਨ ਰਾਤ, ਕਦੇ ਨ ਵਿਸਾਰਾਂ। ਪਈ ਕਹੀ ਜਾਏ ਲੋਕੀ ਐਵੇਂ ਬੱਕਰੀ ਵਾਂਗੂੰ ਮੂੰਹ ਮਾਰਦਾ ਹੈ, ਐਸਾ ਕਹਿਣ ਵਾਲਿਆਂ ਨੂੰ ਬਾਰ ਬਾਰ ਨਾਮ ਜਪਣ ਦੇ ਰਸ ਦੀ ਕੀ ਸਾਰ ? ਜਿਨ੍ਹਾਂ ਨੂੰ ਸੁਆਦ ਆਇਆ ਓਹੀ ਜਾਨਣ। ਭਾਈ ਚਾਹੇ ਸੁਆਦ ਆਵੇ, ਨਾ ਆਵੇ ਸਿਲ ਅਲੂਣੀ ਚੱਟਣੀ ਹੈ ਅਤੇ ਚੱਟੀ ਜਾਣੀ ਹੈ। ਗੁਰੂ ਦੇ ਹੁਕਮ ਮੰਨਣੇ ਹਨ ਅਤੇ ਜ਼ਰੂਰ ਮੰਨਣੇ ਹਨ। ਕੌੜੇ ਕਸੈਲੇ ਕਰਕੇ ਭੀ ਮੰਨਣੇ ਹਨ। ਜਿਨ੍ਹਾਂ ਮੰਨੇ ਹਨ, ਉਹਨਾਂ ਨੂੰ ਜ਼ਰੂਰ ਨਾਮ ਜਪਦੇ ਜਪਦੇ ਨਾਮੁ ਮਿੱਠਾ, ਅਤ ਰਸ ਮਿੱਠਾ, ਲਖ ਲਖ ਮੇਵਿਆਂ ਤੋਂ ਭੀ ਮਿੱਠਾ ਹੋ ਕੇ ਲੱਗਾ ਹੈ। ਸਿਲ ਅਲੂਣੀਆਂ ਦੀ ਚਾਟ ਅੰਮ੍ਰਿਤ ਰਸ ਗਟਾਕ ਵਿਚ ਪਲਟ ਗਈ ਹੈ। ਫੇਰ ਤਾਂ ਜਿਉਂ ਜਿਉਂ ਨਾਮ ਜਪੀਦਾ ਹੈ, ਤਿਉਂ ਤਿਉਂ ਸਾਹਿਬ ਮਨ ਵਿਚ ਵਸਦਾ ਹੈ ਅਤੇ "ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ"* ਵਾਲੀ ਰਸ ਰਸਾਇਣੀ ਅੰਮ੍ਰਿਤ ਰਸ ਗਟਕਾਇਣੀ ਬਿਉਂਤ ਬਣਿ ਆਈ ਹੈ। ਹੁਣ ਤਾਂ ਇਕ ਤਿਲ ਭਰ ਭੀ ਪਿਆਰੇ ਅਤੇ ਰਸ ਮਿੱਠੇ ਨਾਮ ਨੂੰ ਨਹੀਂ ਵਿਸਾਰ ਹੁੰਦਾ। ਵਿਸਾਰੀਏ ਤਾਂ ਮਰਨ ਹੋ ਜਾਂਦਾ ਹੈ। ਅਗਾਧ ਅੰਮ੍ਰਿਤਿ ਰਸ ਦੇ ਸੁਆਦ ਦੀ ਚਾਟ ਹੀ ਐਸੀ ਹੈ ਕਿ ਇਹ ਹੁਣ ਨਾਮ ਨੂੰ ਛਡਣ ਨਹੀਂ ਦਿੰਦੀ। ਇਹ ਦਸ਼ਾ ਨਾਮ ਅਭਿਆਸੀਆਂ, ਨਾਮ ਰਸੀਆਂ ਦੀ, ਨਾਮ ਅਮਲੀਆਂ ਦੀ, ਨਾਮ ਰਸੀਆਂ ਦੀ ਕੋਈ ਖੁਸ਼ਕ ਫਿਲਾਸਫਰ ਕੀ ਜਾਣੇ ? ਆਹ ਇਸ ਪ੍ਰਥਾਇ ਕਿਆ ਸੋਹਣਾ ਫਬਦਾ ਗੁਰਵਾਕ ਯਾਦ ਆਇਆ ਹੈ। ਯਥਾ ਗੁਰਵਾਕ :

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥
ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥

---

* ਸਿਰੀ ਰਾਗ ਮ: ੧, ਪੰਨਾ ੨੦

 www.sikhbookclub.com

ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥
ਜਿਨਿ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥
ਸਿਰੀ ਰਾਗੁ ਮ: ੧, ਪੰਨਾ ੨੧

ਸੱਚ ਮੁੱਚ ਉਹ ਜਨ ਵਿਰਲੇ ਹਨ, ਜਿਨ੍ਹਾਂ ਨੂੰ ਖਿਨ ਪਲ ਨਾਮ ਨਹੀਂ ਵਿਸਰਦਾ, ਪਰ ਖਾਲਸਾ ਪੰਥ ਵਿਰਲਿਆਂ ਦਾ ਸਮੂਹ ਪੰਥ ਹੈ। ਸਾਰੀ ਸ੍ਰਿਸ਼ਟੀ ਦੀ ਮਨੁੱਖ ਰਚਨਾ ਵਿਚੋਂ ਚੁਣ ਕਢੇ ਲਧੋਵਾਰਿਆਂ ਦਾ ਇਹ ਪੰਥ ਹੈ। ਜੇ ਇਸ ਵਿਚ ਖਿਨ ਪਲ ਨਾਮ ਨਾ ਵਿਸਰਨ ਵਾਲੇ ਗੁਰਮੁਖ ਪਿਆਰੇ ਨਹੀਂ ਮਿਲਣਗੇ, ਤਾਂ ਹੋਰ ਕਿਥੋਂ ਮਿਲਣੇ ਹਨ। ਨਾਮ ਜਪਣ ਦਾ ਅੱਤ ਮੁਹਕਮ ਹਦਾਇਤੀ ਹੁਕਮ ਕੇਵਲ ਗੁਰੂ ਘਰ ਵਿਚ ਹੀ ਗੁਰਸਿੱਖਾਂ ਨੂੰ ਮਿਲਦਾ ਹੈ। ਯਥਾ ਗੁਰਵਾਕ :

ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥....
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਿਗੁਰਿ ਦੀਆ ਨਾਮੁ ॥
ਸਿਰੀ ਰਾਗ ੧, ਪੰਨਾ ੨੧

ਦਿਨਸ ਰਾਤ ਨਾਮ ਜਪਣ ਅਤੇ ਜਪੀ ਜਾਣ ਵਾਲੀ ਕਾਰ ਕਮਾਈ ਬੜੀ ਕਰੜੀ ਹੈ। ਪਰ ਗੁਰੂ ਸਾਹਿਬ ਤਾਂ ਬਾਰੰਬਾਰ ਏਸੇ ਉਤੇ ਹੀ ਜ਼ੋਰ ਦੇਈ ਜਾਂਦੇ ਹਨ ਅਤੇ ਗੁਰਸਿਖਾਂ ਸਤਿ ਸਤਿ ਕਰ ਮੰਨ ਕੇ ਕਰਨੀ ਹੈ। ਦੇਖੋ ਗੁਰੂ ਸਾਹਿਬ ਕਿਆ ਪਿਆਰ ਨਾਲ ਗੁਰਸਿਖ ਨੂੰ ਭਾਈ ਕਹਿ ਕੇ ਕੀ ਸੁਣਾਉਂਦੇ ਹਨ :

ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਿ ਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥
ਸਿਰੀ ਰਾਗੁ ਮ: ੧, ਪੰਨਾ ੨੨

ਰਾਤ ਦਿਨ ਨਾਮ ਜਪੀ ਜਾਣਾ ਇਹ ਸੱਚੀ ਭਗਤੀ ਹੈ। ਇਸ ਭਗਤੀ ਦਾ ਕੀ ਫਲ ਹੁੰਦਾ ਹੈ :

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਸਿਰੀ ਰਾਗੁ ਮ: ੩, ਪੰਨਾ ੨੭

ਡਿੱਠਾ ਜੁ! ਦਿਨ ਰਾਤ ਭਗਤੀ ਕਰਨ ਅਰਥਾਤ ਨਾਮ ਜਪਣ ਦਾ ਪਹਿਲਾ ਸਿੱਟਾ ਇਹ ਨਿਕਲਿਆਂ ਕਿ ਮਨ ਤਨ ਨਿਰਮਲ ਹੋ ਜਾਂਦਾ ਹੈ। ਜਦ ਮਨ ਤਨ ਨਿਰਮਲ ਹੋ ਗਿਆ, ਫੇਰ ਇਹ ਦਸ਼ਾ ਬਣ ਆਉਂਦੀ ਹੈ ਕਿ ਨਾਮ ਵਿਚ ਉਸ ਦੀ ਸਮਾਈ ਹੋ ਜਾਂਦੀ ਹੈ। ਨਾਮ ਦੇ ਅਨੰਦ ਰਸ ਵਿਚ ਸਮਾਈ ਹੋਣ ਪਰ ਭੀ ਉਹ ਨਾਮ ਜਪੀ ਜਾਏਗਾ। ਜਿਉਂ ਜਿਉਂ ਉਹ ਜਪੇਗਾ, ਤਿਉਂ ਤਿਉਂ ਹੋਰ ਤੋਂ ਹੋਰ ਵਧੇਰਾ ਰਸ ਆਨੰਦ ਆਏਗਾ। ਇਸ ਆਨੰਦ ਮਹਾਂ ਅੰਮ੍ਰਿਤ

ਰਸ ਦਾ ਥਾਹੁ ਕੁਝ ਨਹੀਂ :

ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥
ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥

ਸਿਰੀ ਰਾਗੁ ਮ: ੩, ਪੰਨਾ ੨੯

ਏਹ ਉਪਰਲਾ ਗੁਰਵਾਕ ਨਿਰਣੇ ਕਰਾਉਂਦਾ ਹੈ ਕਿ ਅਨਦਿਨ ਨਾਮ ਜਪਣ ਦੇ ਪਾਰਸ ਪ੍ਰਭਾਵ ਨਾਲ ਜਦੋਂ ਨਾਮ ਦੇ ਰਸਕ ਅਨੰਦੀ ਅਖੰਡਾਕਾਰ ਅਭਿਆਸ ਵਿਚ ਸਮਾਈ ਹੋ ਜਾਂਦੀ ਹੈ, ਤਾਂ ਰਿਦੰਤਰਿ ਨਾਮ ਦੇ ਸਚੇ ਰੰਗ ਵਿਚ ਗੁੰਨ੍ਹਿਆ ਰਹਿੰਦਾ ਹੈ ਅਤੇ ਰਸਨਾ ਕਰਕੇ ਸਗੋਂ ਹੋਰ ਜ਼ੋਰੋ ਜ਼ੋਰ ਨਾਮ ਜਪਦਾ ਹੈ ਅਤੇ ਰਸ ਮਗਨ ਹੋ ਕੇ ਕੀਰਤਨ ਕਰਦਾ ਹੈ। ਸੰਸਾਰੀ ਜੀਵ ਅਜੇਹੇ ਭਗਤ ਜਨ ਨੂੰ ਬਾਵਰਾ ਅਤੇ ਉਸ ਦੇ ਇਸ ਭਗਤੀ ਭਾਵ ਨੂੰ ਬਾਵਰਾਪਨ ਦਸਦੇ ਹਨ। ਪਰ ਸਦਾ ਸੁਖ ਮਾਨਣ ਵਾਲੇ ਗੁਰਮੁਖ ਏਹਨਾਂ ਸੰਸਾਰੀਆਂ ਦੀ ਪ੍ਰਵਾਹ ਨਹੀਂ ਕਰਦੇ, ਸਗੋਂ ਓਹਨਾਂ ਤੇ ਤਰਸ ਕਰਦੇ ਹਨ, ਕਿਉਂਕਿ ਏਹ ਨਾਮ ਬਿਹੂਣ ਦੂਜੇ ਭਾਇ ਵਿਚ ਰਚ ਪਚ ਕੇ ਦੁਖੀ ਹੋ ਰਹੇ ਹਨ। ਤਾਹੀਂ ਗੁਰੂ ਸਾਹਿਬ ਫੁਰਮਾਉਂਦੇ ਹਨ :

ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥

ਸਿਰੀ ਰਾਗੁ ਮ: ੧, ਪੰਨਾ ੨੯

ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥
ਅਉਰੀ ਕਰਮ ਨ ਲੇਖੈ ਲਾਇ ॥

ਸਲੋਕ ਮ: ੧, ਰਾਮਕਲੀ ਕੀ ਵਾਰ ਮ: ੩, ਪੰਨਾ ੬੫੪

ਬਸ ਸਤਿਗੁਰ ਦੀ ਸਰਨੀ ਹੀ ਸੁਖ ਹੈ, ਕਿਉਂਕਿ ਸਤਿਗੁਰ ਸਰਨੀ ਆਇਆਂ ਹੀ "ਅਨਦਿਨੁ ਨਾਮੁ ਧਿਆਇ" ਵਾਲੀ ਅਨਿੰਨ ਭਗਤੀ ਬਣਿ ਆਉਂਦੀ ਹੈ। ਐਸੇ ਅਨਿੰਨ ਭਗਤ ਗੁਰਮੁਖ ਜਨ ਦਿਨ ਰਾਤ ਨਾਮ ਦੀ ਘਾਲ ਕਮਾਈ ਰੂਪੀ ਕਰਮ ਕਰ ਕਰ ਵਿਗਸਦੇ ਹਨ ਅਤੇ ਵਿਗਸ ਵਿਗਸ ਹੋਰੁ ਅਭਿਆਸ ਕਮਾਈਆਂ ਕਰਦੇ ਹਨ। ਯਥਾ ਗੁਰਵਾਕ :

ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥

ਸਿਰੀ ਰਾਗੁ ਮ: ੧, ਪੰਨਾ ੨੯

ਐਸੇ ਅਭਿਆਸ ਕਮਾਈਆਂ ਵਾਲੇ ਗੁਰਮੁਖ ਭਗਤ ਜਨ ਨਾਮ ਅਭਿਆਸ ਕਮਾਈਆਂ ਦੀ ਬਰਕਤ ਨਾਲਿ ਹਉਮੈ ਮਾਰ ਕੇ ਨਿਸਚਿੰਤ (ਹਉਮੈ ਮਾਰਿ ਨਚਿੰਦੁ) ਹੋ ਜਾਂਦੇ ਹਨ। ਏਹ ਨਿਸਚਿੰਤਤਾ ਉਹ ਆਪਣੇ ਰਿਦੰਤਰਿ ਨਾਮ ਦਾ ਵਿਗਾਸਿ ਵੇਖ ਕੇ ਸਾਂਗੋ ਪਾਂਗੀ ਲਖਦੇ ਹਨ। ਤਾਂ ਹੀ ਤੇ ਉਹ ਘਟ ਹੀ ਅੰਤਰਿ ਅਭਿਆਸ ਦਾ ਖੰਡਾ ਖੜਕਾ ਕੇ ਨਾਮ ਨਾਲ ਸਚਾ ਪਰਚਾ ਪਾਉਂਦੇ ਹਨ ਅਤੇ ਨਾਮ ਦਾ ਸਚਾ ਸੌਦਾ ਘਟ ਅੰਤਰਿ ਹੀ ਵਿਹਾਜਦੇ ਹਨ। ਇਸ ਨਾਮ ਸਉਦੇ ਦੇ ਸਹਜ ਆਨੰਦੀ ਵਾਪਾਰ ਦੇ ਵੱਟੇ ਉਹ ਹੋਰ ਭੀ ਹਰ ਪ੍ਰਕਾਰ ਦੀ ਆਤਮ ਆਨੰਦੀ ਵਥ ਵਿਹਾਜਦੇ ਹਨ। ਏਹ ਖਿਨ ਖਿਨ ਨਾਮ ਜਪਣ ਦਾ ਸਹਜ ਕਉਤਕੀ ਖੇਡ ਹੈ ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :

ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥
ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥
ਸਿਰੀ ਰਾਗੁ ਮ: ੧, ਪੰਨਾ ੨੯

ਜਿਨ੍ਹਾਂ ਗੁਰਮੁਖਾਂ ਨੇ ਇਸ ਬਿਧਿ ਖਿਨ ਖਿਨ ਨਾਮ ਸਮਾਲਿਆ (ਘਟ ਅੰਤਰਿ ਅਜਪਾ ਜਾਪ ਜਪਿਆ ਹੈ) ਉਹ ਸਦਾ ਨਾਮੀ ਪ੍ਰੀਤਮ ਪਿਆਰੇ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿੰਦੇ ਹਨ ਅਤੇ ਇਕ ਤਿਲ ਭੀ ਪਿਆਰੇ ਨੂੰ ਨਹੀਂ ਵਿਸਾਰਦੇ। ਜੇ ਵਿਸਾਰਨ ਤਾਂ ਉਹਨਾਂ ਦੇ ਪ੍ਰੇਮ ਅਸਨੇਹ ਵਿਚ ਡੋਬ ਪੈਣ ਲਗ ਜਾਂਦੇ ਹਨ। ਤਾਂ ਤੇ ਉਹ ਵੇਲਾ ਵਖਤ ਨਹੀਂ ਵਿਚਾਰਦੇ। ਸੁਆਸ ਸੁਆਸ ਅਭਿਆਸ ਨੂੰ ਦੱਬੀ ਜਾਂਦੇ ਹਨ ਅਤੇ ਕੋਈ ਸਾਸ ਵੀ ਬਿਰਥਾ ਨਹੀਂ ਜਾਣ ਦਿੰਦੇ। ਕਿਆ ਖੂਬ ਇਸ ਪ੍ਰਥਾਇ ਇਹ ਗੁਰਵਾਕ ਯਾਦ ਆਇਆ ਹੈ :

ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥
ਸਿਰੀ ਰਾਗੁ ਮ: ੩, ਪੰਨਾ ੩੫

ਇਸ ਬਿਧਿ ਨਿਸ ਬਾਸਰ ਸੁਆਸ ਸੁਆਸ ਨਾਮ ਜਪਣ ਕਰ ਅਭਿਆਸੀ ਜਨ ਨਾਮ ਦੇ ਰੰਗ ਵਿਚ ਰਤਿਆ ਜਾਂਦਾ ਹੈ ਅਤੇ ਅਨਦਿਨ ਰਾਮ ਰਤਿਆਂ ਨੂੰ ਜੋਤੀ ਜੋਤਿ ਸਮਾਉਣ ਵਾਲੀ ਬਵਸਥਾ ਦੇ ਰੰਗ ਆ ਬਣਦੇ ਹਨ। ਜੈਸਾ ਕਿ ਗੁਰਵਾਕ ਹੈ :

ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥
ਸਿਰੀ ਰਾਗੁ ਮ: ੩, ਪੰਨਾ ੩੫

ਉਪਰਲੇ ਵਾਕ ਦੇ ਭਾਵ ਵਾਲਾ ਹੀ ਅਗਲੇਰਾ ਵਾਕ ਹੈ :

ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥
ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥
ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥

ਸਿਰੀ ਰਾਗੁ ਮ: ੧, ਪੰਨਾ ੫੯

ਇਸ ਗੁਰਵਾਕ ਅੰਦਰਿ ਸਤਿਗੁਰ ਸਚੇ ਪਾਤਸ਼ਾਹ ਨਾਮ ਨ ਜਪਣ ਵਾਲੀ ਰਸਨਾ ਨੂੰ ਦੇਖੋ ਕੈਸਾ ਧਿਰਕਾਰਦੇ ਹਨ। ਉਹ ਜਿਹਬਾ, ਜੀਭ ਜਲਾਉਣ ਜੋਗ ਹੈ ਜੋ ਨਾਮ ਨਹੀਂ ਜਪਦੀ ਅਤੇ ਨਾਮ ਦੇ ਰਸ ਵਿਚ ਨਹੀਂ ਆਉਂਦੀ। ਐਸੀ ਜਲਾਉਣ ਜੋਗੀ ਜਿਹਬਾ ਜਲ ਹੀ ਜਾਏ ਤਾਂ ਚੰਗਾ ਹੈ ਜੇਹੜੀ ਨਾਮ ਤੋਂ ਗੁਮਰੁਠ ਹੈ ਅਤੇ ਨਾਮ ਰਸ ਤੋਂ ਸੁੰਞੀ ਹੈ।

ਸਤਿਗੁਰੂ ਦੇ ਨਾਮ ਦ੍ਰਿੜਾਉਣੇ ਨਾਮ ਸ੍ਰਧਾਉਣੇ ਉਪਦੇਸ ਦੀਆਂ ਏਤਨੇ ਕਰੜੇ ਪਦਾਂ ਵਿਚ ਦਿਤੀਆਂ ਹੁਕਮ ਹਦਾਇਤਾਂ ਸੁਣ ਕੇ ਭੀ ਜੇ ਗੁਰਸਿਖਾਂ ਦੇ ਕੰਨਾਂ ਉਪਰ ਜੂੰ ਨਾ ਸਰਕੇ ਅਤੇ ਉਹਨਾਂ ਨੂੰ ਨਾਮ ਜਪਣ ਦੀ ਭੈ ਭਾਵਨੀ ਨਾ ਉਪਜੇ ਤਾਂ ਕੀ ਉਹ ਗੁਰੂ ਕੇ ਸਿਖ ਸਦਾਉਣ ਦੇ ਅਧਿਕਾਰੀ ਹਨ ? ਨਾਮ ਦੀ ਭੈ ਭਾਵਨੀ ਤਾਂ ਉਹਨਾਂ ਨੂੰ ਕੀ ਉਪਜਣੀ ਸੀ ਸਗੋਂ ਉਹ ਨਿਰਭੈ ਅਤੇ ਨਿਰਲੱਜ ਹੋ ਕੇ ਸਤਿਗੁਰੂ ਦੇ ਕੀਤੇ ਉਪਦੇਸ਼ਾਂ ਅਤੇ ਉਸ ਸਚੇ ਪਾਤਸ਼ਾਹ ਦੇ ਦ੍ਰਿੜਾਏ ਹੁਕਮ-ਹਦਾਇਤੀ ਅਸੂਲਾਂ ਉਪਰ ਭੀ ਪਾਣੀ ਫੇਰਦੇ ਹਨ। ਅਸੂਲ ਭੀ ਉਹ ਜੋ ਸਮੂਹ ਗੁਰਮਤਿ ਅਸੂਲਾਂ ਦਾ ਸਰਬ ਸ਼ਰੋਮਣੀ ਅਸੂਲ ਹੈ, ਜੋ ਗੁਰੂ ਘਰ ਦਾ ਮੁਖ ਅਤੇ ਲਾਜ਼ਮੀ ਅਸੂਲ ਹੈ; ਜਿਸ ਅਸੂਲ ਦੇ ਧਾਰਨ ਕੀਤੇ ਬਿਨਾਂ ਸਿਖ ਦਾ ਜੀਵਨ ਆਤਮ ਜੀਵਨ ਨਹੀਂ ਬਣ ਸਕਦਾ; ਸਿਖ ਨੂੰ ਆਤਮ ਜ਼ਿੰਦਗੀ ਦਾ ਰੁਮਕਾ ਵੀ ਨਹੀਂ ਵੱਜ ਸਕਦਾ; ਜਿਸ ਮੁਖ ਅਸੂਲ ਉਤੇ ਅਮਲ ਕੀਤੇ ਬਿਨਾਂ ਸਿਖਾਂ ਦੀ ਆਮ ਸੰਸਾਰੀਆਂ ਨਾਲੋਂ, ਅਤੇ ਮਨੁੱਖੀ ਜੀਵਨ ਦੀ ਮਨੁੱਖਾ ਜਨਮ ਜੋਨੀ ਦੀ ਆਮ ਜੋਨੀਆਂ ਨਾਲੋਂ ਵਿਲੱਖਣਤਾ ਹੀ ਕੀ ? ਅਸਲ ਗੱਲ ਏਹ ਹੈ ਕਿ ਉਨ੍ਹਾਂ ਨੂੰ ਇਸ ਗੁਰੂ ਦ੍ਰਿੜਾਏ ਅਸੂਲ ਉਤੇ ਨਿਸਚਾ ਹੀ ਨਹੀਂ ਆਉਂਦਾ ਹੈ। ਉਹ ਸਮਝਦੇ ਹਨ ਕਿ ਗੁਰੂ ਸਾਹਿਬ ਨੇ ਐਵੇਂ ਸਰਸਰੀ ਤੌਰ ਤੇ ਚਿਤ ਪਰਚਾਵੇ ਮਾਤਰ ਹੀ ਏਹ ਉਪਦੇਸ ਕੀਤਾ ਹੈ, ਪਰ ਉਹਨਾਂ ਦੀ ਏਹ ਗਲਤ ਫਹਿਮੀ ਹੈ ਜੇ ਉਹ ਅਜੇਹਾ ਸਮਝਣ। ਕੈਸੀ ਤੰਬੀਹ ਸਤਿਗੁਰੂ ਜੀ ਨੇ ਕੀਤੀ ਹੈ :

ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥

ਫਿਰ ਇਸ ਤੋਂ ਅਗਲੀ ਤੁਕ ਵਿਚ ਹੋਰ ਤੰਬੀਹ ਸਤਿਗੁਰੂ ਵਲੋਂ

ਆਉਂਦੀ ਹੈ :

ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛਤਾਇ ॥

ਭਾਵ ਜਦੋਂ ਏਹ ਮਨੁਖਾ ਦੇਹ ਰੂਪੀ ਘਟ ਜਾਮਾ ਬਿਨਸ ਗਿਆ, ਫੇਰ ਇਸ ਜੀਵ ਨੂੰ ਜਮ ਗ੍ਰਸ ਲਵੇਗਾ ਅਤੇ ਜਮ ਗ੍ਰਸਤ ਹੋਣ ਪਿਛੋਂ ਫੇਰ ਏਹ ਪਛਤਾਏਗਾ, ਕਿਉਂਕਿ ਗੁਰੂ ਸਾਹਿਬ ਦੇ ਅਨੇਕਾਂ ਵਾਕ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਨਾਮ ਜਪੇ ਬਿਨਾਂ ਜਮ ਨਹੀਂ ਛਡਦਾ ਅਤੇ ਨਾ ਹੀ ਜਮ ਕਾਲ ਦਾ ਤ੍ਰਾਸ ਮਿਟ ਸਕਦਾ ਹੈ, ਪਰ ਏਸ ਪ੍ਰਕਾਰ ਦੇ ਗੁਰਵਾਕਾਂ ਨੂੰ ਅੱਜ ਕਲ ਦੇ ਬਹੁਤ ਗਿਆਨੀ ਰੋਚਕ ਭਿਆਨਕ ਉਪਦੇਸ਼ ਮਈ ਵਾਕ ਸਮਝਦੇ ਹਨ ਕਿ ਏਹ ਮਹਿਜ਼ ਡ੍ਰੰਮ ਡਰਾਵੇ ਲਈ ਹੀ ਹਨ, ਵਾਸਤਵ ਵਿਚ ਯਥਾਰਥ ਨਹੀਂ। ਐਸਾ ਡ੍ਰੰਮ ਡਰਾਵੇ ਵਾਲੇ ਉਪਦੇਸ਼ ਦਾ ਕੰਮ ਤਾਂ ਡਿੰਭੀ ਗੁਰੂਆਂ ਦਾ ਹੁੰਦਾ ਹੈ, ਜਿਨ੍ਹਾਂ ਨੇ ਕਿ ਲੋਕਾਂ ਨੂੰ ਡਰਾ ਬੁਝਾ ਕੇ ਆਪਣਾ ਕੋਈ ਸੁਆਰਥ ਸਿਧ ਕਰਨਾ ਹੋਵੇ। ਭਲਾ ਲੋਕਾਂ ਨੂੰ ਨਾਮ ਦ੍ਰਿੜਾਵਨ ਮਈ ਉਪਦੇਸ ਵਿਚ ਸਤਿਗੁਰੂ ਦਾ ਨਿਜ ਦਾ ਸੁਆਰਥ ਕੀ ਹੈ ? ਨਿਰਾ ਪਰਉਪਕਾਰ ਹੈ। ਜੀਅ ਦਾਨ ਦੇ ਭਗਤੀ ਲਾਉਣ ਵਾਲਾ ਸੱਚਾ ਪਰਉਪਕਾਰਿ ਹੈ। ਆਤਮ ਜੀਵਨ ਲਈ ਕਣੀ ਸੰਜੀਵਨੀ ਨਾਮ ਸੰਚਾਰਨੀ ਭਾਉ ਭਗਤੀ ਵਿਚ ਲਾ ਕੇ ਹਰਿ ਸਿਉ ਮਿਲਾਇ ਲੈਣ ਵਾਲਾ ਪਰਉਪਕਾਰ ਹੈ, ਜੋ ਕਲਜੁਗੀ ਜੀਵਾਂ ਉਤੇ ਮਹਿਜ਼ ਤਰਸ ਖਾ ਕੇ ਸਤਿਗੁਰੂ ਜੀ ਨੇ ਕੀਤਾ। ਵਾਜ਼ਿਆ ਰਹੇ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚੇ ਗੁਰਦੇਵ ਜੀ ਦੇ ਜਿਤਨੇ ਭੀ ਉਪਦੇਸ਼ ਹਨ, ਸੋ ਸਭ ਸਤਿ ਅਤੇ ਯਥਾਰਥ ਹਨ। ਕੋਈ ਭੀ ਰੋਚਕ ਅਤੇ ਭਿਆਨਕ ਉਪਦੇਸ਼ ਗੁਰਬਾਣੀ ਅੰਦਰ ਨਹੀਂ। 'ਸਤਿਗੁਰ ਕੀ ਬਾਣੀ' ਸਭ 'ਸਤਿ ਸਤਿ ਹੈ'। ਹਰਿ ਕਰਤਾ ਆਪਿ ਮੂੰਹੋਂ ਕਢਾਉਂਦਾ ਹੈ, ਤਾਂ ਹੀ ਸਤਿਗੁਰੂ ਸਤਿ ਅਰਥਾਤ ਸੱਚਾ ਗੁਰੂ ਹੈ। ਬਾਣੀ ਦੀ ਸੱਤਤਾ ਕਰਕੇ ਹੀ ਗੁਰੂ ਸਾਹਿਬ ਨੂੰ ਆਨ ਦੇਹਧਾਰੀ ਡਿੰਭੀ ਗੁਰੂਆਂ ਦੀ ਡਿੰਭਤਾ ਨੂੰ ਡੁਬਕਾਉਣ ਹਿਤ ਹੀ ਸਤਿਗੁਰ ਪਦਵੀ ਪਰਾਪਤ ਹੈ।

ਆਓ ! ਸਤਿਗੁਰੂ ਦੀ ਸੱਤਤਾ ਦੀ ਕਦਰ ਕਰਨ ਵਾਲਿਓ ਸਿਖੋ ! ਸਤਿਗੁਰੂ ਦੇ ਉਪਦੇਸ਼ ਨੂੰ ਸਤਿ ਸਤਿ ਕਰ ਕੇ ਮੰਨੋ। ਰੋਚਕ ਭਿਆਨਕ ਮਤ ਜਾਣੋ ! ਲੋਕਾਂ ਨੂੰ ਭੁਚਲਾਉਣ ਵਾਲੇ ਵਹੇ ਜਾਂਦੇ ਜ਼ਮਾਨੇ ਦੇ ਵਹਿਣ ਨਾਲ ਬਹਿ ਨਿਕਲੇ ਨਵੀਨ ਉਪਦੇਸ ਖਿਲਾਰੀਆਂ ਦੇ ਮਗਰ ਮਤ ਲਗੋ। ਦੁਨੀ ਵੰਜਾਈ ਵਜਦੀ ਹੈ, ਕੀ ਤੁਸੀਂ ਭੀ ਨਾਲੇ ਵਜਣਾ ਹੈ ?

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥

ਸਲੋਕ ਸੇਖ ਫਰੀਦ ਕੇ ਮ: ੫, ਪੰਨਾ ੧੩੮੩

ਤੁਸਾਡੀ ਸਾਰ ਅਲਹੁ ਗੁਰੂ ਗੁਸਾਈਂ ਨੇ ਲਈ ਹੈ, ਤੁਸੀਂ ਕਿਉਂ ਦੁਨੀਆਂ ਦੇ ਨਾਲ ਵਜਣ ਲਗੇ ਹੋ ? ਤੁਹਾਨੂੰ ਸਤਿਗੁਰੂ ਨੇ ਆਪਣੇ ਲੜ ਲਾਇਆ ਹੈ, ਉਸੇ ਦੇ ਲੜ ਲਗੇ ਰਹੋ । ਹੋਰ ਕਿਸੇ ਦਾ ਅੰਚਲ ਮਤ ਗਹੋ । ਹੋਰ ਕਿਸੇ ਦੀ ਮਤਿ ਮਤ ਲਓ :

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥

ਬਿਹਾਗੜੇ ਕੀ ਵਾਰ ਮ: ੪, ਪੰਨਾ ੫੪੮

ਬਸ ਗੁਰੂ ਸਤਿਗੁਰੂ ਦੀ ਦੱਸੀ ਕਾਰ ਕਮਾਓ, ਸਤਿਗੁਰੂ ਦੇ ਭਾਣੇ (ਹੁਕਮ) ਵਿਚ ਚਲੋ । ਤੁਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਤਿਗੁਰੂ ਦੀ ਸੱਚੀ ਕਾਰ ਕੀ ਹੈ ? ਅਰਥਾਤ ਸਤਿਗੁਰੂ ਦੀ ਸਤਿ ਉਪਦੇਸ਼ੀ ਅਸਾਡੇ ਕਰਨ ਯੋਗ ਸੱਚੀ ਕਾਰ ਕੀ ਹੈ ? ਤੁਸਾਨੂੰ ਨਿਸਚੇ ਹੋਣਾ ਚਾਹੀਦਾ ਹੈ ਕਿ ਸਤਿਗੁਰੂ ਦਾ ਮੁਖ ਹੁਕਮ, ਹੁਕਮਾਂ ਸਿਰ ਸੱਚਾ ਹੁਕਮ ਅਰਥਾਤ ਸਤਿਗੁਰੂ ਦੇ ਭਾਣੇ ਚਲਣ ਵਾਲਾ ਸੱਚਾ ਭਾਣਾ ਕੀ ਹੈ ? ਜੇ ਨਹੀਂ ਪਤਾ, ਜੇ ਨਹੀਂ ਨਿਸਚੇ, ਜੇ ਤੁਸੀਂ ਭੁਲ ਗਏ ਹੋ, ਜੈਸੇ ਕਿ ਆਦਤਨ ਭੁਲਦੇ ਹੋ, ਕਿਸੇ ਦੇ ਭੁਲਾਏ ਹੋਏ ਉਸ ਭਾਣੇ ਨੂੰ, ਉਸ ਗੁਰ ਹੁਕਮੀ ਕਾਰ ਨੂੰ, ਤਾਂ ਲਓ ਅਸੀਂ ਤੁਸਾਨੂੰ ਫੇਰ ਸਤਿਗੁਰੂ ਦਾ ਵਾਕ ਦਰਸਾਉਂਦੇ ਹਾਂ, ਜੋ ਤੁਸਾਨੂੰ ਨਿਖਾਰ ਕੇ ਦਸੇਗਾ । ਯਥਾ ਗੁਰਵਾਕ :

ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ
ਤਾ ਅਨਦਿਨੁ ਰਾਚਹਿ ਹਰਿ ਨਾਇ ॥

ਸਿਰੀ ਰਾਗੁ ਮ: ੩, ਪੰਨਾ ੬੬

ਉਪਰਲੇ ਗੁਰਵਾਕ ਦਾ ਸਮੁੱਚਾ ਤਾਤਪਰਜ ਏਹ ਹੈ ਕਿ ਅਨਦਿਨ, ਦਿਨ ਰਾਤ ਨਾਮ ਜਪਣ ਦੀ ਅਭਿਆਸ ਕਮਾਈ ਵਿਚ ਲਗੇ ਰਹਿਣਾ ਏਹੀ ਗੁਰੂ ਦੀ ਸੱਚੀ ਕਾਰ ਕਮਾਉਣਾ ਹੈ ਅਤੇ ਏਹੀ ਗੁਰੂ ਦੇ ਭਾਣੇ ਅਨੁਸਾਰ ਯਾ ਗੁਰ ਭਾਣੇ ਅੰਦਰ ਚਲਣਾ ਹੈ । ਕੈਸੀ ਸਪਸ਼ਟ ਸਿਧੀ ਪੱਧਰੀ ਗੁਰੂ ਦੀ ਸਿੱਖਿਆ ਹੈ, ਇਸ ਵਿਚ ਕੋਈ ਵਿੰਗ ਵਲ ਹੈ ? ਜੇ ਨਹੀਂ ਤਾਂ ਕਿਉਂ ਐਵੇਂ ਵਿਹਲੀਆਂ ਲਿਚ ਗੜਿਚੀਆਂ ਖਾਂਦੇ ਹੋ ਅਤੇ ਕਿਉਂ ਪਏ ਅਉਝੜ ਜਾਂਦੇ ਹੋ । ਆਓ, ਮੁੜ ਘਿੜ ਆਪਨੜੇ ਘਰ ਆਓ ਅਤੇ ਇਸੇ ਨਿਜ ਘਰੀ ਗੁਰੂ ਉਪਦੇਸ਼ਾਂ ਸਿਰ ਤਤ ਉਪਦੇਸ਼ ਦੀ ਮਜ਼ਬੂਤ ਕਰਕੇ ਆਪਣੇ ਹਿਰਦੇ ਅੰਦਰ ਗੰਢ ਬੰਨ੍ਹ ਲਵੋ । ਗੁਰਵਾਕ :

ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ
ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥
ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖੁ ਖੋਵਹੁ ॥

ਸਿਰੀ ਰਾਗੁ ਮ: ੪, ਪੰਨਾ ੭੭

ਇਸ ਉਪਰਲੇ ਗੁਰਵਾਕ ਅੰਦਰ "ਹਰਿ ਸੇਵਹੁ ਖਿਨੁ ਖਿਨੁ" ਦਾ ਭਾਵ ਅਰਥ ਖਿਨੁ ਖਿਨੁ ਨਾਮ ਜਪਣ ਦੇ ਹੁਕਮ ਤੋਂ ਹੈ। ਗੁਰਬਾਣੀ ਅੰਦਰ 'ਹਰਿ ਸੇਵਾ' ਤੋਂ ਮੁਰਾਦ ਹਰਿ ਭਗਤੀ ਯਾ ਨਾਮ ਜਪਣਾ ਹੁੰਦਾ ਹੈ। ਯਥਾ ਗੁਰਵਾਕ :

ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ (ਗੂ: ਮ: ੩, ਪੰ: ੫੧੨)

ਤਥਾ :

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥

ਥਿਤੀ ਗਉ: ਮ: ੫, ਪੰਨਾ ੩੦੦

ਭਾਵ ਪ੍ਰਭ ਕਾ ਨਾਮ ਜਪਨਾ ਹੀ ਹਰਿ ਕੀ ਟਹਿਲ ਕਮਾਵਣੀ ਹੈ।

ਪੁਨਾ : ਜਨ ਨਾਨਕ ਨਾਮੁ ਸਲਾਹਿ ਤੂ
ਸਚੁ ਸਚੇ ਸੇਵਾ ਤੇਰੀ ਹੋਤਿ ॥

ਗਉੜੀ ਕੀ ਵਾਰ ਮ: ੪, ਪੰਨਾ ੩੦੯-੧੦

ਪੁਨਾ :

ਹਰਿ ਸੇਵਾ ਮਹਿ ਪਰਮ ਨਿਧਾਨੁ ॥
ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥

ਆਸਾ ਮ: ੫, ਪੰਨਾ ੩੭੫

ਪੁਨਾ :

ਇਕਿ ਖੜੇ ਕਰਹਿ ਤੇਰੀ ਚਾਕਰੀ
ਵਿਣੁ ਨਾਵੈ ਹੋਰੁ ਨ ਭਾਇਆ ॥
ਹੋਰ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥

ਵਾਰ ਮਾਝ ਕੀ ਮ: ੨, ਪੰਨਾ ੧੩੯

ਸੋ 'ਹਰਿ ਸੇਵਹੁ' ਤੋਂ ਭਾਵ ਹੈ 'ਨਾਮ ਜਪਹੁ'। ਗੁਰੂ ਸਾਹਿਬ ਫੁਰਮਾਉਂਦੇ ਹਨ, "ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ" ਅਰਥਾਤ ਖਿਨੁ ਖਿਨੁ ਨਾਮੁ ਜਪਹੁ ਅਤੇ ਇਸ ਅਸਾਡੇ ਹੁਕਮ ਕਮਾਵਣ ਵਿਚ ਹਰਗਿਜ਼ ਹਰਗਿਜ਼ ਢਿੱਲ (ਬਿਲੰਭ) ਨਾ ਕਰਹੁ, ਅਤੇ ਫੇਰ ਸਤਿਗੁਰੂ ਜੀ ਸੱਚੀ ਸਾਖ ਭਰਦੇ ਹਨ ਕਿ ਇਸ ਹੁਕਮ ਦੇ ਕਮਾਵਣ ਕਰ ਅਰਥਾਤ ਨਿਮਖ ਨਿਮਖ ਨਾਮ ਜਪਣ ਦੀ ਕਮਾਈ ਕਰਨ ਕਰ ਤੁਸੀਂ ਜੁਗਾ ਜੁਗੰਤ੍ਰ ਤੀਕ ਅਮਰ ਪਦਵੀ ਦੀ ਅਸਥਿਰਤਾ ਪ੍ਰਾਪਤ ਕਰੋਗੇ। ਬਸ ਫੇਰ ਕੀ ਸੀ ਫੇਰ ਤਾਂ ਸਦਾ ਲਈ ਅਕਾਲ ਪੁਰਖ ਦੇ ਸੰਗ ਰੰਗ ਰਲੀਆਂ ਮਾਣਦੇ ਰਹੋ ਅਤੇ ਜਨਮ ਮਰਨ ਦੇ ਦੁਖਾਂ ਤੋਂ ਭੀ ਨਿਜਾਤ ਪਾਓ। ਕੈਸਾ ਸੱਚਾ ਭਰੋਸਾ ਸ੍ਰੀ ਸਤਿਗੁਰੂ ਜੀ ਸਿਖਾਂ ਪ੍ਰਤੀ ਦਿਵਾਂਦੇ ਹਨ। ਹੁਕਮ ਰਜਾਈ ਚਲਣ ਹਾਰੇ ਗੁਰਸਿਖਾਂ ਪ੍ਰਤੀ ਕੈਸੀ ਉੱਚ ਅਮਰ ਪਦਵੀ ਦੀਆਂ ਬਖਸ਼ਸ਼ਾਂ ਦੇ ਭੰਡਾਰ ਖੋਲ੍ਹਣ ਦੀਆਂ ਸੱਚੀਆਂ ਸ਼ਫਾਅਤਾਂ ਕਰਦੇ ਹਨ। ਏਸ

ਪ੍ਰਕਾਰ ਦੀ ਸ਼ਫਾਅਤ ਵਾਲੇ ਹੋਰ ਗੁਰਵਾਕ ਲਓ :

ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰ ਨਾਮੁ ਧਿਆਈਐ
ਜਨ ਨਾਨਕ ਗੁਰਮੁਖਿ ਹਰਿ ਲਹੀਐ ॥

ਵਡਹੰਸ ਕੀ ਵਾਰ ਮ: ੪, ਪੰਨਾ ੫੯੪

ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥
ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥

ਬਿਲਾਵਲੁ ਮ: ੫, ਪੰਨਾ ੮੧੨

ਕੈਸੀ ਤਾੜਨਾ ਤਾਕੀਦੀ ਵਾਲਾ ਗੁਰ ਬਚਨ ਹੈ :

"ਮਤ ਬਿਲਮ ਕਰੇਹ" ਸੁਆਸ ਸੁਆਸ ਸਿਮਰਹੁ, ਸਿਮਰੀ ਚਲੋ, ਇਕ ਪਲ ਭਰ ਦਾ ਭੀ ਬਿਲੰਭ ਮਤ ਕਰਹੁ। ਪਰ ਕੀ ਅਸੀਂ ਸਤਿਗੁਰੂ ਸਚੇ ਪਾਤਸ਼ਾਹ ਦੇ ਇਸ ਤਾਕੀਦੀ ਹੁਕਮ ਦਾ ਕੁਛ ਗੁਮੇਹ ਕਰਦੇ ਹਾਂ ? ਬਿਲਕੁਲ ਨਹੀਂ, ਜੇ ਕਰੀਏ ਤਾਂ ਨਾਮ ਜਪਣ ਨਾ ਲਗ ਜਾਈਏ, ਅਤੇ ਐਸਾ ਲਗੀਏ ਕਿ ਦਿਨ ਰਾਤ ਇਕ ਕਰ ਦੇਈਏ। ਦਿਨ ਰਾਤ ਇਕ ਕਰਕੇ ਦੇਖਹੁ ਤਾਂ ਸਹੀ, ਪਰ ਕਰਦਾ ਕੋਈ ਨਹੀਂ। ਜਿਨ੍ਹਾਂ ਦਿਨ ਰਾਤ ਇਕ ਕੀਤੇ ਹਨ, ਤਿਨ੍ਹਾਂ ਨੂੰ ਰੰਗ ਚਲੂਲੇ ਲਗੇ ਹਨ। ਬਰ ਜ਼ਰੂਰ ਲਗੇ ਹਨ ਅਤੇ ਓਹਨਾਂ ਨੇ ਫੇਰ ਸਦਾ ਹੀ ਜਗਰਾਤੇ ਕੀਤੇ ਹਨ—ਸਾਵਧਾਨ ਹੋ ਕੇ ਦਿਨ ਜਾਗੇ, ਰਾਤ ਜਾਗੇ ਕੀਤੇ ਹਨ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :

ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੫

ਜੋ ਕੋਈ ਐਸਾ ਗੁਰਮੁਖ ਜਨ ਹੈ ਉਸ ਦਾ ਤਾਂ ਕੋਈ ਦਮ ਸੁਆਸ ਬਿਰਥਾ ਨਹੀਂ ਜਾਂਦਾ। ਯਥਾ ਗੁਰਵਾਕ

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥

ਬਿਹਾਗੜੇ ਕੀ ਵਾਰ ਮ: ੪, ਪੰਨਾ ੫੫੬

ਐਸੇ ਇਕ ਗੁਰਮੁਖ ਜਨ ਨੂੰ ਗੁਰੂ ਕਾ ਹੁਕਮ ਰੂਪੀ ਇਹ ਅਗਲੇਰਾ ਬਚਨ ਪਹਿਲੀ ਵਾਰ ਕੰਨ ਵਿਚ ਪਿਆ। ਯਥਾ ਗੁਰਵਾਕ :

ਸਦਾ ਸਦਾ ਸਿਮਰਿ ਦਿਨੁ ਰਾਤਿ ॥
ਊਠਤ ਬੈਠਤ ਸਾਸਿ ਗਿਰਾਸਿ ॥

ਰਾਮਕਲੀ ਕਬੀਰ ਜੀਉ, ਪੰਨਾ ੯੭੧

ਇਸ ਬਚਨ ਦੇ ਕੰਨ ਵਿਚ ਪੈਣ ਸਾਰ ਹੀ ਉਹ ਗੁਰਮੁਖ ਜਨ ਇਸ ਗੁਰ ਹੁਕਮ ਦੀ ਕਮਾਈ ਕਰਨ ਲਈ ਤਤਪਰ ਹੋ ਗਿਆ ਅਤੇ ਐਸਾ ਤਤਪਰ ਹੋਇਆ ਕਿ ਹੁਣ ਤਾਈਂ ਬਰਸਾਂ ਬੱਧੀ ਕਰੀ ਜਾਂਦਾ ਹੈ ਅਤੇ ਗੁਰੂ ਕਰਣਾ ਕਰ ਓਹ

ਚੜ੍ਹਦੀਆਂ ਕਲਾਂ ਵਾਲੇ ਨਿਤ ਨਵਲ ਨਾਮ ਰੰਗ ਵਿਚ ਖੇਡ ਰਿਹਾ ਹੈ। ਫੇਰ ਗੁਰਵਾਕ ਆਉਂਦਾ ਹੈ। ਗੁਰ ਹੁਕਮ ਆਉਂਦਾ ਹੈ :

ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥
ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥

ਗੂਜਰੀ ਮ: ੩, ਪੰਨਾ ੫੦੬

ਵਾਹੁ ! "ਆਪੇ ਬਖਸੇ ਕਰੇ ਰਜਾਇ" ਜੋ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਹਨ, ਜੋ ਹੁਕਮ ਰਜ਼ਾਈ ਚਲਣ ਵਾਲੇ ਗੁਰਮੁਖ ਸੰਤ ਭਗਤ ਜਨ ਹਨ, ਜੋ ਸਾਹਿ ਸਾਹਿ ਸਦਾ ਸਦ ਸੱਚਾ ਨਾਮ ਸੰਮਾਲਣ ਵਾਲੇ, ਸਿਮਰਣ ਅਰਾਧਣ ਵਾਲੇ, ਉਸ ਦਾ ਹਰ ਦਮ ਨਾਮ ਲੈਣ ਵਾਲੇ ਇਸ ਬਿਧ ਬੰਦਗੀ ਕਰ ਸੱਚਾ ਹੁਕਮ ਕਮਾਵਨ ਹਾਰੇ, ਉਸ ਦੇ ਹੁਕਮੀ ਬੰਦੇ ਹਨ, ਓਹਨਾਂ ਉਤੇ ਉਸ ਦੀਆਂ ਸਦਾ ਬਖਸ਼ਸ਼ਾਂ ਹੁੰਦੀਆਂ ਹਨ। ਓਹ ਓਹਨਾਂ ਨੂੰ ਆਪਣੀ ਰਜ਼ਾਇ ਕਰ ਆਪੇ ਬਖਸ਼ ਦਿੰਦਾ ਹੈ। ਅਭਿਆਸੀ ਜਨ ਸਦਾ ਹੀ ਉਸ ਦੀ ਬਖਸ਼ਸ਼ ਪਰਾਇਣ ਹੋ ਕੇ ਨਾਮ ਜਪਦਾ ਹੈ। ਨਾਮ ਜਪਣਾ ਉਸ ਦਾ ਹੁਕਮਾਂ ਸਿਰ ਪ੍ਰਮ ਹੁਕਮ ਸਮਝਦਾ ਹੈ। ਨਾਮ ਕਮਾਈ ਦਾ ਫਲ ਪਰਦਾਤਾ ਉਹ ਪੂਰਨ ਪੁਰਖ ਬਿਧਾਤਾ ਆਪ ਹੈ ਜਿਸ ਦਾ ਕਿ ਉਹ ਨਾਮ ਜਪਦਾ ਹੈ। ਨਾਮ ਕਮਾਈਆਂ ਉਤੇ ਤੁਠ ਕੇ ਉਹ ਅਣ-ਮੰਗੀਆਂ ਬਖਸ਼ਸ਼ਾਂ ਕਰਦਾ ਹੈ, ਅਤੇ ਕਰੀ ਜਾਂਦਾ ਹੈ। ਨਾਮ ਦਾਤ ਦੀ ਬਖਸ਼ਸ਼ ਤੋਂ ਵਡੇਰੀ ਕੋਈ ਦਾਤ ਬਖਸ਼ਸ਼ ਨਹੀਂ। ਜਿਸ ਨੂੰ ਏਹ ਮਿਲ ਗਈ, ਉਸ ਦੀਆਂ ਹੋਰ ਦਾਤ-ਮੰਗਾਂ ਰਹਿ ਖੜੋਂਦੀਆਂ ਹਨ। ਨਾਮ ਅਭਿਆਸ ਕਮਾਈ ਦੀ ਪਹਿਲੀ ਅਰੰਭਕ ਬਸਵਥਾ ਤੇ ਹੀ ਅਭਿਆਸੀ ਜਨ ਦੀ ਯਾਚਨਾ ਨਾਮੀ ਵਾਹਿਗੁਰੂ ਦੇ ਸਾਂਗੋ ਪਾਂਗ ਦਰਸ਼ਨਾਂ ਦੀ ਯਾਚਨਾ ਤੋਂ ਬਿਨਾ ਹੋਰ ਕੋਈ ਮੰਗ ਯਾਚਨਾ ਨਹੀਂ ਹੁੰਦੀ ਅਤੇ ਏਹ ਯਾਚਨਾ ਦਰਸ ਵਿਗਾਸ, ਜੋਤਿ ਪ੍ਰਗਾਸ ਹੋਣ ਪਰ ਭੀ ਬਣੀ ਰਹਿੰਦੀ ਹੈ, ਸਗੋਂ ਹੋਰ ਵਧ ਵਧੇਰੀ ਬਣ ਉਠਦੀ ਹੈ, ਕਿਉਂਕਿ ਦਰਸ ਵਿਗਾਸ ਦੇ ਇਨਕਸ਼ਾਫ ਦੀ ਥਾਹ ਕੋਈ ਨਹੀਂ। ਜੋਤਿ ਪ੍ਰਕਾਸ਼ੀ ਦਰਸ ਵਿਗਾਸ ਦੀ ਸੋਭਾ ਨਿਤ ਨਵਤਨ ਸਦ ਨਵਤਨ ਮਨਰੰਗੀ ਅਨਕਤਰੰਗੀ ਹੋ ਹੋ ਪਰਜੁਲਤ ਹੁੰਦੀ ਹੈ। ਨਿਤ ਨਵਾਂ ਇਨਕਸ਼ਾਫ ਨਿਤ ਨਵਾਂ ਦਰਸ ਝਲਕਿਆਂ ਦਾ ਉਘਾੜ ਹੁੰਦਾ ਹੈ। ਜਿਉਂ ਜਿਉਂ ਅਭਿਆਸ ਵਧਦਾ ਹੈ ਨਾਮ ਇਨਕਸ਼ਾਫ ਭੀ ਅਨਕ ਤਰੰਗਾਂ ਵਿਚ ਵਧਦਾ ਰਹਿੰਦਾ ਹੈ ਅਤੇ ਵਧਦਾ ਜਾਂਦਾ ਹੈ। ਜਿਉਂ ਜਿਉਂ ਅਨਕ ਤਰੰਗੀ ਨਾਮ ਜਪੀਦਾ ਹੈ, ਤਿਉਂ ਤਿਉਂ ਹੋਰ ਤੋਂ ਹੋਰ ਵਧੇਰਾ ਸੁਆਦ ਆਉਂਦਾ ਹੈ। ਸੁਆਦ ਅਗਾਧ ਚਖ ਕੇ ਅਭਿਆਸੀ ਜਨ ਗੂੰਦਾ ਹੋ ਕੇ ਨਾਮ ਵਿਚ ਜੁਟਿਆ ਰਹਿੰਦਾ ਹੈ। ਉਸ ਦੇ ਦੋਵੀਂ ਹੱਥ ਦਰ ਖੜੇ ਦੇ ਆ-ਮੁਹਾਰੇ ਜੁੜੇ ਰਹਿੰਦੇ ਹਨ। ਨਾਮ ਨਹੀਂ ਜਪਦਾ ਇਹ ਤਾਂ ਸਦਾ ਲਿਵ ਲਾਗੀ ਜੋਦੜੀਆਂ

ਕਰਦਾ ਹੈ । ਨਾਮ ਤਾਂ ਸਦਾ ਜੋਦੜੀ ਰੂਪ ਹੈ । ਨਾਮ ਕਮਾਈ ਦੇ ਮੁਢ ਤੋਂ ਨਾਮ ਕਮਾਈ ਜੋਦੜੀ ਰੂਪ ਹੈ । ਨਾਮ ਦਾ ਜਾਪ ਨਾਮੀ ਦੇ ਅਗੇ ਸਨਮੁਖ ਬੇਨਤੀ ਹੈ । ਹਾਂ ! ਸਚ ਮੁਚ ਨਾਮ ਬੇਨਤੀ ਰੂਪ ਹੈ । ਬੇਨਤੀ ਭੀ ਇਹ ਤਤ ਬੇਨਤੀ ਹੈ । ਵਾਹੁ ਵਾਹੁ ਗੁਰੂ ਗੁਰੂ ਕਰਦਾ ਹੋਇਆ ਅਭਿਆਸੀ ਜਨ ਬੇਨਤੀ ਰੂਪ ਹੀ ਹੋ ਜਾਂਦਾ ਹੈ । ਬੇਨਤੀ ਦੀ ਮੂਰਤੀ ਬਣ ਜਾਂਦਾ ਹੈ । ਇਥੇ ਭਲਾ ਹਉਮੈ ਕਿਥੇ । ਇਥੇ ਤਾਂ "ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ*॥" ਤੂੰ ਤੂੰ ਕਰਤਾ ਤਦ ਰੂਪ ਹੋ ਗਿਆ । ਓਥੇ ਆਪਾ ਪਰ ਕਾ ਸਭ ਮਿਟ ਜਾਂਦਾ ਹੈ । ਨਾਮ ਦੇ ਨਾਲ ਸਗੋਂ ਗਰੀਬੀ ਆਉਂਦੀ ਹੈ । ਨਾਮ ਦੀ ਅਤੁਟ ਕਮਾਈ ਗਰੀਬੀ ਦੀ ਅਵਧੀ ਹੈ । ਤਾਂਹੀ ਤਾਂ ਗੁਰੂ ਬਾਬੇ ਨੇ ਜਦੋਂ ਨਉਨਿਧਿ ਨਾਮ ਦੀ ਬਖਸ਼ਸ਼ ਦਰੋਂ ਪਾਈ ਤਾਂ ਨਉਨਿਧ ਨਾਮ ਦੇ ਨਾਲ ਹੀ ਗਰੀਬੀ ਪਾਈ । ਨਹੀਂ, ਨਾਮ ਗਰੀਬੀ ਪਾਈ । ਨਾਮ ਮਈ ਗਰੀਬੀ ਪਾਈ । ਨਾਮ ਹੈ ਹੀ ਗਰੀਬੀ । ਗਰੀਬੀ ਅਤੇ ਨਾਮ ਪ੍ਰਸਪਰ ਅਭੇਦ ਹਨ । ਨਾਮ ਬਿਨਾ ਗਰੀਬੀ, ਤਤ ਗਰੀਬੀ, ਅਸਲ ਗਰੀਬੀ ਆ ਹੀ ਨਹੀਂ ਸਕਦੀ । ਇਹ ਮਾਇਆ ਦੀਆਂ ਸੰਸਾਰਕ ਅਮੀਰੀਆਂ ਗਰੀਬੀਆਂ ਸਭ ਹੈਂਕੜ ਬਾਜ਼ੀਆਂ ਹਨ । ਅਜ ਤਾਈਂ ਕਿਸੇ ਮਾਇਆ ਕਰ ਕੇ ਗਰੀਬ ਕੰਗਲੇ ਨੂੰ ਮਨ ਕਰਕੇ ਗਰੀਬ ਭੀ ਡਿਠਾ ਹੈ ? ਸਭ ਹੈਂਕੜ ਬਾਜ਼ ਹਨ । ਆਪਣੇ ਆਪ ਨੂੰ ਸੇਰੋਂ ਘਟ ਕੋਈ ਨਹੀਂ ਕਹਾਉਂਦਾ । ਹਉਮੈ ਰੋਗ ਨਾਮ ਬਿਨਾਂ ਕਦੇ ਨਹੀਂ ਜਾਂਦਾ । ਨਾਮ ਧਨ ਤੋਂ ਹੀਣੇ ਹੋਣ ਕਰ ਮਾਇਆ ਤੋਂ ਕੰਗਲੇ, ਗਰੀਬੀ ਤੋਂ ਭੀ ਕੰਗਾਲ । ਗਰੀਬੀ ਤੋਂ ਕੰਗਲਿਆਂ ਦਾ ਕੰਗਲਾਪਣ ਕਿਸੇ ਲੇਖੇ ਨਹੀਂ । ਨਾਮ ਧਨ ਦੇ ਧਨੀ ਮਨ ਕਰਕੇ ਸਦਾ ਗਰੀਬ, ਸਰਬ ਫਲ ਮੁਰਾਦਾਂ ਦੇ ਧਨੀ ਹੁੰਦੇ ਹੋਏ ਭੀ ਮਨ ਬਿਰਤੀ ਕਰਕੇ ਸਦਾ ਗਰੀਬ । ਤ੍ਰਿਸ਼ਨਾ, ਕਾਮਨਾ ਮਾਇਕ ਲੋੜ ਤੋਂ ਬੇਲੋੜ ਅਤੇ ਬੇਚਾਹ ਹੋਣ ਕਰ ਕੇ ਨਾਮ ਧਨ ਦੇ ਧਨੀ ਸਦਾ ਹੀ ਬੇ-ਮੁਹਤਾਜ ਪਾਦਸ਼ਾਹ ਹਨ । ਐਸੇ ਬੇ-ਪਰਵਾਹ ਪਾਦਸ਼ਾਹ ਹੁੰਦੇ ਹੋਏ ਭੀ ਓਹਨਾਂ ਦੇ ਅੰਤਰ ਆਤਮੇਂ ਸਦਾ ਗਰੀਬੀ, ਰੋਮ ਰੋਮ ਵਿਚ ਗਰੀਬੀ ਨੇ ਘਰ ਕਰ ਲਿਆ ਹੁੰਦਾ ਹੈ । ਓਹ ਲੋਕਾਂ ਭਾਣੇ ਭਾਵੇਂ "ਦੀਸਿ ਆਵਤ ਹੈ ਬਹੁਤੁ ਭੀਹਾਲਾ"** ਪ੍ਰੰਤੂ ਵਾਸਤਵ ਵਿਚ ਹੁੰਦੇ ਹਨ "ਸਗਲ ਚਰਨ ਕੀ ਇਹੁ ਮਨੁ ਰਾਲਾ"** ਸਗਲਿਆਂ ਦੇ ਚਰਨ ਕੀ ਰੇਣਕਾ ਹੋਇ ਰਹਿੰਦੇ ਹਨ । ਓਹਨਾਂ ਨੂੰ ਹੰਕਾਰ ਵਿਆਪਦਾ ਹੀ ਨਹੀਂ । ਵਿਆਪੇ ਤਦ ਜੇ ਉਹ ਨਉਨਿਧ ਨਾਮ ਗਰੀਬੀ ਤੋਂ ਦੂਰ ਹੋਣ । ਏਹ ਤਾਂ ਸਦਾ ਉਹਨਾਂ ਦੇ ਮਨ ਵਿਚ ਵਸੀ ਰਹਿੰਦੀ ਹੈ । ਉਹਨਾਂ ਵਿਚ ਹਉਮੈ ਦਾ ਮੁਸ਼ਕ ਭੀ ਨਹੀਂ

---

* ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੫

** ਆਸਾ ਮ: ੫, ਪੰਨਾ ੩੮੬

ਹੁੰਦਾ। ਉਹਨਾਂ ਦੇ ਵਡਾ ਬਣਨ ਦੀਆਂ ਵਡਫੂਲੀਆਂ ਨੇੜੇ ਨਹੀਂ ਆਉਂਦੀਆਂ। ਉਹਨਾਂ ਨੂੰ ਪੜੀਆਂ ਪ੍ਰੈਜ਼ੀਡੈਂਟੀਆਂ ਅਤੇ ਚੌਧਰ ਚੁਧਰੱਮੀਆਂ ਦੇ ਛੱਜ ਦੇਣਾ ਚਾਹੋ ਤਾਂ ਓਹ ਇਸ ਪਾਸੇ ਝਾਕਦੇ ਭੀ ਨਹੀਂ। ਨਾਮ ਬਿਨਾਂ ਤਿਨਾਂ ਦੀ ਹੋਰ ਝਾਕ ਸਭ ਮਿਟ ਜਾਂਦੀ ਹੈ ਅਤੇ ਮਿਟੀ ਹੋਈ ਹੁੰਦੀ ਹੈ ਤੇ ਮਿਟੀ ਰਹਿੰਦੀ ਹੈ।

ਜਿਨ੍ਾ ਨਾਉ ਸੁਹਾਗਣੀ ਤਿੰਨ੍ਾ ਝਾਕ ਨ ਹੋਰ ॥

ਸਲੋਕ ਸੇਖ ਫਰੀਦ ਕੇ, ਪੰਨਾ ੧੩੮੪

ਨਾ ਮਾਇਆ ਦੀ ਝਾਕ ਨ ਮਰਾਤਬਿਆਂ ਦੀ ਝਾਕ। ਤ੍ਰਿਸ਼ਨਾਂ ਹੀ ਕੋਈ ਨਹੀਂ ਕਿਸੇ ਗੱਲ ਦੀ। ਰਾਜ ਸਾਜ ਦੀ ਤ੍ਰਿਸ਼ਨਾ ਸਭ ਬਿਨਾਸ, ਤਖਤ ਤਾਜ ਦੇ ਲਲਚੇਵੇਂ ਭੀ ਲੁਭਾਇ ਨਹੀਂ ਸਕਦੇ, ਸਾਰੀ ਧਰਤੀ ਸੋਨੇ ਦੀ ਬਣਾ ਕੇ ਫੇਰ ਉਸ ਨੂੰ ਸਾਂਭ ਲੈਣ ਲਈ ਵੀ ਜੇ ਕੋਈ ਓਹਨਾਂ ਨੂੰ ਪ੍ਰੇਰੇ ਤਦ ਭੀ ਓਹ ਲੁਭਾਇਮਾਨ ਨਹੀਂ ਹੁੰਦੇ :

ਜਿਨ ਸਰਧਾ ਰਾਮ ਨਾਮਿ ਲਗੀ
ਤਿਨ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ
ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥

ਆਸਾ ਮ: ੪, ਪੰਨਾ ੪੪੪

ਐਸਾ ਹੈ ਨਾਮ ਦਾ ਪਰਬਲ ਮਹਾਂ ਰਸ ਅਤੇ ਐਸੀ ਹੈ ਇਸ ਦੀ ਪਾਰਸ ਕਲਾ! ਵਾਹ ਧੰਨ! ਇਸ ਪ੍ਰਥਾਇ ਕਿਆ ਮੌਕੇ ਦਾ ਹੋਰ ਗੁਰਵਾਕ ਆ ਢੁਕਿਆ ਹੈ :

ਸਾਸਿ ਸਾਸਿ ਨਾਨਕੁ ਸਾਲਾਹੇ ॥
ਸਿਮਰਤ ਨਾਮੁ ਕਾਟੇ ਸਭਿ ਫਾਹੇ ॥
ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ ॥

ਮਾਝ ਮ: ੫, ਪੰਨਾ ੧੦੪

ਇਸ ਗੁਰਵਾਕ ਅੰਦਰ ਇਕ ਤਾਂ ਸਾਸ ਸਾਸ ਨਾਮ ਸਲਾਹਣ ਅਰਥਾਤ ਸਾਸ ਸਾਸ ਨਾਮ ਜਪਣ ਰੂਪੀ ਸਿਫਤ ਸਾਲਾਹਿ ਕਰਨ ਦਾ ਅਸੂਲ ਨਿਰੂਪਣ ਹੁੰਦਾ ਹੈ, ਦੂਜੇ ਨਾਮ ਸਿਮਰਨ ਦੀ ਪਾਰਸ ਕਲਾ ਬੜੀ ਹੀ ਅਸਚਰਜਤਾ ਵਿਚ ਸਿਧ ਹੁੰਦੀ ਹੈ। ਤੀਜੇ ਨਾਮ ਦੀ ਸਰਬ ਇਛ ਪੁਜਾਵਣੀ ਤੇ ਫਲ ਪਰਦਾਤਨੀ ਸੁਤੇ ਰਸਾਇਣੀ ਅਤੇ ਮੌਅਜਜ਼ੇ ਵਾਲੀ ਸ਼ਕਿਤ ਪ੍ਰਸਿਧ ਹੁੰਦੀ ਹੈ। "ਸਿਮਰਤ ਨਾਮੁ ਕਾਟੇ ਸਭਿ ਫਾਹੇ" ਨਾਮ ਦੇ ਸਿਮਰਨ ਭਜਨ ਦੀ ਬਰਕਤ ਨਾਲ ਮਾਇਆ ਬੰਧਨਾਂ ਦੇ ਫਾਹੇ, ਮਰਨ ਕਾਲ ਕੀ ਤ੍ਰਾਸ ਫਾਸ ਦੇ ਫਾਹੇ, ਜਨਮ ਮਰਨ ਦੀ ਚੁਰਾਸੀ ਦੇ ਗੇੜ ਵਾਲੇ ਫਾਹੇ, ਮਾਇਆ ਮਈ ਮ੍ਰਿਗ ਤ੍ਰਿਸ਼ਨਾਂ ਦੀ ਫਾਹੀ ਦੇ ਫਾਹੇ, ਸੰਸਾਰਕ ਸੈਸ਼ਨ ਜੱਜਾਂ ਦੀ ਅਦਾਲਤ ਤੇ ਫਾਂਸੀ ਦੀ ਸਜ਼ਾ ਵਾਲੇ ਫਾਹੇ,

ਜਮਦੂਤਾਂ ਦੇ ਕਾਲ ਗ੍ਰਸੀ ਫਾਹੇ, ਗਲ ਕੀ ਸਭ ਕਿਸਮ ਦੇ ਧੰਧ ਬੰਧ ਦੁਨਿਆਵੀ ਟੰਟਿਆਂ ਦੇ ਫਾਹੇ ਸਾਰੇ ਹੀ ਕੱਟੇ ਜਾਂਦੇ ਹਨ ਅਤੇ ਜੇਹੜੀਆਂ ਆਸਾਂ ਮਨੋ-ਕਾਮਨਾਵਾਂ ਪੁਤਰ, ਕਲਿੱਤਰ, ਧਨ, ਲਛਮੀ ਦੀਆਂ ਕੋਟ ਜਤਨਾਂ ਕਰ ਅਤੇ ਲਖ ਦੇਵੀ ਦੇਵਤਿਆਂ ਦੀ ਅਰਾਧਨਾ ਕਰ ਭੀ ਪੂਰੀਆਂ ਨਾ ਹੋਣ ਓਹ ਗੁਰਮਤਿ ਨਾਮ ਦੇ ਅਜਪਾ ਜਾਪ ਕਰ ਤਤਕਾਲ ਹੀ ਪੂਰੀਆਂ ਹੋ ਜਾਂਦੀਆਂ ਹਨ। 'ਖਿਨ ਭੀਤਰਿ' ਸੁਖੇਨ ਹੀ ਸੁਤੇ ਸਿਧ ਹੀ ਪੂਰੀਆਂ ਹੋ ਜਾਂਦੀਆਂ ਹਨ। ਪਰ ਹੁੰਦੀਆਂ ਓਸ ਵੇਲੇ ਹਨ ਜਦੋਂ ਅਜਪਾ ਜਾਪ ਦੀ ਪਾਰਸ ਕਲਾ ਦੁਆਰਾ ਸਰਬ ਆਸਾ ਤੋਂ ਨਿਰਾਸਤਾ ਹੋ ਜਾਂਦੀ ਹੈ। ਏਹ ਇਕ ਆਤਮ ਬਿਵਸਥਾ ਹੈ ਜਿਥੇ ਜਾ ਕੇ ਨਾਮ ਅੰਮ੍ਰਿਤ ਦੀ ਪਰਬਲ ਰਹਸ ਮਗਨਤਾ ਕਰ ਅਭਿਆਸੀ ਜਨ ਦੇ ਸੰਕਲਪ ਵਿਕਲਪ ਸਭ ਕਾਫੂਰ ਹੋ ਜਾਂਦੇ ਹਨ। ਏਸੇ ਬਿਵਸਥਾ ਵਿਚ ਹੀ :

ਏਕ ਚਿੱਤ ਜਿਹ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥ [ਚੌਪਈ ਪਾ: ੧੦

ਵਾਲੇ ਗੁਰਵਾਕ ਦਾ ਭਾਵ, ਅਭਿਆਸੀ ਜਨ ਦੀ ਅਭਿਆਸ ਪਾਰਸ ਕਮਾਈ ਉਤੇ ਇੰਨ ਬਿੰਨ ਘਟ ਜਾਂਦਾ ਹੈ। ਸਚ ਮੁਚ ਇਸ ਬਿਵਸਥਾ ਵਿਚ ਕੀਤੀ ਇਕ ਛਿਨ ਮਾਤਰ ਦੀ ਅਭਿਆਸ ਕਮਾਈ ਕਾਲ ਫਾਸ ਦੇ ਕੱਟਣ ਨੂੰ ਸਮਰਥ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਕੇਵਲ ਇਕ ਛਿਨ ਮਾਤਰ ਨਾਮ ਜਪਿਆ ਹੀ ਕਾਫੀ ਹੈ। ਇਸ ਬਿਵਸਥਾ ਨੂੰ ਪੁਗ ਖੜੋਤੇ ਅਭਿਆਸੀ ਜਨ ਜੀਵਨ-ਮੁਕਤ ਮਰਾਤਬਾ ਪ੍ਰਾਪਤ ਕਰ ਕੇ ਭੀ ਸਹਿਜ ਸੁਭਾਇ ਨਾਮ ਜਪਦੇ ਰਹਿੰਦੇ ਹਨ। ਨਾਮ ਕਮਾਈਆਂ ਤਾਂ ਕਦੇ ਖੁੰਝਣੀਆਂ ਹੀ ਨਾ ਹੋਈਆਂ। ਜੀਵਨ-ਮੁਕਤ ਅਭਿਆਸੀ ਜਨ ਇਸ ਪਦ ਬਿਵਸਥਾ ਨੂੰ ਪਹੁੰਚ ਕੇ ਭਾਵੇਂ ਸਾਲਾਂ ਬੱਧੀ ਸ਼ਰੀਰ ਦਾ ਚੋਲਾ ਨਾ ਛਡਣ, ਭਾਵੇਂ ਇਹ ਛਿਨ ਪ੍ਰਾਪਤ ਹੋਣ ਸਾਰ ਹੀ ਛਡ ਦੇਣ। ਪਰ ਏਹ ਗਲ ਨਿਸਚੇ ਹੈ ਕਿ ਓਹ ਕਾਲ ਫਾਸ ਵਿਚ ਨਹੀਂ ਆਉਂਦੇ। ਸਾਸ ਗਿਰਾਸ ਨਾਮ ਅਭਿਆਸ ਅਤੇ ਰਸਨਾ ਕਰ ਕੇ ਅਜਪਾ ਜਾਪ ਜਪਣ ਦਾ ਗੁਰਸਿਖ ਦਾ ਹੁਕਮੀ ਕਾਰ ਕਮਾਉਣ ਵਾਲਾ ਕਰਤਬ ਹੋ ਚੁਕਾ ਹੁੰਦਾ ਹੈ ਤੇ ਲਾਜ਼ਮੀ ਲੁਆਜ਼ਮਾ ਹੋ ਚੁਕਾ ਹੁੰਦਾ ਹੈ। ਉਸ ਤੋਂ ਤਾਂ ਹਟਿਆ ਹੀ ਨਹੀਂ ਜਾ ਸਕਦਾ। ਪਰ ਇਸ ਨਾਮ ਜਪ ਸਿਮਰਨ ਦਾ ਸਹਿਜ ਸੁਭਾਵ ਸਿੱਟਾ ਇਹ ਅਵਸ਼ ਹੋ ਆਂਵਦਾ ਹੈ ਕਿ ਜਮਜਾਲ ਕਾਲ ਤੋਂ ਸਦਾ ਲਈ ਛੁਟਕਾਰਾ ਹੋ ਜਾਂਦਾ ਹੈ ਅਤੇ ਹਲਤ ਪਲਤ ਦੇ ਸੁਖ ਆਦਿ ਪ੍ਰਾਪਤ ਹੁੰਦੇ ਹਨ।

ਜਾ ਕੈ ਸਿਮਰਨਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥
ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥
ਆਸਾ ਮਹਲਾ ੫, ਪੰਨਾ ੩੯੨

ਖਿਨ ਖਿਨ, ਸਾਸ ਸਾਸ ਨਾਮ ਜਪਣ ਦੀ, ਰਸਨਾ ਕਰਕੇ ਨਾਮ ਜਪਣ ਦੀ ਅਪਰ ਅਪਾਰ ਮਹਿਮਾ ਸਮਗਰ ਗੁਰਬਾਣੀ ਗਾਂਵਦੀ ਹੈ। ਚੂੰਚ ਗਿਆਨੀ ਜੋ ਇਸ ਬਾਰੰਬਾਰ ਨਾਮ ਜਪਣ ਨੂੰ ਅਤੇ ਰਸਨਾ ਕਰਕੇ ਜਪਣ ਨੂੰ ਜੋ ਨਫ਼ਰਤ ਹਕਾਰਤ ਦੀ ਨਿਗਾਹ ਨਾਲ ਤਕਦੇ ਹਨ ਅਤੇ ਨਾਮ ਜਪਣ ਦੇ ਵਿਰੁਧ ਜੋ ਹਕਾਰਤ ਮਈ ਪਰਚਾਰ ਕਰਦੇ ਹਨ, ਉਹਨਾਂ ਨੂੰ ਇਸ ਪ੍ਰਕਾਰ ਦੇ ਗੁਰ ਪ੍ਰਮਾਣਾਂ ਅਗੇ ਸਿਰ ਨੀਵਾਂ ਕਰਨਾ ਲਾਜ਼ਮੀ ਹੈ, ਨਹੀਂ ਤਾਂ ਉਹਨਾਂ ਦਾ ਠਿਕਾਣਾ ਕੁਛ ਨਹੀਂ। ਗੁਰਵਾਕ :

ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥ ੧ ॥
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥
ਜਾਸੁ ਸੁਨੀ ਮਨਿ ਹੋਇ ਅਨੰਦਾ
ਦੂਖ ਰੋਗ ਮਨ ਸਗਲੇ ਲਥਾ ॥ ੧ ॥ ਰਹਾਉ ॥
ਕਾਰਜਿ ਕਾਮਿ ਬਾਟ ਘਾਟ ਜਪੀਜੈ ॥
ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥ ੨ ॥
ਦਿਨਸ ਰੈਨਿ ਹਰਿ ਕੀਰਤਨੁ ਗਾਈਐ ॥
ਸੋ ਜਨੁ ਜਮ ਕੀ ਵਾਟ ਨ ਪਾਈਐ ॥ ੩ ॥
ਆਠ ਪਹਰ ਜਿਸੁ ਵਿਸਰਹਿ ਨਾਹੀ ॥
ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥ ੪ ॥

ਆਸਾ ਮ: ੫, ਪੰਨਾ ੩੮੬

ਇਸ ਵਾਕ ਵਿਖੇ ਨਾਮ ਨੂੰ ਕਦੇ ਨਾ ਵਿਸਾਰਨ ਦੀ ਕੈਸੀ ਤਾੜਨਾ ਮਈ ਤਾਕੀਦ ਹੈ। ਊਠਤ, ਬੈਠਤ, ਅਰਥਾਤ ਉਠਦਿਆਂ ਬਹਿੰਦਿਆਂ ਭੀ ਨਾਮ ਨਹੀਂ ਵਿਸਾਰਨਾ, ਸੌਂਦਿਆਂ ਭੀ ਨਾਮ ਨਹੀਂ ਵਿਸਾਰਨਾ, ਮਾਰਗ ਪੈਂਡੇ ਚਲਦਿਆਂ, ਤੁਰਦਿਆਂ ਭੀ ਨਾਮ ਨਹੀਂ ਵਿਸਾਰਨਾ, ਜਪੀ ਜਾਣਾ ਹੈ। ਕੰਮ ਕਾਜ ਕਰਦਿਆਂ ਭੀ ਜਪੀ ਜਾਣਾ ਹੈ, ਬਾਹਰ ਬਾਟੇ ਜਾਂਦਿਆਂ ਅਤੇ ਘਰ ਘਾਟੇ ਰਹਿੰਦਿਆਂ ਭੀ ਨਾਮ ਜਪੀ ਜਾਣਾ ਹੈ। ਇਸ ਪਰਕਾਰ ਅਠੇ ਪਹਿਰ ਜੋ ਨਾਮ ਨਹੀਂ ਵਿਸਾਰਦਾ ਅਤੇ ਜਪੀ ਜਾਂਦਾ ਹੈ, ਨਿਸਬਾਸਰ, ਐਸੇ ਅਭਿਆਸੀ ਦੇ ਚਰਨੀ ਲਗ ਕੇ ਹੀ ਕਲਜੁਗੀ ਜੀਵਾਂ ਦੀ ਗਤਿ ਕਲਿਆਣ ਹੋ ਜਾਂਦੀ ਹੈ।

ਨਾਮ ਤੋਂ ਬੇਮੁਖ ਅਤੇ ਲੋਕਾਂ ਨੂੰ ਬੇਮੁਖ ਕਰਾਉਣਹਾਰੇ ਦੂਚਰ ਫਿਲਾਸਫੀਏ ਅਕਸਰ ਆਖਿਆ ਕਰਦੇ ਹਨ ਕਿ ਕਿਸੇ ਸੁਆਰਥ ਵਾਸਤੇ ਨਾਮ ਜਪਣਾ ਪਾਖੰਡ ਰੂਪ ਹੈ ਅਤੇ ਐਸੇ ਸੁਆਰਥ ਮੁਖੀ ਨਾਮ ਦੇ ਜਪਣ ਦਾ ਕੋਈ ਲਾਭ ਨਹੀਂ। ਉਹਨਾਂ ਦਾ ਐਸਾ ਆਖਣਾ ਭੀ ਨਿਰਾ ਬਕਬਾਦ ਹੈ। ਨਾਮ ਨੂੰ ਨਿਜ

ਕਲਿਆਣ ਖਾਤਰ ਜਪਣਾ ਭੀ ਸੁਆਰਥ ਹੈ । ਨਾਮ ਨੂੰ ਨਿਰੋਲ ਨਾਮ ਦੇ ਪ੍ਰੇਮ ਲਈ ਜਪਣ ਵਾਲਾ ਤਾਂ ਕੋਈ ਵਿਰਲਾ ਜਨ ਹੀ ਹੁੰਦਾ ਹੈ, ਉਸ ਨੂੰ ਆਪੇ ਪ੍ਰੇਮ ਨਹੀਂ ਉਪਜਦਾ ਨਾਮ ਜਪਣ ਦਾ । ਬਿਨਾਂ ਸਤਿਸੰਗ ਕੀਤਿਆਂ ਅਤੇ ਸਤਿਸੰਗ ਵਿਚ ਆ ਕੇ ਵੈਰਾਗ ਦੀ ਚੋਟ ਲਗੇ ਬਿਨਾਂ ਉਸ ਨੂੰ ਨਾਮ ਜਪਣ ਦਾ ਚਾਉ ਪ੍ਰੇਮ ਕਿਵੇਂ ਉਪਜ ਸਕਦਾ ਹੈ । ਸਤਿਸੰਗ ਸਮਾਗਮਾਂ ਅੰਦਰ ਸਾਰੇ ਜੰਤ ਨਾਮ ਵਿਹਾਜਣ ਦੇ ਪ੍ਰੇਮ ਨੂੰ ਮੁਖ ਰਖ ਕੇ ਨਹੀਂ ਆਉਂਦੇ । ਪਹਿਲੇ ਪਹਿਲ ਅੱਲ੍ਹੜ ਜਗਿਆਸੂਆਂ ਨੂੰ ਸਤਿਸੰਗ ਵਿਖੇ ਆਉਣ ਲਈ ਬੜੀਆਂ ਜੁਗਤੀਆਂ ਨਾਲ ਪਰੇਰੀਦਾ ਹੈ । ਅਨੇਕਾਂ ਬਾਲੇ ਬੁਢੇ ਪ੍ਰਾਣੀਆਂ ਨੂੰ ਤਾਂ ਸਤਿਸੰਗ ਵਿਖੇ ਆਉਣ ਦੀ ਪਰਪਾਟੀ ਹੀ ਕੜਾਹ ਪ੍ਰਸਾਦ ਛਾਂਦਿਆਂ ਦੇ ਗਫੇ ਭੁੰਚਣ ਤੋਂ ਪੈਂਦੀ ਹੈ । ਭਾਈ ਮਨੀ ਸਿੰਘ ਜੀ ਬਾਲਕ ਬ੍ਰੇਸ ਵਿਚ ਹੀ ਕੁਣਕਾ ਪ੍ਰਸ਼ਾਦ ਦੇ ਕਿਣਕਿਆਂ ਦੀ ਅੰਮ੍ਰਿਤ ਸੁਾਦੀ ਚਾਟ ਦੀ ਬਰਕਤ ਕਰਿ ਹੀ ਸਤਿਸੰਗ ਨੇਮੀ ਨੇਹਕਰਮੀ ਰਸੀਏ ਬਣੇ । ਇਸ ਲੇਖ ਦੇ ਲਿਖਾਰੀ ਨੂੰ ਬੀ.ਏ. ਦੀ ਪੜ੍ਹਾਈ ਘੋਖਦਿਆਂ ਗੁਰਬਾਣੀ ਦਾ ਖੁਆਬ ਖਿਆਲ ਭੀ ਨਹੀਂ ਸੀ ਕਿ ਗੁਰਬਾਣੀ ਕੀ ਹੁੰਦੀ ਹੈ । ਸੰਸਾਰਿਕ ਪਿਤਾ ਜੀ ਨੇ ਹੁਕਮ ਕਰਕੇ ਭੇਜਿਆ, 'ਬਚੜਾ ਜੇ ਬੀ.ਏ. ਪਾਸ ਕਰਨਾ ਹੈ ਤਾਂ ਸਵੇਰੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਿਆ ਕਰਿ ਅਤੇ ਆਥਣੇ ਸ੍ਰੀ ਰਹਿਰਾਸ ਸਾਹਿਬ ਦਾ ।' ਆਪਣੇ ਇਸ ਲੋਭ ਸੁਆਰਥ ਲਈ ਬੀ. ਏ. ਦੇ ਪੜ੍ਹਾਕੂ ਨੇ ਦਿਨਾਂ ਵਿਚ ਹੀ ਗੁਰਬਾਣੀ ਦੀ ਪੜ੍ਹਾਈ ਸਿਖ ਲਈ ਅਤੇ ਦੋਨੋਂ ਵਖਤ ਗੁਰਬਾਣੀ ਦਾ ਪਾਠ ਕਰਨ ਲਗ ਪਿਆ । ਪਾਠ ਨਿਤਨੇਮ ਦਾ ਕਰਦੇ ਕਰਦੇ ਨੂੰ ਬਾਣੀ ਦਾ ਰਸ ਆਇਆ, ਰਸ ਵਧਦਾ ਵਧਦਾ ਐਥੇ ਤਾਈਂ ਵਧਿਆ ਕਿ ਅਹਿਨਿਸ ਗੁਰਬਾਣੀ ਦਾ ਪਰਚਾ ਪੈ ਗਿਆ । ਪਰਮਾਰਥੀ ਤਤ ਤੀਬਰ ਵੈਰਾਗ ਦੇ ਕੜ ਪਾਟ ਗਏ । ਸਤਿਸੰਗ ਦੇ ਅਗਾਧ ਅਗੰਮੀ ਸੁਆਦ ਆਏ । ਗਲ ਕੀ ਉਸ ਸਗਲ ਪਦਾਰਥ ਮੁਕਤ ਪਦ ਨੂੰ ਪੁਚਾਇ ਦੀਨਾ । ਇਸ ਸੁਆਰਥ ਲੋਭ ਕਰ ਨਿਤ ਨੇਮ ਬਾਣੀ ਦੇ ਲਗਾਉ ਨੇ ਇਸ ਪ੍ਰਥਾਇ ਐਨ ਇਹ ਗੁਰਵਾਕ ਘਟਾ ਦਿਤੇ :

ਅਪਨੇ ਲੋਭ ਕਉ ਕੀਨੋ ਮੀਤੁ ॥
ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥
ਐਸਾ ਮੀਤੁ ਕਰਹੁ ਸਭੁ ਕੋਇ ॥
ਜਾਤੇ ਬਿਰਥਾ ਕੋਇ ਨ ਹੋਇ ॥੧॥ਰਹਾਉ॥
ਅਪੁਨੈ ਸੁਆਇ ਰਿਦੈ ਲੈ ਧਾਰਿਆ ॥
ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥

ਰਸਨਾ ਗੀਧੀ ਬੋਲਤ ਰਾਮ ॥
ਪੂਰਨ ਹੋਏ ਸਗਲੇ ਕਾਮ ॥੩॥
ਅਨਿਕ ਬਾਰ ਨਾਨਕ ਬਲਿਹਾਰਾ ॥
ਸਫਲ ਦਰਸਨੁ ਗੋਬਿੰਦੁ ਹਮਾਰਾ ॥੪॥

ਗਉੜੀ ਮ: ੫, ਪੰਨਾ ੧੯੫

ਪਾਰਸ ਨੇ ਤਾਂ ਆਪਣੀ ਪਾਰਸ ਕਲਾ ਵਰਤਾਉਣੀ ਹੈ, ਆਪਣਾ ਪਾਰਸ ਰਸਾਇਣੀ ਅਸਰ ਅੱਵਸ਼ ਕਰਨਾ ਹੈ, ਕੇਵਲ ਇਸ ਨੂੰ ਪਰਸਨ ਦੀ ਹੀ ਡੇਰ ਹੈ, ਭਾਵੇਂ ਕਿਸੇ ਲੋੜ ਖਾਤਰ ਪਰਸਿਆ ਜਾਵੇ ਭਾਵੇਂ ਕਿਸੇ ਸੁਆਰਥ ਹਿਤ ਪਰਸਿਆ ਜਾਵੇ। ਜੇ ਨਿਰੋਲ ਪਰਮਾਰਥੀ ਸਿਧੀ ਲਈ ਪਰਸਿਆ ਜਾਵੇ ਤਾਂ ਆਖਣਾ ਹੀ ਕੀ ਹੈ। ਪਰਮਾਰਥ ਸਿਧੀਆਂ, ਮਨੋਰਥ ਸਿਧੀਆਂ ਸਭ ਨਾਮ ਰੂਪੀ ਪਰਮ ਰਸਾਇਣ ਮੰਤਰ ਦੇ ਪਿਛੇ ਲਗੀਆਂ ਫਿਰਦੀਆਂ ਹਨ। ਪਰ ਜਦੋਂ ਇਸ ਪਾਰਸ ਰਸਾਇਣੀ ਨਾਮ ਨੂੰ ਪਰਸਦੇ ਪਰਸਦੇ ਨਾਮ ਦਾ ਅੰਮ੍ਰਿਤ ਰਸ ਆ ਜਾਂਦਾ ਹੈ ਤਾਂ ਇਸ ਰਸ ਦੇ ਆਇਆਂ ਰਿਧੀਆਂ ਦੇ ਹੋਰ ਰਸ ਸਭ ਕੁ-ਰਸ ਪ੍ਰਤੀਤ ਹੋਣ ਲਗ ਜਾਂਦੇ ਹਨ। ਏਸੇ ਕਰਕੇ ਨਾਮ ਰਸੀਏ ਇਹਨਾਂ ਰਿਧ ਸਿਧ ਰੂਪੀ ਕੁ-ਰਸਾਂ ਵਿਚ ਪੈਂਦੇ ਹੀ ਨਹੀਂ, ਸੁਤੇ ਹੀ ਕਲਪਤ ਦੁਨੀਆਵੀ ਆਸਾਂ ਸਹਿਜ ਸੁਭਾਵ ਹੀ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਪਰੰਤੂ ਨਾਮ ਅਭਿਆਸ ਕਮਾਈ ਅਰੰਭ ਕਰਨ ਸਮੇਂ ਇਹ ਜ਼ਰੂਰੀ ਨਹੀਂ ਕਿ ਹਰੇਕ ਅਭਿਆਸੀ ਜਨ ਦੇ ਸਨਮੁਖ ਗੁਰਮਤ ਦਾ ਸਰਬ ਸ਼ਰੋਮਣੀ ਆਦਰਸ਼ ਹੀ ਹੋਵੇ। ਨਾਮ ਕਮਾਈ ਕਰਨ ਲਗੇ ਸਹੀ, ਭਾਵੇਂ ਕਿਵੇਂ ਲਗੇ। ਗੁਰਮਤ ਨਾਮ ਦਾ ਸਭ ਤੋਂ ਉਚਾ ਅਤੇ ਸਰਬੋਤਮ ਆਦਰਸ਼ ਅਕਾਲ ਪੁਰਖ ਦੇ ਦਰਸ਼ਨਾਂ ਦੀ ਪਰਾਪਤੀ ਹੈ। ਇਹ ਆਦਰਸ਼ ਤਾਂ ਵਿਰਲੇ ਅਤੇ ਵਡਭਾਗੇ ਜਨਾਂ ਦੇ ਸੋਂਹੇ (ਸਨਮੁਖ) ਹੁੰਦਾ ਹੈ, ਨਹੀਂ ਤਾਂ ਆਮ ਜਨਤਾ ਨੂੰ ਇਸ ਗੱਲ ਦੀ ਸੂਝ ਬੂਝ ਹੀ ਨਹੀਂ ਹੁੰਦੀ ਕਿ ਮਾਨਸ ਜਨਮ ਦਾ ਲਾਹਾ ਕਿਸ ਗੱਲ ਵਿਚ ਹੈ ਅਤੇ ਕਿਵੇਂ ਜਨਮ ਸਵਾਰਨਾ ਹੈ। ਜਨਮ ਸਵਾਰਨ ਦਾ ਫਿਕਰ ਤਾਂ ਕੀ ਹੋਣਾ ਸੀ, ਓਹਨਾਂ ਨੂੰ ਤਾਂ ਏਨਾਂ ਪਤਾ ਭੀ ਨਹੀਂ ਹੁੰਦਾ ਕਿ ਜਨਮ ਸਵਾਰਨ ਦੀ ਲੋੜ ਭੀ ਹੈ। ਲੋੜ ਦਾ ਅਹਿਸਾਸ ਤਾਂ ਕੀ ਹੋਣਾ ਸੀ, ਚੁਰਾਸੀ ਦੇ ਜੰਤਾਂ ਨੂੰ ਤਾਂ ਏਹ ਭੀ ਸੁਧ ਬੁਧ ਨਹੀਂ ਹੁੰਦੀ ਕਿ ਜਨਮ ਸੰਵਾਰਨਾ ਕਿਸ ਬਲਾ ਦਾ ਨਾਉਂ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਸਭ ਦੁਨੀਆਂ ਬੇਥੋਹੀ ਰਸਾਤਲ ਨੂੰ ਰੁੜ੍ਹੀ ਚਲੀ ਜਾਂਦੀ ਸੀ। ਇਸ ਰੋੜ੍ਹ ਤੋਂ ਰੋਕਣ ਥੰਮ੍ਹਣ ਵਾਲਾ ਥਾਂਘੀ ਹੀ ਕੋਈ ਨਹੀਂ ਸੀ। ਸੰਸਾਰ ਰੋਗੀ ਨੂੰ ਆਪਣੇ ਰੋਗ ਦਾ ਅਹਿਸਾਸ ਹੀ ਕੋਈ ਨਹੀਂ ਸੀ। ਰਸਾਤਲ ਰੋੜ੍ਹ ਵਾਲੇ ਰੋਗ ਵਿਚ ਲਥ ਪਥ ਹੋਣ ਨੂੰ ਹੀ ਮਾਨੁੱਖਾ ਜਨਮ ਦਾ ਲੁੱਬੇ ਲਬਾਬ

ਸਮਝੀ ਬੈਠੇ ਸਨ । ਹੁਣ ਭੀ ਜਿਨ੍ਹਾਂ ਨੇ ਸਤਿਗੁਰੂ ਗੁਰੂ ਨਾਨਕ ਦਸਮੇਸ ਅਤੇ ਦਸ ਗੁਰੂਆਂ ਦੇ ਸਾਖਸ਼ਾਤ ਸਰੂਪ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਹੀਂ ਭੇਟਿਆ ਹੈ, ਉਹ ਭੀ ਓਵੇਂ ਜਿਵੇਂ ਹੀ ਅੰਧਕਾਰ ਵਿਚ ਹੀ ਹਨ, ਓਹਨਾਂ ਦੇ ਦਿਲੋ-ਦਿਮਾਗ ਅੰਦਰ ਅੰਧਕਾਰ ਹੀ ਅੰਧਕਾਰ ਵਸ ਰਿਹਾ ਹੈ । ਆਪੋਂ ਚਾਨਣਾ ਕਿਵੇਂ ਆਵੇ ਜਦ ਤਾਈਂ ਕਲਜੁਗ ਦੇ ਬੋਹਿਥ ਸਚੇ ਸਤਿਗੁਰੂ ਨੂੰ ਨਾ ਭੇਟਣ-- ਉਹਨਾਂ ਨੂੰ ਆਪਣਾ ਰੋਗ ਨਵਿਰਤ ਕਰਨ ਲਈ ਸਚੇ ਦਾਰੂ ਦੀ ਤਮੀਜ਼ ਹੀ ਕਿਵੇਂ ਆਵੇ । ਨਾਮ ਦੇ ਉਚ ਆਦਰਸ਼ ਦਾ ਅਹਿਸਾਸ ਤਾਂ ਕੀ ਹੋਣਾ ਸੀ, ਉਹ ਤਾਂ ਪਰਮਾਰਥ ਦੇ ਪੰਧ ਪੈਣੋਂ ਭੀ ਅਜਾਣ ਹਨ । ਪੰਚ ਮਹਾਂ ਬਲੀਆਂ ਦੇ ਗੇੜ ਵਿਚ ਗ੍ਰਸੇ ਹੋਏ ਅਤੇ ਏਹਨਾਂ ਪੰਚਾਂ ਤੋਂ ਉਪੰਨੀਆਂ ਕੁ-ਰਸ ਕੁ-ਬਿਰਤੀਆਂ ਦੇ ਅੰਧ-ਕੂਪ ਵਿਚ ਪਏ ਹੋਏ ਗਲਤਾਨ ਹੋ ਕੇ ਗੋਤੇ ਖਾ ਰਹੇ ਹਨ । ਇਸ ਅੰਧਕੂਪੀ ਖਲਜਗਣ ਖਿਆਲੀਆਂ ਵਿਚ ਮਹਿਦੂਦ ਹੋਏ ਵੇ ਅੰਧਘੋਰ ਨੂੰ ਹੀ ਵਿਸ਼ਾਲ ਸਾਗਰ ਸਮਝ ਰਹੇ ਹਨ ਤੇ ਆਪਣੀਆਂ ਏਨ੍ਹਾਂ ਅੰਧ ਅਹਿਸਾਸੀ ਮਹਿਦੂਦ ਖਿਆਲੀਆ ਨੂੰ ਹੀ ਵਿਸ਼ਾਲ ਵਿਚਾਰਾਂ ਸਮਝੀ ਬੈਠੇ ਹਨ । ਓਹਨਾਂ ਦੇ ਖਿਆਲਾਂ ਨੂੰ ਉਚਾ ਕਰਨ ਦਾ ਟੋਰਾ ਲਗੇ ਤਾਂ ਕਿਵੇਂ ਲਗੇ ? ਆਪੋਂ ਉਚੇ ਹੋਣੋਂ ਤਾਂ ਉਹ ਰਹੇ, ਆਪੋਂ ਤਾਂ ਓਹ ਅੰਧ ਬੰਧ ਦੇ ਗੇੜ ਵਿਚ ਹੀ ਰਹਿਣਗੇ । ਉਹਨਾਂ ਦੇ ਉਭਾਰਨ ਲਈ ਕਿਸੇ ਅਗੰਮੀ ਸ਼ਕਤੀ ਦੀ ਲੋੜ ਹੈ । ਮਾਇਆ ਨਾਲ ਮਨੂਰ ਹੋਈਆਂ ਬਿਰਤੀਆਂ ਨੂੰ ਕਿਸੇ ਮਿਕਨਾਤੀਸੀ ਅਕਲ ਕਲਾ ਦੇ ਜਾਵਦਾਣ ਜਾਦੂ ਦੀ ਲੋੜ ਹੈ । ਪਥਰਾਈਆਂ ਹੋਈਆਂ ਮਾਇਆ ਮੋਹਾਈਆਂ ਹੋਈਆਂ ਸੁਰਤੀਆਂ ਬਿਰਤੀਆਂ ਨੂੰ ਮੰਤ੍ਰਾਉਣ ਦੀ ਅਤੇ ਮੰਤ੍ਰਾ ਕੇ ਜਗਾਉਣ ਦੀ ਲੋੜ ਹੈ ।

ਰੋਗ ਦਾਰੂ ਦੋਵੇਂ ਜਣਾਉਣ ਲਈ ਸਤਿਗੁਰ ਵੈਦ ਸੁਜਾਨ ਨੇ ਨਾਮ ਦਾ ਮੰਤ੍ਰ ਧੁਰ ਦਰਗਾਹੋਂ ਲਿਆਂਦਾ । ਫੇਰ ਇਸ ਦਹਿਰ ਵਿਚ ਆ ਕੇ ਦੁਹਾਈਆਂ ਦਿਤੀਆਂ ਕਿ ਐ ਸੰਸਾਰੀ ਜੀਵੋ ! ਤੁਸੀਂ ਰੋਗੀ ਹੋ, ਤੁਹਾਡੇ ਉਤੇ ਮੁਰਦਿਹਾਣ ਵਰਤ ਰਹੀ ਹੈ, ਇਸ ਮੁਰਦਿਹਾਣ ਤੋਂ ਜੀਵਾਣ ਲਈ ਹੀ ਅਉਖਧੀ ਧੁਰ ਦਰਗਾਹੋਂ, ਹਾਂ ਭਾਈ ! ਨਾਮ ਰੂਪੀ ਦਾਰੂ ਦਵਾਈ ਧੁਰੋਂ ਆਈ ਹੈ । ਹੁਕਮੀ ਦੇ ਹੁਕਮ ਅਨੁਸਾਰ ਅਸੀਂ ਆਂਦੀ ਹੈ ਅਤੇ ਬੜੀਆਂ ਘਾਲਾਂ ਘਾਲ ਕੇ ਆਂਦੀ ਹੈ । ਇਸ ਬਿਧਿ ਜਦੋਂ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ"* ਦੇ ਗੁਰਵਾਕ ਅਨੁਸਾਰ ਗੁਰੂ ਬਾਬੇ ਨੇ ਸੰਸਾਰੀਆਂ ਪ੍ਰਤੀ ਜਣਾਇਆ ਬੁਝਾਇਆ ਤਾਂ ਜਾ ਕੇ ਬਪੜੇ ਮਾਇਆ ਮਰੀਜ਼ਾਂ ਨੂੰ ਸੂਝ ਬੂਝ ਆਈ ਅਤੇ ਦਵਾਈ ਖਾਣ ਲਈ ਉਹਨਾਂ ਨੈਣ ਉਘਾੜੇ ਅਤੇ ਮੋਹਣ ਮੁੰਦਣ ਪਏ ਹੋਏ ਮੂੰਹ

* ਸਿਰੀ ਰਾਗੁ ਮ: ੧ ਘਰੁ ੩, ਪੰਨਾ ੭੨

ਵਾਲੇ ਬੂਲ੍ਹ ਖੋਲ੍ਹੇ । ਹੁਣ ਜੇਹੜੇ ਲੋਕ ਆਖਦੇ ਹਨ ਕਿ ਆਪਣੀਆਂ ਸਿਆਣਪਾਂ ਚਤੁਰਾਈਆਂ ਨਾਲ ਹੀ ਪਾਰ ਉਤਾਰਾ ਹੋ ਜਾਏਗਾ, ਉਹਨਾਂ ਦੀ ਕਿਤਨੀ ਕੁ ਏਹ ਖ਼ਾਮ ਖਿਆਲੀ ਹੈ । ਉਹਨਾਂ ਦੀਆਂ ਇਹ ਸਿਆਣਪਾਂ ਤਾਂ ਸਗੋਂ ਨਾਮ ਵਲੋਂ ਬੇਮੁਖ ਕਰਾਉਂਦੀਆਂ ਹਨ : 'ਨੀਅਤ ਹੀ ਨੇਕ ਚਾਹੀਦੀ ਹੈ । ਨੇਕ ਨੀਅਤ ਨਾਲ ਭਾਵੇਂ ਬੇ-ਮਤਲਬੇ ਲਫਜ਼ ਦਾ ਹੀ ਵਿਰਦ ਕਰੀ ਜਾਵੇ ਤਾਂ ਭੀ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ ।' ਦੇਖੋ ਇਕ ਜਗਾ ਤਾਂ ਉਹ ਇਹ ਆਖਦੇ ਹਨ ਕਿ—'ਇਕ ਬੇ-ਮਤਲਬੇ ਲਫਜ਼ ਨੂੰ ਬਾਰ ਬਾਰ ਕਹੀ ਜਾਣ ਦਾ ਕੀ ਗੁਣ ਲਾਭ ਹੈ' ਅਤੇ ਦੂਜੀ ਥਾਉਂ ਏਸੇ ਇਕੋ ਲੇਖ ਅੰਦਰਿ ਉਹ ਇਉਂ ਭਾਸਰਦੇ ਹਨ ਕਿ 'ਨੇਕ ਨੀਅਤ ਨਾਲ ਅਤੇ ਸੁਧ ਹਿਰਦੇ ਨਾਲ ਭਾਵੇਂ ਕੋਈ ਪੱਥਰ ਪੱਥਰ ਅਤੇ ਮੂਰਖ ਮੂਰਖ ਹੀ ਕਹੀ ਜਾਵੇ ਤਾਂ ਭੀ ਉਸਦਾ ਨਿਸਤਾਰਾ ਹੋ ਜਾਂਦਾ ਹੈ ।' ਏਹਨਾਂ ਦੋਹਾਂ ਕਥਨਾਂ ਵਿਚ ਕਿਤਨਾ ਵਿਰੋਧ ਹੈ । ਏਹਨਾਂ ਕਥਨਾਂ ਤੋਂ ਏਹ ਗਲ ਤਾਂ ਸਿਧ ਹੋ ਗਈ ਕਿ ਉਹਨਾਂ ਨੂੰ ਨਾਮ ਉਤੇ ਤਾਂ ਉੱਕਾ ਨਿਸਚਾ ਹੀ ਨਹੀਂ । ਇਕ ਨਾਮ ਕੀ, ਕਿਸੇ ਨਾਮ ਨੂੰ ਭੀ ਉੱਕਾ ਨਹੀਂ ਮੰਨਦੇ । ਨੇਕ ਨੀਅਤ ਅਤੇ ਸੁਧ ਹਿਰਦੇ ਵਾਲੀ ਬੁਝਾਰਤ ਵੀ ਉਹਨਾਂ ਦੀ ਫਜ਼ੂਲ ਹੈ । ਉਹਨਾਂ ਨੂੰ ਪੁਛੋ ਕਿ ਇਸ ਨੇਕ ਨੀਅਤ ਅਤੇ ਸੁਧ ਹਿਰਦੇ ਨੂੰ ਤੁਸੀਂ ਕੇਹੜੇ ਘਰੋਂ ਲਿਆਉਗੇ ? ਸੰਸਾਰੀਆਂ ਦੇ ਘਟ ਰੂਪੀ ਘਰ ਤਾ ਨਿਰੇ ਅਵਗੁਣੀ ਭਰਪੂਰ ਹਨ । ਗੁਰੂ ਭੇਟੇ ਬਾਝ ਕਿਸੇ ਪ੍ਰਾਣੀ ਦਾ ਘਟ ਹਿਰਦਾ ਸੁਧ ਨਹੀਂ ਹੋ ਸਕਦਾ ਅਤੇ ਨੀਅਤ ਸਾਫ ਨਹੀਂ ਹੋ ਸਕਦੀ । ਨੀਅਤਾਂ ਬਦਨੀਅਤਾਂ ਹਨ, ਜਿਨ੍ਹਾਂ ਨੂੰ ਨਾਮ ਦੀ ਲਾਗ ਨਹੀਂ ਲਗੀ । ਸਭ ਘਟ ਹਿਰਦੇ ਅਸੁਧ ਹਨ, ਜਿਥੇ ਨਾਮ ਨਹੀਂ ਵੁਠਾ । ਫੇਰ ਭਾਈ ਜੇ ਭਲਾ ਦੇਵਨੇਤ ਕਿਸੇ ਦਾ ਹਿਰਦਾ ਸੁਧ ਭੀ ਹੈ ਤਾਂ ਉਹ ਆਪੋਂ ਹੀ ਸੁਧ ਹੈ, ਉਸ ਨੂੰ ਨਾਮ ਜਪਣ ਦੀ ਕੀ ਲੋੜ ਹੈ ? ਨਾ ਹੀ ਉਹ ਨਾਮ ਨੂੰ ਮੰਨਦੇ ਹਨ, ਨੇਕ ਨੀਅਤੀ ਨੂੰ ਲਈ ਫਿਰਨ, ਨਾਮ ਸਖਣੇ ਸੁਧ ਹਿਰਦਿਆਂ ਨੂੰ ਉਹ ਟਪਾਉਂਦੇ ਫਿਰਨ । ਉਹਨਾਂ ਸੁਧ ਹਿਰਦਿਆਂ ਦਾ ਸੁਬੇਹਤਾ ਕੀ ? ਜੋ ਨਾਮ ਜਪਣ ਰੂਪੀ ਸਦਗੁਣਾਂ ਦੇ ਨੇੜੇ ਭੀ ਨਹੀਂ ਜਾਂਦੇ । ਜਿਨ੍ਹਾਂ ਹਿਰਦਿਆਂ ਅੰਦਰ ਨਾਮ ਨਹੀਂ ਵਸਿਆ ਅਤੇ ਨਾਮ ਨਹੀਂ ਉਪਜਿਆ, ਉਹਨਾਂ ਘਟ ਹਿਰਦਿਆਂ ਦੀ ਗੁਰਮਤਿ ਅੰਦਰ ਕਾਣੀ ਕਉਡੀ ਜਿੰਨੀ ਕਦਰ ਭੀ ਨਹੀਂ, ਕਿਉਂਕਿ ਉਹ ਨਾਮ ਦੀ ਸ਼ਰਧਾ ਵਲੋਂ ਤਾਂ ਕਾਫਰ ਹੋ ਰਹੇ ਹਨ । ਉਹਨਾਂ ਅਖਾਉਤੀ ਨੇਕ ਨੀਅਤਾਂ ਦੀ ਗੁਰੂ ਘਰ ਵਿਚ ਕੱਖ ਜਿੰਨੀ ਕੀਮਤ ਨਹੀਂ ਪੈਂਦੀ ਜਿਹੜੀਆਂ ਨੀਅਤਾਂ ਨਾਮ ਤੋਂ ਮੁਤਨੱਫਰ ਹਨ । ਜਿਵੇਂ ਨਾਮ ਦੀ ਅਖਾਵਤ ਉਹਨਾਂ ਦੀ ਨਿਰੀ ਥੋਥੀ ਹੀ ਨਿਕਲੀ, ਤਿਵੇਂ ਨੀਅਤਾਂ ਦੀ ਬੁਝਾਰਤ ਉਹਨਾਂ ਦੀ ਫੋਕੀ ਹੈ । ਗੁਰੂ ਦੀ ਮਤਿ ਦਾ ਉਹਨਾਂ ਨੂੰ ਲੇਸ ਮਾਤਰ ਨਹੀਂ ਲਗਾ ।

ਮਨ ਦੀ ਮਤ ਦਾ ਹੀ ਫੋਕਾ ਘੁਮੰਡ ਹੈ, ਸੋ ਪਏ ਬਫਾਉਂਦੇ ਫਿਰਦੇ ਹਨ ਅਤੇ ਆਪਣੇ ਆਪ ਨੂੰ ਜਣਾਉਂਦੇ ਹਨ ਕਿ ਅਸੀਂ ਨਾਮ ਬਾਣੀ ਦੇ ਬੜੇ ਦਾਨੇ ਬੀਨੇ ਹਾਂ। ਨੀਅਤਾਂ ਕੁਨੀਅਤਾਂ ਦੇ ਰਗੜੇ ਝਗੜੇ ਵਿਚ ਪੈਣ ਦੀ ਏਥੇ ਜਾਇ ਨਹੀਂ, ਏਥੇ ਨਾਮ ਜਪਣ ਵਿਚ ਜੁਟ ਪੈਣ ਦਾ ਅਵਸਰ ਆ ਬਣਿਆ ਹੈ। ਵੱਤ ਲਗੀ ਹੋਈ ਹੈ ਸਚਾ ਨਾਮ ਜਪਣ ਦੀ, ਨੀਅਤਾਂ ਕੁਨੀਅਤਾਂ ਦੇ ਲੇਖੇ ਕੁਲੇਖੇ ਏਥੇ ਸਭ ਮੁਕ ਜਾਂਦੇ ਹਨ। ਏਥੇ ਤਾਂ ਪਾਪ ਪੁੰਨ ਰੂਪੀ ਚਿਤਰ ਗੁਪਤਾਂ ਦੇ ਭੀ ਸਭ ਕਾਗਦ ਫਾੜੇ ਜਾਂਦੇ ਹਨ। ਮਨ ਦੀਆਂ ਸੁਧੀਆਂ ਤੇ ਅਸੁਧੀਆਂ ਦੇ ਝਗੜੇ ਝੇੜੇ ਸਭ ਨਾਮ ਨੇ ਮੁਕਾ ਦੇਣੇ ਹਨ। ਸਗਲੀ ਏਹੜ ਤੇਹੜ ਛਡ ਕੇ ਕੇਵਲ ਨਾਮ ਨਾਲ ਜੁਟ ਪੈਣ ਦੀ ਡੇਰ ਹੈ। ਸਤਿਗੁਰੂ ਦਾ ਹੁਕਮ ਮੰਨ ਕੇ ਸਤਿਗੁਰੂ ਦਾ ਹੁਕਮੀ ਬੰਦਾ ਹੋਇਕੇ ਅਤੇ ਗੁਰਦੁਆਰਿਓਂ ਗੁਰਮੰਤ੍ਰ ਰੂਪੀ ਨਾਮ ਦੀ ਰਟਣ ਰੂਪੀ ਸੰਥਿਆ ਨੂੰ ਰਸਨਾ ਦੁਆਰਾ ਪਕਾਉਣ, ਦੁਹਰਾਉਣ, ਤੇਹਰਾਉਣ ਅਤੇ ਲਖ ਲਖ ਵਾਰ ਰਸਨਾਉਣ ਦੀ ਲੋੜ ਹੈ। ਬਸ ਜਦ ਰਸਨਾ ਗਿੱਝ ਗਈ ਨਾਮ ਦੇ ਇਸ ਅਜਪਾ ਜਾਪ ਸਬਕ ਪਕਾਉਣ, ਤਾਂ ਉਸ ਰਸਾਇਣੀ ਰਸਨਾ ਜਾਪ ਦਾ ਸੁਤੇ ਸੁਭਾਇ ਹੀ ਪਾਰਸ ਫਲ ਸਿੱਟਾ ਏਹ ਨਿਕਲੇਗਾ ਕਿ ਨਵ ਨਿਧਿ ਰਿਧੀ ਸਿਧੀ ਸਗਲ ਸਰੰਜਾਮ ਬਣ ਆਵਣਗੇ ਅਤੇ ਸਗਲੇ ਕਾਮ ਮਨੋਰਥ ਚਿਤਵੇ ਅਣ-ਚਿਤਵੇ ਪੂਰਨ ਹੋਵਣਗੇ, ਜੈਸਾ ਕਿ ਉਪਰਲੇ ਗੁਰ ਪ੍ਰਮਾਣ ਵਿਖੇ ਆਇਆ ਹੈ :

ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥

ਗਉੜੀ ਮ: ੫, ਪੰਨਾ ੧੯੫

ਧਰਮ ਅਰਥ ਕਾਮ ਮੋਖ ਕਾ ਦਾਤਾ ਬਿਧਾਤਾ ਏਹ ਨਾਮ ਹੈ। ਤਾਂ ਤੇ ਨਾਮ ਅਭਿਆਸ ਕਮਾਈ ਵਿਚ ਸਭ ਸਿਆਣਫ ਚਤੁਰਾਈਆਂ ਛਡ ਕੇ ਜੁਟ ਪੈਣਾ ਹਰ ਪ੍ਰਕਾਰ ਗੁਣ ਕਾਰੀ ਹੈ। ਇਹ ਸਿਆਣਫਾਂ ਚਤੁਰਾਈਆਂ ਹੀ ਹਨ ਜੋ ਨਾਮ ਵਲ ਨਹੀਂ ਲਗਣ ਦਿੰਦੀਆਂ। ਨਾਮ ਵਲ ਲਗਿਆਂ ਏਹਨਾਂ ਦਾ ਭੀ ਨਮੂਦ ਨਹੀਂ ਰਹਿੰਦਾ। ਸੜੀਆਂ ਸਿਆਣਫਾਂ ਸਭ ਸੜ ਜਾਂਦੀਆਂ ਹਨ ਅਤੇ ਚੜੀਆਂ ਚਤਰਾਈਆਂ ਭੀ ਚੂਰ ਚੂਰ ਹੋ ਜਾਂਦੀਆਂ ਹਨ। ਹਾਂ ! ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਕਪਟ ਵਿਕਾਰ ਅਤੇ ਪਖੰਡ ਨੂੰ ਮੁਖ ਰਖ ਕੇ ਨਾਮ ਜਪਣਾ ਬਿਵਰਜਤ ਹੈ। ਬਿਵਰਜਤ ਕੀ ਜਪ ਹੀ ਨਹੀਂ ਹੁੰਦਾ, ਇਸ ਕਪਟ ਵਿਕਾਰ ਵਾਲੀ ਕੁ-ਭਾਵਨਾ ਉਹਨਾਂ ਪਖੰਡੀਆਂ ਕਪਟੀਆਂ ਨੂੰ ਇਕ ਵਿਖ ਭੀ ਨਾਮ ਕਮਾਈ ਦੇ-ਮਾਰਗ ਅੰਦਰ ਅਗਾਹਾਂ ਨਹੀਂ ਤੁਰਨ ਦਿੰਦੀ; ਸਗੋਂ "ਜੇ ਇਕ ਵਿਖ ਅਗਾਹਾ ਭਰੇ ਤਾ ਦਸ ਵਿਖਾ ਪਿਛਾਹਾ ਜਾਇ" ਵਾਲਾ ਕੁਕਾਜ ਅਕਾਜੀ ਬਿਰਥਾ ਯਤਨ ਹੈ। ਹਾਂ ਏਹਨਾਂ ਕਪਟ ਕੁਕਾਜੀ ਤੇ ਪਾਖੰਡ ਵਿਕਾਰੀ ਕੁਕਰਮਾਂ ਵਿਕਰਮਾਂ ਤੋਂ ਪਸਚਾਤਾਪ ਕਰਦਾ ਹੋਇਆ ਏਹਨਾਂ ਕਪਟ ਪਖੰਡਾਂ ਤੋਂ ਉਪਰਾਮ ਹੋ ਕੇ

ਅਗਾਹਾਂ ਲਈ ਗੁਰੂ ਸਚੇ ਪਾਦਸ਼ਾਹ ਸਚੇ ਗੁਰਦੇਵ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਰਗਾਹ ਵਿਚ ਪੰਜਾਂ ਪਿਆਰਿਆਂ ਦੇ ਸਨਮੁਖ ਸਚੀ ਪਰਤੱਗਿਆ ਜੋ ਭੀ ਸਿਖੀ ਦਾ ਉਮੈਦਵਾਰ ਕਰਦਾ ਹੈ ਕਿ ਅਗਾਹਾਂ ਲਈ ਏਹਨਾਂ ਕੁਕਰਮਾਂ ਤੋਂ ਉਹ ਬਾਜ਼ ਆਵੇਗਾ ਅਤੇ ਗੁਰੂ ਸਾਹਿਬ ਦੇ ਸਨਮੁਖ "ਪੰਜਾਂ-ਪਰਮੇਸਰ" ਕਲਾ ਵਾਲੇ ਪੰਜਾਂ ਪਿਆਰਿਆਂ ਨੂੰ ਏਹ ਯਕੀਨ ਆ ਜਾਵੇ ਕਿ ਏਸ ਦੀ ਪਸਚਾਤਾਪੀ ਪਰਤੱਗਿਆ ਸਚੇ ਦਿਲੋਂ ਹੈ, ਤਦ ਉਸ ਨੂੰ ਪੰਜਾਂ ਪਿਆਰਿਆਂ ਦੁਆਰਾ ਪ੍ਰਾਪਤ ਹੋਇਆ ਨਾਮ ਜ਼ਰੂਰ ਦ੍ਰਿੜ੍ਹ ਹੋ ਜਾਵੇਗਾ ਅਤੇ ਉਹ ਤੱਤ ਕਾਲ ਨਾਮ ਜਪਣ ਵਿਚ ਜੁਟ ਜਾਏਗਾ ਅਤੇ ਜੁਟਿਆ ਰਹੇਗਾ, ਤਿਸ ਦਾ ਨਾਮ ਜਪਿਆ ਕਦੇ ਭੀ ਅਕਾਰਥ ਨਹੀਂ ਜਾਏਗਾ। ਏਹ ਸਮਝਣਾ ਕਿ ਉਹ ਕਪਟੀ ਪਖੰਡੀ ਸਾਰੀ ਉਮਰ ਰਿਹਾ ਹੈ, ਇਸ ਗੱਲ ਦੀ ਕੋਈ ਪਰਵਾਹ ਨਹੀਂ ਭਾਵੇਂ ਉਸ ਨੇ ਪਿਛਲੀ ਉਮਰ ਵਿਚ ਕਪਟ ਪਾਖੰਡ ਦੀਆਂ ਪੰਡਾਂ ਕਿਉਂ ਨਾ ਲਦ ਲਈਆਂ ਹੋਣ, ਪਰ ਉਸਦਾ ਨਾਮ ਜਪਿਆ ਫਲੀਭੂਤ ਹੋਵੇਗਾ।

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥

ਸੋਰਠਿ ਮ: ੫, ਪੰਨਾ ੬੨੪

ਪਾਪਾਂ ਤੋਂ ਬੇ-ਸੂਝ ਅਰਥਾਤ ਪਾਪ ਪੁੰਨ ਦੀ ਪਹਿਚਾਣ ਤੋਂ ਬੇ-ਸਮਝ ਲੋਕੀ ਦਿਨ ਪ੍ਰਤਿ ਲਖ ਅਪ੍ਰਾਧ ਕਮਾਉਂਦੇ ਹਨ। ਉਹਨਾਂ ਨੂੰ ਸੋਝੀ ਹੀ ਨਹੀਂ। ਸੱਚੀ ਸੋਝੀ ਗੁਰੂ ਘਰ ਵਿਖੇ ਜਨਮ ਲਇਆਂ ਆਉਂਦੀ ਹੈ; ਗੁਰੂ ਦੁਆਰੇ ਆਇਆਂ ਆਉਂਦੀ ਹੈ; ਗੁਰੂ ਸਰਣੀ ਪਇਆਂ ਆਉਂਦੀ ਹੈ; ਗੁਰ ਉਪਦੇਸ਼ ਗਹਿਆਂ ਆਉਂਦੀ ਹੈ; ਸਤਿਗੁਰੂ ਉਪਦੇਸ਼ ਦੀਆਂ ਬਹੁ-ਭਾਤੀ ਤਾੜਨਾ ਮਈ ਝਿੜਕੀਆਂ ਝੱਲਿਆਂ ਆਉਂਦੀ ਹੈ।

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥

ਸੋਰਠਿ ਮ: ੫, ਪੰਨਾ ੬੨੪

ਪਿਛਲੇ ਕੀਤੇ ਲਖ ਅਪ੍ਰਾਧ ਭੀ ਗੁਰ ਸਰਣਿ ਆਇਆਂ ਅਤੇ ਗੁਰ ਉਪਦੇਸ਼ ਗਹਿਆਂ ਬਖਸ਼ੇ ਜਾਂਦੇ ਹਨ ਅਤੇ ਅਗੇ ਨੂੰ ਉਹ ਸੱਚੇ ਸੁਮਾਰਗ ਪੈ ਜਾਂਦਾ ਹੈ ਤਾਂ ਕਪਟ ਵਿਕਾਰ ਅਤੇ ਪਖੰਡ ਕਮਾਵਨ ਜੋਗਾ ਕਿਥੇ ਰਿਹਾ ? ਨਾਮ ਦੀ ਅਗਾਧ ਕਲਾ ਦੁਆਰਾ ਉਹ ਕਪਟ ਪਖੰਡ ਕਮਾਵਣਾ ਹੀ ਨਹੀਂ ਪਾਉਂਦਾ।

ਕਟੇ ਪਾਪ ਅਸੰਖ ਨਾਵੈ ਇਕ ਕਣੀ ॥

ਮ: ੩ ਵਾਰ ਮਲਾਰ ਕੀ ਮ: ੧, ਪੰਨਾ ੧੨੯੩

ਇਕ ਕਣੀ ਨਾਮ ਦੀ ਅਸੰਖ ਪਾਪਾਂ ਦੇ ਕੱਟਣ ਨੂੰ ਸਮਰੱਥ ਹੈ। ਨਾਮ

ਅਭਿਆਸੀ ਦੇ ਹਿਰਦੇ ਵਿਚ ਕਪਟ ਪਖੰਡ ਰਹਿ ਹੀ ਨਹੀਂ ਸਕਦੇ, ਜੇ ਰਹਿੰਦੇ ਹਨ ਤਾਂ ਉਹ ਨਾਮ ਹੀ ਨਹੀਂ ਜਪਦਾ। ਪਹਿਲੀ ਨਾਮ ਅਭਿਆਸ ਬਿਵਸਥਾ ਅੰਦਰ ਕਿਤੇ ਕਿਤੇ ਸੰਕਲਪ ਮਾਤਰ ਜੇ ਕਦੇ ਏਹੇ ਵਿਕਾਰ ਉਪਜਦੇ ਭੀ ਹਨ ਤਾਂ ਨਾਮ ਦੀ ਚੁੰਭਕ ਸੈਕਲੀ ਕਲਾ ਦੁਆਰਾ ਤਤਕਾਲ ਦਗਧ ਹੋ ਜਾਂਦੇ ਹਨ। ਆਪੋਂ ਦਗਧ ਨਹੀਂ ਹੁੰਦੇ ਚਾਹੇ ਲਖ ਯਤਨ ਕਰ ਲਵੇ। ਸਹਸ ਸਿਆਣਪਾਂ ਕਿਸੇ ਕੰਮ ਨਹੀਂ ਆਉਂਦੀਆਂ, ਲਖ ਹਿਕਮਤਾਂ ਕਿਸੇ ਲੇਖੇ ਨਹੀਂ। ਪਾਪਾਂ ਰੂਪੀ ਮੈਲ ਤੋਂ ਨਿਰਮਲ ਕਰਨ ਲਈ ਬਸ ਇਕ ਨਾਮ ਹੀ ਸਮਰਥ ਹੈ। ਨਾਮੋ ਸੁੰਞੀ ਮਤ ਸਭ ਪਾਪਾਂ ਨਾਲ ਭਰੀ ਹੋਈ ਮਤ ਹੈ। ਇਹ ਕਹਿਣਾ ਕਿ ਪਹਿਲਾਂ ਪਾਪਾਂ ਦੀ ਮੈਲ ਧੋ ਲਵੋ, ਫੇਰ ਇਸ ਬਿਧਿ ਨਿਰਮਲ ਹੋ ਕੇ ਨਾਮ ਜਪੋ; ਏਹ ਤਾਂ ਨਾਮ ਨਾਲ ਮਖੌਲ ਕਰਨਾ ਹੈ। ਭਲਾ ਜੇ ਮੈਲ ਤਾਂ ਆਪਣੀਆਂ ਸਿਆਣਪਾਂ ਚਤਰਾਈਆਂ ਨਾਲ ਦੂਰ ਹੋ ਗਈ ਤਾਂ ਨਾਮ ਕਿਸ ਬਾਗ ਦੀ ਮੂਲੀ ਰਹਿ ਗਈ। ਪਾਪਾਂ ਨੂੰ ਗੱਲੀਂ ਬਾਤੀਂ ਕੱਟਣ ਵਾਲੀ ਮਤ ਕੇਵਲ ਆਪੋ ਆਪਣੀ ਮਨ ਦੀ ਮਤ ਹੈ। ਸੰਸਾਰ ਵਿਚ ਆਏ ਗਰਭ ਜੋਨੀ ਵਿਚ ਜਨਮੇ ਵਡੇ ਤੋਂ ਵਡੇ ਫਿਲਾਸਫਰਾਂ, ਗੌਢਾਰਮਰਾਂ ਦੀਆਂ ਮਤਾਂ ਸਭ ਮਨ ਦੀਆਂ ਮਤਾਂ ਹਨ, ਅਲਪਗ ਮਤੜੀਆਂ ਹਨ। ਸਮਰੱਥ ਅਤੇ ਸਰਬੱਗ ਸਤਿਗੁਰਾਂ ਦੁਆਰਾ ਧੁਰ ਤੋਂ ਆਈ ਧੁਰੋਂ ਪ੍ਰਗਟਣੀ ਗੁਰਮਤਿ ਮਤਿ ਹੀ ਸੱਚੀ ਸੁਮਤਿ ਮਤਿ ਹੈ। ਏਹ ਧੁਰ ਦੀ ਮਤਿ, ਏਹ ਗੁਰ ਕੀ ਮਤਿ ਧੁਰ ਹੁਕਮ ਰਜ਼ਾ, ਰੱਬੀ ਰਜ਼ਾ, ਅਕਲੀ ਹੁਕਮ-ਰਜ਼ਾ ਦੇ ਸਰੂਪ ਵਿਚ ਅਵਤਰੀ ਸਚੀ ਮਤਿ, ਨਾਮ ਅਭਿਆਸ ਕਮਾਈ ਹੈ। ਇਸ ਪਾਰਸ ਨਾਮ ਦੀ ਅੰਮ੍ਰਿਤ-ਕਲਾ ਕ੍ਰਿਸ਼ਮੀ ਕਮਾਈ ਦੁਆਰਾ ਸਭ ਅਲਪਗ ਮੱਤੜੀਆਂ ਕੁਮਤੜੀਆਂ ਸੈਕੁਲ ਹੋ ਕੇ ਸੁੱਧ ਹੁੰਦੀਆਂ ਹਨ। ਨਾਮ ਕਮਾਈ ਦੇ ਅੰਮ੍ਰਿਤਿ ਕਟਾਕਸ਼ੀ ਰੰਗਾਂ ਰੂਪੀ ਸਾਬੂਣ ਦੁਆਰਾ ਹੀ ਪਾਪਾਂ ਨਾਲ ਭਰੀ ਹੋਈ ਮਨ ਦੀ ਮਤਿ ਧੋਪੀ ਜਾ ਕੇ ਨਿਰਮਲ ਹੁੰਦੀ ਹੈ। "ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥"* ਕਾਮ ਕ੍ਰੋਧ ਲੋਭ ਦੀ ਮੈਲ ਨਾਲ ਲਿਬੜੀ ਹੋਈ ਮਤ੍ਰਿ, ਮੋਹ ਮਦ ਅਹੰਕਾਰ ਮਤਸਰ ਨਾਲ ਮਲੀਨ ਹੋਈ ਵੀ ਮਤਿ ਨੂੰ ਧੋਪਣ ਲਈ ਕਿਸੇ ਕਲਾ ਕ੍ਰਿਸ਼ਮੀ ਸਾਬੂਣ ਦੀ ਲੋੜ ਹੈ। ਮਨ ਦੀਆਂ ਮਤਾਂ ਤਾਂ ਪਹਿਲਾਂ ਹੀ ਨਾਨਾ ਪ੍ਰਕਾਰੀ ਮੈਲਾਂ ਨਾਲ ਅੱਟੀਆਂ ਪਈਆਂ ਹਨ। ਮੈਲ ਨੂੰ ਮੈਲ ਕਦੇ ਨਹੀਂ ਧੋ ਸਕਦੀ। ਮਨ ਨੂੰ ਮਨ ਕਿਵੇਂ ਸਾਫ ਕਰ ਸਕਦਾ ਹੈ ? ਜੇ ਮਲ ਨੂੰ ਮਨ ਰੂਪੀ ਸਾਬੂਣ ਨਾਲ ਹੀ ਧੋ ਕੇ ਸਾਫ ਕਰ ਲੈਂਦੇ ਤਾਂ ਨਾ ਹੀ ਸਤਿਗੁਰਾਂ ਦੇ ਅਵਤਾਰ ਧਾਰਨ ਦੀ ਲੋੜ ਸੀ ਤੇ ਨਾ

---

* ਜਪੁ ਸਾਹਿਬ

ਹੀ ਨਾਮ ਰੂਪੀ ਪਾਰਸ ਬੂਟੀ ਦੇ ਲਿਆਉਣ ਪ੍ਰਗਟਾਉਣ ਅਤੇ ਵਰਤਾਉਣ ਦੀ ਲੋੜ ਸੀ। ਮਨ ਬੁਧੀਆਂ ਤਾਂ ਆਪੇ ਹੀ ਧੋਤੀਆਂ ਧੁਤਾਈਆਂ ਪਈਆਂ ਸਨ। ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਜੀ ਦੇ ਦਸ ਜਾਮੇ ਧਾਰਨ ਦਾ ਉਪਕਾਰ ਹੀ ਬਿਰਥਾ ਸੀ। ਗੁਰੂ ਜਾਮਿਆਂ ਵਿਚ ਆਏ ਪਰਉਪਕਾਰੀ ਜਨ ਆਏ ਤਾਂ ਕੇਵਲ "ਜੀਅ ਦਾਨ ਦੇ ਭਗਤੀ ਲਾਇਨਿ"* ਦੇ ਉਪਕਾਰ ਲਈ ਆਏ ਅਤੇ ਇਸ ਨਾਮ ਭਗਤੀ ਦੁਆਰਾ "ਹਰਿ ਸਿਉ ਲੈਨਿ ਮਿਲਾਇ"* ਵਾਲੀ ਉਚ ਬਿਵਸਥਾ ਸਤਿ ਆਦਰਸ਼ੀ ਬਿਵਸਥਾ ਤਦ ਹੀ ਪ੍ਰਾਪਤ ਹੋ ਸਕਦੀ ਹੈ ਜਦੋਂ ਪਹਿਲਾਂ ਇਸ ਨਾਮ ਬੂਟੀ ਨੂੰ ਵਰਤ ਕੇ ਮਨ ਦੀ ਮੈਲ ਨੂੰ ਕੱਟ ਦਿਤਾ ਜਾਵੇ। ਪਿਛਲੇ ਪੰਨਿਆਂ ਅੰਦਰ ਅਨੇਕ ਗੁਰ ਪ੍ਰਮਾਣ ਦੇ ਕੇ ਨਾਮ ਦੀ ਪਾਰਸ ਕਲਾ ਨੂੰ ਭਲੀ ਬਿਧਿ ਸਾਬਤ ਕਰ ਦਿਤਾ ਗਿਆ ਹੈ ਅਤੇ ਏਹ ਭੀ ਸਿਧ ਕੀਤਾ ਗਿਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਅਨਿਕ ਪ੍ਰਕਾਰੀ ਵਿਕਾਰਾਂ ਦੀ ਮੈਲ ਨਾਲ ਮਲੀਨ ਹੋਇਆ ਮਨ ਕੇਵਲ ਨਾਮ ਦੀ ਪਾਰਸ ਕਲਾ ਦੁਆਰਾ ਹੀ ਨਿਰਮਲ ਕੀਤਾ ਜਾ ਸਕਦਾ ਹੈ। ਅਜੇਹੇ ਬੇਅੰਤ ਪਰਮਾਣ ਗੁਰਬਾਣੀ ਅੰਦਰ ਆਉਂਦੇ ਹਨ, ਜਿਨ੍ਹਾਂ ਤੋਂ ਏਹੀ ਗੱਲ ਦ੍ਰਿੜ ਹੁੰਦੀ ਹੈ ਕਿ ਕੇਵਲ ਨਾਮ ਦੀ ਅਭਿਆਸ ਕਮਾਈ ਦੁਆਰਾ ਹੀ ਮੈਲੇ ਮਨ ਨਿਰਮਲ ਕਰਨ ਵਾਲੀ ਅਤੇ ਪਾਪਾਂ ਗ੍ਰਸੀ ਮਤਿ ਕੁਮਤੜੀ ਅਤੇ ਵਿਕਾਰਾਂ ਬੇੜੀ ਬੁਧ ਕਬੁਧੜੀ ਨੂੰ ਸੋਕਲ ਕਰਨ ਵਾਲੀ ਪਾਰਸ ਕਲਾ ਵਰਤ ਸਕਦੀ ਹੈ, ਤਾਂ ਇਹ ਗੱਲ ਕਹਿਣੀ ਕਿ ਨਾਮ ਦੀ ਕਣੀ ਕਿਰਨ ਓਦੋਂ ਪ੍ਰਗਟ ਹੋਵੇਗੀ ਜਦੋਂ ਮਨ ਸ਼ੁਧ ਨਿਰਮਲ ਹੋ ਜਾਵੇਗਾ, ਕੀ ਅਰਥ ਰਖਦੀ ਹੈ ? ਮਨ ਨੂੰ ਤਾਂ ਸ਼ੁਧ ਨਿਰਮਲ ਕਰਨਾ ਹੈ ਨਾਮ ਨੇ, ਆਪੋਂ ਕਿਵੇਂ ਹੋਵੇਗਾ ? ਹੋਰ ਕੇਹੜੀ ਕਲਾ ਹੈ ? ਜਿਹੜੀ ਮਨ ਨੂੰ ਨਿਰਮਲ ਕਰੇਗੀ, ਕੀ ਮਨ ਦੀ ਮਤਿ ? ਉਹ ਤਾਂ ਖੁਦ ਮੈਲੀ ਹੈ, ਬਲਕਿ ਗੁਰਵਾਕ ਦਸਦੇ ਹਨ ਕਿ ਮਨ ਕੀ ਮਤੀ ਮਿਥਿਆ ਹਨ। ਮਨ ਦੀਆਂ ਬੁਧਾਂ ਸਭ ਕੁਬੁਧਾਂ ਹਨ, ਮਨ ਦੀਆਂ ਸੋਚ ਵਿਚਾਰਾਂ ਸਿਆਣਫਾਂ ਸਭ ਥੋਥੀਆਂ ਹਨ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥

ਜਪੁ ਸਾਹਿਬ

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਜਪੁ ਸਾਹਿਬ

ਏਦੂੰ ਉਪ੍ਰੰਤ ਦਸੋ ਸੰਸਾਰੀ ਸਿਆਣੇ ਕੇਹੜੀ ਮਤਿ ਬੁਧ ਲਿਆਉਣਗੇ ?

---

* ਸੂਹੀ ਮਃ ੫, ਪੰਨਾ ੭੪੯

ਜੇ ਲਿਆਉਣਗੇ ਤਾਂ ਕਿਥੋਂ ? ਮੰਗ ਤੰਗ ਕੇ ਲਿਆਉਣਗੇ ਕਿ ਆਪੇ ਬੂਝ ਬੁਝੱਕੜ ਬਣ ਬਣ ਬੈਠਣਗੇ । ਆਓ ਸਭਿ ਏਹੜ ਤੇਹੜ ਵਿੰਗ ਵਲ ਛਡ ਕੇ ਅਤੇ ਸਿਧੇ ਹੋ ਕੇ ਸਤਿਗੁਰ ਦਾ ਹੁਕਮ ਮੰਨੋ । ਹੁਕਮਾਂ ਸਿਰ ਸੱਚਾ ਹੁਕਮ :

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥

ਸਿਰੀ ਰਾਗੁ ਮ: ੧, ਪੰਨਾ ੭੨

ਤਾਂਤੇ ਨਾਮ ਅਭਿਆਸ ਕਮਾਈ ਵਿਚ ਜੁਟਣਾ ਹੀ ਹੁਕਮ ਰਜ਼ਾਈ ਚਲਣਾ ਹੈ । 'ਹੁਕਮ ਰਜ਼ਾਈ ਚਲਣ' ਦੇ ਅਸਲ ਅਰਥ ਹੀ ਇਹ ਹਨ । ਸਤਿਗੁਰੂ ਦਾ ਸਿਖ ਸਦਵਾ ਕੇ, ਸਤਿਗੁਰੂ ਦੇ ਸਿਖੀ ਰੂਪੀ ਹੁਕਮੀ ਦਾਇਰੇ ਵਿਚ ਆ ਕੇ ਗੁਰਸਿਖ ਦਾ ਅਹਿਮ ਅਤੇ ਅੱਵਲ ਤਰੀਨ ਮੁਖ ਧਰਮ ਇਹ ਹੈ ਕਿ ਉਹ ਨਾਮ ਜਪਣ ਰੂਪੀ ਸਤਿਗੁਰੂ ਦਾ ਹੁਕਮ ਮੰਨੇ । ਯਥਾ ਗੁਰਵਾਕ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

ਗਉੜੀ ਕੀ ਵਾਰ ਮ: ੪, ਪੰਨਾ ੩੦੫

ਕਿਆ ਸੁੰਦਰ ਅਤੇ ਸਪਸ਼ਟ ਹੁਕਮ ਹੈ, ਇਸ ਦੀ ਵਿਆਖਿਆ :

ਸਚੇ ਗੁਰੂ ਸਤਿਗੁਰੂ ਦਾ ਸਿਖੁ ਸੋ ਹੈ, ਜੋ ਨਿਤ ਉਠ ਕੇ ਨਾਮ ਧਿਆਉਂਦਾ ਹੈ ਅਤੇ ਇਸ ਬਿਧਿ ਧਿਆਉਂਦਾ ਹੈ ਕਿ ਨਿਤ ਉਠ ਕੇ ਪ੍ਰਭਾਤ ਸਮੇਂ ਇਸ਼ਨਾਨ ਕਰਨ ਦਾ ਉਦਮ ਧਾਰਦਾ ਹੈ ਅਤੇ ਇਸ਼ਨਾਨ ਭੀ ਅੰਮ੍ਰਿਤ ਸਰੋਵਰ ਵਿਖੇ ਨਿਤ ਉਠ ਨਾਵਣ ਵਾਲਾ ਇਸ਼ਨਾਨ ਕਰਦਾ ਹੈ । ਜਿਹੜੇ ਗੁਰਸਿਖ ਸਿਰੀ ਅੰਮ੍ਰਿਤਸਰ ਜੀ ਦੇ ਵਾਸੀ ਯਾ ਨਿਕਟ ਸਮੀਪੀ ਬਾਸ਼ਿੰਦੇ ਹਨ, ਉਹਨਾਂ ਦਾ ਅਹਿਮ ਉਦਮੀ

ਫਰਜ਼ ਇਹ ਹੈ ਕਿ ਨਿਤਾ ਪ੍ਰਤਿ ਅੰਮ੍ਰਿਤ ਵੇਲੇ ਸਿਰੀ ਅੰਮ੍ਰਿਤ ਸਰੋਵਰ ਵਿਖੇ ਇਸ਼-ਨਾਨ ਕਰਨ ਅਤੇ ਜਿਹੜੇ ਗੁਰਸਿਖ ਸਿਰੀ ਅੰਮ੍ਰਿਤਸਰ ਜੀ ਤੋਂ ਦੂਰ ਦੁਰੇਡੇ ਹਨ ਅਤੇ ਨਿਤਾ ਪ੍ਰਤਿ ਸ੍ਰੀ ਅੰਮ੍ਰਿਤਸਰ ਜੀ ਆ ਨਹੀਂ ਸਕਦੇ ਉਹ ਭੀ ਨਿਤਾ ਪ੍ਰਤਿ ਅੰਮ੍ਰਿਤ ਸਰੋਵਰ ਦਾ ਇਸ ਬਿਧਿ ਇਸ਼ਨਾਨ ਕਰ ਸਕਦੇ ਹਨ ਅਤੇ ਕਰਦੇ ਹਨ ਕਿ ਕੂਪ ਜਲ, ਦਰਿਆਉ ਜਲ ਨਾਲ ਇਸ਼ਨਾਨ ਕਰਦੇ ਹੋਏ ਅਰਥਾਤ ਇਸ਼ਨਾਨ ਸਮੇਂ ਜਿਹੜੇ ਗੁਰਸਿਖ ਅੰਮ੍ਰਿਤ ਬਾਣੀ ਸ੍ਰੀ ਜਪੁਜੀ ਸਾਹਿਬ ਆਦਿ ਗੁਰਬਾਣੀ ਦਾ ਪਾਠ ਭੀ ਨਾਲੋ ਨਾਲ ਕਰਦੇ ਹਨ ਯਾ ਗੁਰ ਉਪਦੇਸ਼, ਪੰਚਾਂ ਪਿਆਰਿਆਂ ਦੁਆਰਾ ਗੁਰੂ ਗੁਰਦੇਵ ਦੀ ਤਾਬਿਆਦਾਰੀ ਗੁਰ ਆਗਿਆਕਾਰੀ ਵਿਚ ਦ੍ਰਿੜ੍ਹਾਏ ਗੁਰਮੰਤ੍ਰ ਰੂਪੀ ਅੰਮ੍ਰਿਤ ਨਾਮ ਦਾ ਜਾਪ ਭੀ ਨਾਲੋ ਨਾਲ ਜਪਦੇ ਹਨ, ਉਹ ਨਿਤਾ ਪ੍ਰਤਿ ਅੰਮ੍ਰਿਤਸਰ ਦਾ ਇਸ਼ਨਾਨ ਕਰਦੇ ਹਨ, ਉਨ੍ਹਾਂ ਉਤੇ ਸਿਰੀ ਅੰਮ੍ਰਿਤਸਰ ਜੀ ਤੋਂ ਦੂਰ ਨਿਵਾਸ ਰਖਦਿਆਂ ਹੋਇਆਂ ਭੀ ਅੰਮ੍ਰਿਤ ਮਜਨੀ ਕਲਾ ਵਰਤਦੀ ਹੈ। ਨਾਮ ਅਭਿਆਸ ਦੇ ਸਚੇ ਆਸ਼ਕ ਸਵਾ ਪਹਿਰ ਰਾਤ ਰਹਿੰਦੀ ਹੀ ਇਹ ਉਦਮ ਧਾਰਦੇ ਹਨ ਅਤੇ ਨਿਤਾ ਪ੍ਰਤਿ ਧਾਰਦੇ ਹਨ, ਨਿਯਮ ਨਾਲ ਅਜਿਹੇ ਉਦਮੀ ਬਣਦੇ ਹਨ। ਉਪਰ ਦਸੀ ਗੁਰਮਤ ਬਿਧੀ ਅਨੁਸਾਰ ਅੰਮ੍ਰਿਤ ਮਜਨੀ ਇਸ਼ਨਾਨ ਕਰ ਕੇ ਫੇਰ ਦਿਨ ਚੜ੍ਹੇ ਤਾਈਂ ਗੁਰਮੰਤ੍ਰ ਦੇ ਜਾਪ ਜਪਣ ਰੂਪੀ ਨਾਮ ਅਭਿਆਸ ਕਮਾਈ ਵਿਚ ਜੁਟੇ ਰਹਿੰਦੇ ਹਨ ਅਤੇ ਫੇਰ ਚੜ੍ਹੇ ਦਿਵਸ ਸੂਰਜ ਚੜ੍ਹਨ ਸਾਰ ਗੁਰਬਾਣੀ ਦਾ ਪਾਠ ਨਿਤਨੇਮ ਨਿਬਾਹੁੰਦੇ ਰਨ। ਗੁਰੂ ਦੁਆਰੇ ਹੋਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਦਰਸ਼ਨ ਪਾਠ ਕਰ ਅਤੇ ਨਿਤ ਨੇਮ ਬਾਣੀ ਤੋਂ ਫਾਰਗ ਹੋਇ ਗੁਰਮਤਿ ਗ੍ਰਿਸਤ ਦੇ ਬਿਵਹਾਰ ਕਾਰ ਕਰਦੇ ਹੋਏ ਭੀ ਬਹਿੰਦਿਆਂ ਉਠਦਿਆਂ ਨਾਮ ਅਭਿਆਸ ਕਮਾਈ ਕਰਦੇ ਰਹਿੰਦੇ ਹਨ। ਅੰਮ੍ਰਿਤ ਵੇਲੇ ਵੱਤੇ ਦੀ ਬੀਜੀ ਹੋਈ ਨਾਮ ਪਨੀਰੀ ਅੰਮ੍ਰਿਤ ਵੇਲੇ ਦੀ ਸਵਾ ਪਹਿਰੀ ਕੀਤੀ ਹੋਈ ਨਾਮ ਕਮਾਈ ਆਪਣਾ ਇਹ ਰੰਗ ਲਿਆਉਂਦੀ ਹੈ ਕਿ ਫੇਰ ਦਿਨ ਭਰ ਨਾਮ ਦਾ ਸੁਤੇ ਸੁਭਾਵੀ ਪਰਵਾਹ ਤੁਰਿਆ ਰਹਿੰਦਾ ਹੈ। ਮਾਨੋਂ ਨਾਮ ਦੀ ਕੁੰਜੀ ਲਗ ਜਾਂਦੀ ਹੈ ਅਤੇ ਸੁਆਸ ਅਭਿਆਸੀ ਨਾਮ ਜਾਪ ਕਮਾਈ ਦਾ ਖੰਡਾ ਆ ਮੁਹਾਰਾ ਹੀ ਖੜਕਦਾ ਰਹਿੰਦਾ ਹੈ ਅਤੇ ਗੁਰ ਸਿਖ ਗ੍ਰਿਹਸਤੀ ਜਨ ਬਹਿੰਦਿਆਂ ਉਠਦਿਆਂ ਤੁਰਦਿਆਂ ਫਿਰਦਿਆਂ, ਖਾਂਦਿਆਂ ਪੀਂਦਿਆਂ, ਕੰਮ ਕਾਜ ਕਰਦਿਆਂ ਭੀ ਨਾਮ ਜਪਦਾ ਰਹਿੰਦਾ ਹੈ। ਇਸ ਬਿਧਿ ਜੇਹੜਾ ਗੁਰੂ ਦਾ ਸਿਖ ਸਾਸਿ ਗਿਰਾਸ ਨਾਮ ਜਪਦਾ ਹੈ, ਸੋ ਸਿਖ ਗੁਰੂ ਨੂੰ ਭਾਉਂਦਾ ਹੈ ਅਰਥਾਤ ਜੋ ਉਪਰ ਦਸੀ ਗੁਰੂ ਦੇ ਹੁਕਮ ਵਾਲੀ ਕਾਰ ਕਮਾਉਂਦਾ ਹੈ ਸੋ ਗੁਰ ਸਿਖ ਹੀ ਗੁਰੂ ਨੂੰ ਭਾਉਂਦਾ ਹੈ, ਗੁਰੂ ਦੇ ਭਾਣੇ ਅੰਦਰ ਚਲਣ ਵਾਲਾ ਸਿਖ ਹੀ ਗੁਰੂ ਨੂੰ ਭਾਉਂਦਾ ਹੈ, ਕਿਉਂਕਿ ਗੁਰੂ ਦਾ ਸਚਾ ਹੁਕਮੀ ਬੰਦਾ ਸਿਖ ਉਹ ਹੈ ਜੋ ਸੁਆਸ

ਸ੍ਵਾਸ ਨਾਮ ਧਿਆਉਂਦਾ ਅਤੇ ਇਸ ਬਿਧ ਗੁਰੂ ਦਾ ਹੁਕਮ ਕਮਾਉਂਦਾ ਹੈ :

"ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭ ਕਿਲਵਿਖ ਪਾਪ ਦੋਖ ਲਹਿ ਜਾਵੈ"

ਵਾਲੀ ਗੁਰ ਪੰਗਤੀ ਦਸਦੀ ਹੈ ਕਿ ਗੁਰੂ ਉਪਦੇਸ ਦੁਆਰਾ ਪ੍ਰਾਪਤ ਹੋਏ ਨਾਮ ਅਰਥਾਤ ਗੁਰਮਤਿ ਨਾਮ ਦੇ ਜਾਪ ਜਪਣ ਦਾ ਏਹ ਪਾਰਸ ਭੂਤੀ ਪਰਤਾਪ ਹੁੰਦਾ ਹੈ ਕਿ

"ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ"

ਦੇ ਵਾਕ ਅਨੁਸਾਰ ਭਾਰੀ ਉੱਗਰ ਪਾਪ ਦੋਖ ਕਮਾਤੇ ਭੀ ਉਤਰ ਜਾਂਦੇ ਹਨ, ਜੈਸੇ ਕਿ ਗਨਕਾ ਪਾਪਨ ਦੇ ਉਤਰ ਗਏ। ਐਸਾ ਨਾਮ ਦੀ ਪਾਰਸ ਕਮਾਈ ਦਾ ਕਲਾ ਕਉਤਕੀ ਪ੍ਰਭਾਵ ਹੈ! ਇਸ ਵਿਚ ਰੰਚਕ ਸੰਦੇਹ ਨਹੀਂ ਕਿ ਪਹਿਲੇ ਪਹਿਲ ਨਾਮ ਅਭਿਆਸ ਕਮਾਈ ਅਰੰਭ ਕਰਨ ਲਗਿਆਂ ਮਨ ਟਿਕਦਾ ਨਹੀਂ ਅਤੇ ਅਨਿਕ ਪ੍ਰਕਾਰੀ ਸੰਕਲਪ ਵਿਕਲਪੀ ਫੁਰਨੇ ਕੁਫੁਰਨੇ ਫੁਰਦੇ ਰਹਿੰਦੇ ਹਨ। ਪਰ ਅਭਿਆਸੀ ਜਨ ਜੋਰੋ ਜੋਰ ਜੁਟਿਆ ਰਹੇ, ਰਸਨਾ ਕਰਕੇ ਮੁਖ ਕਰਕੇ ਭੀ ਸੁਆਸਾਂ ਦੇ ਸਬਦ ਬਿਲੋਵਨੇ ਕਰਕੇ ਭੀ ਬਸ ਜੁਟਿਆ ਹੀ ਚਲਿਆ ਜਾਵੇ। ਫੁਰਨੇ ਕੁਫੁਰਨੇ ਸਨੇ ਸਨੇ ਨਾਮ ਅਭਿਆਸ ਦੇ ਪ੍ਰਭਾਵ ਕਰ ਦਘਧ ਹੋਣੇ ਸ਼ੁਰੂ ਹੋ ਜਾਣਗੇ। ਅਭਿਆਸੀ ਜਨ ਨੂੰ ਨਿਤਾਪ੍ਰਤਿ ਫਰਕ ਪੈਂਦਾ ਆਪੇ ਹੀ ਪਰਤੀਤ ਹੋਊ, ਇਸ ਬਿਧਿ ਹੁਕਮੀ ਬੰਦੇ ਨਾਮ ਅਭਿਆਸ ਕਮਾਈ ਕਮਾਉਣ ਵਾਲੇ ਗੁਰਸਿਖ ਉਤੇ ਇਕ ਦਿਨ ਪੂਰਨ ਕਿਰਪਾ ਹੋ ਜਾਂਦੀ ਹੈ ਤੇ ਉਸ ਦਾ ਮਨੁ ਉਸ ਦੇ ਵਸ ਵਿਚ ਆ ਜਾਂਦਾ ਹੈ। ਯਥਾ ਗੁਰਵਾਕ :

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥
ਥਿਤੀ ਗਉ: ਮ: ੫, ਪੰਨਾ ੨੯੮

ਸਤਿਗੁਰੂ ਦੀ ਕਿਰਪਾ ਤਾਂ ਉਸ ਉਤੇ ਓਦੋਂ ਦੀ ਹੀ ਹੋਣੀ ਅਰੰਭ ਹੋ ਜਾਂਦੀ ਹੈ ਜਦੋਂ ਦਾ ਉਹ ਆਪਣੇ ਪੂਰਬਲੇ ਕਰਮਾਂ ਕਰਿ ਗੁਰਮੰਤ੍ਰ ਰੂਪੀ ਉਪਦੇਸ਼ ਲੈਣ ਦਾ ਪਾਤਰ ਬਣ ਜਾਂਦਾ ਹੈ :

"ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥"

ਗੁਰ ਪੰਗਤੀ ਦਾ ਭੀ ਇਹੋ ਭਾਵ ਹੈ ਕਿ ਜਿਸ ਉਪਰ ਸੁਆਮੀ ਸਿਰਜਨਹਾਰ ਪੂਰਬਲੇ ਕਰਮਾਂ ਕਰ ਨਦਰ ਨਿਹਾਰ ਕੇ ਦਇਆਲ ਹੁੰਦਾ ਹੈ, ਤਿਸ ਗੁਰਸਿਖ ਨੂੰ ਹੀ ਸਤਿਗੁਰੂ ਗੁਰਮੰਤ੍ਰ ਰੂਪੀ ਗੁਰ ਉਪਦੇਸ਼ ਸੁਣਾਉਂਦਾ ਹੈ। ਗੁਰਮੰਤ੍ਰ ਰੂਪੀ ਗੁਰ ਦੀਖਿਆ ਗੁਰੂਦੁਆਰਿਓਂ ਮਿਲਣ ਸਮੇਂ ਤੋਂ ਗੁਰ ਨਦਰ ਮਿਹਰੰਮਤੀ ਕਿਰਪਾ ਦਾ ਦਰਵਾਜ਼ਾ ਗੁਰ ਦੀਖਸ਼ਤ ਗੁਰਸਿਖ ਉਤੇ ਖੁਲ੍ਹ ਜਾਂਦਾ ਹੈ ਅਤੇ ਜਿਉਂ ਜਿਉਂ ਉਹ

ਇਸ ਗੁਰਦੀਖਿਆ ਨੂੰ ਕਮਾਉਂਦਾ ਹੈ, ਤਿਉਂ ਤਿਉਂ ਉਸ ਉਤੇ ਦਿਨੋ ਦਿਨ ਹੋਰੋ ਹੋਰ ਗੁਰ ਕਿਰਪਾ ਕਟਾਖਸ਼ੀ ਬਰਕਤਾਂ ਬਰਸਦੀਆਂ ਰਹਿੰਦੀਆਂ ਹਨ। ਹੱਤਾਕਿ ਉਸ ਦਾ ਮਨ ਉਸ ਦੇ ਵਸਗਤ ਹੋ ਜਾਂਦਾ ਹੈ। ਇਹ ਪੂਰਨ ਕਿਰਪਾ ਹੋ ਜਾਣ ਦੀ ਨਿਸ਼ਾਨੀ ਹੈ। ਇਹ ਮਨ ਦਾ ਵਸਗਤਿ ਆਉਣਾ ਸਭ ਨਾਮ ਅਭਿਆਸ ਕਮਾਈ ਦਾ ਸਦਕਾ ਹੈ। ਇਸ ਪਦ ਨੂੰ ਪ੍ਰਾਪਤ ਹੋਣ ਪਰ ਅਭਿਆਸੀ ਜਨ ਦੇ ਹਿਰਦੇ ਅੰਦਰ ਆਤਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਥੇ ਅਪੜਕੇ ਨਾਮ, ਆਤਮ-ਜੋਤਿ ਕਣੀ ਹੋ ਕੇ, ਅਭਿਆਸੀ ਜਨ ਦੇ ਹਿਰਦੇ ਨੂੰ ਵਿੰਨ੍ਹ ਲੈਂਦਾ ਹੈ। ਹੀਰਾ ਰਤਨ ਹੋ ਕੇ ਨਾਮ ਰੋਮ ਰੋਮ ਅੰਦਰ ਲਸ਼ਕਾਰੇ ਮਾਰਦਾ ਹੈ। ਜਿਉਂ ਜਿਉਂ ਅਭਿਆਸ ਕਰੀਦਾ ਹੈ, ਤਿਉਂ ਤਿਉਂ ਨਾਮ ਦੀਆਂ ਰਤਨ ਜੋਤੀ ਲਸ਼ਕਾਂ ਜ਼ੋਰੋ ਜ਼ੋਰ ਹੋਰ ਹੋਰ ਵਜਦੀਆਂ ਹਨ ਅਤੇ ਹਿਰਦੇ ਵੇਧਵੇਂ ਆਨੰਦ ਹੁਲਾਸ ਦਾ ਰਸ ਵਿਗਾਸ ਭੀ ਵਧਦਾ ਹੀ ਜਾਂਦਾ ਹੈ। ਇਸ ਰਸ ਜੋਤਿ ਵਿਗਾਸੀ ਆਨੰਦ ਬਵਸਥਾ ਪ੍ਰਾਪਤ ਹੋਣ ਪਰ ਭੀ ਅਭਿਆਸੀ ਜਨ ਦਾ ਨਾਮ ਅਭਿਆਸ ਅਧਿਕ ਵਧੇਰਾ ਹੁੰਦਾ ਜਾਂਦਾ ਹੈ। ਨਾਮ ਅਭਿਆਸ ਕਮਾਈ ਦੀ ਠਲ ਥਾਹ ਕਿਤੇ ਭੀ ਨਹੀਂ। ਨਾਮੀ ਵਾਂਗੂ ਨਾਮ ਦੀ ਗਹਿਣ ਗਤਿ ਭੀ ਅਥਾਹ ਅਤੇ ਅਮਿਟ ਹੈ। ਨਾਮ ਕਮਾਈ ਦੇ ਇਸ ਪਦੰ ਪੁੱਗੇ ਰੰਗਾਂ ਵਿਚ ਰੰਗੀਜ ਕੇ ਨਾਮ ਜੋਤਿ ਰਸੀਏ ਦੇ ਹਿਰਦੇ ਅੰਦਰ ਅਹਿ-ਲਾਦ ਮਈ ਏਹ ਉਤਸ਼ਾਹ ਉਠਦਾ ਹੈ ਕਿ ਨਾਮ ਭਗਤਿ ਕਮਾਈ ਦੀ ਇਸ ਭੁਗਤਿ ਨੂੰ ਸਭ ਤਾਈਂ ਭੂੰਚਾਈਏ। ਤਾਂ ਤੇ ਓਹ ਅਵਰਾਂ ਨੂੰ ਭੀ ਏਹੋ ਪ੍ਰੀਤੀ ਪ੍ਰੇਰਨਾ ਕਰਦੇ ਹਨ ਕਿ ਨਾਮ ਪਦਾਰਥ ਦੇ ਪਾਤਰ ਬਣਨ। ਉਹ ਸਭਨਾਂ ਨੂੰ ਪ੍ਰੇਰ ਕੇ ਗੁਰੂ ਪ੍ਰਾਇਣ ਕਰਾਉਂਦੇ ਹਨ; ਗੁਰੂ ਦੁਆਰੇ ਗੁਰ ਸਰਣਾਈ ਲਿਆਉਂਦੇ ਹਨ; ਨਿਗੁਰੇ ਤੋਂ ਸਗੁਰਾ ਕਰਾਉਂਦੇ ਹਨ ਅਤੇ ਗੁਰੂ ਕਾ ਸਿਖ ਬਣਾਉਂਦੇ ਹਨ। ਇਸ ਬਿਧਿ ਸਭਨਾਂ ਨੂੰ ਗੁਰਸਿਖੀ ਦਾ ਤੱਤ ਉਪਦੇਸ਼ 'ਨਾਮ ਗੁਰਮੰਤ੍ਰ' ਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਰਾਹੀਂ ਦੁਆਉਂਦੇ ਹਨ। ਇਉਂ ਅਤੇ ਕੇਵਲ ਇਉਂ, ਓਹ ਆਪ ਨਾਮ ਜਪਦੇ ਹਨ ਅਤੇ ਅਵਰਾਂ ਨੂੰ ਜਪਾਉਂਦੇ ਹਨ। ਐਸੇ ਗੁਰਸਿਖ ਦੀ ਗੁਰੂ ਨਾਨਕ ਸਾਹਿਬ ਧੂੜਿ ਬਾਛਣ ਦੇ ਆਸ਼ੀਰਬਾਦੀ ਹਨ, ਜੋ ਆਪ ਜਪਦੇ ਹਨ ਅਤੇ ਹੋਰਨਾਂ ਦਾ ਵਸੀਲਾ ਬਣਦੇ ਹਨ। ਜੈਸਾ ਕਿ ਉਪਰਲੇ ਗੁਰ ਪ੍ਰਮਾਣ ਅੰਦਰ ਆਇਆ ਹੈ :

> "ਜਨੁ ਨਾਨਕੁ ਧੂੜਿ ਮੰਗੇ ਤਿਸੁ ਗੁਰਸਿਖ ਕੀ
> ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥"

ਇਸ ਗੁਰ ਪੰਗਤੀ ਦਾ ਕਦੇ ਭੀ ਇਹ ਭਾਵ ਨਹੀਂ (ਜੈਸਾ ਕਿ ਕਈ ਗੁਰੂ ਕੇ ਗੂੜ੍ਹ ਆਸ਼ੇ ਤੋਂ ਅੰਜਾਣ ਲੋਕੀ ਕਰਦੇ ਹਨ) ਕਿ ਨਾਮ ਜਪਣ ਵਾਲੇ ਗੁਰੂ ਕੇ ਸਿਖ ਆਪੋਂ ਇਕੱਲੇ ਹੀ ਹੋਰਨਾਂ ਨੂੰ ਨਾਮ ਗੁਰਮੰਤ੍ਰ ਦੇ ਸਕਦੇ ਹਨ। ਨਾਮ ਗੁਰਮੰਤ੍ਰ

ਦੇਣਾ ਗੁਰੂ ਦਾ ਕੇਵਲ ਗੁਰੂ ਦਾ ਹੀ ਸੀਗਾ ਹੈ। ਹੋਰ ਕਿਸੇ ਭੀ ਗੁਰਸਿਖ ਨੂੰ ਇਹ ਅਧਿਕਾਰ ਨਹੀਂ, ਭਾਵੇਂ ਉਹ ਰਸਾਈ ਵਾਲਾ ਸੰਤ ਗੁਰਸਿਖ ਸੰਤ ਹੀ ਕਿਉਂ ਨਾ ਹੋਵੇ। ਸਤਿਗੁਰੂ ਸਚੇ ਪਾਦਸ਼ਾਹ ਦਾ ਸਭ ਤੋਂ ਵਡਾ ਮਹਤ ਗੁਰਿਆਈ ਪਦ ਦਾ ਇਸੇ ਵਿਚ ਹੈ ਕਿ ਉਹ ਅੰਮ੍ਰਿਤ ਪਦਾਰਥ ਨਾਮ ਦੇ ਦਾਤੇ ਖੁਦ ਆਪ ਹਨ। ਗੁਰੂ ਪਾਦਸ਼ਾਹੀਆਂ ਦੇ ਦਸੇ ਜਾਮਿਆਂ ਦੀ ਆਪੋ ਆਪਣੇ ਸਮੇਂ ਵਰਤ ਰਹੀ ਅਮਰ ਗੁਰੂ ਪਾਦਸ਼ਾਹੀ ਦੇ ਹੁੰਦਿਆਂ ਕਿਸ ਦੀ ਮਜਾਲ ਸੀ ਕਿ ਸਤਿਗੁਰੂ ਪਾਦਸ਼ਾਹ ਬਾਝੋਂ ਕੋਈ ਹੋਰ ਪੁਰਸ਼ ਗੁਰਮੰਤ੍ਰ ਦੀਖਿਆ ਦੇ ਸਕੇ। ਗੁਰੂ ਘਰ ਦੇ ਇਤਿਹਾਸਾਂ ਅੰਦਰ ਇਹ ਉਦਾਹਰਨ ਅਨੇਕ ਥਾਈਂ ਆਉਂਦੇ ਹਨ ਕਿ ਭਾਈ ਗੁਰਦਾਸ ਜੀ ਸਾਰਖੇ ਪੂਰੇ ਗੁਰਮੁਖ਼ ਸਿਖ ਅਤੇ ਬਾਬਾ ਬੁਢਾ ਜੀ ਸਾਰਖੇ ਬ੍ਰਹਮ ਗਿਆਨੀ ਸੰਤ ਸਿਖ, ਦੂਰੋਂ ਦੂਰੋਂ ਸੰਗਤਾਂ ਨੂੰ ਪਰੇਰ ਕੇ ਗੁਰ ਸਰਣਾਈ ਲਿਆਉਂਦੇ ਸਨ ਅਤੇ ਗੁਰਸਿਖੀ ਦੇ ਅਧਿਕਾਰੀ ਬਣਾਇਕੇ ਗੁਰਸਿਖੀ ਦੇ ਉਮੈਦਵਾਰਾਂ ਨੂੰ ਗੁਰੂ ਦੁਆਰੇ ਗੁਰ ਸਰਣਾਗਤੀ ਲਿਆਉਂਦੇ ਸਨ ਅਤੇ ਗੁਰੂ ਸਚੇ ਪਾਦਸ਼ਾਹ ਤੋਂ ਹੀ ਗੁਰਦੀਖਿਆ ਗੁਰਮੰਤ੍ਰ ਦਿਵਾਉਂਦੇ ਸਨ। ਗੁਰਮੁਖ ਸਿਖਾਂ ਨੂੰ ਗੁਰੂ ਬਖਸ਼ੀਆਂ ਮੰਜੀਆਂ ਦਾ ਨਾਮ ਮਹੱਤ, ਜਿਨ੍ਹਾਂ ਗੁਰਮੁਖ ਸਿਖਾਂ ਸੰਤਾਂ ਨੂੰ ਪ੍ਰਾਪਤ ਸੀ, ਉਹਨਾਂ ਦਾ ਮੁਖ ਅਧਿਕਾਰ ਵਕਾਰ ਇਹੋ ਸੀ ਕਿ ਉਹ ਗੁਰਸਿਖੀ ਗੁਰਮੰਤ੍ਰ ਦੀਖਿਆ ਦੇ ਪਾਤਰ ਬਣਾ ਬਣਾ ਗੁਰਸਿਖੀ ਦੇ ਉਮੈਦਵਾਰ ਪ੍ਰਾਣੀਆਂ ਨੂੰ ਪਰੇਰ ਪਰੇਰ ਕੇ ਗੁਰੂ ਸਰਣਾਈ ਲਿਆਵਣ ਤੇ ਗੁਰੂ ਦਵਾਰਿਓਂ ਉਹਨਾਂ ਨੂੰ ਗੁਰਮੰਤ੍ਰ ਰੂਪੀ ਅੰਮ੍ਰਿਤ ਨਾਮ ਦੀ ਦਾਤ ਦਿਵਾਉਣ। ਇਸ ਤਰ੍ਹਾਂ ਹੁਣ ਭੀ ਜੁਗੋ ਜੁਗ ਅਟੱਲ ਗੁਰੂ ਪਾਦਸ਼ਾਹ ਸਚੇ ਗੁਰਦੇਵ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਪਾਦ-ਸ਼ਾਹੀ ਦੇ ਵਰਤਮਾਨ ਸਮੇਂ ਦੇ ਅੰਦਰ ਭੀ ਕਿਸੇ ਇਕੱਲੇ ਗੁਰ ਸਿਖ ਨੂੰ ਗੁਰਮੰਤ੍ਰ ਦੇਣ ਦਾ ਅਧਿਕਾਰ ਨਹੀਂ। ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਤਾਬਿਆ ਵਿਚ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਹੀ ਗੁਰੂ ਦਸਮੇਸ਼ ਦ੍ਰਿੜਾਈ ਮਰਯਾਦਾ ਅਨੁਸਾਰ ਹੀ ਅਧਿਕਾਰੀ ਜਨਾਂ ਨੂੰ ਗੁਰਮੰਤ੍ਰ ਰੂਪੀ ਗੁਰ-ਦੀਖਿਆ ਦਿਤੀ ਜਾ ਸਕਦੀ ਹੈ। ਨਾਮ ਅੰਮ੍ਰਿਤਿ ਪਦਾਰਥ ਛਾਂਦਿਆਂ ਦੇ ਵੰਡ ਛਕਣ ਵਾਲੇ ਗੁਰਮੁਖ ਨਾਮ ਰਸੀਏ ਪਰਉਪਕਾਰੀ ਗੁਰਮੁਖ ਸਿਖ ਨਾਮ ਦੀ ਮਹੱਤਤਾ ਮਹਿਮਾ ਦ੍ਰਿੜਾ ਦ੍ਰਿੜਾ ਅਤੇ ਅੰਮ੍ਰਿਤ ਬੂੰਦ ਦੇ ਚਾਤ੍ਰਿਕ ਬਣਾ ਬਣਾ ਅਮੀ ਰਸ ਦੇ ਪਿਆਸੇ ਜਗਿਆਸੂ ਜਨਾਂ ਨੂੰ ਪਰੇਰ ਪਰੇਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਆ ਲਿਆ ਹਾਜ਼ਰ ਕਰਦੇ ਹਨ ਅਤੇ ਗੁਰੂ ਦੁਆਰਿਓਂ ਨਾਮ ਦਾਨ ਦਿਵਾਉਂਦੇ ਹਨ। ਇਸ ਬਿਧਿ ਉਹ ਆਪ ਜਪਦੇ ਅਤੇ ਅਵਰਾਂ ਨਾਮ ਜਪਾਉਂਦੇ ਹਨ। ਨਾਮ ਜਪਾਉਣ ਦੇ ਅਰਥ ਨਾਮ ਮੰਤ੍ਰਾਉਣ ਦੇ ਕਦੇ ਨਹੀਂ ਹੋ ਸਕਦੇ। ਨਾਮ ਪ੍ਰਾਪਤ ਕਰ ਚੁਕੀਆਂ ਨਾਮ ਨਵਰੰਗ ਸੁਹਾਗ ਵੰਤੀਆਂ ਸਖੀ

ਸਹੇਲੀਆਂ ਗੁਰਮੁਖ ਬੁੱਢਿ ਸੋਹਾਗਣੀਆਂ ਦੀ ਸੰਗਤਿ ਵਿਖੇ ਰਹਿ ਕੇ ਹੀ ਨਾਮ ਜਪਣ ਰੂਪੀ ਕਮਾਈਆਂ ਨੂੰ ਅਧਿਕ ਅਰੂੜ੍ਹ ਕਰ ਸਕੀਦਾ ਹੈ। ਨਵਲ ਨਵੇਲੀਆਂ ਸਖੀ ਸਹੇਲੀਆਂ ਨੂੰ ਸਤਿ ਸੰਗਤਿ ਵਿਖੇ ਰਹਾਇ ਗਿਝਾਇਕੇ ਜੋ ਜੋ ਗੁਰਮੁਖ ਜਨ ਨਾਮ ਕਮਾਈਆਂ ਕਰਾਉਂਦੇ ਹਨ, ਓਹ ਆਪ ਜਪਦੇ ਤੇ ਅਵਰਾਂ ਨਾਮ ਜਪਾਉਂਦੇ ਹਨ। ਗੁਰਮਤਿ ਲੇਖਾਂ ਦੇ ਜੋ ਜੋ ਲਿਖਾਰੀ ਆਪਣੇ ਲੇਖਾਂ ਅੰਦਰ ਲੋਕਾਂ ਨੂੰ ਖੁਲ੍ਹਮ-ਖੁਲ੍ਹੀਆਂ ਨਾਮ ਜਪਣ ਦੀਆਂ ਜੁਗਤੀਆਂ ਦਸਣ ਅਤੇ ਨਾਮ ਗੁਰਮੰਤ੍ਰ ਦਸਣ ਦ੍ਰਿੜ੍ਹਾਉਣ, ਦੂਜੇ ਲਫਜ਼ਾਂ ਵਿਚ ਗੁਰਮੰਤ੍ਰ ਦੇਣ ਦਾ ਤਰੀਕਾ ਵਰਤਦੇ ਹਨ, ਓਹ ਸਭ ਗੁਰੂ ਡੰਮ ਦਾ ਪਰਚਾਰ ਹੀ ਕਰਦੇ ਹਨ। ਇਸ ਤਰ੍ਹਾਂ ਕਰਨਾ ਗੁਰੂ ਅਤੇ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਸ਼ਰੀਕ ਬਣਨਾ ਹੈ। ਗੁਰ-ਮੰਤ੍ਰ ਦੇਣ ਦਸਣ ਦੀ ਇਹ ਲੇਖਾਂ ਵਾਲੀ ਖੁਲ੍ਹ ਖੇਡ ਏਹਨਾਂ ਲੇਖਾਂ ਦੇ ਪੜ੍ਹਨ ਹਾਰਿਆਂ ਦਾ ਸਾਰਦੀ ਭੀ ਕਖ ਨਹੀਂ। ਨਾ ਹੀ ਉਨ੍ਹਾਂ ਨੂੰ ਨਾਮ ਦ੍ਰਿੜ੍ਹ ਹੁੰਦਾ ਹੈ, ਨਾ ਓਹ ਨਾਮ ਜਪਣ ਰੂਪੀ ਅਭਿਆਸ ਕਮਾਈ ਵਿਚ ਲਗ ਸਕਦੇ ਹਨ। ਜਦ ਸਉਰਦਾ ਸਰਦਾ ਕੁਛ ਨਹੀਂ ਤਾਂ ਇਸ ਖੁਲ੍ਹ ਖੇਡ ਦਾ ਲਾਭ ਕੀ? ਬਸ ਏਤਨਾ ਜ਼ਰੂਰ ਹੈ ਕਿ ਨਾਮ ਦੀ ਇਸ ਬਿਧ ਨਸ਼ਰ ਨਸ਼ਰਾਈ ਕਰਨਹਾਰੇ ਨਾਮ ਦੇ ਬੂਝ ਬੁਝੱਕੜ ਪਰਸਿਧ ਹੋ ਜਾਂਦੇ ਹਨ, ਪਰ ਨਾਮ ਦੀ ਸਰਧਾ ਕਿਸੇ ਨੂੰ ਨਹੀਂ ਉਪਜਦੀ। ਗੁਰਮੰਤਰ ਦੀ ਇਸ ਬਿਧਿ ਖੁਲ੍ਹ ਖੇਡ ਕਰਨ ਹਾਰਿਆਂ ਨੂੰ ਅਸੀਂ ਦੇਖਿਆ ਹੈ ਕਿ ਉਹ ਖੁਦ ਭੀ ਨਾਮ ਵਲੋਂ ਉਕੇ ਅਸਰਧਕ ਹੁੰਦੇ ਹਨ। ਇਕੋ ਉਦਾਹਰਨ ਇਸ ਗੱਲ ਨੂੰ ਸਿਧ ਕਰਨ ਲਈ ਕਾਫੀ ਹੋਊ 'ਰਹਿਤ ਪ੍ਰਕਾਸ਼' ਨਾਮੇ ਪੁਸਤਕ ਦੇ ਲਿਖਾਰੀ ਪ੍ਰਗਟਾਰੀ ਪੁਰਸ਼ਾਂ ਨੇ ਇਸ ਪੁਸਤਕ ਦੀਆਂ ਪਹਿਲੀਆਂ ਐਡੀਸ਼ਨਾਂ ਅੰਦਰ 'ਗੁਰਮੰਤ੍ਰ' ਨੂੰ ਹੋਰ ਦਰਸਾਇਆ ਸੀ ਅਤੇ ਨਵੀਨ ਐਡੀਸ਼ਨਾਂ ਤੇ ਹੋਰ ਪੁਸਤਕਾਂ ਅੰਦਰ ਹੋਰ ਤਰ੍ਹਾਂ ਹੀ ਜਣਾਇਆ ਹੈ। ਇਸ ਤੋਂ ਸਾਫ ਸਿਧ ਹੁੰਦਾ ਹੈ ਕਿ ਉਹਨਾਂ ਨੂੰ ਗੁਰਮੰਤਰ ਉਤੇ ਕੋਈ ਸਰਧਾ ਭਰੋਸਾ ਨਹੀਂ, ਐਵੇਂ ਬੇ-ਥੋਹੇ ਉਖੜੇ ਕੁਹਾੜੇ ਮਾਰਦੇ ਹਨ। ਅਸਾਨੂੰ ਉਨ੍ਹਾਂ ਦੀ ਜ਼ਾਤੀ ਵਾਕਫੀਅਤ ਹੋਣ ਕਰ ਏਹ ਗਲ ਨਿਸਚੇ ਹੈ ਕਿ ਉਹਨਾਂ ਨੂੰ ਗੁਰਮੰਤਰ-ਗੁਰਮਤਿ ਨਾਮ ਦ੍ਰਿੜ੍ਹ ਨਹੀਂ ਸੀ, ਨਾ ਉਹ ਨਾਮ ਦੀ ਕਮਾਈ ਕਰਨਹਾਰੇ ਸਨ ਯਾ ਹਨ। ਐਸੀਆਂ ਪੁਸਤਕਾਂ ਅਤੇ ਨਾਮ ਦੀ ਖੁਲ੍ਹ ਖੇਡ ਕਰਨ ਹਾਰੇ ਅਜ ਕਲ ਦੇ ਲੇਖਕਾਂ ਦੇ ਅਨਿਕ ਪ੍ਰਕਾਰੀ ਲੇਖਾਂ ਦੇ ਪੜ੍ਹਨਹਾਰੇ ਕੀ ਨਾਮ ਅਭਿਆਸੀ ਬਣ ਸਕਦੇ ਹਨ? ਕੀ ਓਹਨਾਂ ਨੂੰ ਨਾਮ ਦ੍ਰਿੜ੍ਹ ਹੋ ਸਕਦਾ ਹੈ? ਕਦੇ ਨਹੀਂ ਐਵੇਂ ਵਾਧੂ ਨਾਮ ਦਾ ਸਸਤਾ ਸੋਦਾ ਸਗੋਂ ਨਾਮ ਦੇ ਨਾਉਂ ਤੋਂ ਅਸਰਧਾ ਉਤਪੰਨ ਕਰਾ ਰਿਹਾ ਹੈ। ਸਗੋਂ ਵਖੋ ਵਖ ਲਿਖਾਰੀ ਨਾਮ ਦੀ ਵਿਆਖਿਆ ਭੀ ਵਖੋ ਵਖ ਕਰ ਰਹੇ ਹਨ। ਇਨ੍ਹਾਂ ਦੀ ਵਖੋ ਵਖ ਵਿਆਖਿਆ ਵੇਖ ਕੇ ਕਿਸੇ ਦਾ ਇਕ ਯਕੀਨ ਨਹੀਂ ਬਝਦਾ। ਜਿਹੜੇ ਤਾਂ

ਐਸੇ ਲਿਖਾਰੀ ਹਨ,ਜੋ ਲਿਖਦੇ ਹਨ ਕਿ ਕਿਸੇ ਖਾਸ ਲਫਜ਼ ਨੂੰ ਜਪਣਾ ਨਾਮ ਜਪਣਾ ਹੀ ਨਹੀਂ, ਉਹ ਤਾਂ ਉੱਕਾ ਹੀ ਨਾਮ ਨੂੰ ਸਫਾਚੱਟ ਕਰ ਦਿੰਦੇ ਹਨ, ਨਾਮ ਦਾ ਕਜ਼ੀਆ ਹੀ ਮੁਕਾ ਦਿੰਦੇ ਹਨ । ਅਤੇ ਬਹੁਤ ਸਾਰੇ ਲਿਖਾਰੀ ਲੈਕਚਰਾਰ ਹਨ ਜੋ ਨਾਮ ਨੂੰ ਸਰਬ ਵਿਆਪਕ ਹੋਂਦ ਦਸਦੇ ਹੋਏ ਉਸ ਨੂੰ ਆਮ ਜਗਿਆਸੂਆਂ ਤੋਂ ਅਪਹੁੰਚ ਅਤੇ ਅੱਤ ਉਚ ਮੰਜ਼ਲੀ ਅਮਿਣਵੀਂ ਵਸਤੂ ਨਿਰਣਾਉਂਦੇ ਹਨ, ਜੋ ਜਪਣ ਅੰਦਰ ਨਹੀਂ ਆ ਸਕਦੀ, ਸਿਰਫ ਅਨੁਮਾਨ ਹੀ ਕਰੀ ਜਾ ਸਕਦੀ ਹੈ ।

## ੫

# ਅਜਪਾ ਜਾਪ

ਕਈ ਨਾਮ ਦਰਸ਼ਨ ਨਿਰਣੀਏ ਨਵੀਨ ਲਿਖਾਰੀ ਨਾਮ ਨੂੰ ਅੱਠ-ਅੱਖਰਾ ਸ਼ਬਦ ਵਾਰ ਕੇ ਉਸ ਦੇ ਅਭਿਆਸ ਦੀਆਂ ਯੁਕਤੀਆਂ ਭੀ ਆਪ ਹੁਦਰੀਆਂ ਜੁਗਤਾਉਂਦੇ ਹਨ, ਉਹ ਇਹਨਾਂ ਅਗਲੇ ਹੀ ਅੱਖਰਾਂ ਵਿਚ ਅਜਪਾ ਜਾਪ ਦੀ ਜੁਗਤੀ ਇਉਂ ਲਿਖਦੇ ਹਨ :

"ਅੰਮ੍ਰਿਤ ਵੇਲੇ ਦਾ ਸਿਮਰਨ ਅਜਪਾ ਜਾਪ ਲੋੜੀਦਾ ਹੈ ਭਾਵ ਰਸਨਾ ਯਾ ਹੋਂਠ ਨਾ ਹਿੱਲਣ। ਸੁਆਸ ਅੰਦਰ ਜਾਣ ਤਾਂ ਖਿਆਲ ਕਰਨਾ 'ਸਤਿਨਾਮ', ਬਾਹਰ ਆਉਣ ਤਾਂ 'ਵਾਹਿਗੁਰੂ'—"

ਜਿਸ ਨਾਮ ਨੂੰ ਰਸਨਾ ਕਰ ਕੇ ਜਪਣ ਦੇ ਗੁਰਬਾਣੀ ਅੰਦਰ ਥਾਉਂ ਥਾਈਂ ਹੁਕਮ ਹਨ ਅਤੇ ਜਿਸ ਰਸਨਾ ਕਰ ਨਾਮ ਜਪਣ ਦੇ ਅਨੇਕ ਗੁਰ ਪ੍ਰਮਾਣ ਅਸੀਂ ਉਪਰ ਦੇ ਆਏ ਹਾਂ ; ਉਸ ਨਾਮ ਦੇ ਅਜਪਾ ਜਾਪੀ ਸਿਮਰਨ ਦੀ ਤਾਕੀਦੀ ਸ਼ਰਤ ਉਕਤ ਨਾਮ ਜੁਗਤੀਸ਼ਰ ਲਿਖਾਰੀ ਇਹ ਲਾਉਂਦੇ ਹਨ ਕਿ 'ਰਸਨਾ ਯਾ ਹੋਂਠ ਨਾ ਹਿੱਲਣ,' ਕਿਉਂ ? ਰਸਨਾ ਹੋਂਠ ਹਿਲਣ ਨਾਲ ਨਾਮ ਦੇ ਅਜਪਾ ਜਾਪ ਨੂੰ ਕੀ ਛਲ ਪੈ ਜਾਊ ? ਉਹਨਾਂ ਦੀ ਅਕਲੀ ਜੁਗਤੀ ਅੰਦਰ ਸਿਮਰਨ ਯਾ ਅਜਪਾ ਜਾਪ ਇਕ ਖਿਆਲੀ ਸ਼ੈ ਹੈ। ਰਸਨਾ ਯਾ ਹੋਂਠ ਹਿਲਾਉਣ ਨਾਲ ਸ਼ਾਇਦ ਖਿਆਲ ਉਖੜ ਜਾਣ ਦਾ ਖਤਰਾ ਹੋਣਾ ਹੈ, ਯਾ ਸ਼ਾਇਦ ਉਹ ਉਹਨਾਂ ਫਿਲਾਸਫਰਾਂ ਤੋਂ ਡਰਦੇ ਮਾਰੇ ਇਉਂ ਲਿਖਦੇ ਹਨ, ਜਿਹੜੇ ਕਹਿੰਦੇ ਹਨ ਕਿ ਬੱਕਰੀ ਵਾਂਗੂੰ ਮੂੰਹ ਮਾਰਨ ਦਾ ਕੀ ਫਾਇਦਾ ? ਮਤੇ ਰਸਨਾ ਤੇ ਹੋਂਠ ਹਿਲਾ ਕੇ ਉਹ ਬੱਕਰੀ ਵਾਂਗੂੰ ਮੂੰਹ ਮਾਰਨ ਵਾਲਿਆਂ ਅਗਿਆਨੀਆਂ ਮੂਰਖਾਂ ਦੀ ਸ਼ਰੇਣੀ ਵਿਚ ਸ਼ਾਮਲ ਹੋ ਜਾਣ। ਫਿਰ ਜੋ ਉਹ ਲਿਖਦੇ ਹਨ ਕਿ 'ਸੁਆਸ ਅੰਦਰ ਜਾਣ ਤਾਂ ਖਿਆਲ ਕਰਨਾ......' ਕੀ ਮਹਿਜ਼ ਸੁਆਸਾਂ ਦਾ ਅਰਧ ਉਰਧੀ ਅੰਦਾਜ਼ ਨਾਲ ਵਖੋ ਵਖ ਚੁਅੱਖਰਾਂ ਦਾ ਖਿਆਲ ਕਰਨਾ ਨਾਮ ਦਾ ਅਜਪਾ ਜਾਪ ਕਹਾਉਂਦਾ ਹੈ ? ਇਸ ਦੀ ਪ੍ਰੋੜ੍ਹਤਾ ਲਈ ਓਹਨਾਂ ਗੁਰ ਪਰਮਾਣ ਨਹੀਂ ਦਿਤਾ ਨਾ ਹੀ ਕੋਈ ਗੁਰਮਤਿ ਨਿਰਣਾ ਲਖਾਇਆ, ਕੇਵਲ ਆਪਣੀ ਅਕਲ ਦਾ ਢਕੋਂਸਲਾ ਹੀ ਲਗਾਇਆ। ਯਾ ਉਨ੍ਹਾਂ ਅਨਮਤੀਆਂ ਦੀ

 www.sikhbookclub.com

ਨਕਲ ਕੀਤੀ ਹੈ ਜੋ ਫੋਕ ਖਿਆਲੀ ਮੈਡੀਟੇਸ਼ਨ ਦੇ ਕਾਇਲ ਹਨ। ਆਪਣੇ ਨਿਜ ਖਿਆਲੀ ਅਨੁਮਾਨ ਦੁਆਰਾ ਕੁਝ ਨਹੀਂ ਬਣ ਸਕਦਾ। ਇਸ ਜੁਗਤੀਸ਼ਰ ਜੀ ਦੇ ਭਾਣੇ ਜੋ ਕੁਛ ਹੈ ਸੋ ਖਿਆਲਾ ਖਿਆਲੀ ਦੇ ਅਨੁਮਾਨ ਵਿਚ ਹੀ ਹੈ ਅਥਵਾ ਸੁਆਸਾ ਸੁਆਸੀ ਦੇ ਅਰਧਾ ਉਰਧੀ ਵਿਚ ਹੀ ਧਰਿਆ ਪਿਆ ਹੈ। ਜੋ ਅੱਠ ਅਖਰੇ ਸ਼ਬਦ ਓਹ ਲਿਖਦੇ ਹਨ ਓਹਨਾਂ ਵਿਚ ਕੋਈ ਆਕਰਖਣੀ ਸ਼ਕਤਿ ਨਹੀਂ। ਉਨ੍ਹਾਂ ਨੂੰ ਤਾਂ ਜਪਣ ਲਈ ਜੀਭ ਨਹੀਂ ਹਿਲਾਉਣੀ ਅਤੇ ਹੋਂਠ ਨਹੀਂ ਹਿਲਾਉਣੇ। ਪਤਾ ਨਹੀਂ ਅੱਖਰਾਂ ਦੇ ਮਹਿਜ਼ ਖਿਆਲ ਵਿਚ ਹੀ ਕੀ ਮਿਕਨਾਤੀਸੀ ਅਸਰ ਹੈ ? ਸੁਆਸ ਤਾਂ ਪਹਿਲਾਂ ਹੀ ਖਿਆਲ ਦੀ ਸਹਾਇਤਾ ਤੋਂ ਬਿਨਾਂ ਹੀ ਸੁਤੇ ਸੁਭਾਵ ਆ-ਮੁਹਾਰੇ (automatically) ਆਉਂਦੇ ਜਾਂਦੇ ਰਹਿੰਦੇ ਹਨ,ਤਾਂ ਤੇ ਸੁਆਸਾਂ ਦੀ ਆਵਾਜਾਈ ਭੀ ਕੋਈ ਆਕਰਖਣੀ ਕਲਾ ਦੇ ਭੇਦ ਵਾਲੀ ਗੱਲ ਨਹੀਂ। ਜੇ ਭਲਾ ਬੈਖਰੀ ਦੁਆਰਾ ਜੀਹਬਾ ਬੁਲ੍ਹ ਨਹੀਂ ਹਿਲਾਉਣੇ ਤੇ ਪਰਾ ਪਸੰਤੀ ਬਾਣੀ ਦੁਆਰਾ ਸੁਆਸ ਅੰਦਰ ਬਾਹਰ ਖਿਚੇ ਜਾਂਦੇ ਤਾਂ ਭੀ ਮੰਨ ਲੈਂਦੇ ਕਿ ਅੱਠ ਅੱਖਰੇ ਸ਼ਬਦਾਂ ਦੀ ਕੋਈ ਗੋੜ ਕਲਾ ਹੈ। ਸ਼ਬਦ ਨੂੰ ਤਾਂ ਓਹਨਾਂ ਬੈਖਰੀ ਕੀ, ਪਰਾ ਪਸੰਤੀ ਅਤੇ ਮਧਮਾ ਬਾਣੀ ਕਰਕੇ ਭੀ ਪਰਸਣ ਨਹੀਂ ਦਿਤਾ ਤਾਂ ਪਾਰਸ ਕਲਾ ਕਿਵੇਂ ਵਰਤੇ। ਮਹਿਜ਼ ਖਿਆਲ ਅਤੇ ਆਪੋਂ ਉਪਜੇ ਹਰ ਇਕ ਅਜਪਾ ਜਾਪੀ ਦੇ ਮਗਜ਼ੋਂ ਉਪੰਨੇ ਖਿਆਲ ਕੀ ਕਰ ਸਕਦੇ ਸਨ ? ਕੁਝ ਭੀ ਨਹੀਂ। ਏਸ ਫੋਕੀ ਦਿਮਾਗੀ ਖਿਆਲ ਬਿਰਤੀ (intellectual meditation) ਦਾ ਗੁਰਮਤਿ ਅੰਦਰ ਵਿਧਾਨ ਨਹੀਂ। ਸ਼ਾਇਦ ! ਲੇਖਕ ਜੀ ਦਾ ਨਿਰਾ ਅੱਖਰਾਂ ਦੇ ਖਿਆਲ ਤੋਂ ਮਤਲਬ ਨਾ ਹੋਵੇ ਯਾ ਏਹਨਾਂ ਅੱਠ ਅੱਖਰਾਂ ਤੋਂ ਉਪੰਨੇ ਦੋ ਸ਼ਬਦਾਂ ਦੇ ਅਰਥਾਂ ਨੂੰ ਖਿਆਲ (meditate) ਕਰਨ ਦਾ ਭਾਵ ਹੋਵੇ ਤਾਂ ਇਸ ਦੇ ਉਤਰ ਵਿਚ ਪਹਿਲੀ ਗੱਲ ਤਾਂ ਏਹ ਹੈ ਕਿ ਅਰਥਾਂ ਦੇ ਖਿਆਲ ਕਰਨ ਦੀ ਸਹਾਇਤਾ ਸੁਆਸਾਂ ਦੀ ਆਮਦ-ਰਫਤ ਦੇ ਖਿਆਲ ਕਰਨ ਦੀ ਉਕੀ ਹੀ ਲੋੜ ਨਹੀਂ। ਸੁਆਸਾਂ ਦਾ ਉਤਰਾ ਚੜ੍ਹਾਉ ਬੈਖਰੀ, ਮਧਮਾ, ਪਰਾ, ਪਸੰਤੀ ਬਾਣੀ ਵਾਲੇ ਅੱਖਰਾਂ ਦੀ ਅਰਧਾ ਉਰਧੀ ਮੁਖੀ ਪ੍ਰੈਕਟਿਸ ਕਰਨ ਨਮਿਤ ਤਾਂ ਕਿਸੇ ਅਰਥਾਂ ਵਿਚ ਕਾਰ ਆਮਦ ਹੋ ਸਕਦਾ ਹੈ, ਨਿਰੀ ਅਰਥ ਵਿਚਾਰੀ ਖਿਆਲ ਥੀਊਰੀ ਨੂੰ ਸੁਆਸਾਂ ਦੀ ਸਾਧਨਾ ਕਿਸੇ ਭੀ ਲੇਖੇ ਨਹੀਂ। ਗੁਰਮਤਿ ਨਾਮ ਅਭਿਆਸ ਕਮਾਈ ਬਿਹੂਣ ਨਿਰੀ ਖਿਆਲ ਅਖਰੀ ਯਾ ਅਖਰ ਖ਼ਿਆਲੀ ਸੁਆਸ ਸਾਧਨਾਂ ਯੋਗਾਭਿਆਸੀਆਂ ਲਈ ਭਾਵੇਂ ਕੋਈ ਕੰਮ ਦਿੰਦੀ ਹੋਵੇ, ਪ੍ਰੰਤੂ ਗੁਰਮਤਿ ਅੰਦਰ ਨਾਮ ਅਭਿਆਸ ਸਖਣਾ ਯੋਗਾਭਿਆਸ ਕਿਸੇ ਲੇਖੇ ਨਹੀਂ। ਨਿਵਲ ਭੁਯੰਗਮੀ ਯੋਗ ਸਿਧ ਆਸਣ ਸਭ ਕੁਲੇਖੇ ਹਨ। ਹੁਣ ਪਤਾ ਨਹੀਂ ਕਿ ਲੇਖਕ ਜੀ ਦੀ ਦਸੀ ਲਿਖੀ ਸੁਆਸ ਅਰਧਾ ਉਰਧੀ ਜੁਗਤੀ ਸਾਧਨਾਂ ਦਾ ਕੀ

ਲਾਭ ? ਅਤੇ ਗੁਰਮਤਿ ਅੰਦਰ ਇਸ ਦੀ ਅਣਕੂਲਤਾ ਕੀ ? ਸ਼ਾਇਦ ਚਿਤ ਬਿਰਤੀਆਂ ਅਥਵਾ ਮਨ ਦੀ ਇਕਾਗਰਤਾ' (concentration of mind) ਲਈ ਵਿਦਵਾਨ ਲਿਖਾਰੀ ਜੀ ਨੇ ਉਕਤ ਅਠ ਅਖਰੇ ਦੋ ਸ਼ਬਦਾਂ ਦੇ ਅਰਥ ਵਿਚਾਰੀ ਗੁਣਾਂ ਨੂੰ ਚਿੰਤਨ ਕਰਨਾ ਹੀ 'ਖਿਆਲ ਕਰਨ' ਦਾ ਭਾਵ ਲਾਇਆ ਹੋਵੇ ਅਤੇ ਚਿਤ ਬਿਰਤੀ ਦੀ ਅਸਥਿਰਤਾ ਲਈ ਇੰਦਰੀਆਂ ਦੇ ਨਿਰੋਧ ਅਤੇ ਇੰਦਰੀਆਂ ਦੇ ਦਮਨ ਕਰਨ ਖਾਤਰ ਪ੍ਰਾਣਾਯਾਮ ਦੀ ਸਹਾਇਤਾ ਲਈ ਹੋਵੇ। ਸ਼ਬਦ ਅਰਥਾਂ ਦੇ ਖਿਆਲ ਦੁਆਰਾ ਅਕਾਲ ਪੁਰਖ ਦੇ ਗੁਣਾਂ ਦੇ ਚਿੰਤਨ ਕਰਨ ਨੂੰ ਹੀ ਜੇ ਅਜਪਾ ਜਾਪ ਯਾ ਨਾਮ ਦਾ ਸਿਮਰਨ ਸਮਝ ਲਈਏ ਤਾਂ ਦਸੋ ਆਪੋਂ ਸਮਝੇ ਅਰਥਾਂ ਦੁਆਰਾ ਅਕਾਲ ਪੁਰਖ ਦੇ ਗੁਣਾਂ ਨੂੰ ਇਸ ਬਿਧ ਚਿੰਤਨ ਕਰੀ ਜਾਣਾ ਕਿ 'ਉਸ ਦਾ ਨਾਮ ਸਤਿ ਹੈ ਅਤੇ ਉਹ ਬਿਸਮਾਦ ਰੂਪ ਹੈ ਅਤੇ ਪ੍ਰਕਾਸ਼ ਰੂਪ ਹੈ', ਅਕਾਲ ਪੁਰਖ ਦੇ ਤਤ ਸਰੂਪ ਦਾ ਕਿਵੇਂ ਲਖਾਇਕ ਹੋ ਸਕਦਾ ਹੈ ਅਤੇ ਇਹਨਾਂ ਗੁਣਾਂ ਦਾ ਚਿੰਤਨ ਮਾਤਰ ਹੀ ਕਿਵੇਂ ਅਜਪਾ ਜਾਪ ਬਣ ਸਕਦਾ ਹੈ ? ਅੱਵਲ ਤਾਂ ਹਰ ਵਕਤ ਅਤੇ ਛਿਨ ਛਿਨ ਉਸ ਦੇ ਅਨੇਕਾਂ (ਸਹੰਸਰ) ਗੁਣਾਂ ਨੂੰ ਚਿੰਤਨ ਕਰੀ ਜਾਣਾ ਹੀ ਮੁਹਾਲ ਹੈ। ਚਿੰਤਨ ਕਰਨ ਹਾਰੀਆਂ ਚਿਤ ਬਿਰਤੀਆਂ ਤਾਂ ਹਰ ਦਮ ਮਾਇਆ ਦੇ ਧੰਦ ਬੰਧ ਵਿਚ ਖਚਤ ਹਨ। ਸੰਕਲਪ ਵਿਕਲਪਾਂ ਦੇ ਬੰਧਨਾਂ ਤੋਂ ਕਿਵੇਂ ਬੰਦ ਖਲਾਸੀ ਹੋਵੇ ਤਾਕਿ ਚਿਤ ਬਿਰਤੀਆਂ ਉਸ ਦੇ ਗੁਣਾਂ ਦੇ ਚਿੰਤਨ ਕਰਨ ਵਿਚ ਲਗਣ। ਆਪੋਂ ਅਨਮਾਨੀ ਗੁਣ ਚਿੰਤਨ ਕਲ-ਪਨਾ ਦੁਆਰਾ ਤਾਂ ਬਣਦਾ ਹੀ ਕੁਛ ਨਹੀਂ। ਨਾ ਚਿਤ ਬਿਰਤੀਆਂ ਦਾ ਨਿਰੋਧ ਹੋਵੇ, ਨਾ ਗੁਣ ਚਿੰਤਨ ਵਿਚ ਬਿਰਤੀ ਲਗੇ। ਆਪਣੀ ਅਕਲ ਦੁਆਰਾ ਅਕਾਲ ਪੁਰਖ ਦੇ ਗੁਣ ਅਨੁਮਾਨੇ ਹੋਏ ਅਤੇ ਅਨੁਮਾਨ ਕੇ ਚਿੰਤਨ ਕੀਤੇ ਹੋਏ ਤਾਂ ਫੋਕਟ ਗੁਣ ਖਿਆਲੀ ਦੀ ਗੇੜਾਗੇੜੀ ਵਿਚ ਹੀ ਰਖਦੇ ਹਨ। ਵਾਸਤਵੀ ਗੁਣ ਲਖਤਾ ਇਸ ਬਿਧ ਹੋਣੀ ਅਸੰਭਵ ਹੈ। ਅਲਪਗ ਅਕਲ ਦੇ ਅਨੁਮਾਨੇ ਹੋਏ ਸਰਬੱਗ ਅਕਾਲ ਪੁਰਖ ਦੇ ਗੁਣ ਨਿਰੇ ਅਨੁਮਾਨਕ ਗੁਣ ਹੀ ਹੋਣਗੇ। ਅਨੁਮਾਨਕ ਗੁਣਾਂ ਦਾ ਅਰਥਾਤ ਆਪੋਂ ਲਖਣ ਲਾਏ ਗੁਣਾਂ ਦਾ ਚਿੰਤਨ ਕਰਨਾ, ਨਾ ਹੀ ਨਾਮ ਅਭਿਆਸ ਹੈ, ਨਾ ਹੀ ਗੁਣ ਅਭਿਆਸ ਅਤੇ ਨਾ ਹੀ ਇਸ ਅਭਿਆਸ ਦਾ ਕੁਛ ਸੁਬੇਹਤਾ ਹੈ। ਹਾਂ ! ਗੁਰਬਾਣੀ ਦੁਆਰਾ ਦਰਸਾਏ ਅਕਾਲ ਪੁਰਖ ਦੇ ਗੁਣਾਂ ਦਾ ਚਿੰਤਨ ਗੁਣਕਾਰੀ ਹੋ ਸਕਦਾ ਹੈ, ਗੁਰਬਾਣੀ ਅੰਦਰ ਦਰ-ਸਾਈ ਗੁਰਮਤਿ ਬਿਧੀ ਅਨੁਸਾਰ, ਨਾ ਕਿ ਅਨੁਮਾਨ ਖਿਆਲੀਆਂ ਦੀ ਖਿਆਲ ਜੁਗਤੀ ਅਨੁਸਾਰ, ਜਿਨ੍ਹਾਂ ਨੂੰ ਹੁਣ ਤਾਈਂ ਏਹ ਭੀ ਪਤਾ ਨਹੀਂ ਕਿ ਸਤਿਨਾਮ ਤਾਂ ਨਾਮ ਦਾ ਵਿਸ਼ੇਸ਼ਣ ਹੈ ਨਾ ਕਿ ਖੁਦ ਨਾਮ। ਜੋ ਨਿਜ ਖਿਆਲ ਚਿੰਤਨੀ ਕਲਾ ਨੂੰ ਵਿਸ਼ੇਸ਼ਤਾ ਦਿੰਦੇ ਹਨ, ਪਰ ਗੁਰਬਾਣੀ ਰੂਪੀ ਅੰਮ੍ਰਿਤ ਗੁਣਾਂ ਦੀ ਪਾਰਸ

 www.sikhbookclub.com

ਕਲਾ ਉਤੇ ਭਰੋਸਾ ਨਹੀਂ ਰਖਦੇ। ਗੁਰਬਾਣੀ ਦੇ ਯਾ ਗੁਰਬਾਣੀ ਰੂਪੀ ਗੁਣਾਂ ਦੇ ਅਥਵਾ ਗੁਰਬਾਣੀ ਦਰਸਾਏ ਗੁਣਾਂ ਦੇ ਨਿਜ ਕਲਪੇ ਅਰਥਾਂ ਦੀ ਚਿੰਤਨ ਕ੍ਰਲਾ ਨੂੰ ਤਾਂ ਓਹ ਮੰਨਦੇ ਹਨ, ਪਰ ਖਾਸ ਗੁਰਬਾਣੀ ਯਾ ਗੁਰਬਾਣੀ ਰੂਪੀ ਅੰਮ੍ਰਿਤ ਗੁਣਾਂ ਅਥਵਾ ਗੁਰਬਾਣੀ ਅੰਦਰ ਦਰਸਾਏ ਅਕਾਲ ਪੁਰਖ ਦੇ ਅਕਾਲੀ ਗੁਣਾਂ ਦੇ ਕਥਨ ਸੁਣਨ ਪੜ੍ਹਨ ਦੀ ਪਾਰਸ ਕਲਾ ਨੂੰ ਉਹ ਨਹੀਂ ਮੰਨਦੇ। ਪਾਰਸ ਦੇ ਗੁਣ ਪਰਸੇ ਤੇ ਹੀ ਜਾਣੇ ਜਾਂਦੇ ਹਨ ਜਦੋਂ ਕਿ ਪਾਰਸ ਕਲਾ ਵਰਤਦੀ ਹੈ, ਅਨੁਮਾਨੇ ਤੋਂ ਨਹੀਂ ਜਾਣੇ ਜਾਂਦੇ ਕਿਉਂਕਿ ਪਾਰਸ ਗੁਣਾਂ ਦਾ ਤਤ ਸਰੂਪ ਅਲਪਗ ਅਕਲ ਤੋਂ ਅਗੋਚਰ ਹੈ। ਓਹਨਾਂ ਦਾ ਅਨੁਮਾਨ ਕੋਈ ਕੀ ਕਰ ਸਕੇਗਾ ਅਤੇ ਨਿਰੇ ਅਨੁਮਾਨ ਕਰਨ ਨਾਲ, ਨਾ ਹੀ ਪਾਰਸ ਗੁਣਾਂ ਦੀ ਅਥਵਾ ਪਾਰਸ ਗੁਣਾਂ ਵਾਲੇ ਗੁਣੀ ਅਕਾਲ ਪੁਰਖ ਦੀ ਲਖਤਾ ਹੋਵੇਗੀ, ਨਾ ਹੀ ਲੀਨਤਾ। ਗੁਰਬਾਣੀ ਰੂਪੀ ਪਾਰਸ ਗੁਣਾਂ ਨੂੰ ਸੁਆਸ ਸੁਆਸ ਪਰਸਣਾ, ਊਠਤ ਬੈਠਤ ਪਰਸਦੇ ਰਹਿਣਾ ਬੜੀ ਅਉਖੀ ਕਾਰ ਹੈ। ਗੁਰਬਾਣੀ ਦਾ, ਅੰਮ੍ਰਿਤ ਬਾਣੀ ਦਾ ਤਤਸਾਰ ਅੰਮ੍ਰਿਤ ਨਾਮ ਗੁਰਮੰਤ੍ਰ ਰੂਪੀ ਤੱਤ ਪਾਰਸ ਹੀ ਸੁਆਸ ਸੁਆਸ ਖਿਨ ਖਿਨ ਪਰਸਿਆ ਜਾ ਸਕਦਾ ਹੈ। ਅਤੇ ਇਹ ਪਾਰਸ ਪਰਸ ਕਲਾ ਸ੍ਰੋਤ, ਦ੍ਰਿਸ਼ਟੀ, ਰਸਨਾ ਅਤੇ ਹਿਰਦੇ ਦੁਆਰਾ ਹੀ ਵਿਸ਼ੇਸ਼ ਕਰਕੇ ਵਰਤੇਗੀ। ਨਿਰੇ ਖਿਆਲ ਦੁਆਰਾ ਯਾ ਅਰਥਾ ਬੰਦੀ ਦੀ ਵੀਚਾਰ ਦੁਆਰਾ ਨਹੀਂ ਵਰਤ ਸਕਦੀ :

ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ ॥

ਸੋਰਠਿ ਮ: ੫, ਪੰਨਾ ੬੧੧

ਪਾਰਸ ਕਲਾ ਸਬਦ ਬਾਣੀ ਦੇ ਪਰਸਣ ਕਰ ਵਰਤੇਗੀ। ਸ਼ਬਦ ਬਾਣੀ ਯਾ ਤਾਂ ਸਰਵਣਾਂ ਦੁਆਰਾ ਹੀ ਪਰਸੀ ਜਾ ਕੇ ਅੰਦਰ ਉਤਰੇਗੀ ਅਤੇ ਆਪਣੀ ਪਾਰਸ ਕਲਾ ਵਰਤਾਏਗੀ ਯਾ ਰਸਨਾ ਅਤੇ ਮੁਖ ਦੁਆਰਾ ਪੜ੍ਹੀ ਗੁਣੀ ਅਤੇ ਗਾਈ ਜਾ ਕੇ ਅੰਤਰ ਆਤਮੇ ਆਪਣੀ ਪਾਰਸ ਕਲਾ ਵਰਤਾਏਗੀ ਯਾ ਰਿਦੰਤਰੀ ਘਟ ਸੁਆਸਾਂ ਦੁਆਰਾ ਅਭਿਆਸੀ ਜਾ ਕੇ ਅਰਥਾਤ ਹਲਕ ਤਾਲੂ ਨਾਲ ਸੁਤੇ ਸੁਪਰਸੇ ਸੁਆਸਾਂ ਦੁਆਰਾ ਬਿਲੋਈ ਜਾ ਕੇ ਆਪਣੀ ਅੰਮ੍ਰਿਤ ਅਕਸੀਰ ਦਾ ਪਾਰਸ ਰਸਾਇਣੀ ਅਸਰ ਉਪਜਾਏਗੀ। ਖਿਆਲ, ਨਿਰੋਲ ਖਿਆਲ ਸ਼ਬਦ ਬਾਣੀ ਨੂੰ ਨਹੀਂ ਸਪਰਸ ਸਕਦਾ। ਸ਼ਬਦ ਬਾਣੀ ਦਾ ਅਨੁਮਾਨ ਮਾਤਰ ਹੀ ਲਾ ਸਕਦਾ ਹੈ, ਉਹ ਭੀ ਨਿਜ ਕਲਪੀ ਅਲਪਗਤਾ ਨੂੰ ਅਰਥਾ ਕੇ। ਨਿਜ ਖਿਆਲਾਂ ਦੁਆਰਾ ਅਨੁਮਾਨੇ ਅਰਥ ਨਿਜ ਦਿਮਾਗ ਦੇ ਅਲਪਗ ਖਿਆਲ ਹੀ ਹੋਣਗੇ। ਤਾਂ ਤੇ ਖਿਆਲਾਂ ਨੂੰ ਖਿਆਲ ਹੀ ਪਰਸਣਗੇ। ਪਾਰਸ ਕਲਾ ਕੈਸੇ ਵਰਤੇਗੀ? ਕੇਵਲ ਪਾਰਸ ਕਲਾ ਨੂੰ ਸੁਪਰਸਿਆਂ ਹੀ ਵਰਤ ਸਕਦੀ ਹੈ। ਅੰਮ੍ਰਿਤ

ਰਸਾਇਣੀ ਪਾਰਸ ਕਲਾ ਤਾਂ ਗੁਰ ਸ਼ਬਦ ਹੈ, ਨਾ ਕਿ ਗੁਰ ਸ਼ਬਦ ਦੇ ਨਿਜ ਕਲਪੇ ਅਰਥਾਂ ਵਿਚ। ਨਿਜ ਕਲਪੇ ਅਰਥ ਤਾਂ ਆਪਣੇ ਅਲਪਗ ਖਿਆਲ ਹੀ ਹਨ। ਗੁਰ ਸ਼ਬਦ ਦੀ ਖਾਸ ਖਾਸੀਅਤ ਹੀ ਅੰਮ੍ਰਿਤ ਰੂਪ ਹੈ, ਪਾਰਸ ਸਦਰਸ ਹੈ।

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਇਹੁ ਲਾਏਹੁ ॥

ਬਿਹਾਗੜੇ ਕੀ ਵਾਰ ਮ: ੩, ਪੰਨਾ ੫੫੪

ਇਸ ਅੰਮ੍ਰਿਤ ਰੂਪ ਪਾਰਸ ਨਾਮ ਨੂੰ ਮੁਖ ਬਾਣੀ ਰਸਨਾ ਸੁਆਸ ਹਿਰਦਾਸ ਦੁਆਰਾ ਪਰਸਨਾ ਮਾਨੋਂ ਇਸ ਪਾਰਸ ਅੰਮ੍ਰਿਤ ਦਾ ਦਾਰੂ ਲਾਉਣਾ ਹੈ। ਇਸ ਦਾਰੂ ਰੂਪ ਪਾਰਸ (ਅੰਮ੍ਰਿਤ) ਨਾਮ ਦੇ ਪਰਸਣ ਦਾ ਅੰਮ੍ਰਿਤ ਫਲ ਕੀ ਹੋਵੇਗਾ :

ਭਰਮੈ ਕੇ ਛਉੜ ਕਟਿਕੈ ਅੰਤਰਿ ਜੋਤਿ ਧਰੇਹੁ ॥

ਬਿਹਾਗੜੇ ਕੀ ਵਾਰ ਮ: ੪, ਪੰਨਾ ੫੫੪

ਅੰਤਰ ਜੋਤਿ ਪ੍ਰਕਾਸ਼ ਪਾਰਸ ਸ਼ਬਦ ਦੀ ਸਪਰਸਤਾ ਦਾ ਅੰਮ੍ਰਿਤ ਫਲ ਹੈ।

ਸਬਦਿ ਜੋਤਿ ਜਗਾਇ ਦੀਪਕੁ ॥

ਬਿਲਾਵਲ ਮ: ੧, ਪੰਨਾ ੮੪੩

ਚੰਦਨ ਨਿਕਟਿ ਸਭ ਚੰਦਨੁ ਹੁਈਆ ॥

ਬਿਲਾਵਲੁ ਮ: ੪, ਪੰਨਾ ੮੩੪

ਸ਼ਬਦ ਗੁਰ ਪਾਰਸ ਚੰਦਨ ਹੈ। ਜਿਤਨੀ ਭੀ ਕਾਸ਼ਟ ਲੋਸ਼ਟ ਹੈ, ਸੋ ਸਭ ਪਾਰਸ ਚੰਦਨ ਨੂੰ ਪਰਸਨ ਕਰ ਪਾਰਸ ਚੰਦਨ ਰੂਪ ਹੀ ਹੋ ਜਾਂਦੀ ਹੈ। ਬਸ ਸ਼ਬਦ ਗੁਰ ਮੰਤਰ ਦੇ ਪਰਸਣ ਦੀ ਹੀ ਲੋੜ ਹੈ। ਪਾਰਸ ਕਲਾ ਆਪੇ ਵਰਤੇਗੀ। ਕਿਸੇ ਨਿਜ ਕਲਪੇ ਖਿਆਲ ਦੀ ਇਥੇ ਜਾਇ ਨਹੀਂ। ਗੁਰ ਸ਼ਬਦ, ਗੁਰ ਮੰਤਰ, ਗੁਰਮਤਿ ਨਾਮ ਨੂੰ ਜਪਣਾ, ਪੜ੍ਹਨਾ, ਸੁਣਨਾ, ਗਾਵਣਾ ਹੀ ਪਾਰਸ ਕਲਾ ਵਰਤਾਉਣ ਨੂੰ ਸਮਰਥ ਹੈ, ਕਿਉਂਕਿ ਗੁਰਬਾਣੀ, ਗੁਰ ਸ਼ਬਦ, ਗੁਰ ਮੰਤਰ ਦਾ ਗਾਵਣਾ, ਪੜ੍ਹਨਾ, ਸੁਣਨਾ ਅਤੇ ਜਪਣਾ ਗੁਰਬਾਣੀ, ਗੁਰ ਸਬਦ, ਗੁਰ ਮੰਤਰ ਰੂਪੀ ਪਾਰਸ ਨੂੰ ਪਰਸਣਾ ਹੈ। ਸਾਰੀ ਗੁਰਬਾਣੀ ਮੰਤਰ ਰੂਪ ਹੈ, ਇਸ ਦੇ ਅਰਥਾਉਣ ਦੀ ਲੋੜ ਨਹੀਂ। ਬਿਨਾਂ ਅਰਥਾਏ ਹੀ ਮੰਤਰ ਕਲਾ ਵਰਤਦੀ ਹੈ। ਮਹਿਜ਼ ਬਾਣੀ ਦੇ ਬਾਰੰ ਬਾਰ ਪੜ੍ਹਨ, ਸੁਣਨ ਅਤੇ ਜਪਣ ਦੀ ਲੋੜ ਹੈ। ਮੰਤਰ ਤੋਂ ਭਾਵ ਹੀ ਬਾਰੰ ਬਾਰ ਜਪਣ ਦਾ ਹੈ। ਗੁਰ ਸ਼ਬਦ, ਗੁਰ ਮੰਤਰ ਅਰਥਾਤ ਨਾਮ (ਗੁਰਮਤਿ ਨਾਮ) ਬਾਣੀ ਸਰੂਪ ਹੈ ਅਰਥਾਤ ਗੁਰ ਸ਼ਬਦ, ਗੁਰ ਮੰਤਰ (ਨਾਮ) ਭੀ ਬਾਣੀ ਹੈ। ਸਾਰੀ ਗੁਰਬਾਣੀ ਦਾ ਤੱਤ ਗੁਰ ਮੰਤਰ ਰੂਪੀ ਅੰਮ੍ਰਿਤ ਬਾਣੀ ਹੈ। ਇਸੇ ਬਾਣੀ ਸਰੂਪ ਅੰਮ੍ਰਿਤ ਨਾਮ ਗੁਰਮੰਤ੍ਰ ਦਾ ਅਜਪਾ ਜਾਪ ਹੋਣਾ ਸੰਭਵ ਹੈ। ਅਜਪਾ ਜਾਪ ਦੇ ਆਮ ਅਰਥ ਕਈ ਗਿਆਨੀ ਇਉਂ ਲਾਉਂਦੇ ਹਨ ਕਿ ਜੋ

ਜਾਪ ਰਸਨਾ, ਤਾਲੂ, ਮੁਖ ਕਰਕੇ ਅਥਵਾ ਪਰਾ, ਪਸੰਤੀ, ਮਧਮਾ, ਬੈਖਰੀ ਬਾਣੀ ਕਰਕੇ ਨਾ ਜਪਿਆ ਜਾਵੇ ਸੋ ਅਜਪਾ ਜਾਪੁ ਹੈ। ਅਸੀਂ ਪੁਛਦੇ ਹਾਂ ਕਿ ਜਾਪ ਜੇ ਰਸਨਾ, ਤਾਲੂ, ਮੁਖ ਅਤੇ ਪਰਾ, ਪਸੰਤੀ ਆਦਿਕ ਬਾਣੀ ਕਰਕੇ ਨਾ ਜਪਿਆ ਜਾਵੇ ਤਾਂ ਗਿਆਨੀ ਦਸਣ ਕਿ ਏਹ ਜਾਪ ਹੋਰ ਕਿਵੇਂ ਜਪਿਆ ਜਾਵੇ। ਖਿਆਲ ਕਰਕੇ ਜਪਣ ਦਾ ਨਾਉਂ ਜਾਪ ਨਹੀਂ ਹੋ ਸਕਦਾ। ਖਿਆਲ ਕਰਕੇ ਤਾਂ ਕੋਈ ਸ਼ਬਦ ਖਿਆਲਿਆ ਹੀ ਜਾ ਸਕਦਾ ਹੈ, ਜਪਿਆ ਨਹੀਂ ਜਾ ਸਕਦਾ। ਜਾਪ ਤਾਂ ਜਾਪ ਹੀ ਰਹੇਗਾ, ਗਿਆਨੀਆਂ ਦੇ ਅਰਥਾਂ ਵਾਲਾ ਅਜਪਾ ਜਾਪ ਨਹੀਂ ਹੋ ਸਕਦਾ। ਗੁਰਮਤਿ ਦੇ ਅਜਪਾ ਜਾਪ ਪਦ ਦਾ ਅਰਥ ਆਮੁਹਾਰਾ ਜਾਪ ਹੈ। ਇਕੋ ਸਾਹਾ ਜਪਿਆ ਜਾਪ, ਆਮੁਹਾਰਾ ਅਤੁਟ ਜਾਪ ਕਰਕੇ ਜਪਿਆ ਜਾਪ ਸੋ ਅਜਪਾ ਜਾਪ ਹੈ। ਅਮੁਕ ਜਪ ਗਿਣਤੀ ਤੋਂ ਅਗਿਣਤ, ਜਿਸਦੇ ਜਪ ਜਾਪ ਦੀ ਕੋਈ ਥੰਮ ਥਾਮ ਨਹੀਂ ਜਿਸ ਦੀ ਜਪ ਗਿਣਤੀ ਦਾ ਕੋਈ ਸ਼ੁਮਾਰ ਨਹੀਂ। ਅਥਾਹ ਜਪਣ ਸ਼ੁਮਾਰ ਵਾਲਾ ਜਾਪ ਸੋ ਕਹੀਐ ਅਜਪਾ ਜਾਪ। ਅਜਪ ਅਟਕ ਤੇ ਬਾਹਰਾ, ਜਪ, ਹਦ ਥਾਹ ਤੋਂ ਅਗੋਚਰਾ ਜਾਪ, ਸੋ ਹੈ ਅਜਪਾ ਜਾਪ, ਜਿਸ ਨੂੰ ਦਿਨ ਰਾਤ ਸੁਆਸਿ ਸੁਆਸਿ ਜਪੀ ਹੀ ਜਾਈਏ, ਜਿਸ ਜਾਪ ਤੋਂ ਕਦੇ ਭੀ ਅਜਪਾ ਨਾ ਹੋਈਐ, ਸੋ ਕਹੀਐ ਅਜਪਾ ਜਾਪ। ਜਾਪ ਕੀ ? ਤੇ ਜਾਪ ਰਹਿਤ ਕੀ ? ਅਜਪਾ ਦੇ ਅਰਥ ਜਪ ਰਹਿਤ ਯਾ ਜਾਪ ਰਹਿਤ ਹੋ ਹੀ ਨਹੀਂ ਸਕਦੇ,ਨਾਲੇ ਜਾਪ ਨਾਲੇ ਅਜਾਪ। ਜਾਪ ਜੋ ਜਪਿਆ ਨਾ ਜਾਏ ਏਹ ਅਰਥ ਅਜਪਾ ਜਾਪ ਦੇ ਫਬਦੇ ਹੀ ਨਹੀਂ। ਜਾਪ ਕੀ ? ਤੇ ਅਜਪਾ ਕੀ ? ਅਜਪਾ ਦੇ ਅਰਥ 'ਜੋ ਜਪ ਨਾ ਹੋਵੇ' ਕਰਨੇ 'ਜਾਪ' ਪਦ ਦੇ ਅਰਥਾਂ ਦੀ ਸ੍ਵੈ-ਵਿਰੋਧਤਾ (self contradiction) ਹੈ। ਜਿਥੇ "ਜਾਪ ਸੁ ਅਜਪਾ ਜਾਪੈ"* ਦੇ ਹੁਕਮ ਵਾਲਾ ਗੁਰਵਾਕ ਹੈ ਓਥੇ ਤਾਂ ਸਪਸ਼ਟ ਜਾਪ ਜਪਾਣ ਦਾ ਹੁਕਮ ਹੈ, ਸੋ ਜਦ ਜਾਪ ਜਪਣ ਦਾ ਹੁਕਮ ਹੈ ਤਾਂ ਅਜਪਾ ਪਦ ਦੇ ਅਰਥ 'ਜਾਪ ਰਹਿਤ' ਨਹੀਂ ਹੋ ਸਕਦੇ। ਮਨ ਖਿਆਲੇ ਜਾਪ ਨੂੰ ਅਜਪਾ ਜਾਪ ਦਸਣਾ 'ਜਪ' 'ਜਾਪ' ਪਦਾਂ ਨਾਲ ਮਖੌਲ ਕਰਨਾ ਹੈ। ਐਸੇ ਅਰਥਾਂ ਵਾਲੇ ਅਜਪਾ ਜਾਪ ਨੂੰ ਮਨ ਖਿਆਲਿਆ ਖਿਆਲ ਕਹਿਣਾ ਠੀਕ ਹੋਵੇਗਾ। ਵਾਕਈ ਐਸੇ ਜੋਗ ਜੁਗਤੀਸ਼ਰੀ ਲੋਗ ਨਿਰੇ ਮਨ ਦੇ ਖਿਆਲ ਨੂੰ ਹੀ ਮੁਖ ਰਖਦੇ ਹਨ। ਮਨ ਕਲਪੀਆਂ ਖਿਆਲ ਬਿਰਤੀਆਂ ਟਿਕਣ ਟਿਕਾਉਣ ਨੂੰ ਚਿਤ ਬਿਰਤੀਆਂ ਦੀ ਇਕਾਗਰਤਾ ਦਸਦੇ ਹਨ। ਸ਼ਬਦ ਜਾਪ ਨੂੰ ਨਾਮ ਮਾਤਰ ਵਿਚਕਾਰ ਰਖਕੇ ਅੱਖੀਂ ਘੱਟਾ ਪਾਉਂਦੇ ਹਨ, ਜੈਸਾ ਕਿ ਅੱਗੇ ਜਾ ਕੇ ਉਹ ਲਿਖਦੇ ਹਨ। ਦੇਖੋ ਕੀ ਲਿਖਦੇ ਹਨ। ਲਓ :

---

* ਜਾਪੁ ਸਾਹਿਬ ਪਾਤਸ਼ਾਹੀ ੧੦

'ਪ੍ਰਾਣੀ ਜਦ ਇਕਾਗਰ-ਚਿਤ ਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਹੀ ਨਾਮ ਧੁਨੀ ਸੁਣਾਈ ਦਿੰਦੀ ਹੈ। ਇਕਾਗਰਤਾ ਨਾਲ ਬ੍ਰਿਤੀ ਸੂਖਮ ਹੁੰਦੀ ਹੈ ਤੇ ਫਿਰ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ।'

ਇਕਾਗਰਤ ਚਿਤ ਹੋਣ ਦਾ ਸਾਧਨ ਇਥੇ ਉਹਨਾਂ ਕੁਝ ਨਹੀਂ ਦਸਿਆ। ਮਾਨੋਂ ਆਪੋਂ ਹੀ ਬਿਰਤੀਆਂ ਇਕਾਗਰ ਹੋ ਸਕਦੀਆਂ ਹਨ। ਨਾਮ ਜਾਪ ਦੇ ਸਾਧਨ ਦਾ ਇਥੇ ਨਾਉਂ ਨਹੀਂ ਲਿਆ, ਬਲਕਿ ਦਸਿਆ ਹੈ ਕਿ ਇਕਾਗਰ ਚਿਤ ਹੋਣ ਪਸਚਾਤ ਇਸ ਇਕਾਗਰਤਾ ਦੇ ਆਸਰੇ ਨਾਮ ਧੁਨੀ ਸੁਣਾਈ ਦਿੰਦੀ ਹੈ। ਗੋਇਆ ਪਹਿਲਾਂ ਨਾਮ ਜਾਪ ਦੇ ਸਾਧਨ ਦੀ ਲੋੜ ਨਹੀਂ। ਨਾਮ ਜਾਪ ਦੀ ਸਾਧਨ ਸਹਾਇਤਾ ਬਿਹੂਣ ਇਕਾਗਰ ਚਿਤ ਹੋਣਾ ਗੁਰਮਤਿ ਆਸ਼ੇ ਤੋਂ ਉੱਕਾ ਹੀ ਪ੍ਰਤਿਕੂਲ ਹੈ। ਇਹ ਤਾਂ ਉਹੋ ਰਾਧਾ ਸੁਆਮੀਆ ਵਾਲੀ ਗਲ ਹੋਈ। ਫਰਕ ਸਿਰਫ ਇਤਨਾ ਹੀ ਹੈ ਕਿ ਰਾਧਾ ਸੁਆਮੀ ਅੱਖਾਂ, ਨਾਸਾਂ, ਕੰਨਾਂ ਨੂੰ ਮੁੰਦ ਕੇ ਧੁਨੀਆਂ ਸੁਣਦੇ ਹਨ ਅਤੇ ਅਸਾਡੇ ਵਿਦਵਾਨ ਲਿਖਾਰੀ ਜੀ ਮਨ ਖਿਆਲ ਦੁਆਰਾ ਹੀ ਇਕਾਗਰ ਚਿਤ ਕਰਕੇ ਨਾਮ ਧੁਨੀਆਂ ਸੁਣਦੇ ਹਨ। ਨਾਮ ਜਾਪ ਤਾਂ ਦੋਹਾਂ ਤੋਂ ਹੀ ਕਿਨਾਰੇ ਰਹਿ ਗਿਆ। ਅਸਾਡੇ ਆਪਣੇ ਸਮ ਪੰਥੀ ਮਿੱਤਰ ਲਿਖਾਰੀ ਜੀ ਦੀ ਦਲੀਲ ਲੜੀ ਇਉਂ ਹੈ :

'ਮਨ ਦੇ ਖਿਆਲ ਨਾਲ ਇਕਾਗਰ ਚਿਤ ਹੋਈਦਾ ਹੈ ਅਤੇ ਇਕਾਗਰਤਾ ਨਾਲ ਬਿਰਤੀ ਸੂਖਮ ਹੁੰਦੀ ਹੈ ਤੇ ਫਿਰ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ।'

ਇਹ ਦਲੀਲ ਉਹਨਾਂ ਦੀ ਮਨ ਉਕਤ ਯੁਕਤੀ ਹੈ, ਗੁਰਮਤਿ ਸਾਧਨ ਯੁਕਤੀ ਨਹੀਂ ਅਤੇ ਨਾਮ ਜਾਪ ਦੇ ਗੁਰਮਤਿ ਹੁਕਮ ਤੋਂ ਉੱਕਾ ਹੀ ਮੁਨਹਰਫ ਕਰਾਉਂਦੀ ਹੈ। ਮਨ ਦੇ ਖਿਆਲ ਨਾਲ ਚਿਤ ਦੀ ਇਕਾਗਰਤਾ ਪਰਾਪਤ ਨਹੀਂ ਹੁੰਦੀ। ਨਾ ਹੀ ਅਜਿਹੀ ਇਕਾਗਰਤਾ ਨਾਲ ਬਿਰਤੀ ਸੂਖਮ ਹੁੰਦੀ ਹੈ ਅਤੇ ਨਾ ਹੀ ਇਸ ਬਿਧ ਕੋਈ ਧੁਨੀ ਸੁਣਾਈ ਦੇ ਸਕਦੀ ਹੈ। ਗੁਰਮਤਿ ਅਨੁਸਾਰ ਨਾਮ ਹੀ ਚਿਤ ਬਿਰਤੀਆਂ ਦੀ ਇਕਾਗਰਤਾ ਦਾ ਸਾਧਨ ਵਸੀਲਾ ਹੈ ਅਤੇ ਨਾਮ ਦੇ ਸਾਧਨ ਕਰਕੇ ਹੀ ਬਿਰਤੀਆਂ ਦੀ ਸੂਖਮਤਾ ਪ੍ਰਾਪਤ ਹੁੰਦੀ ਹੈ ਅਤੇ ਨਾਮ ਦੀ ਅਭਿਆਸ ਕਮਾਈ ਦੇ ਪਰਤਾਪ ਹੀ ਅਨਹਦ ਧੁਨੀਆਂ ਦੀ ਆਤਮ ਖੇਡ ਉਦੇ ਹੁੰਦੀ ਹੈ। ਮਨਾਂ ਦਾ ਮਨੋ ਮਨੀ ਖਿਆਲਿਆ ਖਿਆਲ ਸਾਧਨ ਮੂਲ ਨਹੀਂ ਹੋ ਸਕਦਾ। ਨਾ ਹੀ ਮਨ ਮੰਨਿਆ ਕੋਈ ਖਿਆਲ ਗੁਣਕਾਰੀ ਯਾ ਲਾਭਦਾਇਕ ਹੈ, ਸਗੋਂ ਨਾਮ ਬਿਹੂਣ ਜਿਤਨੇ ਭੀ ਅਵਰ ਅਨਿਕ ਪਰਕਾਰੀ ਖਿਆਲ ਹਨ, ਸੋ ਸਭ ਪ੍ਰਾਗੰਦਾ ਖਿਆਲ ਹਨ :

ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥

ਮਾਰੂ ਵਾਰ ਮ: ੫, ਪੰਨਾ ੧੦੯੭

ਆਲੂਦੇ ਖਿਆਲਾਂ ਨੇ ਤਾਂ ਆਲੂਦਗੀ ਹੀ ਵਰਤਾਉਣੀ ਹੈ। ਨਾਮ ਤੋਂ ਬਿਨਾਂ ਜਿਤਨੇ ਭੀ ਹੋਰ ਖਿਆਲ ਹਨ, ਉਹ ਤਾਂ ਉਪਰਲੇ ਗੁਰਵਾਕ ਅਨੁਸਾਰ ਸਭ ਪ੍ਰਾਗੰਦਾ ਹੀ ਹਨ। ਇਹਨਾਂ ਤੋਂ ਆਲੂਦਗੀ ਹੀ ਉਪਜਦੀ ਹੈ। ਆਲੂਦਗੀ ਤੋਂ ਇਕਾਗਰਤਾ ਕੀ ਹੋਣੀ ਸੀ, ਸਗੋਂ ਪ੍ਰਾਗੰਦਗੀ ਹੀ ਵਿਆਪਦੀ ਹੈ। ਸਾਰੀ ਕਸਰ ਇਹੋ ਹੈ ਕਿ ਅਸੀਂ ਆਪਣੀ ਅਕਲ ਨੂੰ ਗੁਰਬਾਣੀ ਦੇ ਪਿਛੇ ਨਹੀਂ ਲਾਉਂਦੇ, ਸਗੋਂ ਉਲਟਾ ਗੁਰਬਾਣੀ ਨੂੰ ਆਪਣੀ ਅਕਲ ਦੇ ਪਿਛੇ ਲਾਉਂਦੇ ਹਾਂ। ਇਸ ਤੱਤ ਅਸੂਲ ਤੋਂ ਉਖੜ ਕੇ ਨਿਰੀ ਆਪਣੀ ਅਕਲ ਦੇ ਅਧੀਨ ਹੋ ਕੇ ਭਾਵੇਂ ਲੱਖ ਪੁਸਤਕਾਂ ਲਿਖੀ ਜਾਈਏ, ਤਿਨ੍ਹਾਂ ਤੋਂ ਗੁਰਮਤ ਸਿਧਾਂਤਾਂ ਦਾ ਪਰਚਾਰ ਨਹੀਂ ਹੋਵੇਗਾ, ਅਕਲੀ ਢਕੋਸਲਿਆਂ ਦਾ ਬਿਉਪਾਰ ਹੋਵੇਗਾ। ਇਕ ਜਗ੍ਹਾ ਤਾਂ ਅਸਾਡੇ ਫਿਲਾਸਫਰ ਸਿਮਰਨ ਫਿਲਾਸਫੀ ਨਿਰੂਪਨ ਕਰਦੇ ਹੋਏ ਇਉਂ ਲਿਖਦੇ ਹਨ ਕਿ :

'ਸਿਮਰਨ ਕਰਨ ਨਾਲ ਆਦਮੀ ਦੀ ਪ੍ਰੀਤੀ ਵਾਹਿਗੁਰੂ ਨਾਲ ਜੁੜਦੀ ਹੈ।'

ਪਰ ਉਸੇ ਪੰਨੇ ਵਿਚ ਸਿਮਰਨ ਦੇ ਫੁਟ ਨੋਟ ਹੇਠਾਂ ਇਉਂ ਲਿਖ ਦਿੰਦੇ ਹਨ :

'ਪ੍ਰੀਤੀ ਹੀ ਸਭ ਗੁਣਾਂ ਦਾ ਤੱਤ ਹੈ। ਸਿਮਰਣ ਤੋਤੇ ਵਰਗਾ ਰਟਣ ਨਹੀਂ। ਇਹ ਤਾਂ ਪਰੇਮ ਪ੍ਰੀਤ ਤਾਂਘ ਦੀ ਕਾਂਗ (ਲਹਿਰ) ਹੈ, ਇਹ ਅੰਮ੍ਰਿਤ ਦੀ ਕੁੰਜੀ ਹੈ।'

ਫਿਰ ਇਸ ਦੂਜੇ ਖਿਆਲ ਦੀ ਪ੍ਰੌੜ੍ਹਤਾ ਵਿਚ ਅਗੇ ਨੇੜੇ ਜਾ ਕੇ ਹੀ ਇਉਂ ਲਿਖਦੇ ਹਨ :

'......ਸਿਮਰਨ ਵਾਸਤੇ ਸਿਰਫ ਸੱਚੀ ਪ੍ਰੀਤੀ ਦੀ ਲੋੜ ਹੈ......ਬਲਿਕ ਸੱਚੀ ਪ੍ਰੀਤੀ ਤੇ ਸਿਮਰਨ ਨਾਲ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ।'

# ੬

# ਦੁਨੀਆਂ ਦੇ ਫਿਲਾਸਫਰਾਂ ਦੀ ਪੋਜ਼ੀਸ਼ਨ

ਏਹ ਖਿਆਲੀ ਫਿਲਾਸਫੀ ਲਿਖਾਰੀ ਦੇ ਇਹਨਾਂ ਦੋਹਾਂ ਖਿਆਲਾਂ ਅੰਦਰ ਹੀ ਬੜੀ ਤਕੜੀ ਵਿਰੋਧਤਾ ਜਣਾਉਂਦੀ ਹੈ : ਇਕ ਜਗ੍ਹਾ ਤਾਂ ਇਹ ਕਹਿੰਦੇ ਹਨ ਕਿ ਸਿਮਰਨ ਕਰਨ ਨਾਲ ਪ੍ਰੀਤੀ ਉਪਜਦੀ ਹੈ ਅਤੇ ਦੂਜੀ ਜਗ੍ਹਾ ਓਹ ਲਿਖਦੇ ਹਨ ਕਿ ਪ੍ਰੀਤੀ ਦੁਆਰਾ ਹੀ ਸਿਮਰਨ ਕੀਤਾ ਜਾ ਸਕਦਾ ਹੈ। ਇਬਾਰਤ ਦੀ ਰੰਗੀਨੀ ਬੜੀ ਮਨ-ਮੋਹਨੀ ਹੈ, ਪਰ ਖਿਆਲਾਂ ਦੀ ਵਿਰੋਧਤਾ ਪ੍ਰਗਟ ਪਹਾਰੇ ਜਾਪਦੀ ਹੈ। ਦੇਖੋ ਉਪਰ ਲਿਖਦੇ ਹਨ ਕਿ 'ਸਚੀ ਪ੍ਰੀਤੀ ਤੇ ਸਿਮਰਨ ਨਾਲ ਹੀ ਨਾਮ ਦੀ ਪਰਾਪਤੀ ਹੁੰਦੀ ਹੈ।' ਅਗੇ ਜਾ ਕੇ ਨੇੜੇ ਹੀ ਇਉਂ ਲਿਖਦੇ ਹਨ ਕਿ : 'ਸਿਮਰਨ ਨਾਲ ਵਾਹਿਗੁਰੂ ਦਾ ਨਾਮ ਜਪਣ ਨਾਲ ਪ੍ਰਾਪਤੀ ਹੈ।' ਇਕ ਥਾਉਂ ਤਾਂ ਸਿਮਰਨ ਅਤੇ ਨਾਮ ਨੂੰ ਵਖੋ ਵਖ ਗੱਲਾਂ ਕਥਦੇ ਹਨ। ਅਰਥਾਤ ਪਹਿਲੇ ਲੇਖ ਅਨੁਸਾਰ ਤਾਂ ਏਹ ਗੱਲ ਨਿਰਣੇ ਹੁੰਦੀ ਹੈ ਕਿ ਸਿਮਰਨ ਹੋਰ ਅਤੇ ਨਾਮ ਹੋਰ ਹੈ, ਦੂਜੇ ਥਾਉਂ ਦੀ ਲਿਖਤ ਏਹ ਨਿਰਣਾਉਂਦੀ ਹੈ ਕਿ ਸਿਮਰਨ ਤੇ ਨਾਮ ਦੋਈ ਇਕੋ ਚੀਜ਼ਾਂ ਹਨ। ਹੁਣ ਪਾਠਕ ਕੇਹੜੀ ਗਲ ਨੂੰ ਦ੍ਰਿੜ ਕਰੇ। ਆਪਣੀ ਉਕਤ ਫਿਲਾਸਫੀ ਦੁਆਰਾ ਜੇਹੜੀ ਗਲ ਦੇ ਪਿਛੇ ਪੈਂਦੇ ਹਨ ਓਸੇ ਨੂੰ ਸਾਬਤ ਕਰ ਦਿਖਾਉਂਦੇ ਹਨ। ਪਰ ਇਹ ਪਤਾ ਨਹੀਂ ਰਹਿੰਦਾ ਕਿ ਖਿਆਲਾਂ ਦੀ ਵਿਰੋਧਤਾ ਹੋ ਜਾਂਦੀ ਹੈ। ਅਸੂਲੀ ਹਾਨੀ ਦੀ ਪਰਵਾਹ ਨਹੀਂ, ਦਲੀਲੀ ਨੁਕਤੇ ਨੂੰ ਸਿਧ ਕਰਨ ਦੀ ਹੀ ਬਣੀ ਹੋਈ ਹੈ। ਇਸ ਦਲੀਲ-ਬਾਜ਼ੀ ਨੂੰ ਸਿਧ ਕਰਨ ਲਈ ਸਿਮਰਨ ਪਦ ਦੀ ਵਿਆਖਿਆ ਮਈ ਫੁਟ ਨੋਟ ਹੇਠਾਂ ਓਹ ਫਿਲਾਸਫਰ ਅਫਲਾਤੂਨ (Plato) ਦੀ ਲਿਖਤ ਫਿਲਾਸਫੀ ਦਾ ਲੰਮਾ ਚੌੜਾ ਹਵਾਲਾ ਦਿੰਦੇ ਹਨ। ਮਾਨੋ ਓਹਨਾਂ ਦੇ ਭਾਣੇ ਪਲੈਟੋ (ਅਫਲਾਤੂਨ) ਬੜਾ ਭਾਰੀ ਨਾਮ ਦਾ ਰਸੀਆ ਤੇ ਸਿਮਰਨ ਦਾ ਰਸੀਆ ਹੋ ਚੁਕਾ ਹੈ। ਹਾਲਾਂਕਿ ਉਸ ਨੂੰ (ਅਫਲਾਤੂਨ ਨੂੰ) ਨਾਮ ਸਿਮਰਨ ਦੀ ਅਜੇ ਸੂੰਧਕ ਭੀ ਨਹੀਂ ਸੀ ਲਗੀ। ਓਹ ਨਿਰਾ ਦਿਮਾਗੀ ਫਿਲਾਸਫਰ (intellectul Philosopher) ਸੀ। ਭਾਉ ਭਗਤੀ ਅਤੇ ਨਾਮ ਸਿਮਰਨ ਦੀ ਰੂਹਾਨੀ ਖੇਡ ਦਾ ਉਸ ਨੂੰ ਬੋਹ ਪਤਾ ਹੀ ਨਹੀਂ ਸੀ। ਅਕਲੀ ਦਲੀਲ ਬਾਜ਼ੀ ਦੀਆਂ ਉਡਾਰੀਆਂ ਭਾਵੇਂ ਉਸ ਦੀਆਂ ਕਿੰਨੀਆਂ ਹੀ ਉਚੀਆਂ ਹੋਣ ਪਰ ਉਸ ਨੂੰ ਸਿਮਰਨ ਦੀ ਖੇਡ ਦਾ

ਮਾਹਰ ਦਸ ਕੇ ਪਰਮਾਣ ਵਜੋਂ ਪੇਸ਼ ਕਰਨਾ ਏਹ ਸਿਧ ਕਰਦਾ ਹੈ ਕਿ ਲਿਖਾਰੀ ਜੀ ਨੂੰ ਖੁਦ ਭੀ ਨਾਮ ਸਿਮਰਨ ਦੀ ਮਾਹੀਅਤ ਦੇ ਤੱਤ ਗੁਰਮਤਿ ਗਿਆਨ ਦਾ ਥੌਹ ਪਤਾ ਨਹੀਂ । ਓਹ ਸ਼ੈਕਸਪੀਅਰ ਆਦਕ ਕਵੀਸ਼ਰਾਂ ਅਤੇ ਅਰਸਤੂ,ਅਫਲਾਤੂਨ ਅਤੇ ਲੁਕਮਾਨ ਆਦਿਕ ਯੂਨਾਨੀ ਹਕੀਮਾਂ ਨੂੰ ਪਹੁੰਚੇ ਹੋਏ ਪੁਰਸ਼ ਆਪਣੇ ਲੇਖਾਂ ਅੰਦਰ ਲਿਖਦੇ ਹਨ ।

ਐਸੇ ਹਕੀਮ ਫਿਲਾਸਫਰਾਂ ਅਤੇ ਉਨ੍ਹਾਂ ਦੀ ਫਿਲਾਸਫੀ ਪ੍ਰਥਾਇ ਇਹ ਅਗਲੇਰਾ ਗੁਰਵਾਕ ਘਟਦਾ ਹੈ :

ਜਗੁ ਕਊਆ ਮੁਖਿ ਚੁੰਚ ਗਿਆਨੁ ॥
ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥
ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ
ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ਰਹਾਉ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥
ਸਬਦੁ ਚੀਨਿ੍ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥
ਆਪੁ ਨ ਬੂਝੈ ਲੋਕ ਬੁਝਾਵੈ ॥
ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥
ਹਰਿ ਜੀਉ ਸੇਵੀਐ ਅੰਤਰਜਾਮੀ ॥
ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥
ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥
ਸਾਚਾ ਨਾਮੁ ਸਾਚੈ ਸਬਦਿ ਜਾਨੈ ॥
ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥
ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥
ਸਤਿਗੁਰਿ ਮਿਲਿਐ ਵਡੀ ਵਡਿਆਈ ॥
ਦੂਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥

ਗੁਰਮਤਿ ਮਾਨਿਆ ਕਰਣੀ ਸਾਰੁ ॥
ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥

ਬਿਲਾਵਲ ਮ: ੩ ਅਸਟਪਦੀ, ਪੰਨਾ ੮੩੨

ਇਸ ਦੀ ਵਿਆਖਿਆ : ਗੁਰੂ ਦੀ ਮਤਿ ਗਹੇ ਬਾਝੋਂ, ਸਚੇ ਸਤਿਗੁਰੂ ਧੁਰੋਂ ਪਠਾਏ ਸਤਿਗੁਰੂ ਦੀ ਗੁਰਮੰਤ੍ਰ ਰੂਪੀ ਗੁਰ ਦੀਖਿਆ ਤੋਂ ਦੀਖਤ ਹੋਏ ਬਾਝੋਂ ਕਿਸੇ ਨੂੰ ਗੁਰਮਤਿ ਗਿਆਨ ਗੁਰਮਤਿ ਨਾਮ ਦੀ ਸੂਝ ਬੂਝ ਨਹੀਂ ਹੋ ਸਕਦੀ। ਗੁਰਮਤਿ ਨਾਮੁ ਰੂਪੀ ਗੁਰ ਗਿਆਨ ਦੀ ਅਭਿਆਸ ਕਮਾਈ ਦੀ ਅੰਮ੍ਰਿਤ ਕਲਾ ਵਰਤੇ ਬਾਝੋਂ ਆਤਮ ਪ੍ਰਮਾਤਮ ਮੰਡਲਾਂ ਦੀ ਗੰਮਤਾ ਕਿਸੇ ਨੂੰ ਨਹੀਂ ਹੋ ਸਕਦੀ, ਆਤਮ ਗਿਆਨ ਹੀ ਨਹੀਂ ਹੋ ਸਕਦਾ। ਆਪੋਂ ਚਾਹੇ ਕੋਈ ਕਿਤਨਾ ਹੀ ਅਕਲਈਆ ਕਿਉਂ ਨਾ ਹੋਵੇ, ਓਹ ਅਕਲ ਕਲਾ ਦਾ ਜਾਣੂ ਨਹੀਂ ਹੋ ਸਕਦਾ। ਆਪਣੇ ਦਿਮਾਗ ਤੋਂ ਉਪਜੇ ਦਿਮਾਗੀ ਮਸਲਿਆਂ ਦੁਆਰਾ ਉਸ ਨੂੰ ਇਲਮ ਇਲਾਹੀ ਦੀ ਮਾਹੀਅਤ ਨਹੀਂ ਹੋ ਸਕਦੀ। ਸਤਿਗੁਰ ਗਿਆਨ ਗੰਮਤਾ ਬਿਹੂਣ ਸਭ ਜਗਤ ਪਰਮਾਰਥ ਦੇ ਪਾਸਿਓਂ ਅੰਨ੍ਹਾਂ ਬੋਲਾ ਹੈ। ਐਵੇਂ ਅਰਲ ਬਰਲ ਮੂੰਹੋਂ ਕਹਿੰਦਾ ਫਿਰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :

"ਜਗੁ ਕਊਆ ਮੁਖਿ ਚੁੰਚ ਗਿਆਨੁ ॥"

ਇਹ ਸਾਰੇ, ਜਗਤ ਦੇ ਦਿਮਾਗੀ ਫਿਲਾਸਫਰ ਸਭ ਕਊਆਂ ਕਾਵਾਂ ਦੀ ਨਿਆਈਂ ਹਨ ਅਤੇ ਉਹਨਾਂ ਦੇ ਬਾਦ ਬਫਾਈ ਅਕਲੀ ਢਕੌਂਸਲੇ ਅਤੇ ਫਿਲਾਸਫੀ ਦੇ ਦਿਮਾਗੀ ਮਸਲੇ ਸਭ ਕਾਵਾਂ ਵਾਂਗੂੰ ਕਾਂਇ ਕਾਂਇ ਕਰਨ ਵਾਲੀਆਂ ਫੋਕਟ ਕਥਨੀਆਂ ਮਈ ਚੁੰਚ ਗਿਆਨ ਹਨ।

"ਅੰਤਰਿ ਲੋਭੁ ਝੂਠੁ ਅਭਿਮਾਨੁ ॥"

ਐਸੇ ਚੁੰਚ ਗਿਆਨੀ ਲੋਗਾਂ ਦੇ ਰਿਦੇ ਅੰਤਰਿ ਲੋਭ, ਝੂਠ ਅਤੇ ਅਭਿਮਾਨ ਹੁੰਦਾ ਹੈ। ਜੇ ਤਿੰਨੇ ਨਹੀਂ ਤਾਂ ਇਹਨਾਂ ਵਿਚੋਂ ਇਕ ਜ਼ਰੂਰ ਹੁੰਦਾ ਹੈ। ਯਾ ਤਾਂ ਲੋਭ ਦੇ ਮਾਰੇ ਕਿਸੀ ਦੁਨਿਆਵੀ ਲਾਲਸਾ ਲਈ ਉਹ ਚੁੰਚ ਗਿਆਨ ਕਥਦੇ ਹਨ ਯਾ ਉਹਨਾਂ ਨੂੰ ਸੱਚ ਦੇ ਥਾਉਂ ਝੂਠ ਦ੍ਰਿੜ ਹੋਇਆ ਹੁੰਦਾ ਹੈ ਅਤੇ ਇਸ ਝੂਠ ਦੇ ਗੁਸੇ ਹੋਏ ਉਹ ਚੁੰਚ ਗਿਆਨ ਚੁੰਚਦੇ ਹਨ। ਅਸਲ ਗੱਲ ਵਾਸਤਵੀ ਗੱਲ ਤਾਂ ਇਹ ਹੈ ਕਿ :

"ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥"*

ਗੁਰਵਾਕ ਦੇ ਭਾਵ ਅਨੁਸਾਰ ਨਾਮ ਤੋਂ ਬਿਨਾਂ ਜਿਤਨੀਆਂ ਭੀ ਕਥਨੀਆਂ

---

* ਸੂਹੀ ਮ: ੫, ਪੰਨਾ ੭੬੧

ਬਦਨੀਆਂ ਹਨ, ਸਭ ਕੂੜੀਆਂ ਝੂਠੀਆਂ ਅਤੇ ਹੋਛੀਆਂ ਗੱਲਾਂ ਹਨ। ਇਨ੍ਹਾਂ ਹੋਛੀਆਂ ਗੱਲਾਂ ਦੇ ਹੰਕਾਰ ਪ੍ਰਾਇਣ ਹੋ ਕੇ ਉਹ ਮਤਸਰੀ ਚੂੰਚ ਗਿਆਨੀਏ ਬਣਦੇ ਹਨ। ਤਾਂ ਤੇ ਉਹਨਾਂ ਦੇ ਅੰਤਰ ਅਭਿਮਾਨ ਹੀ ਅਭਿਮਾਨ ਹੁੰਦਾ ਹੈ। ਨਾਮ ਦਾ ਨਿਸ਼ਾਨ (ਨਮੂਦ) ਭੀ ਨਹੀਂ ਹੁੰਦਾ। ਆਤਮ ਗਿਆਨ ਦੇ ਅਕਲੀ ਢਕੌਂਸਲਿਆਂ ਨੂੰ ਨਾਮ ਆਖਣਾਂ ਗਲਤ ਫਹਿਮੀ ਹੈ। ਐਸੇ ਅਕਲੀ ਢਕੌਂਸਲੇ ਘੜਨਹਾਰਿਆਂ ਦਾ—

"ਬਿਨੁ ਨਾਵੈ ਪਾਜੁ ਲਹਗੁ ਨਿਦਾਨ ॥੧॥"

ਵਾਲੇ ਗੁਰਵਾਕ ਦੇ ਭਾਵ ਅਨੁਸਾਰ ਨਾਮ ਹੀਣ ਹੋਣ ਕਰਕੇ ਓੜਕ ਇਕ ਦਿਨ ਪਾਜ ਲਹਿ ਜਾਵੇਗਾ। ਅਤੇ

"ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥"

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਸਤਿਗੁਰੂ ਦੇ ਸੇਵਕਾਂ ਸਿਖਾਂ ਨੂੰ ਹੀ ਨਾਮ ਵਥ ਦੀ ਪ੍ਰਾਪਤੀ ਹੁੰਦੀ ਹੈ ਅਤੇ "ਗੁਰ ਕੀ ਸੇਵਾ ਗੁਰ ਭਗਤਿ ਹੈ"* ਰੂਪੀ ਗੁਰਵਾਕ ਦੇ ਭਾਵ ਅਨੁਸਾਰ ਗੁਰ ਭਗਤੀ ਅਰਥਾਤ ਸਚੀ ਨਾਮ ਅਭਿਆਸ ਕਮਾਈ ਹੀ ਗੁਰੂ ਕੀ ਸੱਚੀ ਸੇਵਾ ਹੈ। ਤਾਂ ਤੇ ਸਤਿਗੁਰੂ ਦਾ ਸਿਖ ਬਣ ਕੇ ਗੁਰਮੰਤ੍ਰ ਰੂਪੀ ਗੁਰ ਦੀਖਿਆ ਲੈ ਕੇ ਹੀ ਗੁਰਮੰਤ੍ਰ ਰੂਪੀ ਅਭਿਆਸ ਹਿਰਦੇ ਅੰਦਰ ਦ੍ਰਿੜ੍ਹ ਹੁੰਦਾ ਹੈ ਅਤੇ ਇਸ ਬਿਧਿ ਨਾਮ ਦੇ ਰਿਦੰਤਰਿ ਦ੍ਰਿੜ੍ਹ ਹੋਣ ਕਰਿ ਹੀ ਸੱਚੀ ਨਾਮ ਅਭਿਆਸ ਕਮਾਈ ਹਇ ਆਂਵਦੀ ਹੈ ਅਤੇ ਇਸ ਨਾਮ ਅਭਿਆਸ ਕਮਾਈ ਕਰ ਨਾਮ ਹੋਰ ਵੀ ਅਨੰਤ ਕਲਾ ਕਰਿ ਹਿਰਦੇ ਅੰਦਰ ਵਸਦਾ ਹੈ ਅਤੇ ਵਸ ਰਸ ਕੇ ਅਨਿਕ ਤਰੰਗਾਂ ਕਰਿ ਫਲਦਾ ਫੁਲਦਾ ਅਤੇ ਮੌਲਦਾ ਹੈ। ਸਤਿਗੁਰ ਦਾ ਸਿਖ ਬਣਨ ਤੋਂ ਮਨ ਅਤੇ ਚਿਤ ਵਿਖੇ ਨਾਮ ਵਸਦਾ ਹੈ। ਰਹਾਉ ਤੋਂ ਪ੍ਰਹਿਲੀ ਤੁਕ ਇਸ ਗੱਲ ਦੀ ਹੋਰ ਪ੍ਰੋੜ੍ਹਤਾ ਕਰਦੀ ਹੈ :

"ਗੁਰੁ ਭੇਟੈ ਹਰਿ ਨਾਮੁ ਚੇਤਾਵੈ
ਬਿਨੁ ਨਾਵੈ ਹੋਰੁ ਝੂਠੁ ਪਰੀਤਿ ॥੫॥"

ਜਦ ਗੁਰੂ ਨੂੰ ਗੁਰਮਤਿ ਮਰਯਾਦਾ ਅਨੁਸਾਰ ਭੇਟਿਆ (ਧਾਰਨ ਕੀਤਾ) ਜਾਂਦਾ ਹੈ ਤਾਂ ਸਗੁਰੇ (ਗੁਰਸਿਖ) ਪੁਰਸ਼ ਨੂੰ ਗੁਰੂ ਅਪਣੀ ਗੁਰਮੰਤ੍ਰ ਰੂਪੀ ਗੁਰ ਦੀਖਿਆਂ ਦੇ ਕੇ ਨਾਮ ਚੇਤਾਵੰਦਾ ਹੈ। ਨਿਗੁਰੇ ਨਿਗੋਸਾਏ ਪੁਰਸ਼ ਨੂੰ ਨਾਮ ਕਦੇ ਪ੍ਰਾਪਤ ਨਹੀਂ ਹੋ ਸਕਦਾ ਅਤੇ ਨਾਮ ਬਿਨਾਂ ਹੋਰ ਜਿਤਨੀਆਂ ਭੀ ਆਲੂਦ ਖਿਆਲੀਆਂ ਅਤੇ ਕਚ-ਕਥਨੀਆਂ ਹਨ ਸਭ ਕੂੜ ਕੁਸਤ ਦੇ ਕੁਚਸਕੇ (ਝੂਠ ਪ੍ਰੀਤਾਂ) ਹਨ। ਸਤਿਗੁਰ ਨੂੰ ਭੇਟ ਕੇ ਅਤੇ ਸਤਿਗੁਰ ਦਾ ਸਿਖ ਬਣ ਕੇ ਫੇਰ ਜੋ

* ਸਿਰੀ ਰਾਗੁ ਮ: ੩, ਪੰਨਾ ੬੬

ਹੁਕਮ ਗੁਰੂ ਸਤਿਗੁਰੂ ਆਪਣੀ ਗੁਰਦੀਖਿਆ ਦੁਆਰਾ ਦਿੰਦੇ ਹਨ, ਉਸ ਅਨੁਸਾਰ ਗੁਰ ਸਬਦੁ ਚੀਨ ਹੁੰਦਾ ਹੈ ਅਤੇ ਉਸ ਹੁਕਮਨ ਸਿਰ ਹੁਕਮ ਅਨੁਸਾਰ ਕਾਰ ਕਮਾਵਣੀ ਕੀ ਹੈ ? ਨਾਮ ਜਪਣਾ ਹੈ । ਸੋ ਸਤਿਗੁਰੂ ਦਾ ਹੁਕਮ ਮੰਨਦੇ ਹੋਏ ਨਾਮ ਦ੍ਰਿੜ ਕਰਕੇ ਨਾਮ ਅਭਿਆਸ ਕਮਾਈ ਕਰ ਕੇ ਹੀ ਸਹਜ ਅਵਸਥਾ ਦੇ ਘਰ ਵਾਲੇ ਪਰਮ ਪਦ ਦੀ ਗੰਮਤਾ ਹੁੰਦੀ ਹੈ ਅਤੇ ਇਸ ਬਿਧ ਸਚੇ ਨਾਮ ਦੀ ਬਰਕਤ ਕਰਕੇ ਹੀ ਇਸ ਪਦ ਪੁਜਣ ਵਾਲੀ ਸੱਚੀ ਵਡਿਆਈ ਪਾਈਦੀ ਹੈ । ਜੈਸਾ ਕਿ ਏਸੇ ਵਾਕ ਦੀਆਂ ਏਹਨਾਂ ਅਗਲੇਰੀਆਂ ਤੁਕਾਂ ਤੋਂ ਸਿਧ ਹੁੰਦਾ ਹੈ :

"ਗੁਰਿ ਕਹਿਆ ਸਾ ਕਾਰ ਕਮਾਵਹੁ ॥
ਸਬਦੁ ਚੀਨਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥"

ਗੁਰ ਦੀਖਿਆ ਦੀ ਉਪਰ ਨਿਰਣਾਈ ਕਾਰ ਕਮਾਈ ਦੇ ਕਮਾਏ ਬਿਹੂਣ ਜੋ ਆਪੇ ਹੀ ਬੂਝ ਬੁਝੱਕੜ ਗਿਆਨੀ ਬਣ ਬਣ ਬਹਿੰਦੇ ਹਨ, ਉਹਨਾਂ ਪ੍ਰਤਿ ਹੀ ਅਗਲੇਰੀਆਂ ਗੁਰਵਾਕ ਦੇ ਤੀਜੇ ਅੰਕ ਵਾਲੀਆਂ ਤ੍ਰੈ ਤੁਕੀ ਪੰਗਤੀਆਂ ਘਟਦੀਆਂ ਹਨ :

"ਆਪੁ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥"

ਆਪੋਂ ਉਪੰਨੀ ਅਲਪੱਗ ਮੱਤ ਦੁਆਰਾ ਕੋਈ ਪ੍ਰਾਨੀ ਤਤ ਪਰਮਾਰਥ ਨੂੰ ਬੁਝ ਨਹੀਂ ਸਕਦਾ । ਬੜੀ ਹਾਸੀ ਵਾਲੀ ਗਲ ਤਾਂ ਏਹ ਹੈ ਕਿ ਆਪਣੇ ਆਪ ਤਾਂ ਓਹ ਤਤ ਪਰਮਾਰਥ ਦੀ ਸੂਝ ਬੂਝ ਨਹੀਂ ਰਖਦਾ. ਲੋਕਾਂ ਨੂੰ ਬੁਝਾਉਂਦਾ ਹੈ । ਜੋ ਮਨੋਂ ਅੰਧਾ ਹੈ ਉਸ ਦੀ ਕਮਾਈ ਭੀ ਅੰਧ ਧੁੰਧ ਹੈ, ਉਸ ਦੇ ਕੰਮ ਭੀ ਅੰਧ ਹਨ ਅਤੇ ਉਸਦਾ ਵਰਤਾਰਾ ਭੀ ਅੰਧ ਵਰਤਾਰਾ ਹੈ, ਉਹ 'ਦਰੁ ਘਰੁ ਮਹਲੁ ਠਉਰੁ' ਕੈਸੇ ਪਾ ਸਕਦਾ ਹੈ । ਐਸੇ ਅੰਧ ਧੁੰਧ ਪਾਖੰਡ ਵਰਤਾਰੇ ਵਾਲੇ ਅੰਧ ਵਿਸ਼ਵਾਸ ਦੁਆਰਾ ਉਸ ਅੰਤਰਯਾਮੀ ਪਰਮਾਤਮਾ ਨੂੰ ਨਹੀਂ ਪਾ ਸਕੀਦਾ । ਕੇਵਲ ਸੇਵਾ ਭਗਤੀ ਰੂਪੀ ਨਾਮ ਅਭਿਆਸ ਕਮਾਈ ਦੁਆਰਾ ਹੀ ਪਾਈਦਾ ਹੈ, ਜਿਸ ਪ੍ਰਭੂ ਅੰਤਰਯਾਮੀ ਦੀ ਜਾਗਤ ਜੋਤਿ ਸਗਲੀਆਂ ਘਟਾਂ ਅੰਤਰਿ ਸਮਾ ਰਹੀ ਹੈ, ਉਸ ਨਾਲ ਲੁਕਾਇ ਛੁਪਾਇ ਮਈ ਦੁਰਾਚਾਰੀ ਵਾਲਾ ਪਾਖੰਡ ਨਹੀਂ ਚਲ ਪੁਗ ਸਕਦਾ । ਗੱਲੀਂ ਬਾਤੀਂ ਉਸ ਦੀ ਉਸ ਦੇ ਨਾਮ ਦੀ ਗਤਿ ਮਿਤ ਜਾਨਣ ਦੀ ਕੋਈ ਡੀਂਗ ਨਹੀਂ ਮਾਰ ਸਕਦਾ । ਬਲਕਿ :

"ਸਾਚਾ ਨਾਮੁ ਸਾਚੈ ਸਬਦਿ ਜਾਨੈ ॥
ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥"

ਸਚੇ ਨਾਮ ਦੀ ਗਤਿ ਮਿਤਿ ਸਚੇ ਗੁਰ ਸਬਦ ਗੁਰਮੰਤ੍ਰ ਮਿਲਣ ਪਰ ਹੀ ਜਾਣੀ ਜਾ ਸਕਦੀ ਹੈ । ਸਚੇ ਨਾਮ ਦੀ ਗੁਰਮਤਿ ਕਮਾਈ ਦੁਆਰਾ ਨਾਮੀ ਅਕਾਲ ਪੁਰਖ ਆਪਣੇ ਆਪ ਆ ਮਿਲਦਾ ਹੈ ਅਤੇ ਇਸ ਬਿਧ ਨਾਮ ਦਾ ਹੀ ਰੂਪ ਹੋ ਜਾਣ ਪਰ ਤੂੰ ਤੂੰ ਕਰਤਾ ਤੂੰ ਹੋ ਜਾਣ ਪਰ ਹੀ ਮਾਨ ਅਭਿਮਾਨ ਵਾਲੀ ਮਤਸਰ ਵਿਚਹੁ ਚੁਕਾਈਦੀ ਹੈ । ਗੁਰ ਦੀਖਤ ਨਾਮ ਨੂੰ ਸਦਾ ਸਦਾ ਖਿਨ ਖਿਨ ਜਪਣ ਅਤੇ ਜਪਦੇ ਰਹਿਣ ਦਾ ਏਹ ਪਾਰਸ ਕਲਾ ਪਰਭੂਤੀ ਫਲ ਹੈ । ਏਹ ਉਪਰਲੇ ਗੁਰ ਪ੍ਰਮਾਣ ਦੇ ਚੌਥੇ ਪੰਜਵੇਂ ਅੰਕ ਦਾ ਅਨੁਵਾਦ ਹੈ । ਇਸ ਬਿਧ ਗੁਰ ਦੀਖਤ ਨਾਮ ਸੁਆਸਿ ਸੁਆਸਿ ਨਿਮਖ ਨਿਮਖ ਜਪਣਾ ਹੀ ਸਤਿਗੁਰ ਦੀ ਸਚੀ ਸੇਵਾ ਹੈ ਅਤੇ ਸਚੀ ਗੁਰਮਤਿ ਹੈ ਅਤੇ ਇਸ ਬਿਧ ਹਰਿ ਛਿਨ ਗੁਰ ਦੀਖਤ ਨਾਮ ਗੁਰਮੰਤ੍ਰ ਨੂੰ ਜਪਣ ਰੂਪੀ ਸਤਿਗੁਰ ਸੇਵਾ ਮਈ ਸਚੀ ਗੁਰਮਤਿ ਗ੍ਰਹਿਣ ਕ੦੦ ਕਰ ਹੀ ਦੂਜੀ ਦੁਰਮਤਿ ਮਤ ਦਾ ਬਿਨਾਸ ਹੁੰਦਾ ਹੈ ।

"ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥"

ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਤਿਗੁਰ ਸੇਵਾ ਦੀ ਪਾਰਸ ਭੂਤੀ ਅੰਮ੍ਰਿਤ ਮੰਤ੍ਰਾਇਣੀ ਕਲਾ ਦੁਆਰਾ ਦੂਜੇ ਭਾਵ ਦੀ ਦੁਰਮਤਿ ਬੁਧੀ ਦਾ ਬਿਨਾਸ ਸੁਖੇਨ ਹੀ ਹੋ ਜਾਂਦਾ ਹੈ ਅਤੇ ਦੁਰਮਤਿ ਬੁਧੀ ਤੋਂ ਉਪਜੇ ਸਭ ਅਵਗੁਣ ਕਟੇ ਜਾਂਦੇ ਹਨ ਅਤੇ ਇਸ ਬਿਧ ਪਾਪਾਂ ਵਾਲੀ ਦੁਰਮਤਿ ਮਤਿ ਖੈ ਹੋ ਜਾਂਦੀ ਹੈ ਅਤੇ ਸਰਬੋਤਮ ਸ੍ਰੇਸ਼ਟ ਸਿੱਟਾ ਗੁਰਮਤਿ ਨਾਮ ਅਭਿਆਸ ਕਮਾਈ ਦਾ ਏਹ ਨਿਕਲਦਾ ਹੈ ਕਿ ਨਾਮ ਅਭਿਆਸੀ ਦੀ ਕਾਇਆ ਕੰਚਨ ਵੰਨੀ ਤੇ ਜੋਤਿ ਜਗੀਨੀ ਹੋ ਜਾਂਦੀ ਹੈ ਅਤੇ ਗੁਰਮਤਿ ਨਾਮ ਅਭਿਆਸ ਕਮਾਈ ਕਰਨਹਾਰੇ ਦਾ ਓੜਕ ਜੋਤੀ ਜੋਤਿ ਸਮਾਵਣਾ ਹੋ ਜਾਂਦਾ ਹੈ ।

"ਸਤਿਗੁਰਿ ਮਿਲਿਐ ਵਡੀ ਵਡਿਆਈ ॥
ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥"

ਐਸੇ ਸਤਿਗੁਰ ਨੂੰ ਮਿਲਨ ਕਰ ਗੁਰਸਿਖ ਸਤਿਗੁਰ ਮਿਲਨਹਾਰੇ ਦੀ ਵਡੀ ਵਡਿਆਈ ਹੁੰਦੀ ਹੈ । ਜੋ ਗੁਰਸਿਖ ਦੇ ਹਿਰਦੇ ਅੰਦਰ ਨਾਮ ਨੂੰ ਵਸਾ ਕੇ ਉਸ ਦੇ ਸਭ ਦੁਖ ਕਟ ਦਿੰਦਾ ਹੈ ਅਤੇ ਗੁਰ ਪ੍ਰਸਾਦਿ ਹਿਰਦੇ ਨਾਮ ਦਾ ਨਿਵਾਸ ਅਤੇ ਨਾਮ ਰੰਗਾਂ ਵਿਚ ਰਤੇ ਜਾਣ ਕਰਿ ਨਾ ਸਿਰਫ ਦੁਖਾਂ ਦਾ ਬਿਨਾਸ ਹੀ ਹੁੰਦਾ ਹੈ ਬਲਕਿ ਅਬਿਨਾਸੀ ਸੁਖ ਦੀ ਪ੍ਰਾਪਤੀ ਹੁੰਦੀ ਹੈ । ਤਾਂ ਤੇ :

"ਗੁਰਮਤਿ ਮਾਨਿਆ ਕਰਣੀ ਸਾਰੁ ॥
ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥"

ਗੁਰਮਤਿ ਧਰਮ ਧਾਰਨ ਕਰਿ ਹੀ "ਸੁਕ੍ਰਿਤ ਕਰਨੀ ਸਾਰੁ ਜਪੁ ਮਾਲੀ"* ਵਾਲੀ ਪੂਰਨ ਘਾਲ ਥਾਂਇ ਪੈਂਦੀ ਹੈ ਅਤੇ ਗੁਰਮਤਿ ਮਤ ਧਾਰਨ ਕੀਤੇ ਹੀ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰਮਤਿ ਧਰਮ ਦਾ ਪੂਰਨ ਧਾਰਨੀ ਹੋਣ ਕਰ ਪਰਵਾਰੈ ਸਾਧਾਰ ਵਾਲੀ ਪੁਨੀਤ ਪਦਵੀ ਪ੍ਰਾਪਤ ਹੁੰਦੀ ਹੈ। ਐਸੀ ਸਰਧਾ ਭਾਵਨੀ ਜਿਨ੍ਹਾਂ ਦੀ ਗੁਰਮਤਿ ਉਪਰ ਨਹੀਂ ਆਈ,ਉਹ ਡਾਵਾਂ ਡੋਲ ਹੋਏ ਇਤਰ ਮਤਾਂ ਵਾਲੇ ਮਨਮਤੀਆਂ ਦੀਆਂ ਕੁਛਤ ਕਛੋਤ ਕਰਨੀਆਂ ਵਾਲੀਆਂ ਕਪੋਲ ਕਥਨੀਆਂ ਉਪਰ ਕਦੇ ਨਹੀਂ ਰੀਝਦੇ। ਉਹ ਤਾਂ ਕੇਵਲ ਗੁਰਮਤ ਦ੍ਰਿੜ੍ਹਾਏ, ਗੁਰਮਤ ਦਰਸਾਏ ਨਾਮ ਨੂੰ ਹੀ ਮੁਕਤ ਦਾਤਾ, ਗੁਰਮਤਿ ਨਾਮ ਨੂੰ ਅੰਮ੍ਰਿਤ ਰਸਾਇਣੀ ਪਾਰਸ ਅਕਸੀਰ ਮਨ, ਬਚ, ਕਰਮ ਕਰ ਕੇ ਨਿਸਚਿਤ ਕਰਦੇ ਹਨ। ਅਸਾਡੇ ਅੰਮ੍ਰਿਤ ਰੀਝਾਇਣੀ ਰਸਾਇਣੀ ਜੀ ਖਾਸ ਨਾਮ ਗੁਰਮੰਤਰ ਨੂੰ ਅੰਮ੍ਰਿਤ ਕਲਾ ਸੰਪੰਨ ਨਹੀਂ ਮੰਨਦੇ। ਖਿਆਲ ਅਤੇ ਪ੍ਰੀਤ ਦੀ ਉਕਤੀ ਜੁਗਤੀ ਕਰਿ ਅਰਥਾਤ ਮਨ ਉਕਤ ਜੁਗਤੀ ਕਰਿ ਮਨ ਮੰਨਿਆ ਨਾਮ (ਗੁਰਮਤਿ ਨਾਮ ਨਹੀਂ) ਅਨੁਮਾਨਣ ਕਰਿ ਉਹਨਾਂ ਦੇ ਅਭਿਪਰੇ ਅਨੁਸਾਰ ਉਹਨਾਂ ਦੀ ਮਨ ਮੰਨੀ ਅੰਮ੍ਰਿਤ ਕਲਾ ਤੋਂ ਉਹ ਉਕੇ ਅਣਜਾਣ ਹਨ।

* ਭੈਰਉ ਮ: ੫, ਪੰਨਾ ੧੧੩੪

੭

# ਗੁਰਮੰਤ੍ਰ ਤੇ ਗੁਰਬਾਣੀ ਸਬੰਧੀ ਨਿਰਣਾ

ਅਸਾਡੇ ਕਈ ਇਕ ਗੁਰਮਤਿ ਫਿਲਾਸਫੀ ਦਾ ਮਸਲਾ ਵਿਚਾਰਨਹਾਰੇ ਮਾਨਨੀਕ ਗਿਆਨੀ ਗੁਰਬਾਣੀ ਦਾ ਟੀਕਾ ਕਰਦੇ ਹੋਏ ਬਹੁਤਾ ਇਸ ਗਲ ਤੇ ਜ਼ੋਰ ਦਿੰਦੇ ਹਨ ਕਿ ਨਾਮ ਬਾਣੀ ਮੰਤ੍ਰ ਰੂਪ ਨਹੀਂ। ਬਾਣੀ ਨਾਮ ਨੂੰ ਮੰਤ੍ਰ ਰੂਪ ਆਖਣ ਵਾਲੇ ਗਲਤੀ ਤੇ ਹਨ। ਹੇਠਾਂ ਗੁਰਬਾਣੀ ਦੇ ਪਰਮਾਣਾਂ ਦੁਆਰਾ ਸਿਧ ਕੀਤਾ ਜਾਂਦਾ ਹੈ ਕਿ ਨਾਮ ਗੁਰਬਾਣੀ ਮੰਤ੍ਰ ਰੂਪ ਹੈ :

੧. ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ
ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ ॥
ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ ॥

ਗੋਂਡ ਮ: ੪, ਪੰਨਾ ੮੬੦

ਇਹ ਗੁਰ ਪ੍ਰਮਾਣ ਸਪਸ਼ਟ ਤੌਰ ਪਰ ਨਾਮ ਨੂੰ ਗੁਰਮੰਤ੍ਰ ਰੂਪ ਸਿੱਧ ਕਰਦਾ ਹੈ। ਇਸ ਗੁਰਵਾਕ ਦੁਆਰਾ ਸਾਫ ਹੁਕਮ ਹੈ ਕਿ ਗੁਰ ਉਪਦੇਸ਼ ਰੂਪੀ ਗੁਰ ਦੀਖਿਆ ਲੈ ਕੇ ਨਾਮ ਗੁਰਮੰਤ੍ਰ ਦਾ ਜਾਪ ਕਰੋ ਅਤੇ ਜੋ ਜਨ ਸਰਧਾ ਪ੍ਰੇਮ ਭਾਵਨੀ ਸਹਿਤ ਗੁਰਮੰਤ੍ਰ ਜਾਪ ਨੂੰ ਗੁਰੂ ਦਾ ਹੁਕਮ ਸਮਝਣਗੇ, ਉਹ ਨਾਮ ਜਪਣ ਵਿਚ ਜੁਟ ਜਾਣਗੇ ਅਤੇ ਦਿਨ ਰਾਤ ਸਾਰੀ ਉਮਰ ਜੁਟੇ ਰਹਿਣਗੇ। ਇਸ ਨਾਮ ਗੁਰਮੰਤ੍ਰ ਜਾਪ ਰੂਪੀ ਗੁਰ ਹੁਕਮ ਕਮਾਵਣ ਦਾ ਅੰਮ੍ਰਿਤ ਫਲ ਕੀ ਹੋਵੇਗਾ ? ਇਹ ਕਿ ਉਹਨਾਂ ਦਾ ਅੰਤੀ ਅਉਸਰ ਜਨਮ ਮਰਨ ਚੁਰਾਸੀ ਦੇ ਗੇੜ ਤੋਂ ਛੁਟਕਾਰਾ ਹੋ ਜਾਏਗਾ। ਦੂਜੀ ਤੁਕ ਅੰਦਰਿ ਗੁਰੂ ਸਾਹਿਬ ਫੇਰ ਦ੍ਰਿੜ੍ਹ ਨਿਸਚਾ ਦਿਵਾਉਂਦੇ ਹਨ ਕਿ ਹੇ ਹਰੀ ਦੇ ਸੰਤ ਜਨੋਂ, ਗੁਰਸਿਖ ਭਗਤੋ, 'ਅਨਦਿਨੁ ਨਾਮੁ ਜਪਹੁ' ਦਿਨ ਰਾਤ ਗੁਰਮੰਤ੍ਰ ਜਪੀ ਜਾਓ। ਇਹੋ ਹੀ ਚੁਰਾਸੀ ਦੇ ਗੇੜ ਤੋਂ ਛੁਟਣ ਦਾ ਸਾਚਾ ਭਰਵਾਸਾ ਹੈ। ਅਸਾਡੇ ਨਿਤਨੇਮ ਬਾਣੀ ਦੇ ਟੀਕਾਕਾਰ ਮਾਨ-ਨੀਕ ਗਿਆਨੀ ਜੀ ਲਿਖਦੇ ਹਨ ਕਿ ਬਾਰੰਬਾਰ ਨਾਮ ਜਪਣ ਦੀ ਲੋੜ ਨਹੀਂ। ਆਪ ਲਿਖਦੇ ਹਨ ਕਿ :

 www.sikhbookclub.com

'ਇਹ ਭਾਵ ਹਰਗਿਜ਼ ਨਹੀਂ ਕਿ ਰਬ ਦਾ ਨਾਮ ਭੁਲ ਕੇ ਕਦੇ ਭੀ ਨਾ ਲਵੋ, ਹਾਂ ! ਇਸ ਤਰ੍ਹਾਂ ਲਵੋ ਕਿ ਇਕ ਵਾਰੀ ਜ਼ਬਾਨ ਤੋਂ ਆਖੋ ਤੇ ਫੇਰ ਉਸ ਦੇ ਅਨੁਸਾਰ ਕੰਮ ਸ਼ੁਰੂ ਕਰੋ ।' ਅਸੀਂ ਹੈਰਾਨ ਹਾਂ ਕਿ ਨਾਮ ਜਪਣ ਦੀ ਸਚੀ ਕਾਰ ਤੋਂ ਉਪ੍ਰੰਤ ਹੋਰ ਕੰਮ ਹੀ ਕੇਹੜਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ :

ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ

ਵਾਰ ਮਾਝ ਕੀ ਮ. ੨, ਪੰਨਾ ੧੩੯

ਤਥਾ :

ਊਠਤ ਬੈਠਤ ਜਪਉ ਨਾਮੁ ਏਹੁ ਕਰਮੁ ਕਮਾਵਉ ॥

ਬਿਲਾਵਲੁ ਮ. ੫, ਪੰਨਾ ੮੧੩

ਪੁਨਾ :

ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥<br>
ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥<br>
ਨਾਮੋ ਨਾਮੁ ਸਦਾ ਸੁਖਦਾਤਾ ਨਾਮੋ ਲਾਹਾ ਪਾਇਦਾ ॥੬॥<br>
ਬਿਨੁ ਨਾਵੈ ਸਭ ਦੁਖੁ ਸੰਸਾਰਾ ॥<br>
ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥<br>
ਨਾਮੁ ਨ ਸੇਵਹਿ ਕਿਉ ਸੁਖੁ ਪਾਈਐ<br>
ਬਿਨੁ ਨਾਵੈ ਦੁਖੁ ਪਾਇਦਾ ॥੭॥੪॥੧੮॥

ਮਾਰੂ ਸੋਲਹੇ ਮ: ੩, ਪੰਨਾ ੧੦੬੨

ਸੋ ਸਪਸ਼ਟ ਹੋਇਆ ਕਿ ਨਾਮ ਅਭਿਆਸ ਕਮਾਈ ਤੋਂ ਬਿਨਾਂ ਜਿਤਨੇ ਭੀ ਹੋਰ ਕੰਮ ਹਨ ਤਿਨ੍ਹਾਂ ਨੂੰ ਕਰਨ ਕਰ ਹਉਮੈ ਆਦਿਕ ਬਹੁਤੇ ਵਿਕਾਰ ਹੀ ਵਧਦੇ ਹਨ ਅਤੇ ਨਾਮ ਤੋਂ ਬਿਨਾਂ ਸਾਰੇ ਕੰਮਾਂ ਵਿਚ ਦੁਖ ਹੀ ਦੁਖ ਹੈ, ਸੁਖ ਹੈ ਤਾਂ ਸਚੀ ਨਾਮ ਅਭਿਆਸ ਕਮਾਈ ਵਿਚ ਹੈ ।

੨. ਕਹੁ ਨਾਨਕ ਗੁਰਮੰਤ੍ਰੁ ਚਿਤਾਰਿ ॥<br>
ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥੧੦੧॥

ਗਉੜੀ ਮ: ੫, ਪੰਨਾ ੧੮੬

ਗੁਰਬਾਣੀ ਅੰਦਰ ਗੁਰਮੰਤ੍ਰ ਹੈ, ਤਦੇ ਤਾਂ ਹੁਕਮ ਹੋਇਆ ਕਿ ਗੁਰਮੰਤ੍ਰ ਚਿਤਾਰ ਅਤੇ ਗੁਰਮੰਤ੍ਰ ਚਿਤਾਰਨ ਰੂਪੀ ਗੁਰ ਹੁਕਮ ਕਮਾਵਣ ਦਾ ਫ਼ਲ ਇਹ ਦਰਸਾਇਆ ਹੈ ਕਿ ਸਚੇ ਦਰਬਾਰ ਸਚਖੰਡ ਵਿਖੇ ਸਚੇ ਸੁਖ ਦੀ ਪ੍ਰਾਪਤੀ ਹੋਵੇਗੀ :

੩. ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ ।<br>
ਗੁਰਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥

ਗੂਜਰੀ ਵਾਰ ਮ: ੫, ਪੰਨਾ ੫੨੧

੪. ਗੁਰੂ ਗੁਰੂ ਜਪਿ ਮੀਤ ਹਮਾਰੇ ॥
ਮੁਖੁ ਊਜਲ ਹੋਵਹਿ ਦਰਬਾਰੇ ॥

ਗਉੜੀ ਮ: ੫, ਪੰਨਾ ੧੯੦

੫. ਅਨ ਦਿਨੁ ਜਪਉ ਗੁਰੂ ਗੁਰ ਨਾਮ ॥
ਤਾ ਤੇ ਸਿਧਿ ਭਏ ਸਗਲ ਕਾਂਮ ॥

ਗਉੜੀ ਮ: ੫, ਪੰਨਾ ੨੭੨

੬. ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥
ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥

ਗਉੜੀ ਪੂਰਬੀ ਮ: ੫, ਪੰਨਾ ੨੧੩

੭. ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥
ਮੇਰੈ ਮਨਿ ਸਭਿ ਸੁਖ ਪਾਇਓ ॥੧॥ਰਹਾਉ॥

ਗਉੜੀ ਮ: ੫, ਪੰਨਾ ੨੪੧

ਭਾਵ ਗੁਰਮਤਿ ਨਾਮ ਨੂੰ ਗੁਰਮੰਤ੍ਰ ਦੀ ਸ਼ਕਲ ਵਿਚ ਬਾਰੰਬਾਰ ਜਪੀ ਜਾਣ ਨਾਲ ਸਾਰੇ ਭਰਮ ਭਉ ਦੂਰ ਹੋ ਜਾਂਦੇ ਹਨ ਅਤੇ ਮਨ ਅੰਦਰ ਸਰਬ ਸੁਖਾਂ ਦੀ ਨਿਧਿ ਆ ਪ੍ਰਾਪਤ ਹੁੰਦੀ ਹੈ ।

੮. ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥

ਗਉੜੀ ਬਾਵਨ ਅਖਰੀ ਮ; ੫, ਪੰਨਾ ੨੫੦

ਇਸ ਗੁਰਵਾਕ ਵਿਖੇ ਸਚੇ ਗੁਰੂ ਸਤਿਗੁਰੂ ਦਾ ਉਪਦੇਸਿਆ ਹੋਇਆ ਗੁਰਮਤਿ ਨਾਮ ਰੂਪੀ ਗੁਰਮੰਤ੍ਰ ਵਿਸ਼ੇਸ਼ ਕਰ ਕੇ ਉਧਾਰ ਕਰਨ ਹਾਰਾ ਦਰਸਾਇਆ ਗਿਆ ਹੈ ।

੯. ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ
ਗੁਰਦੇਵ ਮੰਤੁ ਹਰਿ ਜਪਿ ਉਧਰਾ ॥

ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੦

ਗੁਰਦੇਵ ਸਚੇ ਸਤਿਗੁਰੂ ਦਾ ਦਿਤਾ ਹੋਇਆ ਗੁਰਮੰਤ੍ਰ ਜਪਣ ਕਰਿ ਹੀ ਉਧਾਰ ਹੁੰਦਾ ਹੈ ।

੧੦. ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰ ਗੁਰ ਹਿਰਦੈ ਬਸਿਓ
ਅਚਰਜ ਨਾਮੁ ਸੁਨਿਓ ਰੀ ॥੩॥੧੨॥੫੧॥

ਆਸਾ ਮ: ੫, ਪੰਨਾ ੩੮੪

ਇਸ ਗੁਰ ਪ੍ਰਮਾਣ ਅੰਦਰ ਗੁਰਮੰਤ੍ਰ ਗੁਰਮਤਿ ਨਾਮ ਨੂੰ ਮਹਾਂ ਮੰਤਰ ਦਾ ਦਰਜਾ ਦਿਤਾ ਗਿਆ ਹੈ ਅਤੇ ਇਸ ਮਹਾਂ ਮੰਤਰ ਗੁਰਮੰਤ੍ਰ ਨੂੰ ਵੇਦ ਕਤੇਬ

ਅਗੋਚਰਾ ਅਚਰਜ ਨਾਮ ਕਰਕੇ ਵਰਨਣ ਕੀਤਾ ਹੈ ਅਤੇ ਇਸ ਦਾ ਅਚਰਜ ਪਰਤਾਪ ਇਹ ਨਿਰੂਪਨ ਕਰਾਇਆ ਹੈ ਕਿ ਇਸ ਅਚਰਜ ਗੁਰਮੰਤ੍ਰ ਦੇ ਜਪਣ ਕਰ ਸੰਸਾਰ ਰੂਪ ਕੱਜਲ ਕੋਠੜੀ ਵਿਚ ਰਹਿੰਦੇ ਹੋਏ ਭੀ ਇਸ ਦੀ ਕਲਿੱਤਣ ਪੋਹ ਨਹੀਂ ਸਕਦੀ । ਸਗੋਂ ਗੁਰਮੰਤ੍ਰ ਜਪਣ ਹਾਰੇ ਦੀ ਕਾਇਆਂ ਕੰਚਨ ਵੰਨੀ ਅਤੇ ਨਿਰਮਲ ਜੋਤਿ ਜਗੰਨੀ ਅਚਰਜ ਰੰਗ ਰਤੰਨੀ ਹੋ ਜਾਂਦੀ ਹੈ ।

੧੧. ਗੁਰੁ ਗੁਰੁ ਜਪੀ ਗੁਰੂ ਗੁਰ ਧਿਆਈ ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥

ਆਸਾ ਮ: ੫, ਪੰਨਾ ੩੯੬

੧੨. ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ
ਸਭਿ ਬਿਨਸੇ ਹੰਉਮੈ ਪਾਪਾ ਰਾਮ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ
ਲਥਿਅੜੇ ਜਗਿ ਤਾਪਾ ਰਾਮ ॥
ਹਰਿ ਹਰਿ ਨਾਮੁ ਜਿਨੀ ਆਰਾਧਿਆ
ਤਿਨ ਕੇ ਦੁਖ ਪਾਪ ਨਿਵਾਰੇ ॥
ਸਤਿਗੁਰਿ ਗਿਆਨ ਖੜਗੁ ਹਥਿ ਦੀਨਾ
ਜਮ ਕੰਕਰ ਮਾਰਿ ਬਿਦਾਰੇ ॥...॥੨॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ
ਮੇਰੈ ਮਨਿ ਭਾਇਆ ਰਾਮ ॥
ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ
ਸਭਿ ਰੋਗ ਗਵਾਇਆ ਰਾਮ ॥
ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
ਅਨਦਿਨੁ ਸਹਜ ਸਮਾਧਿ ਹਰਿ ਲਾਗੀ
ਹਰਿ ਜਪਿਆ ਗਹਿਰ ਗੰਭੀਰਾ ॥...॥੩॥

ਵਡਹੰਸ ਮ: ੪, ਪੰਨਾ ੫੭੪

ਏਹਨਾਂ ਉਪਰਲੇ ਗੁਰਵਾਕਾਂ ਵਿਖੇ 'ਗੁਰਮੁਖਿ ਨਾਮ' 'ਸੁਣਿ ਗੁਰਮੁਖਿ' 'ਜਪਿ ਗੁਰਮੁਖਿ' ਪਦਾਂ ਤੋਂ ਭਾਵ ਸਪਸ਼ਟ ਗੁਰਮੰਤ੍ਰ ਰੂਪੀ ਗੁਰ ਦੀਖਿਆ ਦਾ ਹੈ। ਗੁਰੂ-ਦੁਆਰੇ ਗੁਰਮੰਤ੍ਰ ਗੁਰਮੁਖਿ ਨਾਮ ਸੁਣਨ ਮਾਤਰ ਦਾ ਹੀ ਇਹ ਖਾਸ ਤਾਸੀਰੀ ਅਮਰ ਫਲ ਹੈ ਕਿ ਗੁਰੂ ਕੰਨਹੁੰ ਗੁਰ ਦੀਖਿਆ ਲੈ ਕੇ ਗੁਰਮੰਤ੍ਰ ਸੁਣਨਹਾਰੇ ਗੁਰਸਿਖਾਂ ਦੇ ਕਮਾਤੇ ਸਭ ਹਉਮੈ ਪਾਪਾਂ ਦਾ ਬਿਨਾਸ ਹੋ ਜਾਂਦਾ ਹੈ ਅਤੇ ਇਸ ਬਿਧ ਗੁਰ ਮੰਤ੍ਰਾਏ ਗੁਰਮਤਿ ਨਾਮ ਦੇ ਜਾਪ ਜਪਣ ਕਰ ਜਪਣ ਹਾਰੇ ਅਭਿਆਸੀ ਜਨ ਦੇ ਜਗਤ ਸੰਤਾਪ ਭੀ ਲਹਿ ਜਾਂਦੇ ਹਨ । 'ਬਿਨਸੇ' ਅਤੇ 'ਲਥਿਅੜੇ' ਦੇ

ਅਰਥ ਦਸਦੇ ਹਨ ਕਿ ਸਤਿਗੁਰੂ ਨੇ ਅਥਵਾ ਸਤਿਗੁਰੂ ਦੀਖਿਆ ਦੁਆਰਾ ਗੁਰ-ਮੰਤ੍ਰ ਜਪਣਹਾਰਿਆਂ ਨੇ ਗੁਰਮੰਤ੍ਰ ਨਾਮ ਦੀਖਿਆ ਲੈ ਸੁਣ ਕੇ ਅਤੇ ਗੁਰਮੰਤ੍ਰ ਨਾਮ ਦਾ ਜਾਪ ਜਪ ਜਪ ਕੇ ਆਪਣੇ ਨਿਜ. ਪੇਖੇ ਯਾ ਨਿਜ ਵਰਤੇ ਤਜਰਬੇ ਅਨੁਸਾਰ ਉਪਰ ਵਰਤੇ ਪਾਪ ਸੰਤਾਪ ਪਰਤੱਖ ਲਹਿੰਦੇ ਬਿਨਸਦੇ ਦੇਖੇ ਹਨ। ਏਦੂੰ ਪ੍ਰਤੱਖ ਗਵਾਹੀ ਗੁਰਮੰਤ੍ਰ ਜਾਪ ਦੀ ਪਾਰਸ ਕਲਾ ਦੀ ਹੋਰ ਕੀ ਹੋ ਸਕਦੀ ਹੈ ? ਨਿਰਾ ਆਪਣੇ ਉਪਰ ਹੀ ਏਹ ਅਮਰ ਵਰਤਾਰਾ ਵਰਤਦਾ ਨਹੀਂ ਦੇਖਿਆ ਸਗੋਂ ਓਹਨਾਂ ਏਹ ਆਪਣੇ ਖਾਸ ਤਜਰਬੇ ਅੰਦਰ ਦੇਖਿਆ ਹੈ ਕਿ ਜਿਨ੍ਹਾਂ ਨੇ ਜਿਸ ਕਿਸੇ ਨੇ ਭੀ (ਨਾ ਸਿਰਫ ਓਹਨਾਂ ਆਪ) ਨਾਮ ਗੁਰਮੰਤ੍ਰ ਆਰਾਧਿਆ ਹੈ ਤਿਨ੍ਹਾਂ ਦੇ ਤੇ ਤਿਸ ਤਿਸ ਦੇ ਸਭ ਦੁਖ ਪਾਪ ਨਿਵਾਰੇ ਗਏ ਹਨ ਅਤੇ ਜਿਸ ਜਿਸ ਗੁਰਸਿਖ ਨੇ ਗੁਰਮੰਤ੍ਰ ਗੁਰਮਤਿ ਨਾਮ ਰੂਪੀ ਗਿਆਨ ਖੜਗ ਦਾ ਸਿਮਰਨ ਅਭਿਆਸ ਰੂਪੀ ਖੰਡਾ ਖੜਕਾਇਆ ਹੈ ਤਾਂ ਇਸ ਅਜਪਾ ਜਾਪੀ ਖੜਗ ਖੰਡੇ (ਗੁਰਮੰਤ੍ਰ ਜਾਪ) ਨੇ ਜਮ ਕੰਕਰਾਂ ਨੂੰ ਮਾਰ ਕੇ ਬਿਦਾਰ ਦਿਤਾ ਹੈ। ਗੁਰ ਮੁਖੋਂ ਦ੍ਰਿੜਾਏ ਗੁਰਮੰਤ੍ਰ ਦੇ ਅਜਪਾ ਜਾਪ ਨੇ ਸਾਰੇ ਰੋਗ ਐਸੇ ਗੰਵਾ ਦਿਤੇ ਹਨ ਕਿ ਜਪਣ ਹਾਰਿਆਂ ਦੇ ਸਭਨਾਂ ਦੇ ਸਰੀਰ ਰੋਗ ਰਹਿਤ ਹੋ ਗਏ ਹਨ ਅਤੇ ਉਸ ਅਥਾਹ ਗਹਿਰ ਗੰਭੀਰ ਵਾਹਿਗੁਰੂ ਦਾ ਅਥਾਹ ਤ੍ਰੰਗੀ ਨਾਮ ਜਪ ਕੇ ਜਪਣ ਹਾਰਿਆਂ ਨੇ ਅਨਦਿਨ ਲਿਵਤਾਰ ਵਾਲੀ ਸਹਜ ਸਮਾਧ ਲਗੀ ਪਰਤਖ ਤਜਰਬੇ ਵਿਚ ਆਈ ਡਿਠੀ ਹੈ। ਏਦੂੰ ਵਧ ਕੇ ਹੋਰ ਕੀ ਸ਼ਹਾਦਤ ਹੋ ਸਕਦੀ ਹੈ ? ਅਜੇ ਭੀ ਜੇ ਅਸੀਂ ਗੁਰਸਿਖ ਸਦਾਉਂਦੇ ਹੋਏ ਨਾਮ ਗੁਰਮੰਤ੍ਰ ਦੀ ਅਭਿਆਸ ਕਮਾਈ ਉਤੇ ਯਕੀਨ ਨਾਂ ਲਿਆਈਏ ਤਾਂ ਅਸਾਡੇ ਅਭਾਗ ਹਨ।

੧੩. ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨ ਤਨ ਨਿਰਮਲੁ ਹੋਈ ਹੈ ਗੁਰ ਕਾ ਜਪੁ ਜਪਨਾ ॥

ਬਿਲਾਵਲ ਮ: ੫, ਪੰਨਾ ੮੧੧

ਗੁਰ ਕਾ ਜਾਪ ਜਪਣ ਤੋਂ ਭਾਵ ਗੁਰਮੰਤ੍ਰ ਜਪਣ ਦਾ ਜਾਪ ਜਪਣਾ ਹੈ। ਨਾਮ ਗੁਰਮੰਤ੍ਰ ਦਾ ਜਾਪ ਜਪਣ ਨਾਲ ਜਾਪ ਜਪਣ ਹਾਰੀ ਰਸਨਾ ਸੂਚੀ ਪਾਕ ਪਵਿਤ੍ਰ ਹੋ ਜਾਂਦੀ ਹੈ। ਪਾਕ ਪਵਿਤ੍ਰ ਹੋ ਗਈ ਡਿਠੀ, ਪਰਤਖ (realise) ਕੀਤਾ ਹੈ। ਗੁਰਮੰਤ੍ਰ ਦਾ ਜਾਪ ਜਪਣ ਕਰ ਨਾ ਸਿਰਫ ਰਸਨਾ ਹੀ ਸੂਚੀ ਹੋਈ ਹੈ, ਬਲਕਿ ਮਨ ਤਨ ਭੀ ਨਿਰਮਲ ਹੋ ਗਏ ਹਨ। ਮਨ ਭੀ ਨਾਲੇ ਤਨ ਭੀ ਮੈਲ ਰਹਿਤ ਹੋ ਗਏ ਹਨ।

੧੪. ਗੁਰੂ ਗੁਰੂ ਗੁਰੂ ਕਰਿ ਮਨ ਮੋਰ ॥
ਗੁਰੂ ਬਿਨਾ ਮੈ ਨਾਹੀ ਹੋਰ ॥

ਗੋਂਡ ਮ: ੫, ਪੰਨਾ ੮੬੪

ਗੁਰੂ ਗੁਰੂ ਕਰਨ ਤੋਂ ਭਾਵ ਏਥੇ ਗੁਰਮੰਤ੍ਰ ਦਾ ਜਾਪ ਜਪਣਾ ਹੈ, ਲਗਾਤਾਰ ਗੁਰਮੰਤ੍ਰ ਜਪੀ ਜਾਣ ਤੋਂ ਹੈ। ਖਿਨ ਖਿਨ, ਨਿਮਖ ਨਿਮਖ, ਸੁਆਸ ਸੁਆਸ ਇਕੋ ਸਾਹਾ ਹੋ ਕੇ ਨਾਮ ਅਭਿਆਸ ਕਮਾਈ ਕਰਨ ਦਾ ਭਾਵ ਹੈ।

੧੫, ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
ਗੁਰੁ ਮੇਰਾ ਦੇਉ ਅਲਖ ਅਭੇਉ ॥
ਸਰਬ ਪੂਜ ਚਰਨ ਗੁਰ ਸੇਉ ॥ ੧ ॥
ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥
ਅਨਦਿਨੁ ਜਪਉ ਗੁਰੂ ਗੁਰ ਨਾਉ ॥ ੧ ॥ ਰਹਾਉ ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥
ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥
ਗੁਰੂ ਬਿਨਾ ਮੈ ਨਾਹੀ ਹੋਰੁ ॥ ੨ ॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥
ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰਮੰਤ੍ਰ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥ ੩ ॥
ਗੁਰੁ ਪੂਰਾ ਪਾਈਐ ਵਡਭਾਗੀ ॥
ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥
ਗੁਰੁ ਨਾਨਕੁ ਨਾਨਕੁ ਹਰਿ ਸੋਇ ॥ ੪ ॥ ੭ ॥ ੯ ॥

ਗੋਂਡ ਮ: ੫, ਪੰਨਾ ੮੬੪

ਇਸ ਗੁਰਵਾਕ ਅੰਦਰ ਗੁਰੂ ਅਕਾਲ ਪੁਰਖ ਦੀ ਅਭੇਦਤਾ ਜੋ ਦਰਸਾਈ ਹੈ, ਉਸ ਦੀ ਤਤ ਲਖਤਾ ਗੁਰ ਸਬਦ ਗੁਰਮੰਤ੍ਰ ਦੀ ਅਭਿਆਸ ਕਮਾਈ ਦੁਆਰਾ ਹੀ ਸੰਭਵ ਹੈ। "ਗੁਰ ਮੂਰਤਿ ਗੁਰ ਸਬਦ ਹੈ" ਦੇ ਮਹਾਂਵਾਕ ਅਨੁਸਾਰ ਅਤੇ "ਗੁਰ ਕੀ ਸੇਵਾ ਗੁਰ ਭਗਤਿ ਹੈ" ਗੁਰਵਾਕ ਦੇ ਤਤ ਭਾਵ ਚਾਨਣੇ ਤਲੇ ਗੁਰਸ਼ਬਦ ਗੁਰਮੰਤ੍ਰ ਦੀ ਅਭਿਆਸ ਕਮਾਈ ਹੀ ਗੁਰੂ ਦੀ ਪੂਜਾ ਹੈ ਅਤੇ ਏਹੋ ਵਾਹਿਗੁਰੂ ਭਗਤੀ ਹੈ। ਤਾਂ ਤੇ ਇਸ ਗੁਰ ਪਰਮਾਣ ਅੰਦਰ ਜਿਥੇ ਭੀ 'ਗੁਰ' ਯਾ 'ਗੁਰਸ਼ਬਦ' ਆਉਂਦਾ ਹੈ ਉਸ ਤੋਂ ਭਾਵ ਗੁਰਮੰਤਰ ਗੁਰਸ਼ਬਦ ਦਾ ਹੈ—ਵਿਆਖਿਆ-ਗੁਰਮੰਤ੍ਰ ਗੁਰਸਬਦ ਦੀ ਜਾਪ ਕਮਾਈ ਅਰਥਾਤ ਗੁਰੁ ਗੁਰੁ ਕਰਨਾ ਹੀ ਗੁਰ ਪੁਜਾਰੀ ਗੁਰਸਿਖ ਦੀ ਗੁਰੂ ਪੂਜਾ ਹੈ। ਗੁਰਮੰਤ੍ਰ ਗੁਰਸਬਦ ਹੀ ਗੋਬਿੰਦ ਰੂਪ

ਹੈ। ਗੁਰ ਸ਼ਬਦ ਗੁਰਮੰਤ੍ਰ ਹੀ ਪਾਰਬ੍ਰਹਮ ਭਗਵੰਤ ਰੂਪ ਹੈ। ਗੁਰ ਮੂਰਤ ਗੁਰ ਸ਼ਬਦ ਮੰਤ੍ਰ ਹੀ ਗੁਰਸਿਖ ਪੁਜਾਰੀਆਂ, ਨਾਮ ਦੇ ਵਪਾਰੀਆਂ ਦਾ ਪੂਜਯ ਇਸ਼ਟ ਹੈ। "ਬਾਣੀ ਗੁਰੂ ਗੁਰੂ ਹੈ ਬਾਣੀ"* ਦੇ ਤਤ ਭਾਵ ਦੀ ਰੋਸ਼ਨੀ ਵਾਲੇ ਗੁਰ ਸ਼ਬਦ ਗੁਰਬਾਣੀ ਦੇ ਬੋਹਿਥ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰਸਿਖਾਂ ਦੇ ਸਚੇ ਗੁਰਦੇਉ ਅਲਖ ਅਭੇਉ ਹਨ। ਗੁਰਮੰਤਰ ਅਭਿਆਸ ਕਮਾਈ ਦੇ ਪਾਰਸ ਪ੍ਰਭਾਵ ਦੁਆਰਾ ਜਾਗਤ ਜੋਤਿ ਦਾ ਜੋ ਪ੍ਰਚੰਡ ਉਜਿਆਰਾ ਘਟ ਅੰਤਰ ਪ੍ਰਕਾਸ਼ਤ ਹੁੰਦਾ ਹੈ, ਇਸ ਪਹਿਲੀ ਜੋਤਿ ਕਿਰਣ ਦਾ ਹਿਰਦੇ ਅੰਦਰ ਉਦੇ ਹੋਣਾ ਜੋਤੀ ਸਰੂਪ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਘਟੰਤਰਿ ਹੀ ਵੁਠਣਾ ਹੈ। ਤਾਂਤੇ ਗੁਰਮੰਤਰ ਗੁਰਮਤਿ ਨਾਮ ਦੀ ਜੋ ਭਜਨ ਕਮਾਈ ਹੈ, ਏਹ "ਸਰਬ ਪੂਜ ਚਰਨ ਗੁਰ ਸੇਉ" ਹੈ। ਤਾਂ ਤੇ ਗੁਰੂ ਗੁਰ ਸ਼ਬਦ ਬਿਨਾਂ ਗੁਰਸਿਖਾਂ ਦਾ ਹੋਰ ਥਾਉਂ ਠਕਾਣਾ ਹੀ ਕੋਈ ਨਹੀਂ। ਤਾਂਹੀ ਤੇ "ਅਨਦਿਨੁ ਜਪਉ ਗੁਰੂ ਗੁਰ ਨਾਉ" ਵਾਲੀ ਗੁਰ ਤੁਕ ਅਨੁਸਾਰ ਨਿਸ ਬਾਸਰ ਰਾਤ ਦਿਨੇ ਗੁਰੂ ਗੁਰ ਨਾਉਂ ਅਰਥਾਤ ਗੁਰਮੰਤ੍ਰ ਰੂਪੀ ਗੁਰ ਸ਼ਬਦ (ਗੁਰਮਤਿ ਨਾਮ) ਦਾ ਜਾਪ ਜਪੀ ਜਾਣ ਤੋਂ ਬਿਨਾਂ ਗੁਰਸਿਖਾਂ ਦਾ ਹੋਰ ਕੰਮ ਹੀ ਕੋਈ ਨਹੀਂ ਹੋ ਸਕਦਾ। "ਆਖਾ ਜੀਵਾ ਵਿਸਰੈ ਮਰਿ ਜਾਉ"** ਗੁਰਵਾਕ ਦੇ ਭਾਵ ਅਨੁਸਾਰ ਗੁਰੂ ਗੁਰ (ਗੁਰਮੰਤ੍ਰ) ਜਪੀ ਜਾਣਾ ਹੀ ਗੁਰਸਿਖਾਂ ਲਈ ਜੀਵਨ ਰੂਪ ਅਤੇ ਜੀਵਨ ਅਧਾਰ ਹੈ ਅਤੇ ਗੁਰਮੰਤਰ ਨੂੰ ਵਿਸਾਰਨ ਕਰ ਗੁਰਸਿਖਾਂ ਦਾ ਮਰਨ ਹੋ ਜਾਂਦਾ ਹੈ। ਗੁਰੂ ਗੁਰੂ ਕਰਨਾ (ਗੁਰ-ਮੰਤ੍ਰ ਜਪਣਾ) ਹੀ ਗੁਰਸਿਖਾਂ ਦਾ ਗੁਰਮਤਿ ਗਿਆਨ ਹੈ ਅਤੇ ਗੁਰਮੰਤ੍ਰ ਅਭਿਆਸ ਕਮਾਈ ਦੀ ਪਾਰਸ ਕਲਾ ਦੇ ਪਰਭਾਵ ਕਰ ਘਟ ਅੰਤਰ ਰਸ ਜੋਤ ਪਰਕਾਸ਼ ਗੁਰਸਿਖਾਂ ਨੂੰ ਹਰਦਮ ਅੰਤਰ ਧਿਆਨ ਰਖਦਾ ਹੈ। ਜਿਉਂ ਜਿਉਂ ਗੁਰਮਤਿ ਨਾਮ ਗੁਰਮੰਤ੍ਰ ਅਭਿਆਸ ਗੁਰਮੰਤ੍ਰ ਦਾ ਰਟਨ ਕਰਦੇ ਹਨ ਤਿਉ ਤਿਉਂ ਉਨ੍ਹਾਂ ਦੇ ਰਿਦੰਤਰਿ ਜੋਤਿ-ਅਮਿਉ ਰਸ ਦਾ ਖਿੜਾਉ ਦੂਣ ਸਵਾਇਆ ਹੁੰਦਾ ਹੈ। ਤਾਂ ਤੇ ਉਨ੍ਹਾਂ ਦਾ ਧਿਆਨ ਇਸ ਰਸ ਵਿਗਾਸ ਤੋਂ ਇਕ ਦਮ ਭੀ ਨਹੀਂ ਉਖੜਦਾ। "ਗੁਰੁ ਰਿਦੈ ਧਿਆਨੁ" ਦਾ ਇਹੋ ਅਰਥਾਉ ਹੈ। ਇਸ ਜੋਤਿ ਵਿਗਾਸ ਦੇ ਪ੍ਰਗਟ ਪਹਾਰੇ ਜਪਣ ਕਰ ਗੁਰਸ਼ਬਦ, ਗੁਰੂ ਅਤੇ ਗੁਰ ਗੋਪਾਲ ਪੁਰਖ ਭਗਵਾਨ ਅਭੇਦ ਰੂਪ ਹਨ। ਅਨਦਿਨ ਗੁਰੂ ਗੁਰੂ ਜਪਣਾ ਅਰਥਾਤ ਗੁਰਮੰਤ੍ਰ ਦਾ ਅਜਪਾ ਜਾਪ ਗੁਰ ਜੋਤਿ ਵਿਗਾਸ ਦਾ ਲਖਾਇਕ ਹੋਣ ਕਰ ਸੁਆਸ ਸੁਆਸ ਗੁਰਮੰਤ੍ਰ ਦਾ ਅਭਿਆਸ ਕਰਨਾ, ਛਿਨ ਛਿਨ ਗੁਰ ਸ਼ਰਣਾਗਤਿ ਰਹਿਣਾ ਹੈ। ਗੁਰਮੰਤ੍ਰ ਜਾਪ ਦੀ ਅੰਮ੍ਰਿਤ ਰਸਾਇਣੀ ਪਾਰਸ ਕਲਾ ਦੇ ਤੁਫੈਲ ਗੁਰ ਕੀ ਜੋਤਿ ਦੇ ਪ੍ਰਤਖ ਸਨਮੁਖ ਦੀਦਾਰੇ

* ਨਟ ਮ: ੪, ਪੰਨਾ ੯੮੨

** ਆਸਾ ਮ: ੧, ਪੰਨਾ ੯

ਹੁੰਦੇ ਰਹਿੰਦੇ ਹਨ ।

ਅਭਿਆਸੀ ਜਨ ਦਾ ਇਹੀ ਉਤਸ਼ਾਹ ਬਣਿਆ ਰਹਿੰਦਾ ਹੈ ਕਿ ਇਹ ਦਿਦਾਰ ਦਮ ਬਦਮ ਹੀ ਕਰਦਾ ਰਹਾਂ, ਤਾਂਤੇ ਉਹ ਸਨਮੁਖ ਦਿਦਾਰੇ ਕਰਦਾ ਹੋਇਆ ਦੋਇ ਕਰਿ ਜੋੜ, ਜ਼ੋਰੋ ਜ਼ੋਰ ਗੁਰਮੰਤਰ ਦਾ ਜਾਪ ਹੋਰ ਹੋਰ ਕਰਦਾ ਹੈ । ਇਸ ਬਿਧਿ ਗੁਰਮੰਤਰ ਦਾ ਜਾਪ ਉਸ ਨੂੰ ਗੁਰੂ ਅਕਾਲ ਪੁਰਖ ਦੇ ਹਰਦਮ ਚਰਣ ਸਰਣ ਹੀ ਰਖਦਾ ਹੈ ਅਤੇ ਉਸ ਦੀ ਹਰਦਮ ਇਹੋ ਅਕਾਂਖਿਆ ਬਣੀ ਰਹਿੰਦੀ ਹੈ ਕਿ :

"ਗੁਰ ਕੀ ਸਰਣਿ ਰਹਹੁ ਕਰ ਜੋਰ ॥"

ਗੁਰਮੰਤ੍ਰ ਅਭਿਆਸ ਕਮਾਈ ਮਹਿ ਸਾਵਧਾਨ ਹੁੰਦਾ ਹੋਇਆ ਹਰ ਦਮ ਗੁਰੂ ਦੀ ਹਜ਼ੂਰੀ ਵਿਚ ਰਹਿਕੇ ਜਾਗਤ ਗੁਰੂ ਜੋਤਿ ਦੇ ਸਨਮੁਖ ਦੀਦਾਰੇ ਹੀ ਕਰਦਾ ਰਹਾਂ, ਐਸੇ ਗੁਰੂ ਗੁਰਮੰਤ੍ਰ ਦੀ ਹਾਜ਼ਰਾ ਹਜ਼ੂਰੀ ਚਰਨ ਸਰਨ ਓਟ ਛਡਕੇ ਗੁਰੂ ਕੇ ਸਚਿਆਰ ਸਿਖ ਦਾ ਇਹੋ ਸਿਦਕ ਆਵਾਜ਼ਾ ਹੁੰਦਾ ਹੈ ਕਿ :

"ਗੁਰੂ ਬਿਨਾ ਮੈ ਨਾਹੀ ਹੋਰ ।"

ਬਿਨਾਂ ਗੁਰੂ ਗੁਰਮੰਤ੍ਰ ਦੇ ਮੇਰਾ ਹੋਰ ਕੋਈ ਪੂਜਯ, ਕਿਬਲਾ, ਇਸ਼ਟ ਦੇਵ ਵਿਰਦ ਮਵਜੂਦ ਨਹੀਂ । ਸ਼ਬਦ ਗੁਰੂ ਹੀ ਭਵ ਸਾਗਰੋਂ ਪਾਰ ਉਤਾਰਨ ਹਾਰ ਸਚਾ ਬੋਹਿਥਾ ਹੈ । "ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ" ਗੁਰਵਾਕ ਦਾ ਭਾਵ ਨਿਰੂਪਨੀ ਹੀ ਏਹ "ਗੁਰੁ ਬੋਹਿਥੁ ਤਾਰੇ ਭਵ ਪਾਰਿ" ਵਾਲੀ ਤੁਕ ਹੈ ਅਤੇ ਅਗਲੀ "ਗੁਰ ਸੇਵਾ ਜਮ ਤੇ ਛੁਟਕਾਰਿ" ਵਾਲੀ ਤੁਕ ਦਸਦੀ ਹੈ ਕਿ ਗੁਰਸਬਦ ਗੁਰੂ ਗੁਰਮੰਤਰ ਦੀ ਜਾਪ ਕਮਾਈ ਮਈ ਸੇਵਾ ਤੇ ਹੀ ਜਮ ਤੋਂ ਛੁਟਕਾਰਾ ਹੁੰਦਾ ਹੈ ਅਤੇ "ਅੰਧਕਾਰ ਮਹਿ ਗੁਰਮੰਤ੍ਰ ਉਜਾਰਾ" ਵਾਲੀ ਤੁਕ ਦਾ ਐਨ ਉਹ ਭਾਵ ਹੈ ਜੋ ਸੁਖਮਨੀ ਸਾਹਿਬ ਦੀ ਇਸ ਦੁਤੁਕੀ ਦਾ ਹੈ :

"ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜਿਆਰਾ ॥"

ਗੁਰਮੰਤ੍ਰ ਉਜਾਰਾ ਮਹਿਜ਼ ਕੋਈ ਅਲੰਕਾਰਕ ਉਜਾਰਾ ਹੀ ਨਹੀਂ, ਬਲਕਿ ਵਾਸਤਵੀ ਜੋਤਿ ਪ੍ਰਕਾਸ਼ਕ ਪ੍ਰਚੰਡ ਉਜਿਆਰਾ ਹੁੰਦਾ ਹੈ ਜੋ ਸੂਰਜ ਦੇ ਉਜਿਆਰੇ ਤੋਂ ਕ੍ਰੋੜ ਗੁਣਾਂ ਅਧਿਕ ਰੋਸ਼ਨੀ ਵਾਲਾ ਚਾਨਣਾ ਚਨਣਾਉਂਦਾ ਹੈ । "ਨਾਮੁ ਜਪਤ ਕੋਟਿ ਸੂਰ ਉਜਾਰਾ"** ਵਾਲੇ ਗੁਰਵਾਕ ਦੀ ਯਥਾਰਥ ਵਿਆਖਿਆ ਕੇਵਲ ਉਹੀ ਗੁਰਮੁਖ ਪਿਆਰੇ ਨਾਮ ਅਭਿਆਸ ਕਮਾਈਆਂ ਕਰਨਹਾਰੇ ਭਗਤ ਜਨ ਕਰ ਸਕਦੇ ਹਨ, ਜਿਨ੍ਹਾਂ ਨੇ ਨਾਮ ਅਭਿਆਸ ਗੁਰਮੰਤ੍ਰ ਜਾਪ ਦੀ ਪਾਰਸ ਕਮਾਈ

---

* ਸਵਈਏ ਮ: ੪ ਕੇ, ਪੰਨਾ ੧੪੦੧
** ਗੋਂਡ ਮਹਲਾ ੫, ਪੰਨਾ ੧੩੦

ਦੁਆਰਾ ਸਾਂਗੋ ਪਾਂਗ ਏਸ ਕੋਟ ਸੂਰਜ ਪ੍ਰਕਾਸ਼ਕੀ ਉਜਿਆਰੇ ਦਾ ਨਜ਼ਾਰਾ ਦੇਖਿਆ ਹੈ। ਨਹੀਂ ਤਾਂ ਆਮ ਗਿਆਨੀ ਇਸ ਦੇ ਮਹਿਜ਼ ਅਲੰਕਾਰਕ ਅਰਥ ਹੀ ਲਾਉਂਦੇ ਹਨ। ਗੁਰੂ ਸਾਹਿਬ ਦੇ ਅਜੇਹੇ ਗੁਰਵਾਕ ਦੇ ਅਰਥ ਕਰਦੇ ਹੋਏ ਗਿਆਨੀ ਜਨ ਇਸ ਨੂੰ ਇਕ ਅਲੰਕਾਰਕ ਖੂਬੀ (metaphorical beauty) ਹੀ ਦਸਦੇ ਹਨ। ਮਾਨੋ ਗੁਰਬਾਣੀ ਭੀ ਉਹਨਾਂ ਦੇ ਨਿਕਟ ਨਿਰੀ ਕਵੀ ਜਨਾਂ ਦੀ ਕਾਵ ਰਚਨਾਂ ਹੈ, ਜਿਸ ਵਿਚ ਕਿ ਕਵਿਤਾ ਦੀ ਖੂਬਸੂਰਤੀ ਲਈ ਐਵੇਂ ਖਿਆਲੀ ਅਨੁਮਾਨਕ ਅਲੰਕਾਰ ਹੀ ਬੰਨ੍ਹੇ ਹੋਏ ਹੁੰਦੇ ਹਨ। ਗੁਰਬਾਣੀ ਜੋ ਕੁਛ ਭੀ ਆਖਦੀ ਹੈ, ਸਤਿ ਸਤਿ ਨਿਰੋਲ ਤਤ ਸਤਿ ਹੀ ਭਾਖਦੀ ਹੈ। ਜਿਨ੍ਹਾਂ ਨੂੰ ਇਹ ਸੰਸਾਰ ਅੰਧ ਗਹੇਰਾ ਹੀ ਯਥਾਰਥ ਚਾਨਣਾਂ ਭਾਸੇ ਉਹਨਾਂ ਨੂੰ ਭਲਾ ਸਚੇ ਚਾਨਣੇ ਦੀ ਕਿਵੇਂ ਪ੍ਰਤੀਤ ਆਵੇ। ਗੁਰਮੰਤ੍ਰ ਉਜਿਆਰੇ ਦਾ ਪਰਕਾਸ਼ ਉਨ੍ਹਾਂ ਨੂੰ ਕਿਵੇਂ ਪ੍ਰਤੀਤ ਹੋਵੇ। ਸਚੀ ਪ੍ਰਤੀਤ ਤਾਂ ਉਸ ਪਰਕਾਸ਼ ਦੇ ਸਾਖਸ਼ਾਤਕਾਰ ਹੋਣ ਪਰ ਹੀ ਆਵੇਗੀ, ਪਰੰਤੂ ਏਹ ਬਵਸਥਾ ਪਰਾਪਤ ਹੋਣ ਤੋਂ ਪਹਿਲਾਂ ਗੁਰੂ ਦੇ ਸਿਦਕਵਾਨ ਗੁਰ ਬਚਨਾਂ ਉਪਰ ਸਿਦਕ ਭਰੋਸਾ ਰਖਣ ਵਾਲੇ ਸਿਖਾਂ ਨੂੰ ਇਹ ਪਰਤੀਤ ਤਾਂ ਪੱਕੀ ਹੋਣੀ ਚਾਹੀਦੀ ਹੈ ਕਿ ਚਾਹੇ ਉਹਨਾਂ ਨੇ ਇਸ ਉਜਿਆਰੇ ਦਾ ਪ੍ਰਤੱਖ ਨਜ਼ਾਰਾ ਸਾਂਗੋ ਪਾਂਗ ਪੇਖਿਆ ਨਹੀਂ, ਪਰ ਜੋ ਕੁਛ ਸਤਿਗੁਰੂ ਦੀ ਬਾਣੀ ਕਹਿੰਦੀ ਹੈ, ਓਹ ਬਿਲਕੁਲ ਸਤਿ ਹੈ, ਉਹ ਬਿਵਸਥਾ ਜ਼ਰੂਰ ਹੈ ਜਿਥੇ ਪੁਜ ਕੇ ਅਭਿਆਸੀ ਜਨ ਦੇ ਕਿਵਾੜ ਖੁਲ੍ਹਦੇ ਹਨ ਤੇ ਕੋਟ ਸੂਰਜਾਂ ਦੇ ਚਾਨਣੇ ਵਾਲਾ ਪ੍ਰਕਾਸ਼ ਹੋ ਜਾਂਦਾ ਹੈ। ਜੇ ਅਸੀਂ ਨਿਰੇ ਅਲੰਕਾਰਕ ਅਰਥਾਂ ਤੇ ਬੈਠੇ ਰਹਾਂਗੇ ਤਾਂ ਨਿਰਾ ਚੁੰਚ ਗਿਆਨ ਹੀ ਰਹੇਗਾ। ਪਰਚੰਡ ਗਿਆਨ ਦੀ ਪ੍ਰਾਪਤੀ ਨਹੀਂ ਹੋਣੀ। ਗੁਰਬਾਣੀ ਦੇ ਇਸ ਪ੍ਰਕਾਰ ਦੇ ਅਲੰਕਾਰੀ ਅਰਥ ਕਰਨੇਹਾਰਿਆਂ ਨੇ ਗੁਰਸਿਖੀ ਦੇ ਜਗਿਆਸੂਆਂ ਦੀ ਗੁਰਬਾਣੀ ਦੇ ਤਤ ਪਰਮਾਰਥੀ ਕਲਾ ਕ੍ਰਿਸ਼ਮਿਕ ਸਰਧਾ ਵਲੋਂ ਸਤਤਾ ਹੀ ਉਠਾ ਦਿਤੀ ਹੈ। ਉਹ ਨਿਰਾ ਅਰਥ ਵਿਚਾਰ ਕਰਨ ਨੂੰ ਹੀ ਗੁਰਬਾਣੀ ਦਾ ਤਤ ਵੇਤਾ ਹੋਣਾ ਸਮਝਦੇ ਹਨ। ਅਲਪਗ ਖਿਆਲੀ ਅਰਥ ਬੋਧ ਵਿਚ ਹੀ ਉਨ੍ਹਾਂ ਦਾ ਘਰ ਪੂਰਾ ਹੋ ਜਾਂਦਾ ਹੈ। ਇਸ ਅਰਥ ਵਿਚਾਰ ਤੋਂ ਪਰੇ ਉਨ੍ਹਾਂ ਦੇ ਭਾ ਦੀ ਕੋਈ ਦਿੱਬ ਪਦਾਰਥੀ ਤਤ ਆਤਮ ਜੋਤਿ ਮੰਡਲੀ ਗਿਆਨ ਪ੍ਰਚੰਡੀ ਖੇਡ ਨਹੀਂ। ਉਹਨਾਂ ਦੇ ਖਿਆਲ ਆਪਣੀ ਅੰਤਹਕਰਣ (ਮੰਨ, ਬੁਧਿ, ਹੰਕਾਰ) ਦੇ ਆਪ ਬਣਾਏ ਦਾਇਰੇ ਅੰਦਰ ਹੀ ਘੁੰਮਦੇ ਰਹਿੰਦੇ ਹਨ। ਉਪਰ ਆਤਮ ਮੰਡਲਾਂ ਵਿਚ ਉਹ ਪਰਵਾਜ਼ ਹੀ ਨਹੀਂ ਕਰ ਸਕਦੇ, ਜੇ ਕਰਨਗੇ ਤਾਂ ਖਿਆਲੀ ਉਡਾਰੀਆਂ ਹੀ ਲਾਉਣਗੇ ਅਤੇ ਖਿਆਲੀ ਅਨੁਮਾਨਾਂ ਦੇ ਹੀ ਅਲੰਕਾਰਕ ਮਸਲੇ ਆਪਣੇ ਅਗੇ ਘੜ ਘੜ ਰਖੀ ਜਾਣਗੇ। ਹੁਣ ਏਥੇ ਹੀ ਦੇਖ ਲਵੋ, ਧੁਰ ਕੀ ਆਈ ਬਾਣੀ ਸਚੇ ਗੁਰਦੇਵ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਬਾਣੀ

ਏਹ ਆਖਦੀ ਹੈ :

"ਅੰਧਕਾਰ ਮਹਿ ਗੁਰਮੰਤ੍ਰ ਉਜਾਰਾ ॥"

ਪਰ ਕਿੰਨੇ ਕੁ ਗੁਰਸਿਖ ਹਨ ਜੋ ਇਸ ਗੁਰਵਾਕ ਨੂੰ ਵਾਸਤਵੀ ਭਾਵ ਵਿਚ ਸਤਿ ਕਰਕੇ ਮੰਨਦੇ ਹਨ । ਗੁਰਸਿਖ ਜਨਤਾ ਵਿਚੋਂ ਸਿਰ ਕੱਢ ਗਿਆਨੀ ਜਦੋਂ 'ਗੁਰਮੰਤਰ' ਦੇ ਵਜੂਦ ਤੋਂ ਹੀ ਮੁਨਕਰ ਹਨ ਤਾਂ ਗੁਰਮੰਤ੍ਰ ਦੇ ਅੰਧਕਾਰ ਮਿਟਾ ਕੇ ਉਜਿਆਰਾ ਕਰਨ ਹਾਰੀ ਪਾਰਸ ਕਲਾ ਨੂੰ ਉਹ ਕਦ ਮੰਨ ਸਕਦੇ ਹਨ, ਦਸੋ "ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ" ਵਾਲੇ ਸਿਧੇ ਪਧਰੇ ਅਰਥਾਂ ਤੋਂ ਭੀ ਉਹ ਕਿਡੀ ਦੂਰ ਪਰੇਡੇ ਜਾ ਰਹੇ ਹਨ । ਕੀ ਉਹ ਮੰਨਦੇ ਹਨ ਜੋ ਕੁਛ ਕਿ ਗੁਰਬਾਣੀ ਕਹਿੰਦੀ ਹੈ ? ਗੁਰਬਾਣੀ ਤਾਂ ਕਹਿੰਦੀ ਹੈ ਕਿ ਗੁਰਮੰਤ੍ਰ ਹੈ ਪਰ ਉਹ ਕਹਿੰਦੇ ਹਨ ਕਿ ਗੁਰਮੰਤਰ ਕੋਈ ਨਹੀਂ, ਖਾਸ ਨਾਮ ਕੋਈ ਨਹੀਂ । ਗੁਰਬਾਣੀ ਕਹਿੰਦੀ ਹੈ ਕਿ—

"ਅੰਧਕਾਰ ਮਹਿ ਗੁਰਮੰਤ੍ਰ ਉਜਾਰਾ ॥"

ਉਹ ਕਹਿੰਦੇ ਹਨ. ਇਹ ਖਾਮ ਖਿਆਲੀ ਹੈ, ਐਵੇਂ ਇਕ ਅਲੰਕਾਰਕ ਅਨੁਮਾਨ ਹੈ । ਇਨ੍ਹੀਂ ਗੱਲੀਂ ਤਾਂ ਇਹੋ ਸਿਧ ਹੋਇਆ ਕਿ ਉਹ ਮੰਨਦੇ ਨਹੀਂ ਜੋ ਕੁਛ ਕਿ ਗੁਰਬਾਣੀ ਕਹਿੰਦੀ ਹੈ ਤਾਂ ਉਹਨਾਂ ਦਾ ਨਿਸਤਾਰਾ ਕਿਵੇਂ ਹੋਵੇ । ਜੋ ਗੁਰਬਾਣੀ ਕਹਿੰਦੀ ਹੈ, ਉਸ ਨੂੰ ਗੁਰ ਸੇਵਕ ਜਨ ਮੰਨੇ ਤਾਂ ਸਤਿਗੁਰੂ ਉਸ ਦਾ ਸੱਚਮੁਚ ਪ੍ਰਤੱਖ ਨਿਸਤਾਰਾ ਕਰ ਦਿੰਦਾ ਹੈ । ਜਦ ਗੁਰਸਿਖ ਜਨਤਾ ਦੇ ਅਜ ਕਲ ਦੇ ਆਗੂ ਅਖਵਾਉਣ ਵਾਲੇ ਗਿਆਨੀ ਜਨ ਹੀ ਨਹੀਂ ਮੰਨਦੇ, ਤਾਂ ਸੇਵਕ ਜਨਾਂ ਨੇ ਕੀ ਮੰਨਣਾ ਸੀ, ਸਗੋਂ ਵਿਚਾਰੇ ਸਿਧੇ ਸਾਧੇ ਸਿਖ ਸੇਵਕ ਤੱਤ ਗੁਰਮਤਿ ਮਰਮ ਤੋਂ ਮੁਨਹਰਫ ਹੋ ਜਾਂਦੇ ਹਨ । ਗੁਰਮੰਤ੍ਰ ਨਾਮ ਅਭਿਆਸ ਕਮਾਈ ਹੀ ਅੰਧਕਾਰ ਉਜ੍ਹਿਆਰੇ ਦਾ ਮੁਖ ਆਤਮ ਐਜ਼ੀ ਮੁਨਾਰਾ ਹੈ । ਇਸ ਮੂਲ ਤੋਂ ਹੀ ਜੋ ਬੇਮੂਲੇ ਹੋ ਗਏ, ਅਤੇ ਘੁਸ ਗਏ ਉਹਨਾਂ ਦੀ ਗੁਰੂ ਘਰਿ ਅੰਦਰਿ ਕੋਈ ਸਮਾਈ ਨਹੀਂ । ਭਲਾ "ਅੰਧਕਾਰ ਮਹਿ ਗੁਰਮੰਤ੍ਰ ਉਜਾਰਾ" ਇਸ ਗੁਰਵਾਕ ਦੇ ਟੇਢੇ ਵਿੰਗੇ ਅਰਥ ਕੀ ਲਗ ਸਕਣਗੇ, ਜਿਸ ਤੋਂ ਕਿ ਗੁਰਮੰਤਰ ਦਾ ਅਭਾਵ ਸਿੱਧ ਹੋਵੇ ? ਗੁਰਮੰਤਰ ਦੀ ਸਿੱਧੀ ਤਾਂ ਇਸ ਗੁਰਵਾਕ ਤੋਂ ਪਰਗਟ ਪਹਾਰੇ ਜਾਪਦੀ ਹੈ । ਨਾ ਹੀ ਉਹ ਗੁਰਮੰਤਰ ਦੀ ਪਾਰਸ ਕਲਾ ਤੋਂ ਸਿਰ ਫੇਰ ਸਕਦੇ ਹਨ, ਜੇ ਫੇਰਨ ਤਾਂ ਉਹ ਇਸ ਬਚਨ ਨੂੰ ਸਤਿ ਸਤਿ ਕਰ ਮੰਨਣਹਾਰੇ ਨਹੀਂ । ਮੰਨਣ ਨਾ ਮੰਨਣ, ਅਸੀਂ ਤਾਂ ਓਹਨਾਂ ਦੇ ਸਾਹਮਣੇ ਗੁਰ ਸ਼ਬਦ ਗੁਰਮੰਤਰ ਜਾਪ ਦੇ ਗੁਰ ਪਰਮਾਣ ਰਖੀ ਹੀ ਜਾਣੇ ਹਨ । ਕਿਸੇ ਗੁਰ ਪ੍ਰਮਾਣ ਉਤੇ ਤਾਂ ਓਹਨਾਂ ਦਾ ਮਨ ਪਤੀਜੇਗਾ ਹੀ ਨਾ ।

੧੬. ਗੁਰ ਕਾ ਸਬਦੁ ਜਾਪਿ ਮਨ ਸੁਖਾ ॥
ਈਹਾ ਊਹਾ ਤੇਰੋ ਊਜਲ ਮੁਖਾ ॥

ਰਾਮਕਲੀ ਮ: ੫, ਪੰਨਾ ੮੮੯

ਦੇਖੀਏ ਇਸ ਗੁਰਵਾਕ ਦੇ ਅਰਥਾਂ ਵਿਚ ਕੋਈ ਵਿੰਗ ਫੇਰ ਨਹੀਂ, ਸਪਸ਼ਟ ਸਿਧਾ ਭਾਵ ਹੈ ਕਿ ਗੁਰ ਸ਼ਬਦ (ਗੁਰਮੰਤ੍ਰ) ਦਾ ਜਾਪ ਜਪ ਗੁਰਸ਼ਬਦ ਜਾਪ ਜਪਣ ਕਰਿ ਹੀ ਮਨ ਨੂੰ ਸਦਾ ਸੁਖ ਪ੍ਰਾਪਤ ਹੁੰਦਾ ਹੈ ਅਤੇ ਗੁਰਮੰਤਰ ਜਾਪ ਗੁਰ ਸ਼ਬਦ (ਨਾਮ) ਅਭਿਆਸ ਕਮਾਈ ਦਾ ਅਮਰ ਪਾਰਸੀ ਫਲ ਏਹ ਹੁੰਦਾ ਹੈ ਕਿ ਲੋਕ ਪ੍ਰਲੋਕ ਵਿਖੇ ਨਾਮ ਅਭਿਆਸੀ ਜਨ ਦਾ ਮੁਖ ਉਜਲਾ ਹੁੰਦਾ ਹੈ। ਹੁਣ ਜੇ ਕੋਈ ਇਸ ਗਲ ਵਿਚ ਸੰਦੇਹ ਕਰੇ, ਉਹ ਸੋਚ ਲਵੇ ਕਿ ਉਹ ਗੁਰਸਿਖੀ ਦੇ ਤੱਤ ਨੂੰ ਕਿਤਨਾ ਕੁ ਸਮਝਦਾ ਹੈ।

੧੭. ਆਨੰਦ ਕਰਿ ਸੰਤ ਹਰਿ ਜਪਿ ॥
ਛਾਡਿ ਸਿਆਨਪ ਬਹੁ ਚਤੁਰਾਈ
ਗੁਰ ਕਾ ਜਪਿ ਮੰਤੁ ਨਿਰਮਲ ॥੧॥ਰਹਾਉ॥੨੯॥੪੦॥

ਰਾਮਕਲੀ ਮਹਲਾ ੫, ਪੰਨਾ ੮੯੫

ਇਸ ਵਾਕ ਦੁਆਰਾ ਗੁਰੂ ਸਾਹਿਬ ਬੜੇ ਪਿਆਰ ਨਾਲ ਪ੍ਰਤਿਪਾਦਨ ਕਰਾਉਂਦੇ ਹਨ ਗੁਰਸਿਖ ਸੰਤ ਪ੍ਰਤੀ, ਕਿ ਹੇ ਗੁਰੂ ਕੇ ਸਿਖ ਸੰਤ ਸਜਨ ! ਹਰੀ ਪ੍ਰਮਾਤਮਾ ਦੇ ਨਾਮ ਦਾ ਜਪਣ ਜਪਿ ਅਤੇ ਨਾਮ ਜਪ ਕੇ ਅਨੰਦ ਮਾਣ। ਕੇਵਲ ਨਾਮ ਜਪਣ ਦੀ ਬਰਕਤ ਨਾਲ ਹੀ ਸਦਾ ਅਨੰਦ ਮਾਣਿਆ ਜਾ ਸਕਦਾ ਹੈ, ਗਲੀਂ ਬਾਤੀਂ ਚਾਹੇ ਸਹਸ ਸਿਆਣਪਾਂ ਚਤੁਰਾਈਆਂ ਕੋਈ ਕਰ ਥਕੇ ਪਰ ਏਹ ਸੱਚਾ ਅਨੰਦ ਨਹੀਂ ਮਾਣਿਆ ਜਾ ਸਕਦਾ। ਤਾਂ ਹੀ ਤੇ ਅਗਲੀ ਤੁਕ ਅੰਦਰ ਗੁਰੂ ਸਾਹਿਬ ਫੇਰ ਸੰਬੋਧਨ ਕਰਾਉਂਦੇ ਹਨ। ਹੇ ਗੁਰੂ ਕੇ ਸਿਖ ਸੰਤ ਜੀ "ਛਾਡਿ ਸਿਆਨਪ ਬਹੁ ਚਤੁਰਾਈ" ਬਹੁਤੀਆਂ ਚਤੁਰਾਈਆਂ ਸਿਆਣਪਾਂ ਕਰਨੀਆਂ ਛਡ ਦੇਹ ਅੰਤੇ ਏਹਨਾਂ ਚਤੁਰਾਈਆਂ ਸਿਆਣਪਾਂ ਤੋਂ ਸੀਨਾ ਸਾਫ਼ (ਪਾਕ) ਕਰਕੇ ਗੁਰਮੰਤ੍ਰ ਦਾ ਨਿਰਮਲ ਜਾਪ ਜਪੀ ਚਲ। "ਗੁਰ ਕਾ ਜਪਿ ਮੰਤੁ" ਤੇ ਗੁਰ ਕਾ ਮੰਤਰ ਜਪ ਅਰਥਾਤ ਗੁਰ ਮੰਤਰ ਜਾਪ ਕਰ। ਹੁਣ ਦਸੋ ਗੁਰਮੰਤਰ ਅਤੇ ਗੁਰਮੰਤਰ ਦੇ ਜਾਪ ਤੋਂ ਕਿਥੋਂ ਕੁ ਤਾਈਂ ਮੁਨਕਰ ਹੋਵੋਗੇ ਅਤੇ ਕਦੋਂ ਤਾਈਂ ਲੋਕਾਂ ਨੂੰ ਮੁਨਹਰਫ਼ ਕਰਾਉਗੇ। ਗੁਰੂ ਕੀ ਸੱਚੀ ਦੀਖਿਆ ਗੁਰਮੰਤਰ ਹੈ। ਤਾਂਤੇ ਗੁਰਮਤਿ ਦੇ ਮੁਖ ਅਸੂਲ ਤੋਂ ਮੁਨਕਰ ਹੋਣਾ ਅਤੇ ਹੋਰਨਾਂ ਨੂੰ ਮੁਨਕਰ ਕਰਾਉਣਾ ਗੁਰਸਿਖੀ ਨੂੰ ਲੱਖਾਂ ਕੋਹਾਂ ਦੀ ਵਿਥ ਦੇਣਾ ਹੈ। ਅਰਥਾਤ ਗੁਰਸਿਖੀ ਤੋਂ ਕ੍ਰੋੜਾਂ ਕੋਹ ਪ੍ਰੇਡੇ ਜਾਣਾ ਹੈ।

੧੮. ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥
ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥

ਰਾਮਕਲੀ ਕੀ ਵਾਰ ਮ: ੫, ਪੰਨਾ ੯੫੮

ਭਾਵ ਜੋ ਜਨ ਗੁਰਮੰਤਰ ਜਾਪ ਨੂੰ ਹਿਰਦੇ ਅੰਦਰ ਧਰਦਾ ਹੈ ਤਿਸ ਵਡਭਾਗੇ ਗੁਰਮੁਖ ਜਨ ਨੂੰ ਸਚੇ ਵਾਹਿਗੁਰੂ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਏਸ ਅਜਰ ਪਦ ਨੂੰ ਸੋਈ ਜਰਦਾ ਹੈ ਜਿਸ ਨੂੰ ਵਾਹਿਗੁਰੂ ਆਪ ਜਰਾਉਂਦਾ ਹੈ, ਆਪਣੀ ਕਿਰਪਾ ਕਰ ਜਰਾਉਂਦਾ ਓਸੇ ਜਨ ਨੂੰ ਹੈ ਜੋ ਗੁਰਮੰਤਰ ਨੂੰ ਅਜਪਾ ਜਾਪ ਦੁਆਰਾ ਆਪਣੇ ਅੰਦਰ ਧਰੀ ਰਖਦਾ ਹੈ। 'ਸੱਚ' ਦਾ ਭਾਵ ਐਥੇ ਸਚੇ ਸਾਹਿਬ ਤੋਂ ਹੈ। ਯਥਾ ਗੁਰਵਾਕ :

ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵੀਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥

ਸਿਰੀ ਰਾਗੁ ਮ: ੧, ਪੰਨਾ ੧੫

ਤਾਂ ਤੇ ਸੱਚਾ ਸਾਹਿਬ ਵਾਹਿਗੁਰੂ ਅਕਾਲ ਪੁਰਖ ਗੁਰ ਮੰਤਰ ਗੁਰਮਤਿ ਨਾਮ ਦੇ ਅਰਾਧਨ ਹਾਰੇ ਗੁਰਮੁਖ ਜਨ ਨੂੰ ਹੀ ਮਿਲਦਾ ਹੈ। ਗੁਰਮਤਿ ਨਾਮ ਗੁਰਮੰਤ੍ਰ ਨੂੰ ਸ੍ਵਾਸ ਸ੍ਵਾਸ ਸੰਮਾਲਣਾ ਹੀ ਗੁਰਮੰਤ੍ਰ ਨੂੰ ਹਿਰਦੇ ਅੰਦਰ ਧਰਨਾ ਹੈ। ਯਥਾ ਗੁਰਵਾਕ :

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥

ਨਟ ਮ: ੪, ਪੰਨਾ ੯੮੧

ਸ੍ਵਾਸ ਸ੍ਵਾਸ ਗੁਰਮੰਤ੍ਰ ਜਪਣ ਦੀ ਕੈਸੀ ਤਾਕੀਦੀ ਹਦਾਇਤ ਹੈ। ਗੁਰਮਤਿ ਨਾਮ ਜਾਪ ਬਿਹੂਣਾ ਜੋ ਸ੍ਵਾਸ ਆਉਂਦਾ ਹੈ ਸੋ ਬਿਰਥਾ ਹੀ ਜਾਂਦਾ ਹੈ। ਲੇਖੇ ਓਹੀ ਸ੍ਵਾਸ ਲਗਦੇ ਹਨ ਜਿਨ੍ਹਾਂ ਦੁਆਰਾ ਗੁਰਮੰਤ੍ਰ ਅਰਾਧਿਆ ਜਾਂਦਾ ਹੈ। ਵਡਿਭਾਗੇ ਗੁਰਮੁਖ ਜਨਾਂ ਨੂੰ ਹੀ ਗੁਰੂ ਗੁਰੂ ਸੁਆਸਿ ਸੁਆਸਿ ਜਪਣ ਦੀ ਗੁਰਮਤਿ ਬੁਧ ਪ੍ਰਾਪਤ ਹੈ। ਯਥਾ ਗੁਰਵਾਕ :

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥

ਮਾਰੂ ਸੋਲਹੇ ਮ: ੪, ਪੰਨਾ ੧੦੬੯

ਇਸ ਗੁਰ ਪਰਮਾਣ ਤੋਂ ਉਹਨਾਂ ਭਦਰ ਪੁਰਸ਼ਾਂ ਨੂੰ ਸੁਮੱਤ ਲੈਣੀ ਚਾਹੀਦੀ ਹੈ ਜੇਹੜੇ ਕਹਿੰਦੇ ਹਨ ਕਿ ਗੁਰੂ ਗੁਰੂ ਕਰਨਾ ਐਵੇਂ ਬਕਰੀ ਵਾਂਗੂ ਮੂੰਹ ਮਾਰਨਾ ਹੈ ਯਾ ਜੋ ਕਹਿੰਦੇ ਹਨ ਕਿ ਗੁਰੂ ਗੁਰੂ ਅਥਵਾ ਵਾਹਿਗੁਰੂ ਵਾਹਿਗੁਰੂ

ਕਹੀ ਜਾਣਾ ਯਾ ਪੱਥਰ ਪੱਥਰ੍ਹ ਕਹੀ ਜਾਣਾ ਇਕੋ ਜਿਹਾ ਹੀ ਹੈ ।

੧੯. ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥

ਸਾਰੰਗ ਕੀ ਵਾਰ ਮ: ੪, ਪੰਨਾ ੧੨੩੯

ਇਸ ਗੁਰਵਾਕ ਤੋਂ ਸਿੱਧ ਹੁੰਦਾ ਹੈ ਕਿ ਕੇਵਲ ਗੁਰਦੀਖਸ਼ਤ ਗੁਰਮੰਤ੍ਰ ਰੂਪੀ ਬਾਣੀ ਹੀ ਨਾਮ ਸਰੂਪ ਹੈ ਅਰਥਾਤ ਗੁਰਮਤਿ ਨਾਮ ਹੀ ਸੱਚਾ ਨਾਮ (ਸਤਿਨਾਮ) ਹੈ ਅਤੇ ਏਸੇ ਏਕੋ ਨਾਮ ਅਰਥਾਤ ਗੁਰਮੰਤ੍ਰ ਰੂਪੀ ਗੁਰਮਤਿ ਨਾਮ ਨੂੰ ਹੀ ਜਪ ਜਪ ਕੇ ਹਿਰਦੇ ਅੰਦਰ ਵਸਾਉਣਾ ਗੁਰੂ ਕਾ ਮੁਖ ਅਸੂਲੀ ਹੁਕਮ ਹੈ ।

## ੮

# ਖਾਲਸੇ ਦਾ ਗੁਰਮਤਿ ਗੁਰਮੰਤ੍ਰ ਕੇਹੜਾ ਹੈ ?

੨੦. ਮਨ ਮੇਰੇ ਗੁਰੁ ਪੂਰਾ ਸਾਲਾਹਿ ॥
ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥
ਮਲਾਰ ਮ: ੫, ਪੰਨਾ ੧੨੭੧

**ਇਸ ਗੁਰਵਾਕ** ਅੰਦਰ "ਗੁਰੁ ਪੂਰਾ ਸਾਲਾਹਿ" ਤੋਂ ਭਾਵ ਪੂਰੇ ਨਾਮ ਵਾਹਿਗੁਰੂ ਗੁਰਮੰਤ੍ਰ ਦੀ ਸਿਫਤ ਸਾਲਾਹ ਤੋਂ ਹੈ। ਏਹੋ ਗੁਰਮੰਤਰ ਹੀ ਸਚਾ ਗੁਰਮਤਿ ਨਾਮ (ਸਤਿਨਾਮ) ਹੈ ਅਤੇ ਕੇਵਲ ਏਸੇ ਨਾਮ ਰੂਪੀ ਨਿਧਾਨ ਦੇ ਜਪਣ ਦੀ, "ਨਾਮੁ ਨਿਧਾਨੁ ਜਪਹੁ ਦਿਨ ਰਾਤੀ" ਵਾਕ ਅਨੁਸਾਰ ਦਿਨ ਰਾਤ ਜਪੀ ਜਾਣ ਦੀ ਆਗਿਆ ਐਨ ਗੁਰਮਤਿ ਅਨੁਕੂਲ ਹੈ। ਏਹ ਗੁਰਮਤਿ ਨਾਮ (ਗੁਰਮੰਤਰ) ਨਿਧਾਨ ਰੂਪ ਕਿਉਂ ਹੈ ? ਇਸ ਕਰ ਕੇ ਕਿ ਇਸ ਦੇ ਜਪਣ ਕਰਿ ਮਨਚਿੰਦੇ ਫਲ ਪਾਈਦੇ ਹਨ। ਏਹ ਗੁਰਮੰਤਰ ਨਾਮ ਦੀ ਪਾਰਸ ਕਲਾ ਹੈ। ਇਸ ਪਾਰਸ ਕਲਾ ਨੂੰ ਸਪਸ਼ਟ ਕਰਨ ਹਾਰਾ ਅਗਲੇਰਾ ਗੁਰਵਾਕ ਬਹੁਤ ਖੂਬ ਹੈ :

੨੧. ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥
ਜਿਉ ਲੋਹਾ ਤਰਿਓ ਸੰਗਿ ਕਾਸਟ
ਲਗਿ ਸਬਦਿ ਗੁਰੂ ਹਰਿ ਪਾਵੈਗੋ ॥
ਕਾਨੜਾ ਮ: ੪, ਪੰਨਾ ੧੩੦੯

ਵਾਹ ਕਿਆ ਖੂਬ ! ਸ਼ਬਦ ਗੁਰੂ ਰੂਪੀ ਪਾਰਸ ਦੇ ਪਰਸਣ ਦੀ ਅਗਾਧ ਕਲਾ ਹੈ। ਗੁਰਮੰਤ੍ਰ ਰੂਪੀ ਗੁਰੂ ਸ਼ਬਦ ਦੇ ਸੰਗ ਪਰਸਨ ਕਰਿ ਜਨਮ ਜਨਮ ਦੀ ਮਲ ਲਥ ਕੇ ਪਰਾਣੀ ਪਰਮਾਤਮਾਂ ਦੀ ਪਰਾਪਤੀ ਭੀ ਇਸ ਪਾਰਸ ਪਰਤਾਪੀ ਗੁਰਮੰਤ੍ਰ ਦੁਆਰਾ ਕਰ ਲੈਂਦਾ ਹੈ। ਜਿਵੇਂ ਕਾਠ ਨਾਲ ਲਾਇਆ ਜੜਿਆ ਲੋਹਾ ਤਰਦਾ ਹੈ, ਇਵੇਂ ਹੀ ਗੁਰਮੰਤ੍ਰ ਨਾਲ ਪਰੋਤਾ ਪ੍ਰਾਣੀ ਭਵ ਸਾਗਰੋਂ ਪਾਰ ਉਤਰ ਜਾਂਦਾ ਹੈ। ਇਸ ਪਾਰਸ ਪਰਤਾਪੀ ਗੁਰਮੰਤ੍ਰ ਦੇ ਪਰਭਾਵ ਕਰ ਅਗਮ ਅਗੋਚਰ ਅਕਾਲ ਪੁਰਖ ਦਾ ਅਚਿੰਤੇ ਹੀ ਮਿਲਾਪ ਹੋ ਜਾਂਦਾ ਹੈ। **ਜੈਸਾ ਕਿ** ਅਗਲੇਰਾ ਗੁਰ ਪ੍ਰਮਾਣ ਹੈ :

੨੨. ਹਮਰੇ ਹਰਿ ਜਗ ਜੀਵਨਾ ਹਰਿ ਜਪਿਓ ਹਰਿ ਗੁਰਮੰਤ ॥
ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥
ਕਾਨੜੇ ਕੀ ਵਾਰ ਮ: ੪, ਪੰਨਾ ੧੩੧੫

ਜਗ ਜੀਵਨ ਵਾਹਿਗੁਰੂ ਦਾ ਗੁਰਮੰਤਰ ਨਾਮ ਭੀ ਜਗ ਜੀਵਨ ਜੀਅ-ਜੀਵਨੀ ਅਗਮ ਅਗੋਚਰ ਕਲਾ ਵਾਲਾ ਹੈ: ਜਿਸਦੇ ਜਪਨ ਕਰ ਅਚਿੰਤੇ ਹੀ ਜਗ-ਜੀਵਨ ਅਧਾਰ ਵਾਹਿਗੁਰੂ ਕਰਤਾਰ ਦੀ ਪ੍ਰਾਪਤੀ ਹੋ ਜਾਂਦੀ ਹੈ :

੨੩. ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥
ਦੀਨ ਦਇਆਲ ਭਏ ਕਿਰਪਾਲਾ
ਆਪਣਾ ਨਾਮੁ ਆਪਿ ਜਪਾਇਆ ॥
ਪ੍ਰਭਾਤੀ ਮ: ੫, ਪੰਨਾ ੧੩੪੧

ਇਸ ਗੁਰਵਾਕ ਤੋਂ ਸਪਸ਼ਟ ਸਿਧ ਹੁੰਦਾ ਹੈ ਕਿ ਗੁਰੁ ਗੁਰੁ ਅਰਥਾਤ 'ਵਾਹਿਗੁਰੂ' 'ਵਾਹਿਗੁਰੂ' ਕਰਨਾ ਇਹ ਗੁਰਮਤਿ ਨਾਮ ਜਪਣਾ ਹੈ ਅਤੇ ਇਸ ਗੁਰਮਤਿ ਨਾਮ ਦੇ ਜਪਣ ਨਾਲ ਹੀ ਅਬਿਨਾਸੀ ਸੁਖ ਦੀ ਪ੍ਰਾਪਤੀ ਹੁੰਦੀ ਹੈ ।

੨੪. ਜੋ ਗੁਰੂ ਗੁਰੂ ਅਹਿਨਿਸ ਜਪੈ ਦਾਸੁ ਭਟੁ ਬੇਨਤਿ ਕਹੈ ॥
ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥
ਸਵਈਏ ਮ: ਚਉਥੇ ਕੇ, ਪੰਨਾ ੧੩੯੯

ਜੋ ਜਨ ਦਿਨ ਰਾਤ ਸਾਸਿ ਸਾਸਿ ਗੁਰੂ ਗੁਰੂ ਜਪਦਾ ਹੈ ਅਰਥਾਤ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦਾ ਹੈ ਅਤੇ ਇਸ ਗੁਰਮਤਿ ਨਾਮ ਨੂੰ ਜਪ ਜਪ ਕੇ ਹਿਰਦੇ ਅੰਦਰ ਵਸਾਉਂਦਾ ਹੈ, ਉਸ ਦਾ ਜੰਮਨਾ ਤੇ ਮਰਣਾ ਦੋਈ ਰਹਿ ਖੜੋਂਦੇ ਭਾਵ ਮੁਕ ਜਾਂਦੇ ਹਨ ।

੨੫. ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥
ਸਬਦੁ ਹਰਿ ਹਰਿ ਜਪੈ ਨਾਮੁ ਨਵਨਿਧਿ ਅਪੈ
ਰਸਨਿ ਅਹਿਨਿਸਿ ਰਸੈ ਸਤਿ ਕਰ ਜਾਨੀਅਹੁ ॥...
ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ
ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ।
ਜਉਤ ਸਭ ਸੁਖ ਇਤ ਉਤ ਤੁਮ ਬੰਛਵਹੁ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥...
ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ ॥੨॥੧੪॥
ਸਵਈਏ ਮ: ਚਉਥੇ ਕੇ, ਪੰਨਾ ੧੪੦੦

ਏਹਨਾਂ ਗੁਰ ਪ੍ਰਮਾਣਾਂ ਵਿਖੇ ਗੁਰਮੰਤ੍ਰ ਦੇ ਜਾਪ ਦੀ ਮਹਿਮਾ ਕੈਸੇ ਸਤਿ ਕਰਕੇ ਲਖਾਈ ਅਤੇ ਦ੍ਰਿੜ੍ਹਾਈ ਹੈ ? ਅਧਿਕ ਵਿਆਖਿਆ ਦੀ ਲੋੜ ਨਹੀਂ । ਮੁਨਕਰ ਹੋਣ ਦੀ ਉੱਕੀ ਹੀ ਜਾਇ ਨਹੀਂ ।

੨੬. ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥

ਗਉੜੀ ਕੀ ਵਾਰ ਮ: ੪, ਪੰਨਾ ੩੧੩

ਗੁਰਮਤਿ ਨਾਮ ਨੂੰ ਝਟ ਦੂਤੀ ਗੁਰਮਤਿ ਭਾਖ ਆਖਕੇ ਇਸ ਗੁਰਵਾਕ ਅੰਦਰ ਸੂਚਨ ਕਰਾਇਆ ਹੈ । ਪਾਰਸ ਫਲ ਓਹੀ ਸਪਸ਼ਟ ਹੈ । ਗੁਰਮਤਿ ਦੇ ਪੂਰੇ ਅੱਖਰਾਂ ਨੂੰ ਉਚਾਰਨ ਅਰਥਾਤ ਪੂਰੇ ਗੁਰ ਸ਼ਬਦ ਨੂੰ ਜਪਣ ਦੀ ਮਹਿਮਾ ਸਾਰੀ ਗੁਰਬਾਣੀ ਅੰਦਰ ਹੈ ਪਰ ਰਮਜ਼ ਮਾਤ੍ਰੀ ਇਕ ਅੰਗ ਲੈ ਕੇ ਹੀ ਸੰਪੂਰਨਤਾ ਦ੍ਰਿੜ੍ਹਾਈ ਗਈ ਹੈ । ਗੁਰਮਤਿ ਨਾਮ ਨੂੰ ਪੂਰੇ ਅੱਖਰੀ ਸਰੂਪ ਵਿਚ ਨਾ ਲਿਖਣਾ ਗੁਰਮਤਿ ਨਾਮ ਦੀ ਗੋਝ ਕਲਾ ਲਖਾਉਣ ਦਾ ਇਕ ਬੇਦ ਕਤੇਬ ਅਗੋਚਰਾ ਚਲੰਤ ਭੇਦ ਹੈ, ਜੋ ਰਮਜ਼ ਮਾਤਰ ਇਸ ਅਗਲੇਰੇ ਗੁਰ ਪ੍ਰਮਾਣ ਅੰਦਰ ਦਰਜ ਹੈ :

੨੭. ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥
ਪੂਰੇ ਸਬਦਿ ਪ੍ਰਭੁ ਮਿਲਿਆ ਆਈ ॥
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥
ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ
ਤਿਨ੍ ਕਉ ਪਰਜਾ ਪੂਜਣ ਆਈ ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੪

ਜੈਸੇ ਪਿਛਲੇ ਗੁਰ ਪ੍ਰਮਾਣਾਂ ਅੰਦਰ 'ਗੁਰੂ ਗੁਰੂ' ਆਖ ਕੇ ਪੂਰਨ ਗੁਰਮੰਤ੍ਰ ਅਰਥਾਤ ਪੂਰੇ ਸਬਦ ਅੱਖਰਾਂ ਵਾਲੇ ਅਸਲ ਗੁਰਮਤਿ ਨਾਮ ਦੇ ਜਾਪ ਦਾ ਹੀ ਅੰਭਪਰਾ ਲਿਆ ਗਿਆ ਹੈ । ਏਸੇ ਤਰ੍ਹਾਂ ਇਸ ਪ੍ਰਮਾਣ ਅੰਦਰ 'ਵਾਹੁ ਵਾਹੁ' ਬਾਣੀ ਵਾਲੇ ਸਬਦ ਭਾਖ ਭੀ ਪੂਰੇ ਸਬਦ ਅੱਖਰੀ ਗੁਰਮੰਤਰ ਦੇ ਲਖਾਇਕ ਹਨ । ਵਾਹੁ ਵਾਹੁ ਦੇ ਨਾਲ ਗੁਰੂ ਗੁਰੂ ਦਾ ਜਾਪ ਰਲਣ ਕਰ ਹੀ ਰਸਨਾ ਪੂਰੇ ਗੁਰਮੰਤ੍ਰ ਦਾ ਜਾਪ ਰਟ ਸਕਦੀ ਹੈ । ਗੁਰੂ ਸਬਦ ਬਿਨਾਂ ਰਸਨਾ ਜਾਪ ਕਰਦੀ ਸੁਹਾਉਂਦੀ ਹੀ ਨਹੀਂ । ਨਾ ਹੀ ਗੁਰੂ ਗੁਰੂ ਕਹਿਣ ਬਾਝੋਂ ਵਾਹੁ ਵਾਹੁ ਦਾ ਭਾਖਣਾ ਰਸਨਾ ਕਰਕੇ ਪੂਰੇ ਗੁਰ ਸਬਦ ਗੁਰਮੰਤਰ ਗੁਰਮਤਿ ਨਾਮ ਦਾ ਭਾਖਣਾ ਬਣਦਾ ਹੈ । ਪੂਰਨ ਗੁਰਮਤਿ ਨਾਮ ਗੁਰਮੰਤ੍ਰ ਨਾਮ ਦੇ ਦੋਈ ਅੰਗ ਮਿਲਾ ਕੇ ਹੀ ਪੂਰਾ ਸਬਦ ਬਣਦਾ ਹੈ । ਇਸ ਪੂਰੇ ਸਬਦ ਦੇ ਜਾਪ ਅਲਾਪ ਦੁਆਰਾ ਨਿਰ-ਸੰਦੇਹ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ ਇਸ ਵਿਚ ਸੰਸਾ ਰਾਈ ਮਾਤ੍ਰ ਭੀ ਨਾ

ਜਾਣਹੁ । ਹੇ ਮੇਰੇ ਭਾਈ ਗੁਰਸਿਖ ਮੀਤ ਜਨੋ ! ਏਹ ਗੁਰਮਤਿ ਰਮਜ਼ ਵਡਿਭਾਗੀ ਗੁਰਸਿਖ ਪ੍ਰਤੀ ਸਮਝਾਇ ਬੁਝਾਇ ਕੇ ਓਹਨਾਂ ਦੇ ਮੁਖੋਂ ਪੂਰੇ ਚੁਅਖਰੀ ਮਾਤ੍ਰ ਵਾਲਾ ਨਾਮ ਵਾਹਿਗੁਰੂ ਮੂੰਹੋਂ ਕਢਾਉਂਦਾ ਹੈ ਜੀ । ਜਿਨ੍ਹਾਂ ਨੂੰ ਪੂਰਨ ਗੁਰਮਤਿ ਰੀਤੀ ਅਨੁਸਾਰ ਗੁਰਮੰਤ੍ਰ ਨਾਮ ਦੀ ਗੁਰਦੀਖਿਆ ਮਿਲਣ ਦਾ ਸੁਭਾਗ ਆਣ ਉਦੇ ਹੁੰਦਾ ਹੈ ਤਿਨ੍ਹਾਂ ਨੂੰ ਹੀ ਗੁਰੂ ਦੀ ਪਰਮ ਕਿਰਪਾ ਕਰਿ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨ ਪੰਜ ਪਿਆਰਿਆਂ ਦਾ ਸਮੁਦਾਇ ਆਇ ਜੁੜਦਾ ਹੈ ਤਿਨ੍ਹਾਂ ਦੁਆਰਾ ਹੀ ਪਰੰਪਰਾ ਗੁਰਮੰਤ੍ਰ ਦ੍ਰਿੜ੍ਹ ਹੋਣ ਦੀ ਸੀਨਾ ਬਸੀਨਾ ਪਾਰਸ ਕਲਾ ਸੰਚਰਦੀ ਚਲੀ ਆਈ ਹੈ । ਰਹਿਤ ਸੁਖ ਰਹਿਣੀਏ ਗਲੀਂ ਬਾਤੀਂ ਹੀ ਇਹ ਭਾਵ ਪੂਰਾ ਕਰਿਆ ਲੋੜਦੇ ਹਨ ਸੋ ਕੈਸੇ ਪੂਰਾ ਹੋਵੇ । ਕਦਾਂਚ ਨਹੀਂ ਹੋ ਸਕਦਾ ਇਸ ਬਿਧ ਭਾਵ ਪੂਰਾ ਉਹਨਾਂ ਦਾ,ਚਾਹੇ ਕਿਤਨਾ ਹੀ ਖਪ ਖਪ ਮਰਨ ।

੨੮. ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥
ਵਾਹੁ ਵਾਹੁ ਕਰਤਿਆ ਸੋਭਾ ਪਾਇ ॥
ਨਾਨਕ ਵਾਹੁ ਵਾਹੁ ਸਤਿ ਰਜਾਇ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੪

ਇਸ ਗੁਰਵਾਕ ਅੰਦਰਿ ਗੁਰਮਤਿ ਦੇ ਖਾਸ ਨਾਮ ਗੁਰਮੰਤ੍ਰ ਨੂੰ ਮੁਖ ਰਸਨਾ ਦੁਆਰਾ ਜਪਣ ਦੀ ਸਪਸ਼ਟ ਆਗਿਆ ਹੈ। "ਵਾਹੁ ਵਾਹੁ ਕਰਤ" ਤੋਂ ਭਾਵ ਸਾਫ਼ ਮੁਖ ਰਸਨਾ ਕਰਕੇ ਨਾਮ ਚਵਣ ਦਾ ਹੈ। ਰੈਣ ਦਿਵਸ ਨਾਮ ਜਪੀ ਜਾਣ ਦਾ ਸਾਫ਼ ਹੁਕਮ ਹੈ ਅਤੇ ਇਹ ਭੀ ਇਸ ਗੁਰਵਾਕ ਅੰਦਰ ਨਿਰਣਤ ਹੋਇਆ ਹੈ ਕਿ ਵਾਹੁ ਵਾਹੁ ਕਰੀ ਜਾਣ ਅਰਥਾਤ ਲਗਾਤਾਰ ਮੁਖ ਰਸਨਾ ਦੁਆਰਾ ਨਾਮ ਜਪੀ ਜਾਣ ਨਾਲ ਸਦੀਵੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਬਿਧ ਆਨੰਦ ਮਗਨਤਾ ਪ੍ਰਾਪਤ ਹੋਣ ਕਰ ਫੇਰ ਭੀ ਵਾਹੁ ਵਾਹੁ ਕਰੀ ਜਾਣ, ਭਾਵ ਨਾਮ ਜਪੀ ਜਾਣ ਦੇ ਪ੍ਰਭਾਵ ਕਰ ਹਰੀ ਪ੍ਰਮਾਤਮਾ ਨਾਲ ਸੱਚੀ ਲਿਵ ਲਗ ਜਾਂਦੀ ਹੈ । ਐਸਾ ਗੁਰਮਤਿ ਨਾਮ ਗੁਰਮੰਤ੍ਰ ਕੋਈ ਵਡਭਾਗਾ ਗੁਰਮੁਖ ਜਨ ਹੀ ਵਡੇ ਭਾਗਾਂ ਕਰਕੇ ਜਪਦਾ ਹੈ ਅਤੇ ਦੂਜਿਆਂ ਨੂੰ ਜਪਾਉਣ ਲਈ ਉਤਸ਼ਾਹਤ ਕਰਦਾ ਹੈ । "ਕਰਮੀ ਬੋਲੈ ਬੋਲਾਇ" ਦੇ ਅਖਰਾਂ ਅਰਥ ਸਪਸ਼ਟ ਹਨ ਕਿ ਗੁਰਮਤਿ ਨਾਮ ਰੂਪੀ ਚੁਅਖਰੀ ਭਾਖਿਆ ਨੂੰ ਮੁਖੋਂ ਬੋਲਣਾ ਅਤੇ ਬੁਲਾਉਣਾ ਹੈ । ਬੋਲਣਾ ਕੇਵਲ ਬੁਲ੍ਹਾਂ, ਰਸਨਾ, ਤਾਲੂ ਕਰਕੇ ਹੋ ਸਕਦਾ ਹੈ । ਬੋਲੈ ਬੋਲਾਇ ਤੋਂ ਭਾਵ ਬਾਰੰਬਾਰ ਜਪਣਾ ਜਪਾਉਣਾ ਹੈ ਅਤੇ ਇਸ ਬਿਧ 'ਵਾਹੁ ਵਾਹੁ' 'ਗੁਰੂ ਗੁਰੂ' ਅਰਥਾਤ ਪੂਰੇ ਗੁਰਮਤਿ ਨਾਮ ਦੇ ਅੱਖਰਾਂ ਵਾਲੀ

ਬਾਣੀ ਬੋਲਣ ਅਤੇ ਬੋਲੀ ਜਾਣ ਨਾਲ ਬੋਲਣਹਾਰਾ ਸੋਭਾ ਪਾਉਂਦਾ ਹੈ, ਬਕਰੀ ਵਾਂਗੂ ਮੂੰਹ ਮਾਰਨ ਵਾਲਾ ਨਹੀਂ ਕਹਾਉਂਦਾ ਅਤੇ ਇਸ ਵਾਹੁ ਵਾਹੁ ਰਮਜ਼ ਵਾਲੀ ਨਾਮ ਭਾਖਿਆ ਵਾਲਾ ਪੂਰਨ ਗੁਰਮਤਿ ਬੋਲ 'ਸਤਿ ਰਜਾਇ' ਗੁਰੂ, ਅਕਾਲ ਪੁਰਖ ਦੀ ਸਚੀ ਹੁਕਮ ਰਜ਼ਾ ਹੈ। ਤਾਂ ਤੇ ਗੁਰਮੰਤ੍ਰ ਵਾਹਿ+ਗੁਰੂ ਨਾਮ ਜਪਣਾ ਹੀ ਹੁਕਮ ਰਜ਼ਾਈ ਚਲਣਾ ਹੈ, ਵਾਹੁ ਵਾਹੁ ਦੁਆਰਾ ਰਮਜ਼ਾਈ ਪੂਰੇ ਗੁਰਮਤਿ ਨਾਮ ਰੂਪੀ ਬਾਣੀ ਹੀ ਸਤਿ ਰਜ਼ਾਇ ਹੋਣ ਕਰਕੇ ਸੱਚੀ ਬਾਣੀ ਹੀ, ਅਰਥਾਤ ਗੁਰਮਤਿ ਨਾਮ ਹੀ ਸੱਚਾ ਨਾਮ (ਸਤਿ ਨਾਮ) ਹੈ। ਇਸ ਗੁਰਮਤਿ ਨਾਮ ਤੋਂ ਬਿਨਾਂ ਹੋਰ ਸਭ ਨਾਮ ਕਿਰਤਮ ਨਾਮ ਹਨ, ਪਰ ਏਹ ਗੁਰਮਤਿ ਨਾਮ ਮਈ ਚੁਅਖਰੇ ਸੁਅੱਖਰਾਂ ਵਾਲੀ ਮੰਤਰ ਬਾਣੀ ਕੇਵਲ ਵਿਰਲੇ ਗੁਰਮੁਖ ਖੋਜੀ ਜਨਾਂ ਨੂੰ ਹੀ ਲਭਦੀ ਹੈ, ਜੈਸਾ ਕਿ ਇਸ ਦੇ ਅਗਲੇਰੇ ਗੁਰਪ੍ਰਮਾਣ ਦਾ ਭਾਵ ਹੈ। ਯਥਾ ਗੁਰਵਾਕ :

੨੯. ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੪

ਇਸ ਦਾ ਤਾਤ ਪ੍ਰਜੀ ਭਾਵ ਏਹੋ ਕੇਵਲ ਏਹੋ ਹੈ ਕਿ ਗੁਰਸਤਿ ਨਾਮ ਹੀ ਸੱਚਾ ਨਾਮ ਹੈ। ਸਤਿ ਪਦਾਰਥ ਹੈ ਹੀ ਗੁਰਮਤਿ ਨਾਮ, ਪਰ ਏਹ ਸਤਿ ਪਦਾਰਥ ਗੁਰ ਦੀਖਸ਼ਤ ਗੁਰਮੁਖ ਜਨਾਂ ਨੂੰ ਗੁਰ ਦੀਖਿਆ ਕੇਵਲ ਗੁਰ ਦੀਖਿਆ ਦੁਆਰਾ ਮਿਲਦਾ ਹੈ। ਗੁਰ ਦੀਖਿਆ ਦੁਆਰਾ ਮਿਲਨ ਅਤੇ ਗੁਰ ਦੀਖਸ਼ਤ ਹੋਣ ਕਰ ਹੀ ਏਹ ਗੁਰਮਤਿ ਨਾਮ ਹੈ ਅਤੇ ਇਸ ਦੇ ਜਪਣ ਹਾਰੇ ਜਨ ਗੁਰਮੁਖ ਕਹਾਉਂਦੇ ਹਨ। ਗੁਰਬਾਣੀ ਦੁਆਰਾ ਗੁਰਬਾਣੀ ਦੇ ਸਚੇ ਸਿਧਾਂਤ ਕਰ ਗੁਰਮੁਖ ਜਨ ਉਹ ਹੀ ਹਨ ਜੋ ਗੁਰ ਦੀਖਸ਼ਤ ਗੁਰਮਤਿ ਨਾਮ ਨੂੰ ਜਪਣ ਮਈ ਗੁਰੂ ਰਜ਼ਾਇ (ਭਾਣੇ, ਹੁਕਮ) ਅੰਦਰਿ ਚਲਦੇ ਹਨ। ਐਸੇ ਗੁਰਮੁਖ ਜਨ ਐਨ ਗੁਰੂ ਰਜ਼ਾ ਦੇ ਅਨੁਸਾਰੀ ਹੁੰਦੇ ਹੋਏ ਸ਼ਬਦ ਭਾਖਿਆ ਕਰਕੇ ਭੀ ਭਾਵ ਮੁਖੋਂ ਭੀ ਗੁਰਮਤਿ ਨਾਮ ਦਾ ਉਚਾਰਨ ਕਰਦੇ ਰਹਿੰਦੇ ਹਨ ਅਤੇ ਹਿਰਦੇ ਵਿਚ ਭੀ ਸੁਆਸ ਅਭਿਆਸੀ ਰਟਣ ਦੁਆਰਾ ਗੁਰਮਤਿ ਨਾਮ ਨੂੰ ਹੀ ਪਰੋਈ ਰਖਦੇ ਹਨ। ਹਿਰਦੇ ਨਾਲ ਜਪਣਾ ਮਹਿਜ਼ ਖਿਆਲੀ ਅਨੁਮਾਨ ਦਾ ਨਾਉਂ ਨਹੀਂ। ਗੁਰਮਤਿ ਨਾਮ ਦੀ ਸਬਦ ਬਲੋਵਨੀ ਸੁਆਸ ਅਭਿਆਸੀ ਖਿੱਚਤਾਰੀ ਪਵਨ ਨੂੰ ਅਰਧ ਉਰਧੀ ਸੁਆਸਾਂ ਦੇ ਲਗਾਤਾਰੀ ਵੇਗ ਦੁਆਰਾ ਘਟਨਾਭ ਅੰਦਰ ਦੱਬ ਕੇ ਸਪਰਸਨਾ ਹੈ, ਇਸ ਸਪਰਸਤਾ ਕਰ ਹੀ ਪਾਰਸ ਕਲਾ ਨੇ ਘਟ-ਅੰਤਰ ਵਰਤਣਾ ਹੈ ਅਤੇ ਜੋਤਿ ਵਿਗਾਸੀ ਜਗਮਗਾਹਟ ਨੂੰ ਪ੍ਰਕਾਸ਼ਣਾ ਹੈ।


www.sikhbookclub.com

੩੦. ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ ॥
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ ॥
ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ ਕੈ ਸੰਗਿ ਮਿਲਾਇ ॥
ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ ॥
ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥
ਗੂਜਰੀ ਕੀ ਵਾਰ ਮ: ੩, ਪੰਨਾ ੫੧੫
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥...
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥
ਗੂਜਰੀ ਕੀ ਵਾਰ ਮ: ੩, ਪੰਨਾ ੫੧੫-੧੬

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨਿਰਣੇ ਕਰਦੇ ਹਨ ਕਿ 'ਵਾਹੁ-ਵਾਹੁ'–'ਗੁਰੂ ਗੁਰੂ' ਸੇਈ ਵਡਿਭਾਗੇ ਜਨ ਕਰਦੇ ਹਨ ਅਰਥਾਤ ਗੁਰਮੰਤ੍ਰ ਦਾ ਜਾਪ ਸੇਈ ਜਨ ਜੰਪਦੇ ਹਨ ਤੇ ਸਦਾ ਜਪਦੇ ਹਨ, ਜਿਨ੍ਹਾਂ ਨੂੰ ਵਾਹਿਗੁਰੂ ਕਿਰਪਾ ਕਰ ਆਪ ਗੁਰੂ ਦੁਆਰੇ ਗੁਰ ਦੀਖਿਆ ਦਾਨ ਦਿਵਾਇਕੇ ਆਪ ਬੁਝਾਇ ਤੇ ਦ੍ਰਿੜ੍ਹਾਇ ਦਿੰਦਾ ਹੈ ਗੁਰਮੰਤ੍ਰ ਅਤੇ ਗੁਰਮੰਤ੍ਰ ਦੀ ਪਾਰਸ ਕਲਾ ਨੂੰ। ਉਹ ਸਦਾ ਸਦਾ ਗੁਰਮੰਤ੍ਰ ਜਾਪ ਜਪਦੇ ਹੀ ਰਹਿੰਦੇ ਹਨ, ਉਹਨਾਂ ਦਾ ਸਦਾ ਗੁਰਮੰਤਰ ਜਾਪ ਜਪਦਿਆਂ (ਵਾਹੁ ਵਾਹੁ ਕਰਦਿਆਂ) ਗੁਰਮੰਤ੍ਰ ਅਭਿਆਸ ਦੀ ਪਾਰਸ ਕਮਾਈ ਕਰ ਮਨ ਨਿਰਮਲ ਹੋ ਜਾਂਦਾ ਹੈ। ਇਸ ਪਰਕਾਰ ਜਿਹੜੇ ਗੁਰਸਿਖ ਅਭਿਆਸੀ ਜਨ ਨਿਤਾਪਰਤਿ ਵਾਹੁ ਵਾਹੁ ਕਰਦੇ ਰਹਿੰਦੇ (ਗੁਰਮੰਤ੍ਰ ਦਾ ਜਾਪ ਜਪਦੇ ਰਹਿੰਦੇ) ਹਨ, ਉਹ ਮਨ-ਇਛਿਆ ਫਲ ਪਾਉਂਦੇ ਹਨ ਅਤੇ ਜੋ ਜਨ ਅਹਿਨਿਸ ਵਾਹੁ ਵਾਹੁ ਕਰਦੇ ਹੀ ਰਹਿੰਦੇ ਹਨ (ਸੁਆਸ ਸੁਆਸ ਨਾਮ ਗੁਰਮੰਤ੍ਰ ਜਪਦੇ ਰਹਿੰਦੇ ਹਨ) ਉਹ ਜਨ ਸੋਹਣੇ ਸੁੰਦਰ ਸੁਘੜ ਸਰੂਪ ਬਿਚੱਖਣੇ ਹਨ। ਵਾਹੁ ਵਾਹੁ ਕਰਨ ਹਾਰੇ ਗੁਰਮੰਤ੍ਰ ਜਾਪ ਜਪਣ ਹਾਰਿਆਂ ਦੇ ਮੁਖ ਸੋਹਣੇ, ਆਪ ਸੋਹਣੇ, ਤਿਨ੍ਹਾਂ ਦਾ ਸੰਗ ਮਿਲਾਪ ਭੀ ਸੋਹਣਾ ਹੈ। ਇਹ ਤਾਂ ਸਭ ਕੁਛ ਗੁਰੂ ਸਾਹਿਬ ਨੂੰ ਸੋਹਣਾ ਲਗਦਾ ਹੈ, ਪਰ ਅਸਾਡੇ ਸਿਆਣੇ ਸਿਖ ਭਰਾ ਵਾਹੁ ਵਾਹੁ ਚਵਣ ਹਾਰਿਆਂ, ਗੁਰੂ ਗੁਰੂ ਜਪਣ ਹਾਰਿਆਂ, ਨਾਮ ਗੁਰਮੰਤ੍ਰ ਦਾ ਅਭਿਆਸ ਕਰਨ ਹਾਰਿਆਂ ਨੂੰ ਬਕਰੀ ਵਾਂਗੂ ਮੂੰਹ ਮਾਰਨ ਹਾਰੇ ਦਸਦੇ ਹਨ, ਮਾਨੋਂ ਉਹਨਾਂ ਦੇ ਮੂੰਹ ਨੂੰ ਫਿਟਕਾਰ ਕੇ ਦੁਰਕਾਰਦੇ ਹਨ ਅਤੇ ਗੁਰਮੰਤ੍ਰ ਜਾਪ ਕਮਾਈ ਨੂੰ ਮਖੌਲ ਕਰਦੇ ਹਨ, ਕੈਸੀ ਅਫ਼ਸੋਸ-ਨਾਕ ਹਾਲਤ ਹੈ। ਗੁਰੂ ਸਾਹਿਬ ਤਾਂ ਉਚਾਰਦੇ ਹਨ ਕਿ "ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ" ਹਿਰਦਿਓਂ ਭੀ ਸਦਾ ਵਾਹੁ ਵਾਹੁ ਉਚਰਦੇ ਰਹੀਏ ਅਤੇ ਮੁਖਹੁ ਭੀ

ਸਦਾ ਵਾਹੁ ਵਾਹੁ ਕਰਦੇ ਰਹੀਏ ਅਤੇ ਐਸੇ ਸਦਾ ਸਦਾ ਹਿਰਦੇ ਮੁਖੋਂ ਵਾਹੁ ਵਾਹੁ ਕਰਨ ਹਾਰਿਆਂ (ਗੁਰਮੰਤ੍ਰ ਜਾਪ ਜਪਣ ਹਾਰਿਆਂ) ਨੂੰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਤਨ ਮਨ ਅਰਪ ਦੇਈਏ ਤਾਂ ਭੀ ਥੋੜ੍ਹਾ ਹੈ । ਏਧਰ ਸਾਡੇ ਭਰਾ ਨਾਮ ਜਪਣ ਹਾਰਿਆਂ ਨੂੰ ਟਿਚਰਾਂ ਕਰਦੇ ਅਤੇ ਹਕਾਰਤ ਦੀ ਨਜ਼ਰ ਨਾਲ ਦੇਖਦੇ ਹਨ ਅਤੇ ਵਖਿਆਨਦੇ ਹਨ ਕਿ ਨਾਮ ਹੀ ਕੋਈ ਨਹੀਂ ; ਨਾ ਹੀ ਨਾਮ ਅੰਮ੍ਰਿਤ ਸਰੂਪ ਹੈ, ਪਰ ਗੁਰੂ ਸਾਹਿਬ ਅਗਲੀ ਤੁਕ ਅੰਦਰ ਨਿਰਣੇ ਕਰਦੇ ਹਨ ਕਿ "ਵਾਹੁ ਵਾਹੁ ਅੰਮ੍ਰਿਤ ਨਾਮੁ ਹੈ" ਭਾਵ ਵਾਹੁ ਵਾਹੁ ਸੰਭਾਖਨੀ ਚੁਅਖਰੇ ਸੁਅਖਰਾਂ ਵਾਲਾ ਪੂਰਾ ਗੁਰਮੰਤ੍ਰ ਗੁਰਮਤਿ ਨਾਮੁ ਹੈ ਅਤੇ ਇਹ ਹੀ ਅੰਮ੍ਰਿਤ ਨਾਮ ਅਤੇ ਅੰਮ੍ਰਿਤ ਰਸਾਇਣੀ ਪਾਰਸ ਕਲਾ ਵਾਲਾ ਨਾਮ ਹੈ । ਪਰ "ਗੁਰਮੁਖਿ ਪਾਵੈ ਕੋਇ" ਏਹ ਕਿਸੇ ਗੁਰ-ਦੀਖਸ਼ਤ ਗੁਰਮੁਖ ਸਿਖ ਨੂੰ ਹੀ ਪ੍ਰਾਪਤ ਹੁੰਦਾ ਹੈ । ਛੇਕੜਲੀ ਤੁਕ ਵਿਖੇ ਇਸ ਗਲ ਨੂੰ ਹੋਰ ਵੀ ਸਪਸ਼ਟਾਇਆ ਗਿਆ ਹੈ ਕਿ ਇ... ਗੁਰਮੰਤ੍ਰ ਰੂਪੀ ਗੁਰਮਤਿ ਨਾਮ ਅੰਮ੍ਰਿਤ ਨਾਮ ਨੂੰ ਗੁਰੂ ਦੀਖਿਆ ਦੁਆਰਾ ਹੀ ਪਾ ਸਕੀਦਾ ਹੈ ਅਤੇ ਜਿਨ੍ਹਾਂ ਗੁਰਮੁਖ ਜਨਾਂ ਨੂੰ ਏਹ ਗੁਰਦੀਖਿਆ ਪ੍ਰਾਪਤ ਹੋ ਜਾਂਦੀ ਹੈ, ਉਹ ਅਨਦਿਨ ਨਾਮ ਜਪਦੇ ਹੀ ਰਹਿੰਦੇ ਹਨ । ਪਰ ਏਹ ਨਾਮ ਗੁਰਮੰਤ੍ਰ ਗੁਰੂ ਦੁਆਰੇ ਗੁਰ ਦੀਖਿਆ ਮਿਲਣ ਪਰ ਹੀ ਪਾਇਆ ਜਾ ਸਕਦਾ ਹੈ ਅਤੇ ਸਚੇ ਸਤਿਗੁਰੂ ਗੁਰੂ ਨਾਨਕ-ਦਸਮੇਸ਼-ਗੁਰੂ ਗ੍ਰੰਥ ਸਾਹਿਬ ਬਾਝੋਂ ਇਹ ਗੁਰਮਤਿ ਨਾਮ ਗੁਰਮੰਤ੍ਰ ਪਲੇ ਨਹੀਂ ਪੈਂਦਾ । ਯਥਾ ਗੁਰਵਾਕ :

ਗੁਰਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨਾ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥

ਮਾਰੂ ਮ: ੧, ਪੰਨਾ ੧੦੧੫

ਗੁਰੂ ਭਾਣੇ ਰੂਪੀ ਆਗਿਆ ਅਨੁਸਾਰ ਜੋ ਗੁਰਸਿਖ ਚਲਦੇ ਹਨ ਉਹ ਦਿਨ ਰਾਤ ਨਾਮ ਲਿਵਤਾਰ ਪਰੋਤੇ ਰਹਿੰਦੇ ਹਨ । ਅਸਾਡੇ ਪਰਮ ਸਿਆਣੇ ਗਿਆਨ ਗਾਰੜੂ, ਅਕਲ ਦਿਮਾਗੀਏ ਫਿਲਾਸਫਰ ਏਤਨੇ ਗੁਰਵਾਕਾਂ ਦੇ ਹੁੰਦਿਆਂ ਗੁਰਮੰਤ੍ਰ ਦੇ ਵਜੂਦ ਤੋਂ ਕਿਵੇਂ ਮੁਨਕਰ ਹੋ ਸਕਦੇ ਹਨ ? ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ ਮਨ ਦੀ ਮਤਿ ਨੂੰ ਤਿਆਗ ਕੇ ਗੁਰੂ ਦੀ ਮਤਿ ਨੂੰ ਦ੍ਰਿੜ ਕਰਕੇ ਗ੍ਰਹਿਣ ਕਰਨ । ਗੁਰੂ ਮਤਿ ਕੇਵਲ ਗੁਰਮਤਿ ਦੁਆਰਾ ਹੀ ਉਸ ਬੇਅੰਤ ਅਕਾਲ ਪੁਰਖ ਨੂੰ ਪਾ ਸਕੀਦਾ ਹੈ ਪਰ ਤਦੇ ਹੀ ਪਾ ਸਕੀਦਾ ਹੈ, ਜੇਕਰ ਓਹ ਗੁਰੂ ਦੇ ਸ਼ਬਦ ਦੁਆਰਾ ਆਪਣੇ ਮਨ ਨੂੰ ਸਮਝਾਉਣ ਅਤੇ ਆਪਣੇ ਮਨ ਦੇ ਮਗਰ ਨਾ ਲਗਣ ਅਤੇ ਸਤਿਗੁਰੂ ਦੀ ਬਾਣੀ ਨੂੰ ਸਤਿ ਸਤਿ ਕਰਕੇ ਮੰਨਣ । ਬਸ ਕੇਵਲ ਇਸ ਬਿਧਿ ਹੀ ਆਤਮ ਅਤੇ ਪਰਮਾਤਮ ਸਰੂਪ ਦੀ ਲਖਤਾ ਹੁੰਦੀ ਹੈ । ਯਥਾ ਗੁਰਵਾਕ :


www.sikhbookclub.com

ਪ੍ਰਭੁ ਬੇਅੰਤ ਗੁਰਮਤਿ ਕੋ ਪਾਵਹਿ ॥
ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਉ
ਇਉ ਆਤਮ ਰਾਮੈ ਲੀਨਾ ਹੇ ॥

ਮਾਰੂ ਮ: ੧, ਪੰਨਾ ੧੦੨੮

ਗੁਰਮਤਿ ਮਤ ਦ੍ਰਿੜ ਕਰ ਗਹੇ ਬਾਝੋਂ ਅਤੇ ਗੁਰਬਾਣੀ ਦਾ ਆਸਰਾ ਲਏ ਬਾਝੋਂ ਅਤੇ ਗੁਰਮੰਤ੍ਰ ਗੁਰਮਤਿ ਨਾਮ ਤੋਂ ਘੁਥੇ ਹੋਣ ਦੇ ਕਾਰਨ ਸਭ ਦੁਨੀਆਂ ਲੁਕਾਈ ਭੁਲੀ ਭਟਕਦੀ ਅਤੇ ਚੋਟਾਂ ਖਾਂਦੀ ਫਿਰਦੀ ਹੈ। ਬਹੁਤੀਆਂ ਸਿਆਣਪਾਂ ਚਤੁਰਾਈਆਂ ਕਰਕੇ ਉਹਨਾਂ ਦੇ ਹਿਰਦੇ ਤੋਂ ਭਰਮ ਅੰਧੇਰਾ ਨਹੀਂ ਜਾ ਸਕਦਾ। ਪਏ ਸਿਆਣਪਾਂ ਵਿਚ ਹੀ ਪਚ ਪਚ ਮਰਦੇ ਹਨ। ਉਨ੍ਹਾਂ ਦਾ ਬਣਦਾ ਕੁਛ ਨਹੀਂ, ਯਥਾ ਗੁਰਵਾਕ :

**ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥ (ਮਾਝ ਮ: ੧, ਪੰ: ੧੪੯)**

ਤਥਾ :

ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥

ਮਾਰੂ ਮ: ੧, ਪੰਨਾ ੧੦੨੫

ਸਿਆਣਪਾਂ ਚਤੁਰਾਈਆਂ ਦੇ ਭਰਮ ਕਰ ਭੁਲੇ ਤੇ ਅਚੇਤ ਹੋਏ ਹੋਏ ਉਹ ਨਾਮ ਨੂੰ ਚੇਤਦੇ ਹੀ ਨਹੀਂ। ਤਾਂ ਹੀ ਤੇ ਅਜਗਰ ਭਾਰ ਦਾ ਲਦ ਲਦੀ ਫਿਰਦੇ ਹਨ ਅਤੇ ਇਸ ਭਾਰ ਹੇਠਾਂ ਆਏ ਹੋਏ ਪਏ ਔਖੇ ਹੁੰਦੇ ਤੇ ਬਿਲਲਾਉਂਦੇ ਹਨ।

੩੧. ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥

ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੬

ਏਸ ਗੁਰ ਪ੍ਰਮਾਣ ਦਾ ਭਾਵ ਏਹ ਹੈ ਕਿ ਗੁਰਮਤਿ ਨਾਮ ਗੁਰਮੰਤ੍ਰ ਤੋਂ ਹੀਣੇ (ਸੱਖਣੇ) ਜਿੰਨੇ ਪ੍ਰਾਣੀ ਭੀ ਏਸ ਸੰਸਾਰ ਵਿਚ ਹਨ, ਉਨ੍ਹਾਂ ਦਾ ਮਨੁੱਖਾ ਜਨਮ ਜਾਮਾ ਧ੍ਰਿਗ ਧ੍ਰਿਗ ਹੈ ਤੇ ਭ੍ਰਸਟ ਹੈ। ਉਹ ਕੂਕਰਾਂ (ਕੁੱਤਿਆਂ), ਸੂਕਰਾਂ (ਸੂਰਾਂ), ਗਧਿਆਂ, ਕਾਵਾਂ ਅਤੇ ਸੱਪਾਂ ਨਿਆਈਂ ਭ੍ਰਸਟ ਹਨ. ਗੁਰਮੰਤ੍ਰ ਹੀਣ ਨਿਗੁਰੇ ਪੁਰਸ਼ਾਂ ਉਤੇ ਏਦੂੰ ਵਧ ਕੇ ਭ੍ਰਸਟਾਚਾਰੀ ਤੇ ਧ੍ਰਿਗਾਕਾਰੀ ਹੋਣ ਦੀ ਹੋਰ ਕੀ ਫਿਟਕਾਰ ਪੈ ਸਕਦੀ ਹੈ, ਜੈਸੀ ਕਿ ਉਪਰਲੇ ਗੁਰ ਪ੍ਰਮਾਣਾਂ ਅੰਦਰ ਗੁਰੂ ਸਾਹਿਬ ਨੇ ਪਾਈ ਹੈ। ਗੁਰੂ ਸਾਹਿਬ ਗੁਰਮੰਤ੍ਰ ਹੀਣਿਆਂ ਮੀਣਿਆਂ ਨੂੰ ਕੈਸੀ ਭਿਅੰਕਰ ਫਿਟਕਾਰ ਪਾਉਂਦੇ ਹਨ। ਏਹ ਨਿਰੀ ਫਿਟਕਾਰ ਹੀ ਨਹੀਂ ਸਗੋਂ

ਏਹ ਤਾਂ ਵਾਸਤਵੀ ਹੋਣਹਾਰ ਭਿਅੰਕਰ ਦਸ਼ਾ ਹੈ। ਜੋ ਨਿਗੁਰੇ ਨਿਗੁਸਾਏ ਗੁਰਮੰਤਰੋਂ ਘੁੱਥਿਆਂ ਮੁੱਥਿਆਂ ਜੀਵਾਂ ਤੇ ਸੱਚ ਮੁੱਚ ਵਾਪਰ ਕੇ ਰਹਿਣੀ ਹੈ, ਨਾ ਸਿਰਫ ਭਵਿਖਤੀ ਜਨਮ ਜਾਮੇਂ ਵਿਚ ਹੀ ਵਾਪਰਨੀ ਹੈ ਬਲਕਿ ਏਸੇ ਜਨਮ ਵਿਚ ਨਿਗੁਰੇ ਗੁਰਮੰਤ੍ਰ ਹੀਣਸ ਪ੍ਰਾਣੀਆਂ ਦਾ ਮਾਨੁੱਖਾ ਜਨਮ ਜਾਮਾ ਉਨ੍ਹਾਂ ਦੀ ਕਰਨੀ ਕਰਤੂਤ ਕਰਕੇ ਗੁਰਮੰਤ੍ਰ ਹੀਣ ਹੋਣ ਦੇ ਕਾਰਨ ਕੁੱਤਿਆਂ, ਸੂਰਾ, ਗਧਿਆਂ, ਕਾਵਾਂ ਤੇ ਸੱਪਾਂ ਸਾਰਖਾ ਹੀ ਭਰਿਸਟ ਹੈ। ਏਸ ਤੋਂ ਅਧਿਕ ਲਾਅਨਤ ਹੋਰ ਕੇਹੜੀ ਪਾਈ ਜਾ ਸਕਦੀ ਹੈ, ਗੁਰਮੰਤ੍ਰ ਹੀਣਸ ਨਿਗੁਰੇ ਪ੍ਰਾਣੀਆਂ ਦੀ ਜੀਵਨ-ਜਾਮਨੀ ਦਸ਼ਾ ਉਤੇ। ਗੁਰਬਾਣੀ ਦੇ ਹੋਰ ਅਨੇਕਾਂ ਪ੍ਰਮਾਣ ਭੀ ਏਸ ਧ੍ਰਿਗ ਭ੍ਰਿਸ਼ਟਾਣੀ ਉਤੇ ਲਾਅਨਤਾਂ ਪਾਉਂਦੇ ਹਨ, ਜਿਨ੍ਹਾਂ ਤੋਂ ਨਿਸਚਾ ਹੁੰਦਾ ਹੈ ਕਿ ਸੱਚ ਮੁੱਚ ਗੁਰਮੰਤ੍ਰ ਹੀਣਸ ਨਿਗੁਰੇ ਪੁਰਸ਼ਾਂ ਦੀ ਦਸ਼ਾ ਉੱਪਰ ਦਸੇ ਗੁਰ ਪ੍ਰਮਾਣਾਂ ਅਨੁਸਾਰ ਕੁੱਤਿਆਂ, ਸੂਰਾਂ, ਖੋਤਿਆਂ, ਕਾਵਾਂ ਤੇ ਸੱਪਾਂ ਦੇ ਤੁਲ ਹੀ ਹੈ। ਯਥਾ ਗੁਰਵਾਕ :

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥

ਸਿਰੀ ਰਾਗੁ ਮਹਲਾ ੫, ਪੰਨਾ ੫੦

ਭਾਵ ਏਹ ਕਿ ਗੁਰਮੰਤ੍ਰ ਤੋਂ ਘੁੱਥਾ ਨਿਗੁਰਾ ਜੰਤ ਸ਼ਬਦ ਅਭਿਆਸ, ਗੁਰਮਤਿ ਨਾਮ ਅਭਿਆਸ ਕਮਾਈ ਤੋਂ ਸੁੰਞਾ ਤੇ ਸਦਾ ਸੁੰਞਾ (ਵਿਰਵਾ) ਰਹਿਣ ਕਰਕੇ ਸਚੇ ਨਾਮ ਅਹਾਰੀ, ਨਾਮ ਅਧਾਰੀ ਤੇ ਨਾਮ ਸਾਧਾਰੀ ਜੋਤਿ-ਰਸ-ਵਿਗਾਸ ਵਿਚ ਨਾ ਆਉਣ ਕਰਕੇ ਕਦੇ ਭੀ ਤ੍ਰਿਪਤਾਸਦਾ ਨਹੀਂ ਤੇ ਹਲਕੇ ਹੋਏ ਕੁੱਤੇ ਦੀ ਨਿਆਈਂ ਦਰ ਬਦਰ ਭਟਕਦਾ ਥਿੜਕਦਾ ਫਿਰਦਾ ਹੈ :

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥

ਆਸਾ ਮਹਲਾ ੯, ਪੰਨਾ ੪੧੧

ਗੁਰਵਾਕ ਸਾਫ ਸਿਧ ਕਰਦਾ ਹੈ ਕਿ ਲੋਭ ਲਹਿਰ ਵਿਚ ਗ੍ਰਸਤ ਹੋਣ ਕਰਕੇ ਕੁੱਤੇ ਨਿਆਈਂ ਦੁਆਰੇ ਦੁਆਰੇ ਡੋਲਣ ਹਾਰਾ ਪ੍ਰਾਣੀ ਤਦੇ ਹੀ ਏਸ ਭ੍ਰਸ਼ਟ ਦਸ਼ਾ ਨੂੰ ਪ੍ਰਾਪਤ ਹੁੰਦਾ ਹੈ, ਕਿਉਂਕਿ ਉਸ ਨੂੰ ਰਾਮ ਭਜਨ ਦੀ ਸੁਧ ਨਹੀਂ ਹੁੰਦੀ, ਏਹ ਸੁਧ ਹੋਵੇ ਭੀ ਕਿਕੂੰ ? ਗੁਰਮੰਤ੍ਰ ਹੀਣ ਨਿਗੁਰਾ ਜੋ ਹੋਇਆ। ਭਲਾ ਨਿਗੁਰੇ ਗੁਰਮੰਤ੍ਰ ਹੀਣਸ ਪਰਾਣੀ ਨੂੰ ਕਦੇ ਭਜਨ ਭਗਤੀ ਨਾਮ ਅਭਿਆਸ ਦੀ ਸੁਧ ਬੁਧ ਸੋਝੀ ਜੁਗਤ ਬਿਧ ਆ ਸਕਦੀ ਹੈ ? ਕਦੰਤ ਨਹੀਂ। ਗੁਰਮੰਤ੍ਰੋ ਵਰੋਸਾਏ ਹੋਏ ਸਗੁਰੇ ਗੁਰਮੁਖ ਜਨ ਹੀ ਏਹਨਾਂ ਲੋਭ ਲਹਿਰਾਂ ਤੇ ਤ੍ਰਿਸ਼ਨਾਵਾਂ ਕਾਮਨਾਵਾਂ ਤੋਂ ਅਲੇਪ ਬੇ-ਮੁਥਾਜ ਤੇ ਬੇਪ੍ਰਵਾਹ ਰਹਿ ਸਕਦੇ ਹਨ। ਵਿਸ਼ਈ

ਬਿਖਈ ਜੀਵਾਂ ਨੂੰ ਤਾਂ ਅਹਿਨਿਸ ਏਹਨਾਂ ਲੋਭ ਲਹਿਰਾਂ ਦੇ ਲਲਚੇਵੇਂ ਹਲਕੇਵੇਂ ਹੀ ਵਿਆਪੇ ਰਹਿੰਦੇ ਹਨ ਉਨ੍ਹਾਂ ਨੂੰ ਇਸ ਆਤਮ ਪਦਾਰਥ ਦੀ ਸੁਧ ਬੁਧ ਹੀ ਕੀ ਹੋ ਸਕਦੀ ਹੈ, ਜਿਸ ਕਰਕੇ ਕਿ ਮਨ ਤ੍ਰਿਪਤਾਸੀਦਾ ਅਘਾਈਦਾ ਹੈ। ਨਿਗੁਰੇ ਗੁਰਮੰਤ੍ਰ ਹੀਣ ਸਾਕਤ ਪੁਰਸ਼ਾਂ ਨਾਲੋਂ ਤਾਂ ਸੂਰ (ਖੂਕ ਮਲਹਾਰੀ) ਹੀ ਭਲੇ ਹਨ। ਯਥਾ ਗੁਰਵਾਕ :

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥
ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥੧੪੩॥

ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੭੨

ਏਥੇ ਸਾਕਤ ਨਿਗੁਰੇ ਗੁਰਮੰਤ੍ਰ ਹੀਣ ਪ੍ਰਾਣੀ ਸੂਰ ਤੁਲ ਹੀ ਨਹੀਂ ਬਲਕਿ ਸੂਰਾਂ ਤੋਂ ਭੀ ਭੈੜੇ ਜਣਾਏ ਗਏ ਹਨ। ਸਾਕਤਾਂ ਨਾਲੋਂ ਤਾਂ ਸੂਰ ਭਲੇ ਦਸੇ ਗਏ ਹਨ, ਕਿਉਂਕਿ ਉਹ ਪਿੰਡਾਂ, ਸ਼ਹਿਰਾਂ ਦੀਆਂ ਜੂਹਾਂ, ਨਿਆਈਆਂ, ਖਾਈਆਂ ਦਾ ਮੈਲਾ ਖਾਕੇ ਪਿੰਡਾਂ, ਸ਼ਹਿਰਾਂ ਦੀ ਵਸੋਂ ਨੂੰ ਬਦਬੋ, ਮੈਲ ਤੇ ਗੰਦ ਤੋਂ ਸਾਫ ਸੁਥਰਾ ਤਾਂ ਰਖਦੇ ਹਨ। ਫੇਰ ਗੁਰਮੰਤ੍ਰ ਗੁਰਮਤਿ ਨਾਮ ਸਿਮਰਨ ਤੋਂ ਹੀਣੇ ਸਾਕਤ ਪ੍ਰਾਣੀ ਨੂੰ ਗੁਰੂ ਸਾਹਿਬ ਗਧੇ ਦੀ ਤੁਲਤਾ ਇਸ ਪ੍ਰਕਾਰ ਦੇ ਕਈ ਹੋਰ ਗੁਰਵਾਕਾਂ ਅੰਦਰ ਭੀ ਦਿੰਦੇ ਹਨ :

ਬਿਨ ਸਿਮਰਨ ਗਰਧਭ ਕੀ ਨਿਆਈ ॥
ਸਾਕਤ ਥਾਨ ਭਰਿਸਟ ਫਿਰਾਹੀ ॥ ੫ ॥

ਗਉੜੀ ਮਹਲਾ ੫, ਪੰਨਾ ੨੩੯

ਸਿਮਰਨ, ਗੁਰਮੰਤ੍ਰ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਸਖਣੇ ਸਾਕਤ ਪੁਰਸ਼, ਸੱਚ ਮੁੱਚ ਗਧਿਆਂ ਦੇ ਤੁਲ ਹਨ, ਕਿਉਂਕਿ ਜੈਸੇ ਗਧੇ ਗੰਦਗੀ ਖਾਣ ਖਾਤਰ ਭਰਿਸ਼ਟ ਥਾਵਾਂ ਤੇ ਹੀ ਫਿਰਦੇ ਰਹਿੰਦੇ ਹਨ ਤਿਸੇ ਪ੍ਰਕਾਰ ਸਾਕਤ ਨਿਗੁਰੇ ਪੁਰਸ਼ ਆਪਣੀਆਂ ਕਾਮਨਾਵਾਂ ਦੇ ਅੱਟੇ ਹੋਏ ਭ੍ਰਸ਼ਟਾਚਾਰੀ ਥਾਨਾਂ ਉਤੇ ਪਏ ਖੱਜਲ ਖੁਆਰ ਹੁੰਦੇ ਫਿਰਦੇ ਹਨ। ਇਸ ਪ੍ਰਕਾਰ ਗੁਰਬਾਣੀ ਅੰਦਰ ਸਾਕਤਾਂ, ਦੁਰਜਨਾਂ, ਨਿਗੁਰੇ ਪੁਰਸ਼ਾਂ ਦੀ ਦਸ਼ਾ ਕਾਵਾਂ, ਸੱਪਾਂ, ਖਲਾਂ (ਮੂਰਖਾਂ) ਵਰਗੀ ਸਗੋਂ ਉਹਨਾਂ ਤੋਂ ਭੀ ਬੁਰੀ ਵਰਨਣ ਕੀਤੀ ਹੈ। ਯਥਾ ਗੁਰਵਾਕ :

ਚਿਰੰਕਾਲ ਪਾਈ ਦ੍ਰੁਲਭ ਦੇਹ ॥
ਨਾਮ ਬਿਹੂਣੀ ਹੋਈ ਖੇਹ ॥
ਪਸੂ ਪਰੇਤ ਮੁਗਧ ਤੇ ਬੁਰੀ ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥

ਰਾਮਕਲੀ ਮਹਲਾ ੫, ਪੰਨਾ ੮੯੦

# ੯

# ਵਾਹਿਗੁਰੂ ਗੁਰਮੰਤ੍ਰ ਦਾ ਸਿਮਰਨ

ਵਿਸਮਾਦ ਰੂਪ ਅਕਾਲ ਪੁਰਖ ਦੀ ਸਿਫਤ ਸਾਲਾਹ ਭੀ ਵਿਸਮਾਦ ਰੂਪ ਹੈ। ਨਾਮ, ਗੁਰਮਤਿ ਨਾਮ ਹੀ ਸੱਚੀ ਤੱਤ ਸਿਫਤ ਸਾਲਾਹ ਹੈ। ਨਾਮ ਰੂਪੀ ਸਿਫਤ ਸਾਲਾਹ, ਵਿਸਮਾਦ ਰੰਗਾਂ ਵਾਲੀ ਧੰਨਯਤਾ ਹੈ, ਵਿਸਮਾਦੀ ਅਕਾਲ ਪੁਰਖ (ਨਾਮੀ) ਵਾਹਿਗੁਰੂ ਦੀ ਖਿਨ ਸ਼ੁਕਰ ਗੁਜ਼ਾਰੀ, ਕ੍ਰਿਸ਼ਮਿਕ ਸ਼ੁਕਰ ਗੁਜ਼ਾਰੀ ਹੈ, ਜੋ ਨਾਮ ਨਾਮੀ ਅਭੇਦ ਵਿਸਮਾਦ ਰੰਗਾਂ ਵਿਚ ਹੀ ਗੁਰੂ ਗੁਣਤਾਸ ਵਲੋਂ ਉਚਾਰੀ, ਸੰਵਾਰੀ ਤੇ ਸੰਚਾਰੀ ਗਈ; ਜੋ ਇਸ ਦੇ (ਸਿਫਤ ਸਾਲਾਹ ਰੂਪੀ ਧੰਨਯਤਾ ਦੇ) ਉਚਾਰਨ ਹਾਰੇ ਨੂੰ ਓੜਕ ਪਾਰਸ ਰਸਾਇਣੀ ਕਲਾ ਵਰਤਾਇ ਕੇ ਵਿਸਮਾਦ ਰੰਗਾਂ ਵਿਚ ਹੀ ਜਾ ਲੀਨ ਕਰਾਉਣ ਨੂੰ ਸਮਰੱਥ ਹੈ। ਨਾਮ ਦੇ ਉਚਾਰਨ ਹਾਰਾ ਸੁਆਸ ਸੁਆਸ ਗੁਰ ਸ਼ਬਦ ਅਭਿਆਸ ਦੁਆਰਾ ਧੰਨ ਧੰਨ, ਵਾਹੁ ਵਾਹੁ ਦੀ ਟੇਰ ਰਟ ਲਗਾ ਕੇ ਵਾਸਤਵ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਖਿਨ ਖਿਨ ਸ਼ੁਕਰ ਗੁਜ਼ਾਰੀ ਕਰਦਾ ਹੈ।

ਏਹ ਸ਼ੁਕਰ ਗੁਜ਼ਾਰੀ ਤੇ ਕ੍ਰਿਤਗਯਤਾ ਕਾਹਦੀ ਹੈ ? ਜਿਸ ਕਰਕੇ ਕੇਵਲ ਪ੍ਰਸ਼ਾਦਾ ਛਕਣ, ਬਿਸਤਰੇ ਪਰ ਲੇਟਣ ਸਮੇਂ ਯਾ ਸੋਹਣੇ ਬਸਤਰ ਮਿਲਣ ਵੇਲੇ ਜਾ ਆਪਣੇ ਸੋਹਣੇ ਰਿਹਾਇਸ਼ੀ ਮੰਦਰ ਤੱਕਣ ਸਮੇਂ ਹੀ ਏਹਨਾਂ ਵਸਤੂਆਂ ਦੇ ਭੋਗਣ ਹਾਰੇ ਦੇ ਮਨ ਵਿਚ ਇਸ ਪ੍ਰਕਾਰ ਦਾ ਕੇਵਲ ਛਿੰਨ ਭੰਗਰੀ ਖਿਆਲ ਹੀ ਖਿਆਲ ਉਪਜੇ ਕਿ 'ਹੇ ਦਾਤਾਰ ਵਾਹਿਗੁਰੂ ਤੂੰ ਧੰਨ ਹੈਂ।' ਧੰਨਤਾ, ਕ੍ਰਿਤੱਗਤਾ ਦੇ ਛਿਨ ਭੰਗਰੀ ਖਿਆਲ ਮਾਤ੍ਰ ਆਉਣ ਨੂੰ ਤਾਂ ਜੈਸਾ ਕਿ ਇਕ ਸਜਣ ਦਸਦੇ ਹਨ ਕਈ ਫਲਸਫੀਏ ਪਰੋਫੈਸਰ ਐਨ ਗੁਰਮਤਿ ਨਾਮ ਸਿਮਰਨ ਸਮਝਦੇ ਹਨ ਪਰੰਤੂ ਗੁਰਮਤਿ ਨਾਮ ਰੂਪੀ ਧੰਨਯਤਾ ਦੀ ਸਮੁਚੀ ਰਟ ਅਤੇ ਖਿਨ ਖਿਨ ਟੇਰ ਪੁਕਾਰ ਅਰਥਾਤ ਨਾਮ ਅਭਿਆਸ ਰੂਪੀ ਜਪ ਜਾਪ ਉਹਨਾਂ ਦੇ ਨਿਕਟ ਐਵੇਂ ਉਨ੍ਹਾਂ ਦੇ ਆਪਣੇ ਲਫ਼ਜ਼ਾਂ ਵਿਚ 'ਕਿਸੇ ਇਕ ਨਾਮ ਦੀ ਮਕੈਨੀਕਲ ਰੇਪੀਟੀਸ਼ਨ ਹੀ ਹੈ' (ਅਰਥਾਤ ਇਕ ਨਾਮ ਨੂੰ ਐਵੇਂ ਮੁੜ ਮੁੜ ਦੁਹਰਾਈ ਕਹੀ ਜਾਣਾ ਹੀ ਹੈ)। ਗੁਰਮਤਿ ਨਾਮ ਰੂਪੀ ਸਿਫਤ ਸਾਲਾਹਿ ਮਈ ਸ਼ੁਕਰਾਨਾ ਮਹਿਜ਼ ਮਹਿਦੂਦ ਅਪਸੁਆਰਥੀ ਖਿਆਲਾਂ ਵਾਲਾ ਛਿੰਨ ਭੰਗਰੀ ਮਨੋਰਥ ਪੂਰਤੀ ਤੋਂ ਉਪਜਿਆ

 www.sikhbookclub.com

ਫਸਾਨਾ ਹੀ ਨਹੀਂ ਬਲਕਿ "ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ"* ਦੀ ਅਵਸਥਾ ਵਾਲਾ ਵਸੀਅ-ਆਤਮ ਤਰੰਗੀ ਤਰਾਨਾ ਹੈ। ਯਥਾ ਗੁਰਵਾਕ :

ਵਾਹੁ ਵਾਹੁ ਤਿਸਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥
ਵਾਹੁ ਵਾਹੁ ਤਿਸਨੋ ਆਖੀਐ ਜਿ ਗੁਣ ਦਾਤਾ ਮਤਿ ਧੀਰੁ ॥
ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥
ਵਾਹੁ ਵਾਹੁ ਤਿਸਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੫

"ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ" ਵਾਲੀ ਪੰਗਤੀ ਸਾਫ ਇਕੋ ਗੁਰਮਤਿ ਨਾਮ ਦਾ ਅਰਾਧਣਾ ਸਹੀ ਕਰਦੀ ਹੈ ਤੇ ਸਹੀ ਰਖਦੀ ਹੈ। ਹਰ ਇਕ ਨਾਮ ਯਾ ਜਣੇ ਖਣੇ ਅਥਵਾ ਗੁਰਮਤਿ ਨਾਮ ਤੋਂ ਬਿਨਾਂ ਹੋਰ ਕਿਸੇ ਨਾਮ ਦੇ ਜਪਣ ਦਾ ਵਿਧਾਨ ਗੁਰਮਤਿ ਅੰਦਰ ਉੱਕਾ ਹੀ ਨਹੀਂ। ਫੇਰ ਇਸ ਤੋਂ ਅਗਲੇਰੇ ਸਲੋਕ ਦੀਆਂ ਤੁਕਾਂ ਦਸਦੀਆਂ ਹਨ ਕਿ ਗੁਰਮਤਿ ਨਾਮ ਕੇਵਲ ਖਾਸ ਖਾਸ ਸਮਿਆਂ ਤੇ ਉਪੰਨੇ ਖਿਆਲਾਂ ਦੀਆਂ ਸ਼ੁਕਰ ਗੁਜ਼ਾਰੀਆਂ ਦਾ ਛਿਨ ਭੰਗਰੀ ਅਨੁਮਾਨ ਹੀ ਨਹੀਂ, ਸਗੋਂ ਸਦੀਵੀ ਸਾਸ ਗਰਾਸੀ ਜਾਪ ਅਭਿਆਸ ਦਾ ਤੱਤ ਗਿਆਨ ਹੈ। ਯਥਾ ਗੁਰਵਾਕ :

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥
ਓਨ੍ਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵਲਾਇ ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੫

ਏਹ ਗੁਰਵਾਕ ਗੁਰਮਤਿ ਦੁਆਰਾ ਕੇਵਲ ਅਲਪ ਕਲਪੀ ਸ਼ੁਕਰਾਨਾ ਹੀ ਨਹੀਂ ਦ੍ਰਿੜ੍ਹਾਉਂਦੇ ਸਗੋਂ ਸਦੀਵ ਕਾਲੀ ਛਿਨ ਛਿਨ ਸੁਆਸ ਸੁਆਸ ਸੰਮਾਲੀ ਅੰਮ੍ਰਿਤ ਤ੍ਰਿਪਤਾਨਾ ਹੀ ਬੁਝਾਉਂਦੇ ਹਨ। ਅਰਥਾਤ ਨਾਮ ਅਭਿਆਸ ਜਾਪ ਕੇਵਲ ਸਰੀਰਕ ਜ਼ਰੂਰੀਆਤ ਪੂਰਤੀ ਸ਼ੁਕਰਾਨੇ ਵਜੋਂ ਹੀ ਨਹੀਂ ਕੀਤਾ ਜਾਂਦਾ, ਗੁਰਮੁਖਾਂ ਦਾ ਛਿਨ ਛਿਨ ਨਾਮ ਜਪਣਾ ਸੁਆਸ ਸੁਆਸ ਅੰਮ੍ਰਿਤ ਗਟਾਕਾਂ ਦਾ ਭੁੰਚਣਾ ਹੈ। ਮਨਮੁਖ ਲੋਕ ਆਪਣੀ ਮਨੋਰਥ ਪੂਰਤੀ ਹਿਤ ਕੁਝ ਮਿੰਟਾਂ ਸਕਿੰਟਾਂ

* ਸੂਹੀ ਮ: ੫, ਪੰਨਾ ੭੭੮

ਲਈ ਹੀ ਨਾਮ ਜਪਦੇ ਹਨ, ਫੇਰ ਸੁੰਨੇ ਦੇ ਸੁੰਨੇ, ਨਾਮੋ ਸੱਖਣੇ ਹੋ ਕੇ ਆਪਣੇ ਖਿਆਲਾਂ ਤੇ ਸੰਸਾਰਕ ਚਿਤਵਣੀਆਂ ਦੁਆਰਾ ਬਿਵਹਾਰਕ ਖਬਤ ਖਿਚੋਤਾਣੀਆਂ, ਖਚਤਾਈਆਂ ਦੁਆਰਾ ਬਿਖ ਹੀ ਵਿਹਾਝਦੇ ਰਹਿੰਦੇ ਹਨ। ਬਿਖ ਸੰਚਦੇ ਹਨ ਤੇ ਬਿਖ ਦੇ ਗਟਾਕ ਹੀ ਖਾਂਦੇ ਪੀਂਦੇ ਹਨ, ਇਸ ਬਿਧ ਸਾਰੀ ਅਉਧ ਬਿਖ ਖਾ ਖਾ ਕੇ ਹੀ ਮਰਦੇ ਰਹਿੰਦੇ ਹਨ। ਗੁਰਮੁਖਿ ਸੁਚਿਆਰ ਸਿਖ ਵਾਹੁ ਵਾਹੁ ਰੂਪੀ ਸਿਫਤ ਸਾਲਾਹ ਦੀ ਲਿਵਤਾਰ ਜੋੜ ਕੇ ਦਮ-ਬਦੰਮ ਅੰਮ੍ਰਿਤ ਛਾਂਦੇ ਹੀ ਭੁੰਚਦੇ ਰਹਿੰਦੇ ਹਨ। ਤਾਂ ਤੇ ਨਾਮ ਜਪਣਾ ਕੇਵਲ ਖਿਆਲੀ ਸ਼ੁਕਰ ਗੁਜ਼ਾਰੀ ਮਾਤ੍ਰ ਹੀ ਨਹੀਂ। ਨਾਮ ਜਪਣ ਦੇ ਅਰਥ ਨਿਰੀ ਫਸਲ-ਬਟੇਰੀ ਸ਼ੁਕਰ ਗੁਜ਼ਾਰੀ ਕਰਨ ਦੇ ਹੀ ਨਹੀਂ ਸਗੋਂ ਸੁਆਸ ਸੁਆਸ ਅੰਮ੍ਰਿਤ ਪੀਣ ਦੇ ਅਤੇ ਛਿਨ ਛਿਨ ਆਤਮ ਜੀਵਣ ਜੀਣ ਦੇ ਹਨ। ਏਹ ਉਨ੍ਹਾਂ ਲੋਕਾਂ ਦੀ ਕੈਸੀ ਗਲੰਤ ਖਿਆਲੀ ਹੈ ਜੋ ਨਾਮ ਜਪਣ ਨੂੰ ਮਕੈਨੀਕਲ ਰੈਪੀਟੀਸ਼ਨ ਦਸ ਕੇ ਨਿੰਦਦੇ ਹਨ।

ਦੇਖੋ ਅਗਲੇਰਾ ਗੁਰਵਾਕ, ਨਾਮ ਦੀ ਬਰਕਤ ਨਾਲ ਕੀ ਕੀ ਗੁੰਝਲਾਂ ਖੁਲ੍ਹਦੀਆਂ ਹਨ :

> ਮਨ ਮੇਰੇ ਨਾਮਿ ਰਹਉ ਲਿਵਲਾਈ ॥
> ਅਦਿਸਟੁ ਅਗੋਚਰੁ ਅਪਰੰਪਰੁ ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥
> ਮਲਾਰ ਮ: ੩, ਪੰਨਾ ੧੨੬੦

> ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥
> ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
> ਕਾਨੜਾ ਅਸਟਪਦੀਆਂ ਮ: ੪, ਪੰਨਾ ੧੩੦੮

ਦੇਖਿਆ, ਨਾਮ ਦੀ ਮਕੈਨੀਕਲ ਰੈਪੀਟੀਸ਼ਨ ਦਾ ਸੁਆਦ! ਪਰ ਗੁਰ ਪ੍ਰਮਾਣਾਂ ਦੀ ਸੱਟ ਕਉਣ ਸਹੇ। ਕਉਣ ਗੁਰਵਾਕਾਂ ਦੀ ਸਚਾਈ ਨੂੰ ਪਰਖੇ ਤੋਲੇ। ਬਸ! "ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈ ਫੂਕ"* ਗੁਰ ਸ਼ਬਦ ਦੀ ਕਮਾਈ ਬਿਨਾਂ ਪਏ ਭੁਲੇ ਭਟਕਾਂ ਖਾਂਦੇ ਹਨ ਤੇ ਕਈ ਭਰਮ ਭਰਮ ਕੇ ਰਾਧਾ ਸੁਆਮੀਆਂ ਦੇ ਦਰਾਂ ਉਤੇ ਰੁਲਦੇ ਫਿਰਦੇ ਹਨ। ਤਿਨ੍ਹਾਂ ਘੁੱਗੂ ਮਟਵਾਸੀ ਮੀਣਿਆਂ ਤੋਂ ਅਨਹਦ ਸ਼ਬਦ ਦੀਆਂ ਪ੍ਰਾਪਤੀਆਂ ਚਾਹੁੰਦੇ ਹਨ, ਪਰ ਉਹਨਾਂ ਬਪੁੜੇ ਨਿਭਾਗਿਆਂ ਨੂੰ ਇਹ ਪਤਾ ਨਹੀਂ ਕਿ ਏਹ ਅਨਹਦ ਧੁੰਨੀਆਂ ਵਾਲੇ ਬਾਜੇ ਤਾਂ ਗੁਰਮਤਿ ਕਮਾਈ ਕੀਤਿਆਂ ਹੀ ਬਜਣੇ ਹਨ। ਖਬਰ ਨਹੀਂ! ਏਨ੍ਹਾਂ ਲੋਕਾਂ ਨੂੰ ਕੀ ਹੋ ਗਿਆ ਹੈ ਕਿ ਸਿਖ ਸਦਾ ਕੇ ਤੇ ਚੰਗੇ ਭਲੇ ਪੜ੍ਹੇ ਗੁਣੇ ਹੋ ਕੇ ਨਿਰੇ ਫੋਕੀਆਂ ਫਲਾਸਫੀਆਂ ਛਾਂਟਣ ਜੋਗੇ ਹੀ ਰਹਿ ਗਏ ਹਨ ਤੇ ਗੁਰਮਤਿ

* ਸਲੋਕ ਭਗਤ ਕਬੀਰ ਜੀਉ, ਪੰਨਾ ੧੩੭੨

ਦੇ ਗੂੜ੍ਹ ਸਿਧਾਂਤਾਂ ਤੋਂ ਅਜਾਈਂ ਸੱਖਣੇ ਹੀ ਫਿਰਦੇ ਹਨ। ਸਾਰੀ ਉਮਰ ਲੈਕਚਰ ਦਿੰਦਿਆਂ ਵਿਹਾ ਗਈ, ਅਨੇਕ ਗੁਰਮਤਿ ਪ੍ਰਚਾਰ ਦੀਆਂ ਪੁਸਤਕਾਂ ਭੀ ਭਾਂਤ ਭਾਂਤ ਦੀਆਂ ਬੋਲੀਆਂ ਵਿਚ ਲਿਖ ਲਿਖ ਕੇ ਹੰਢੇ ਪਰ ਤੱਤ ਗੂੜ੍ਹ ਗੁਰਮਤਿ ਤੋਂ ਕੋ ਦੇ ਕੋਰੇ ਹੀ ਰਹੇ। ਨਾਮ ਦੀ ਮਹਿਮਾ ਤੋਂ ਉੱਕੇ ਅਜਾਣ ਤੇ ਅਗਯਾਤ ਹੀ ਰਹੇ।

ਖਿਨ ਖਿਨ ਨਾਮ ਦੀ ਸਿਫਤ ਸਾਲਾਹਿ ਨਾਮੀ ਅਕਾਲ ਪੁਰਖ ਵਾਹਿਗੁਰੂ ਦੀ ਖਿਨ ਖਿਨ ਸ਼ੁਕਰ ਗੁਜ਼ਾਰੀ ਤੇ ਖਿਨ ਖਿਨ ਹਾਜ਼ਰਾ ਹਜ਼ੂਰੀ ਹੈ। ਨਾਮ ਦੇ ਮਕੈਨੀਕਲ ਰਟਨ ਰੈਪੀਟੀਸ਼ਨ ਦੁਆਰਾ ਹੀ ਰਟਨ ਕਰਦਿਆਂ ਕਰਦਿਆਂ ਨਾਮ ਦੀ ਪਾਰਸ ਕਲਾ ਰਸਾਇਣੀ ਰਗੜ ਦੁਆਰਾ ਚੰਭੁਕ ਪ੍ਰਕਾਸ਼ ਪਰਜੁਲਤ ਹੁੰਦਾ ਹੈ, ਪਰ ਖੁਸ਼ਕ ਫਲਾਸਫਰ ਏਹ ਰਟਨ ਰੈਪੀਟੀਸ਼ਨ ਕਰਕੇ ਦੇਖਣ ਤਾਂ ਸਹੀ, ਫੇਰ ਪਤਾ ਲਗਸੀ ਕਿ ਏਸ ਨਿਰੀ ਮਕੈਨੀਕਲ ਰੈਪੀਟੀਸ਼ਨ ਦੀ ਕੀ ਕਰਾਮਾਤ ਹੈ ! ਪਰ ਪਹਿਲਾਂ ਸਤਿਗੁਰ ਦੇ ਏਸ ਨਾਮ ਜਾਪ ਉਤੇ ਗੁਰਸਿਖਾਂ ਸ਼ਰਧਾਲੂਆਂ ਵਾਲੀ ਸ਼ਰਧਾ ਲਿਆਉਣ ਤੇ ਨਾਮ ਦੇ ਪਾਤਰ ਬਣਨ। ਫੇਰ ਗੁਰੂਦੁਆਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਵਰੋਸਾਇ ਕੇ ਖਾਲਸਾ ਸਜਣ ਤੇ ਉਹਨਾਂ ਤੋਂ ਹੀ ਅੰਮ੍ਰਿਤ ਸੰਚਾਰ ਸਮੇਂ ਅਰਥਾਤ ਖੰਡੇ ਦਾ ਅੰਮ੍ਰਿਤ ਛਕ ਕੇ ਨਾਮ ਗੁਰਮਤਿ ਨਾਮ ਦੀ ਪ੍ਰਾਪਤੀ ਕਰਨ, ਫੇਰ ਇਸ ਤਰ੍ਹਾਂ ਪ੍ਰਾਪਤ ਕੀਤੇ ਨਾਮ ਦੀ ਅਤੁਟ ਕਮਾਈ ਕਰਨ। ਇਸ ਤਰ੍ਹਾਂ ਦੀ ਮਕੈਨੀਕਲ ਰੈਪੀਟੇਸ਼ਨ ਕਮਾਈ ਦਾ ਫੇਰ ਸਿੱਟਾ ਵੇਖਣ ਕਿ ਕੀ ਰੰਗ ਖਿੜਦੇ ਹਨ। ਐਵੇਂ ਗੱਲਾਂ ਨਾਲ ਗਿਆਨ ਘੋਟੇ ਤੇ ਕੀ ਬਣਦਾ ਹੈ ? ਗੁਰੂ ਸਾਹਿਬ ਫੁਰਮਾਉਂਦੇ ਹਨ :

ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥
ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥

ਸਿਰੀ ਰਾਗੁ ਮ: ੩, ਪੰਨਾ ੩੮

ਸ਼ੁਕਰ ਗੁਜ਼ਾਰੀ ਕਰਨੀ ਕੇਹੜੀ ਸੁਖਾਲੀ ਹੈ। ਏਹ ਸ਼ੁਕਰ ਗੁਜ਼ਾਰੀ ਤੱਤ ਸ਼ੁਕਰ ਗੁਜ਼ਾਰੀ ਗੁਰੂ ਦੁਆਰਿਓਂ ਗੁਰਮਤਿ ਦੁਆਰਾ ਹੀ ਸਿਖਾਈ ਜਾਂਦੀ ਹੈ। ਦੇਖੋ ਉਪਰਲੇ ਗੁਰਵਾਕ ਅੰਦਰ "ਗੁਰਮਤੀ ਨਾਮੁ ਸਲਾਹੀਐ" ਦੀ ਫੋਰਸ (force) ਨੂੰ। ਇਕੋ ਗੁਰਮਤਿ ਨਾਮ ਦਾ ਸਲਾਹੁਣਾ ਹੀ ਫਲਦਾਇਕ ਹੈ। ਏਹ ਨਹੀਂ ਕਿ ਭਾਵੇਂ ਕੋਈ ਨਾਮ ਹੀ ਸਲਾਹਿਆ ਜਾਵੇ। ਬਸ ! "ਦੂਜਾ ਅਵਰੁ ਨ ਕੋਇ" ਕੇਵਲ ਇਸ ਨਾਮ ਰੂਪੀ ਸਿਫਤ ਸਾਲਾਹ, ਅਨਿੰਨ ਸ਼ਰਧਾ ਤੇ ਅਨਿੰਨ ਕਮਾਈ ਦੁਆਰਾ ਹੀ ਨਾਮ ਦੇ ਰੰਗਾਂ ਵਿਚ ਰਤੇ ਜਾ ਸਕੀਦਾ ਹੈ ਤੇ ਨਾਮ ਦੀ ਰਗੜ ਦੁਆਰਾ ਪਰਜੁਲਤ ਹੋਏ ਆਤਮ ਪ੍ਰਕਾਸ਼ ਦੁਆਰਾ ਅਰਥਾਤ ਨਾਮ ਵਿਚ ਇਸ ਬਿਧ

ਰਤਿਆਂ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ । ਜਿਹਾ ਕਿ ਗੁਰਵਾਕ ਹੈ :

"ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥"

ਉਸ ਬੇਅੰਤ ਪ੍ਰਭੂ ਨੂੰ ਪੂਰੇ ਸ਼ਬਦ ਦੁਆਰਾ ਹੀ ਸਾਲਾਹਿਆ ਜਾ ਸਕਦਾ ਹੈ । ਐਵੇਂ ਫੋਕੀ ਸਾਲਾਹ ਬਣਦੀ ਹੀ ਨਹੀਂ । ਯਥਾ ਗੁਰਵਾਕ :

ਪੂਰੇ ਸਬਦ ਸਾਲਾਹੀਐ ਜਿਸੁ ਦਾ ਅੰਤੁ ਨ ਪਾਰਾਵਾਰ ॥

ਸਿਰੀ ਰਾਗੁ ਮ: ੩, ਪੰਨਾ ੬੮

ਏਹ ਪੂਰਾ ਸ਼ਬਦ ਪੂਰੇ ਸਤਿਗੁਰੂ ਦਾ ਦਰਸਾਇਆ ਦ੍ਰਿੜ੍ਹਾਇਆ ਹੋਇਆ ਕੇਵਲ ਗੁਰਮਤਿ ਨਾਮ ਅਥਵਾ ਸਤਿਨਾਮ ਗੁਰਮੰਤ੍ਰ 'ਵਾਹਿਗੁਰੂ' ਹੀ ਹੈ । ਸਹਸ ਸਿਆਣਪੀ ਪ੍ਰੋਫੈਸਰ ਜਨ ਗੁਰਮਤਿ ਨਾਮ ਜਾਪ ਰੂਪੀ ਸਿਫਤ ਸਾਲਾਹ ਨੂੰ ਤਾਂ ਮਕੈਨੀਕਲ ਰੈਪੀਟੇਸ਼ਨ ਆਖ ਕੇ ਨਿੰਦਦੇ ਹਨ, ਪਰ ਦੂਜੇ ਪਾਸੇ ਇਉਂ ਆਖਦੇ ਹਨ :

'ਜਦ ਸਿਖ ਪ੍ਰਸ਼ਾਦ ਛਕਣ ਲਗੇ ਤਾਂ ਉਸ ਨੂੰ ਖਿਆਲ ਆਵੇਗਾ ਕਿ ਧੰਨ ਹੈ ਅਕਾਲ ਪੁਰਖ, ਤਾਂ ਉਸ ਦੇ ਮੂੰਹੋਂ ਵਾਹਿਗੁਰੂ ਸ਼ਬਦ ਕ੍ਰਿਤੱਗਤਾ ਵਜੋਂ ਆ-ਮੁਹਾਰਾ ਨਿਕਲੇਗਾ ਕਿ ਉਸ ਨੂੰ ਰੋਟੀ ਮਿਲੀ ਹੈ ।' ਕੈਸੀ ਥੋਥੀ ਦਲੀਲ ਹੈ । ਭਲਾ ਜੇ ਪ੍ਰਸ਼ਾਦਾ ਛਕਣ ਹਾਰੇ ਨੂੰ ਛਕਣ ਲਗਿਆਂ ਅਕਾਲ ਪੁਰਖ ਦੀ ਧੰਨਤਾ ਦਾ ਖਿਆਲ ਨਾ ਆਵੇ ਯਾ ਕ੍ਰਿਤੱਗਤਾ ਹੀ ਨਾ ਉਪਜੇ, ਫੇਰ ਤਾਂ ਉਸ ਦੇ ਮੂੰਹੋਂ ਆਮੁਹਾਰਾ ਵਾਹਿਗੁਰੂ ਨਿਕਲਣੋਂ ਰਹਿ ਹੀ ਗਿਆ । ਭਲਾ ਜੇ ਮੂੰਹੋਂ ਵਾਹਿਗੁਰੂ ਨਿਕਲ ਹੀ ਜਾਵੇ ਤਾਂ ਕੀ ਇਕ ਵਾਰ ਮੂੰਹੋਂ ਨਿਕਲਿਆ ਵਾਹਿਗੁਰੂ ਗੁਰਮਤਿ ਨਾਮ ਜਾਪ ਹੋ ਗਿਆ ? ਜੇ ਇਕ ਵਾਰ ਮੂੰਹੋਂ ਵਾਹਿਗੁਰੂ ਨਿਕਲਣ ਨਾਲ ਯਾ ਰੋਟੀ ਦੇ ਖਾਣ ਯਾ ਮਿਲਣ ਨਾਲ ਹੀ ਆਮੁਹਾਰਾ ਨਾਮ ਜਾਪ ਛਿੜ ਪਵੇ ਤਦ ਤਾਂ ਜਣਾ ਕਣਾ ਹੀ ਹਰ ਕੋਈ ਮਤੀ ਅਨੁ-ਮਤੀ ਨਾਮ ਜਪੀਆ ਯਾ ਨਾਮ ਰਸੀਆ ਹੋ ਸਕਦਾ ਹੈ । ਫੇਰ ਤਾਂ ਰੋਟੀ ਖਾ ਕੇ ਭਾਵੇਂ ਕੋਈ ਨਾਮ ਹੀ ਮੂੰਹੋਂ ਨਿਕਲੇ, ਓਹੀ ਨਾਮ ਜਾਪ ਹੋ ਸਕਦਾ ਹੈ ਕਿਉਂਕਿ ਪਰੋਫੈਸਰ ਸਾਹਿਬ ਕਿਸੇ ਖਾਸ ਇਕ ਲਫਜ਼ ਨੂੰ ਨਾਮ ਨਹੀਂ ਮੰਨਦੇ । ਫੇਰ ਤਾਂ ਐਵੇਂ ਸਿਖਾਂ ਨੂੰ ਪਰਚਾਉਣ ਰੀਝਾਉਣ ਲਈ ਕਿਸੇ ਖਾਸ ਨਾਮ ਦਾ ਮੂੰਹੋਂ ਨਿਕਲਣਾ ਕਿਉਂ ਭਾਖ ਦਿੰਦੇ ਹਨ ? ਪਰੋਫੈਸਰ ਸਾਹਿਬ ਨਾਮ ਦੀ ਮਕੈਨੀਕਲ ਰੈਪੀਟੀਸ਼ਨ ਨੂੰ ਤਾਂ ਨਹੀਂ ਮੰਨਦੇ ਪਰ ਆਟੋਮੈਟਿਕ ਇਨਵੋਕੇਸ਼ਨ (ਆਮੁਹਾਰੀ ਜਾਚਨਾ, ਪ੍ਰਾਰਥਨਾ-ਧੰਨਤਾ) ਨੂੰ ਮੰਨ ਲੈਂਦੇ ਹਨ । ਏਹ ਕੇਵਲ ਮਨ ਉਕਤੀ ਦਲੀਲ ਹੈ ਪਰ ਗੁਰਮਤਿ ਪਰੋੜ੍ਹਨੀ ਪਰਮਾਣ ਏਸ ਪ੍ਰਥਾਇ ਕੋਈ ਨਹੀਂ । ਰੋਟੀ ਖਾਣੀ ਕੋਈ ਮਕੈਨੀਕਲ ਮਸ਼ੀਨ ਹੀ ਖਾਣ ਹਾਰੇ ਦੇ ਅੰਦਰ ਲਗੀ ਹੋਊ ਜੇਹੜੀ ਆ ਮੁਹਾਰਾ (ਆਟੋਮੈਟਿਕ) ਛੇੜ ਨਾਮ ਜਾਪ ਦਾ ਛੇੜ ਦੇਊ । ਭਲਾ ਜੇ ਇਸ ਤਰ੍ਹਾਂ ਇਕ ਵਾਰ ਆ-ਮੁਹਾਰਾ ਨਾਮ

ਕਿਸੇ ਨੇ ਆਖ ਭੀ ਦਿਤਾ ਤਾਂ ਇਸ ਆਖੇ ਤੇ ਕੀ ਬਣੂ ? ਕੀ ਏਹ ਗੁਰਵਾਕ ਏਸ ਪ੍ਰਥਾਇ ਨਹੀਂ ਘਟੇਗਾ ? ਜ਼ਰੂਰ ਇਨ ਬਿੰਨ ਘਟੇਗਾ ।

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥

ਗੂਜਰੀ ਮ: ੩, ਪੰਨਾ ੪੯੧

ਇਸ ਬਿਧ ਆਪੋਂ ਆ-ਮੁਹਾਰਾ ਨਾਮ ਕਹਿਆ ਪ੍ਰਵਾਣ ਨਹੀਂ ਹੁੰਦਾ । ਆਪ ਹੁਦਰਾ ਨਾਮ ਤਾਂ ਐਵੇਂ ਓਪਰੇ ਬਰੜਾਟ ਦੁਆਰਾ, ਸਭ ਕੋਈ ਭਾਵੇਂ ਕਿੰਨਾ ਬਰੜਾਉਂਦਾ ਫਿਰੇ, ਕਿਸੇ ਲੇਖੇ ਨਹੀਂ । ਹਾਂ--

"ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥"* ਵਾਲਾ ਗੁਰ-ਵਾਕ ਨਿਰਣਾ ਕਰਦਾ ਹੈ ਕਿ ਗੁਰ ਪ੍ਰਸਾਦਿ ਰੂਪ ਨਾਮ ਅਰਥਾਤ ਗੁਰਮਤਿ ਦੁਆਰਾ ਦ੍ਰਿੜ੍ਹ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ, ਆਪ ਹੁਦਰਾ ਨਾਮ ਕਿਸੇ ਦਾ ਕੁਛ ਨਹੀਂ ਸਵਾਰ ਸਕਦਾ । ਗੁਰੂ ਦਾ ਸਿਖ (ਸਿੰਘ ਖਾਲਸਾ ਬੀਰ) ਸਜ ਕੇ ਗੁਰੂ ਦੁਆਰਿਓਂ ਗੁਰਸਿਖ ਨੂੰ ਗੁਰਮਤਿ ਬਿਧੀ ਅਨੁਸਾਰ ਪ੍ਰਾਪਤ ਹੋਏ ਨਾਮ ਦਾ ਜਾਪ ਮਕੈਨੀਕਲ ਰੈਪੀਟੀਸ਼ਨ ਵਾਲਾ ਨਾਮ ਜਾਪ ਕਦੇ ਨਹੀਂ ਕਹਾ ਸਕਦਾ । ਨਾਮ ਜਾਪ ਦਾ ਆਟੋਮੈਟਿਕ (ਆ-ਮੁਹਾਰਾ) ਤੋਰਾ ਤਦੇ ਹੀ ਤੁਰ ਸਕਦਾ ਹੈ ਜੇਕਰ ਪੂਰਨ ਗੁਰਮਤਿ ਜੁਗਤਿ ਬਿਧੀ ਅਨੁਸਾਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਨਾਮ ਦ੍ਰਿੜ੍ਹ ਹੋ ਚੁਕਾ ਹੋਵੇ । ਐਵੇਂ ਰੋਟੀ ਖਾਣ ਦੀ ਯਾਦ ਮਾਤ੍ਰੀ ਸ਼ੁਕਰ ਗੁਜ਼ਾਰੀ ਏਹ ਆਟੋਮੈਟਿਕ ਆਮੁਹਾਰਾ ਨਾਮ ਜਾਪ ਦਾ ਭੋਰਾ ਜਿੰਨਾ ਤੋਰਾ ਭੀ ਨਹੀਂ ਤੋਰ ਸਕਦੀ, ਬਸ ! "ਗੁਰ ਪਰਸਾਦੀ ਰਾਮੁ ਮਨਿ ਵਸੈ" ਵਾਕ ਅਨੁਸਾਰ ਗੁਰੂ ਦੁਆਰਿਓਂ ਪ੍ਰਸਾਦਿ ਵਜੋਂ ਪ੍ਰਾਪਤ ਹੋਇਆ ਨਾਮ ਹੀ ਮਨ ਵਿਚ ਵਸ ਸਕਦਾ, ਅਰਥਾਤ ਦ੍ਰਿੜ੍ਹ ਹੋ ਸਕਦਾ ਹੈ, ਫੋਕੀ ਸ਼ੁਕਰ ਗੁਜ਼ਾਰੀ ਦੇ ਅਜ਼ਹਾਰ ਦੁਆਰਾ ਨਹੀਂ । ਹਾਂ ! ਗੁਰੂ ਕੇ ਸਚਿਆਰ ਸਿਖ ਪ੍ਰਸ਼ਾਦ ਛਕਣ ਲਗਿਆਂ ਭੀ ਦਿਲੀ ਸ਼ੁਕਰ ਗੁਜ਼ਾਰੀ ਦਾ ਅਜ਼ਹਾਰ ਸਾਸ ਗਿਰਾਸ ਨਾਮ ਜਪਦੇ ਹੋਏ ਕਰਦੇ ਹਨ, ਪਰ ਇਕ ਵਾਰ ਮੂਹੋਂ ਆਖਣ ਨਾਲ ਹੀ ਬਸ ਨਹੀਂ । ਜੇਕਰ ਆਮੁਹਾਰਾ ਨਾਮ ਮੂੰਹੋਂ ਨਿਕਲੇ ਤਾਂ ਇਕ ਵਾਰ ਹੀ ਕਿਉਂ ਨਿਕਲੇ ? ਨਿਕਲਦਾ ਹੀ ਰਹੇ, ਇਕ ਵਾਰ ਨਿਕਲ ਕੇ ਬੰਦ ਕਿਉਂ ਹੋ ਜਾਵੇ ? ਆਮੁਹਾਰਤਾ ਕੀ, ਤੇ ਅਟਕ ਅਟਕਾਰ ਕੀ ? ਲਗਾਤਾਰਤਾ ਵਿਚ ਹੀ ਆਮੁਹਾਰਤਾ ਦਾ ਪੱਕਾ ਸਾਥ ਹੈ, ਐਵੇਂ ਨਹੀਂ ਤੇ ਗਲੀਂ ਬਾਤੀਂ ਨਹੀਂ । ਮਨ ਦੀਆਂ ਮਤਾਂ ਦੇ ਹਮਾਕਤੀ ਆਪਣੇ ਮਨ ਮੰਨੇ ਢਕੋਂਸਲੇ ਘੜ ਘੜ ਕੇ ਰਾਜ਼ੀ ਹਨ । ਗੁਰਮਤਿ ਨੂੰ ਕਬੂਲ ਕਰਨ ਵਿਚ ਉਹਨਾਂ ਦੀ ਸਿਆਣਪ ਵਿਚ

* ਗੂਜਰੀ ਮ: ੩, ਪੰਨਾ ੪੯੧

ਫ਼ਰਕ ਆਉਂਦਾ ਹੈ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਜੇਹੇ ਹੀ ਧਾਰਮਿਕ ਸਲਾਹਕਾਰਾਂ ਦੇ ਮਸ਼ਵਰੇ ਨਾਲ ਰਹਿਤ ਮਰਯਾਦਾ ਦੇ ਨਵੇਂ ਰਚੇ ਖਰੜੇ ਵਿਚੋਂ ਗੁਰਮਤਿ ਨਾਮ ਗੁਰਮੰਤ੍ਰ ਨੂੰ ਉੱਕਾ ਹੀ ਉੜਾ ਦਿਤਾ ਹੈ ਜਿਸ ਬਿਹੂਣ ਅੰਮ੍ਰਿਤ ਮਰਯਾਦਾ ਤੱਤ ਆਤਮ ਜੀਵਨ ਕਣੀ ਤੋਂ ਵੰਚਤ ਕੀਤੀ ਗਈ ਹੈ । ਕੇਵਲ ਨਿਰੀ ਮਰਯਾਦਾ ਹੀ ਰਹਿਣ ਦਿਤੀ ਗਈ ਹੈ । ਪੰਚ ਖਾਲਸਾ ਦੀਵਾਨ ਵਾਲਿਆਂ ਤਾਂ ਰਹਿਤ ਪ੍ਰਕਾਸ਼ ਨਾਮੇ (ਭਾਂਤੋ ਭਾਂਤ ਐਡੀਸ਼ਨਾਂ) ਦੇ ਖਰੜੇ ਅੰਦਰ ਗੁਰਮੰਤ੍ਰ ਗੁਰਮਤਿ ਨਾਮ ਨੂੰ ਤਰੋੜ ਮਰੋੜ ਕੇ ਰੱਦੋ ਬਦਲ ਕੀਤਾ ਸੀ, ਸ਼੍ਰੋਮਣੀ ਕਮੇਟੀ ਵਾਲੇ ਰਹਿਤ ਮਰਯਾਦਾ ਦੇ ਖਰੜੇ ਦੇ ਲਿਖਾਰੀ ਨੇ ਏਸ ਵਿਚੋਂ ਗੁਰਮੰਤ੍ਰ ਗੁਰਮਤਿ ਨਾਮ ਨੂੰ ਉੱਕਾ ਹੀ ਉੜਾ ਦਿਤਾ । ਕੋਈ ਕੀ ਸਮਝੇਗਾ ਕਿ ਸਿੱਖਾਂ ਦਾ ਪੰਥ ਖਾਲਸੇ ਦਾ ਗੁਰਮੰਤ੍ਰ (ਨਾਮ) ਕੇਹੜਾ ਹੈ ? ਕੈਸੀ ਅਧੋਗਤੀ ਵਾਲੀ ਵਾਰਤਾ ਹੈ, ਏਹ ਖਰੜਾ ਸਮੂਹ ਸਿਖ ਪੰਥ ਮਕਬੂਲ ਖਰੜਾ ਕਦੇ ਨਹੀਂ ਰਹੇਗਾ । ਰਹਿਤ ਪ੍ਰਕਾਸ਼ ਵਾਲਾ ਹਸ਼ਰ ਹੀ ਇਸ ਦਾ ਹੋਵੇਗਾ ।


www.sikhbookclub.com

## ੧੦

# ਉਧਾਰ ਨਿਸਤਾਰੇ ਦਾ ਸਾਧਨ

## (ਗੁਰਬਾਣੀ ਤੇ ਨਾਮ ਦਾ ਤੱਤ-ਜੋਤ-ਰਹੱਸ ਓਤਪੋਤ ਹੈ)

ਗੁਰਬਾਣੀ ਦੇ ਕੀਰਤਨ ਤੇ ਪੜ੍ਹਨ ਸੁਣਨ ਦੀ ਪਾਰਸ ਰਸਾਇਣੀ ਅਖੰਡਾਕਾਰ ਸਪਰਸ ਦੁਆਰਾ ਗੁਰਬਾਣੀ ਸੇਵਨਹਾਰੇ ਜਗਯਾਸੂਆਂ ਦੀਆਂ ਬਿਰਤੀਆਂ ਸੁਰਤੀਆਂ ਸੈਕਲ ਹੋਕੇ ਆਤਮ ਜਾਗ੍ਰਤਾ ਵਿਚ ਜਾਗ ਉਠਦੀਆਂ ਹਨ। ਏਸ ਜਾਗ ਲਗਣ ਦਾ ਸਫਲ ਫਲ ਸਿੱਟਾ ਏਹ ਹੁੰਦਾ ਹੈ ਕਿ ਮੱਧਮ ਵੇਗ ਵਿਚ ਚਲ ਰਹੇ ਨਾਮ ਅਭਿਆਸ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲਗ ਪੈਂਦਾ ਹੈ, ਜੋ ਨਾਮ ਅਭਿਆਸੀ ਨੂੰ ਨਾਮ ਲਿਵਤਾਰ ਅਤੇ ਰਸ ਜੋਤ ਪ੍ਰਕਾਸ਼ ਦੇ ਝਲਕਾਰ ਦੀ ਸੁਗਮਤਾ ਲਈ ਅਵੱਸ਼ ਸਹਾਈ ਹੁੰਦਾ ਹੈ। ਅੱਲ੍ਹੜ ਜਗਿਆਸੂ ਨੂੰ ਨਾਮ ਦੀਆਂ ਤਰਬਾਂ, ਤਰੰਗਾਂ, ਤਾਰਾਂ ਬਜਾਉਣ ਹਿਤ ਅਤੇ ਨਾਮ ਅਭਿਆਸ ਨੂੰ ਗਹਿ ਕਰਕੇ ਦ੍ਰਿੜ੍ਹਾਉਣ ਹਿਤ ਗੁਰਬਾਣੀ ਦਾ ਸਰਵਣ ਪਠਣ, ਕੀਰਤਨੀ ਸੇਵਨ ਸਰਬਦਾ ਸੁਖਦਾਈ ਹੁੰਦਾ ਹੈ। ਅਨ-ਪੜ੍ਹ ਨਾਮ ਅਭਿਆਸੀ ਜਗਯਾਸੂ ਨੂੰ ਗੁਰਬਾਣੀ ਦੇ ਪਾਠ ਕੀਰਤਨ ਦਾ ਸਰਵਣ ਸੇਵਨ ਹੀ ਅਤਸੈ ਕਰ ਕੇ ਸਹਾਈ ਹੁੰਦਾ ਹੈ। ਗੁਰਬਾਣੀ ਦੀ ਸਹਾਇਤਾ ਬਿਨਾਂ ਨਾਮ ਦੀ ਸਿਮਰਨ ਸਪਿਰਿਟ ਵਿਚ ਨਿਤ ਨਵਤਨੀ ਚੜ੍ਹਦੀ ਕਲਾ ਨਹੀਂ ਵਰਤਦੀ ਜੋ ਕਿ ਗੁਰਬਾਣੀ ਸੇਵਨ ਸਰਵਣ ਕਰਨਹਾਰੇ ਨਾਮ ਅਭਿਆਸੀ ਦੀ ਦਸ਼ਾ ਵਿਚ ਪ੍ਰਕਰਦੀ ਹੈ। ਗੁਰਬਾਣੀ ਦੀ ਪਾਰਸ ਕਲਾ ਦੀ ਸਹਾਇਤਾ ਬਿਨਾਂ ਨਿਰੇ ਨਾਮ ਦੇ ਅਭਿਆਸੀ ਅਕਸਰ ਖੜਦੀ ਕਲਾ ਵਿਚ ਹੀ ਖੜੋਤੇ ਰਹਿ ਜਾਂਦੇ ਹਨ। ਉਨ੍ਹਾਂ ਦੀ ਚੜ੍ਹਦੀ ਕਲਾ ਦੇ ਰੰਗਾ ਦਾ ਨਿਤ ਨਵਾਂ ਖੇੜਾ ਖਿੜਦਾ ਹੀ ਨਹੀਂ, ਜੈਸਾ ਕਿ ਬਹੁਤ ਸਾਰੀ ਨਾਮਧਾਰੀਆਂ ਦੀ ਦਸ਼ਾ ਹੋ ਰਹੀ ਹੈ। ਉਹ ਗੁਰਬਾਣੀ ਨੂੰ ਉੱਕਾ ਹੀ ਛਡ ਗਏ ਤੇ ਜਿਥੇ ਸੀ ਓਥੇ ਹੀ ਰਹਿ ਗਏ। "ਗੁਰਮੁਖਿ ਬਾਣੀ ਨਾਦੁ ਵਜਾਵੈ"* ਵਾਲੀ ਪਾਰਸ ਕਲਾ ਵਰਤਣੋਂ ਰਹਿ ਖੜੋਤੀ, ਕਿਉਂਕਿ ਪਰਮ ਪਾਰਸ ਰੂਪੀ ਬਾਣੀ ਦਾ ਸਪਰਸ ਜੋ ਰਹਿ ਖੜੋਤਾ। ਉਨ੍ਹਾਂ ਨੂੰ ਗੁੜ੍ਹਤੀ ਹੀ ਹੋਰੂੰ ਮਿਲੀ। ਇਤ ਬਿਧ ਕਈ ਕਾਰਣ

---

* ਮਾਰੂ ਮ: ੩, ਪੰਨਾ ੧੦੫੮

ਬਣ ਗਏ, ਉਨ੍ਹਾਂ ਦੇ ਖੜਦੀ ਕਲਾ ਵਿਚ ਖੜੋਤੇ ਰਹਿ ਜਾਣ ਦੇ, ਪਰੰਤੂ ਮੁਖ ਕਾਰਨ ਏਹੋ ਹੋਇਆ ਕਿ ਉਨ੍ਹਾਂ ਨੇ ਕੇਵਲ ਨਾਮ ਨੂੰ ਹੀ ਤੱਤ ਜਾਣਿਆ ਪਰ ਜਿਸ ਬਾਣੀ ਨੇ ਨਾਮ ਨੂੰ ਤੱਤ ਜਣਾਇਆ ਸੀ, ਉਸ ਤੱਤ ਸਮੁੰਦਰੀ ਬਾਣੀ ਨੂੰ ਬਲੋਵਨਾ ਛੱਡ ਦਿੱਤਾ ਤਾਂ ਮਾਖਨ ਕੈਸੇ ਰੀਸੈ ? ਉਨ੍ਹਾਂ ਦੀ ਕੁਸਮਝ ਏਹ ਹੋਈ ਕਿ ਉਹ ਸਮਝ ਬੈਠੇ ਕਿ ਬਾਣੀ ਵਿਚੋਂ ਤੱਤ ਤਾਂ ਵਿਰੋਲ ਲਿਆ ਹੁਣ ਬਾਣੀ ਦੀ ਕੀ ਲੋੜ ਹੈ ? ਪਰ ਉਹ ਏਸ ਗਲੋਂ ਅਗਿਆਤ ਰਹਿ ਗਏ ਕਿ ਗੁਰਬਾਣੀ ਦਾ ਨਿਤ ਪ੍ਰਤਿ ਅਭਿਆਸ ਬਿਲੋਵਣ ਦਰਕਾਰ ਹੈ। ਜਿਉਂ ਜਿਉਂ ਗੁਰਬਾਣੀ ਰੂਪ ਸਮੁੰਦ੍ਰ ਵਿਰੋਲਿਆ ਬਿਲੋਇਆ ਜਾਏਗਾ, ਤਿਉਂ ਤਿਉਂ ਹੋਰ ਤੋਂ ਹੋਰ ਮਿਠਾਸ ਭਰੇ ਨਾਮ ਰਸਕ ਰਸਾਕੀ ਘ੍ਰਿਤ ਗਟਾਕ ਭੁੰਚਣ ਦਾ ਅਹਿਲਾਦ ਪਰਾਪਤ ਹੋਣਾ ਹੈ। ਕਿਉਂਕਿ ਏਸ ਅਮਰ ਪਦਾਰਥੀ ਦੁੱਧ (ਸਮੁੰਦਰ) ਨੇ ਤਾਂ (ਗਊ ਮਹਿ ਦੇ ਦੁੱਧ ਨਿਆਂਈ) ਕਦੇ ਫੋਕਟ ਨਹੀਂ ਰਹਿ ਜਾਣਾ, ਭਾਵੇਂ ਲੱਖਾਂ ਬਿਲੋਵਣਹਾਰੇ ਨਾਮ ਤੱਤ ਰੂਪੀ ਮਖਣ ਦੇ ਗਟਾਕ ਏਸ ਵਿਚੋਂ ਕਢ ਕਢ ਕੇ ਭੁੰਚ ਭੁੰਚ ਕੇ ਅਘਾਈ ਜਾਣ। ਤਾਂਤੇ ਬਾਣੀ ਸਫਲ ਸਦਾ ਸੁਖਦਾਈ ਹੈ ਤੇ ਹਰ ਦਮ ਨਾਮ ਅਭਿਆਸ ਹਿਤ ਸਹਾਈ ਹੈ, ਗੁਰਬਾਣੀ ਤੇ ਨਾਮ ਦਾ ਤੱਤ-ਜੋਤਿ-ਰਹਸ, ਓਤਪੋਤ ਇਕੋ ਹੋਣ ਕਰਕੇ ਸੇਵਨਹਾਰੇ ਦੇ ਸਾਧਨ ਵਖੋ ਵਖਰੇ ਨਹੀਂ ਕਹਾ ਸਕਦੇ॥ ਨਿਸਤਾਰਾ ਜਾਕੇ ਨਾਮ ਦੀ ਲੀਨਤਾ ਵਿਚ ਹੀ ਹੋਣਾ ਹੈ। ਗੁਰਬਾਣੀ ਦੀਆਂ ਪੋਥੀਆਂ ਲਿਖਣ ਹਾਰਿਆਂ ਦੀ ਤਤ ਕਲਿਆਨ ਭੀ ਏਸ ਕਰਕੇ ਹੁੰਦੀ ਹੈ ਕਿ ਗੁਰਬਾਣੀ ਲਿਖਦੇ ਲਿਖਦੇ ਤੱਤ ਪਾਰਸ ਅਮੀ-ਰਸਾਇਣੀ ਕਲਾ ਲਿਖਾਰੀਆਂ ਦੀ ਸੁਰਤੀ ਬਿਰਤੀ ਨਾਲ ਰਗੜ ਖਾਕੇ ਵਰਤ ਜਾਂਦੀ ਹੈ। ਜਿਨ੍ਹਾਂ ਨੂੰ ਨਾਮ ਦੀ ਸੂਝ ਬੂਝ ਭੀ ਨਹੀਂ ਹੁੰਦੀ, ਉਨ੍ਹਾਂ ਨੂੰ ਨਾਮ ਉਤੇ ਸ਼ਰਧਾ ਲਿਆਣ ਦਿੰਦੀ ਹੈ ਤੇ ਨਾਮ ਦੇ ਪੂਰਨ ਪਾਤਰ ਬਣਾਕੇ ਭਾਂਡੇ ਭਰਪੂਰ ਕਰਨ ਕਰਾਉਣ ਦੇ ਅਵਸਰ ਬਣਾ ਦਿੰਦੀ ਹੈ। ਜਿਨ੍ਹਾਂ ਨੂੰ ਨਾਮ ਪਹਿਲਾਂ ਹੀ ਪਰਾਪਤ ਹੈ, ਤਿਨ੍ਹਾਂ ਲਿਖਾਰੀਆਂ ਨੂੰ ਗੁਰਬਾਣੀ ਲਿਖਣ ਦੀ ਅਖੰਡ ਸੇਵਾ ਅਖੰਡਾ ਕਾਰ ਨਾਮ ਦਾ ਖੰਡਾ ਖੜਕਾਉਣ ਦਾ ਨਛਾਵਰਾ ਬਖਸ਼ਦੀ ਹੈ, ਪਰੰਤੂ ਨਿਸਤਾਰਾ ਓਦੋਂ ਹੀ ਹੁੰਦਾ ਹੈ ਜਦੋਂ "ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ"* ਵਾਲੇ ਹੁਕਮ ਦੀ ਤਾਮੀਲ ਵਾਲਾ ਪੂਰਨ ਵਰਤਾਰਾ ਵਰਤਦਾ ਹੈ। ਬਾਰੰਬਾਰ ਗੁਰਬਾਣੀ ਦਾ ਸੇਵਨ ਹੁੰਦਾ ਹੈ। ਗੁਰਬਾਣੀ ਦਾ ਲਿਖਣ, ਪੜ੍ਹਨ, ਸੁਣਨ ਰੂਪੀ ਸੇਵਨ ਬਾਰੰਬਾਰ ਹੁੰਦਾ ਹੈ, ਤਾਂ ਜਾਕੇ ਸੇਵਨ ਹਾਰੇ ਦੀ ਸੁਰਤੀ ਬਿਰਤੀ ਨੂੰ ਪਿਰਮ ਪੈਰਮ ਵਾਲੀ ਚੋਟ ਲਗਦੀ ਹੈ ਤੇ ਪ੍ਰਤੱਖ ਹੁੰਦਾ ਹੈ ਕਿ ਗੁਰਬਾਣੀ ਤਾਂ ਏਹੋ ਕਹਿੰਦੀ (ਹੁਕਮ

---

* ਨਟ ਮ: ੪, ਪੰਨਾ ੯੮੨

ਦਿੰਦੀ) ਹੈ ਕਿ ਨਾਮ ਜਪਹੁ, ਨਾਮ ਜਪਹੁ । ਇਸ ਬਿਧ ਗੁਰਬਾਣੀ ਦੁਆਰਾ ਨਾਮ ਦਿਨੋ ਦਿਨ ਦੂਣ ਸਵਾਇਆ ਦ੍ਰਿੜ ਹੋਕੇ ਤੇ ਹੁੰਦਾ ਜਾਂਦਾ ਰਹਿ ਕੇ ਪ੍ਰਤੱਖ ਨਿਸਤਾਰਾ ਹੁੰਦਾ ਹੈ । ਗੁਰਬਾਣੀ, ਅੰਮ੍ਰਿਤ ਬਾਣੀ, ਗੁਰੂ ਰੂਪ ਹੋਣ ਦੇ ਕਾਰਨ ਅੰਮ੍ਰਿਤ ਨਾਮ ਦੀ ਦਾਤੀ ਹੈ । ਦਾਤਾਰ ਗੁਰੂ ਰੂਪ ਬਾਣੀ ਤੋਂ ਬੇ-ਮੁਖ ਹੋ ਕੇ ਕਦੇ ਭੀ ਅੰਮ੍ਰਿਤ ਨਾਮ ਦੇ ਗੂੜ੍ਹ ਰੰਗ ਵਿਚ ਤੱਤਪਰ ਨਹੀਂ ਰਹਿ ਸਕੀਦਾ । ਤਾਂ ਤੇ ਨਿਸਤਾਰੇ ਦਾ ਸਾਧਨ ਇਕ ਹੀ ਹੈ, ਅਨੇਕ ਨਹੀਂ । ਸਾਡੀ ਸਮਝ ਵਿਚ ਹੀ ਫਰਕ ਹੈ । ਜਿਨ੍ਹਾਂ ਅਭਾਗੇ ਜਗਿਆਸੂਆਂ ਨੂੰ ਗੁਰਬਾਣੀ ਦਾ ਸੇਵਨ ਕਰਦਿਆਂ ਨਾਮ ਰੂਪੀ ਤੱਤ ਪਦਾਰਥ ਨਹੀਂ ਲਭਾ, ਉਹਨਾਂ ਦੀ ਤੱਤ ਕਲਿਆਣ ਇਸ ਜਨਮ ਵਿਖੇ ਨਹੀਂ ਹੋਵੇਗੀ, ਕੋਈ ਕਸਰ-ਕਾਂਪ ਜੇ ਰਹਿ ਗਈ ਹੈ ਤਾਂ ਗੁਰਬਾਣੀ ਦੀ ਸੇਵਾ ਦੂਜੇ ਜਨਮ ਵਿਚ ਜਾ ਸ਼ਗੂਫਾ ਬਿਸ਼ਗੁਫਤ ਕਰਾਏਗੀ । ਕਮਾਈ ਨਿਰੋਲ ਗੁਰਬਾਣੀ ਦੀ ਭੀ ਆਲ੍ਹੀ (ਖਾਲੀ) ਨਹੀਂ ਜਾਣੀ । ਜਿਨ੍ਹਾਂ ਨੂੰ ਗੁਰਬਾਣੀ ਦਾ ਸੇਵਨ ਕਰਦਿਆਂ ਏਹ ਗਲ ਕਦੇ ਨਹੀਂ ਫੁਰਦੀ ਕਿ ਨਾਮ ਪਦਾਰਥ ਗੁਰਬਾਣੀ ਤੋਂ ਵਿਲੱਖਣ ਹੈ, ਤਾਂ ਉਹਨਾਂ ਦੇ ਗੁਰਬਾਣੀ ਸੇਵਨ ਵਿਚ ਫਰਕ ਹੈ; ਕਮਾਈ ਵਿਚ ਊਣਤਾਈ ਹੈ; ਮਨ ਬਚ ਕਰਮ ਕਰ ਕੇ ਗੁਰਬਾਣੀ ਦੇ ਸੇਵਨ ਵਿਚ ਅਜੇ ਉਹ ਤਦਰੂਪ ਨਹੀਂ ਹੋਏ ਅਥਵਾ ਗੁਰਮਤਿ ਗਿਆਨ ਕਲਾ ਦੇ ਅਜੇ ਉਹ ਅਧਿਕਾਰੀ ਹੀ ਨਹੀਂ ਬਣੇ । ਅਥਵਾ ਉਹਨਾਂ ਨੂੰ ਪੂਰਨ ਗੁਰਮਤਿ ਬਿਧੀ ਅਨੁਸਾਰ ਅੰਮ੍ਰਿਤ ਪਾਨ ਕਰਨ ਦਾ ਅਵਸਰ ਹੀ ਪ੍ਰਾਪਤ ਨਹੀਂ ਹੋਇਆ । ਅਥਵਾ ਐਉਂ ਕਹੋ ਕਿ ਉਨ੍ਹਾਂ ਦੇ ਪੂਰਬਲੇ ਕਰਮ ਦਾ ਅਜੇ ਅੰਕੂਰ ਹੀ ਨਹੀਂ ਜਾਗਿਆ, ਜੇ ਹੁਣ ਨਹੀਂ ਜਾਗਿਆ ਤਾਂ ਫੇਰ ਜਾਗੇਗਾ । ਕਸਰਾਂ ਕਢ ਕੇ ਜਾਗੇਗਾ । ਏਸ ਨਹੀਂ, ਅਗਲੇ ਜਨਮ ਵਿਚ ਜਾਗੇਗਾ ਪਰ ਜਾਗੇਗਾ ਸਹੀ ਜ਼ਰੂਰ, ਆਲ੍ਹਾ ਕਦੇ ਨਹੀਂ ਜਾਣਾ । ਕਮਾਈ ਦੀ ਅਧੂਰੀ ਰਹਿ ਗਈ ਖੇਡ ਅੰਕੂਰ ਉਗਵਨ ਸਾਰ ਅਗੇ ਪਿਛੇ ਜ਼ਰੂਰ ਪੂਰੀ ਹੋ ਜਾਏਗੀ, ਏਹ ਬਾਤ ਨਿਸਚੇ ਕਰਕੇ ਜਾਣੋ ਜੀ ।


www.sikhbookclub.com

੧੧

# ਪ੍ਰਮਾਰਥ ਤੇ ਸੁਆਰਥ ਸਿੱਧੀ ਲਈ ਨਾਮ ਬਾਣੀ ਦਾ ਸੇਵਨ

ਜੋ ਮਨੁੱਖ ਆਪਣੀ ਮਨੋਰਥ ਪੂਰਤੀ ਲਈ ਨਾਮ ਜਪਦੇ ਯਾ ਗੁਰਬਾਣੀ ਦਾ ਸੇਵਨ ਕਰਦੇ ਹਨ, ਚਾਹੇ ਪਹਿਲਾਂ ਉਹ ਸੁਆਰਥ ਸਿਧੀ ਲਈ ਹੀ ਏਸ ਲਗਨ ਵਿਚ ਲਗਦੇ ਹਨ, ਪ੍ਰੰਤੂ ਸੁਆਰਥ ਸਿਧੀ ਦੀ ਲਗਨ ਦੇ ਪ੍ਰਬਲ ਹੋਣ ਕਰ ਉਹ ਨਿਜ ਮਨੋਰਥ ਪੂਰਤੀ ਲਈ ਨਾਮ ਬਾਣੀ ਦੇ ਰਟਨ ਵਿਚ ਲਟਾ-ਪੀਂਘ ਹੋ ਜਾਂਦੇ ਹਨ। ਨਾਮ ਗੁਰਬਾਣੀ ਦੇ ਪਾਰਸ ਰੂਪ ਹੋਣ ਕਰਕੇ, ਏਸ ਅੰਮ੍ਰਿਤ ਪਦਾਰਥ ਦੇ ਸਪਰਸ ਨਾਲ ਪਾਰਸ ਕਲਾ ਵਰਤ ਜਾਂਦੀ ਹੈ, ਜਿਸ ਕਰ ਕੇ ਨਾਮ ਬਾਣੀ ਦਾ ਰਸ ਆਉਣ ਲਗ ਜਾਂਦਾ ਹੈ ਤਾਂ ਸੇਵਨ ਹਾਰੇ ਦੀ ਸੁਰਤੀ ਬਿਰਤੀ ਪ੍ਰਵਿਰਤੀ ਵਲੋਂ ਉਚਾਟ ਹੋ ਕੇ ਪ੍ਰਮਾਰਥੀ ਲਗਨ ਵਿਚ ਜਾ ਪ੍ਰਵੇਸ਼ ਕਰਦੀ ਹੈ। ਫੇਰ ਗੁਰਬਾਣੀ ਤੇ ਨਾਮ ਦਾ ਅਭਿਆਸ ਕੇਵਲ ਰਸ ਵਿਗਾਸ ਦੇ ਪ੍ਰਾਇਣ ਹੋ ਕੇ ਹੀ ਕਰੀਦਾ ਹੈ। ਇਸ ਬਿਧ ਗੁਰਬਾਣੀ ਨਾਮ ਦੀ ਅੰਮ੍ਰਿਤ ਪਾਰਸ ਰਸਾਇਣੀ ਕਲਾ ਦਾ ਨਿਤਾ ਪ੍ਰਤੀ ਤੇ ਖਿਨ ਖਿਨੀ ਸਪਰਸ (ਭਾਵੇਂ ਪਹਿਲਾਂ ਸੁਆਰਥ ਸਿਧੀ ਲਈ ਅਰੰਭ ਹੋਇਆ ਸੀ) ਓੜਕ ਪ੍ਰਮਾਰਥੀ ਰੰਗਾਂ ਵਾਲੇ ਤੱਤ ਆਦਰਸ਼ ਅਰੂੜ੍ਹ ਕਰਾ ਦਿੰਦਾ ਹੈ।

ਗੁਰਬਾਣੀ ਦਾ ਲਗਾਤਾਰ ਸੇਵਨ, ਸੇਵਨ ਹਾਰੇ ਦੀ ਬੁਧੀ ਨੂੰ, ਪ੍ਰਮਾਰਥ ਸਿਧੀ ਦੇ ਪਰਮ ਮਨੋਰਥ ਹਿਤ ਸਾਵਧਾਨ ਕਰ ਦਿੰਦਾ ਹੈ। ਕਿਉਂਕਿ ਵਾਸਤਵ-ਵਿਚ ਸਮਗਰ ਗੁਰਬਾਣੀ ਦੀ ਤੱਤ ਆਦਰਸ਼ੀ ਦੀਖਿਆ ਤਾਂ ਹੈ ਹੀ ਪ੍ਰਮਾਰਥ ਸਿਧੀ ਹਿਤ। ਪ੍ਰਮਾਰਥ ਸਿਧੀ ਹਿਤ ਨਾਮ ਬਾਣੀ ਦਾ ਕੀਤਾ ਹੋਇਆ ਸੇਵਨ ਸੁਤੇ ਸਿਧ ਹੀ ਸਗਲ ਮਨੋਰਥ ਸਿਧੀ ਕਰਾਈ ਜਾਂਦਾ ਹੈ। ਨਾਮ ਰਸਕ ਵੈਰਾਗੀ ਹੋਣ ਦੀ ਅਵਸਥਾ ਤਾਈਂ ਰਿਧੀ ਸਿਧੀ ਦੇ ਵਹਿਣ ਵਿਚ ਰੁੜ੍ਹੇ ਰਹਿਣ ਦਾ ਤੌਖਲਾ ਤਾਂ ਜ਼ਰੂਰ ਹੈ, ਪਰ ਪ੍ਰਮਾਰਥ ਦੇ ਪ੍ਰਬਲ-ਪ੍ਰੇਮ ਪ੍ਰਾਇਣੀ ਪਾਂਧੀਆਂ ਨੂੰ ਰਿਧੀ ਸਿਧੀ ਸੱਚ ਮੁੱਚ ਸਭ ਮੋਹ ਹੀ ਪ੍ਰਤੀਤ ਹੋਣ ਲਗ ਪੈਂਦੀ ਹੈ। ਗੁਰਬਾਣੀ ਸੇਵਨ ਦੀ ਦੀਰਘ ਗਾਖੜੀ ਗੂੜ੍ਹ ਮਤਿ ਗਾਖਣੀ ਸੇਵਾ ਰਿਧ ਸਿਧ ਆਦਿਕ ਨੂੰ ਮੋਹ ਰੂਪ ਦਰਸਾ ਕੇ ਗੁਰਮਤਿ ਭੈ ਭਾਵਨੀ ਅੰਦਰ ਲੈ ਆਉਂਦੀ ਹੈ ਜਿਸ ਕਰ ਕੇ ਗੁਰਮਤਿ ਪ੍ਰਮਾਰਥ ਦੇ ਪਾਂਧੀ ਰਿਧੀਆਂ ਸਿਧੀਆਂ ਦਾ ਗੁਮੇਹ ਹੀ ਨਹੀਂ

ਕਰਦੇ । ਉਪਰੋਂ ਨਾਮ ਗੁਰਬਾਣੀ ਦੀ ਸੁਤੇ ਸਿਧ ਕਮਾਈ ਦਾ ਅੰਮ੍ਰਿਤ ਰਸਾਇਣੀ ਪਰਮ ਅਨੰਦ ਰਸ ਉਗਵ ਆਉਂਦਾ ਹੈ ਜਿਸ ਕਰਕੇ ਉਹ ਉੱਕਾ ਹੀ ਮੋਹ ਮਮਤਾਈ ਰਿਧ ਸਿਧ ਨੂੰ ਪਿੱਠ ਦੇ ਬੈਠਦੇ ਹਨ । ਉਹਨਾਂ ਨੂੰ ਰਿਧੀਆਂ ਸਿਧੀਆਂ ਦਾ ਸੁਤੇ ਸਿਧ ਆਉਣਾ ਦਰਸਾਉਣਾ ਭੀ ਪੋਂਹਦਾ ਨਹੀਂ । "ਅਪਨੇ ਲੋਭ ਕਉ ਕੀਨੋ ਮੀਤੁ"* ਸਾਰਖੇ ਗੁਰਵਾਕਾਂ ਦੀ ਗੁਰਮਤਿ ਅਸੂਲੀ ਸਚਾਈ ਵਿਚ ਕੋਈ ਸੰਦੇਹ ਨਹੀਂ । ਤਲਖ ਤਜਰਬੇ ਅੰਦਰ ਆਏ ਉਲਟੇ ਉਦਾਹਰਨ (ਮਿਸਾਲਾਂ) ਜੋ ਟਾਵੇਂ ਟਾਵੇਂ ਯਾ ਬਹੁਲਤਾ ਵਿਚ ਪੇਖੇ ਪਰਖੇ ਜਾਂਦੇ ਹਨ, ਉਹਨਾਂ ਦਾ ਕਾਰਨ ਕੇਵਲ ਇਹੋ ਹੀ ਹੈ ਕਿ ਵਾਸਤਵ ਵਿਚ ਉਹ ਪਾਰਸ ਨੂੰ ਪਰਸਦੇ ਹੀ ਨਹੀਂ, ਨਾ ਹੀ ਅਤੁਟ ਕਮਾਈ ਕਰਦੇ ਹਨ । ਲੋਕਾਂ ਦੇ ਰੀਝਾਵਨ ਹਿਤ ਕੇਵਲ ਲੋਕਾਂ ਦੇ ਸਾਹਮਣੇ ਹੀ ਦਿਖਾਵੇ ਮਾਤਰ ਛਿਨ ਭੰਗਰੀ ਡਿੰਭ ਡੰਫ ਪਸਾਰਾ ਹੀ ਕਰਦੇ ਹਨ, ਕਮਾਈ ਕੌਡੀ ਨਹੀਂ ਕਰਦੇ, ਦਿਖਾਵੇ ਮਾਤਰ ਪਪ ਪਪ ਕਰਦੇ ਹਨ । ਅਜੇਹੇ ਲੋਕਾਂ ਪਰ ਹੀ "ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ"** ਵਾਲੇ ਗੁਰਵਾਕ ਦੀ ਵਿਆਖਿਆ ਵਾਲਾ ਭਾਵ ਪੂਰਾ ਘਟਦਾ ਹੈ । ਉਹਨਾਂ ਦਾ ਹਾਲ ਐਨ ਓਹੋ ਜਿਹਾ ਹੈ ਜੈਸਾ ਕਿ ਗੁਰਮਤਿ ਜੁਗਤਿ ਬਿਹੂਣ ਨਿਗੁਰੇ ਸਾਕਤਾਂ ਦਾ ਆਪਣੇ ਹੁਦਰੋਂ ਨਾਮ ਦੀ ਰਟ ਲਗਾਵਣ ਵਾਲਿਆਂ ਦਾ, ਜਿਨ੍ਹਾਂ ਸਬੰਧੀ ਨਿਰਣਾ ਅਗੇ ਹੋ ਚੁਕਾ ਹੈ । ਉਹ ਵਾਸਤਵ ਵਿਚ ਗੁਰਮਤਿ ਨਾਮ ਨਹੀਂ ਜਪਦੇ, ਨਾ ਹੀ ਉਨ੍ਹਾਂ ਨੂੰ ਗੁਰਦੁਆਰਿਓਂ ਨਾਮ ਪੂਰਨ ਗੁਰਮਤਿ ਬਿਧੀ ਅਨੁਸਾਰ ਪ੍ਰਾਪਤ ਹੋਇਆ ਹੁੰਦਾ ਹੈ । ਉਹ ਆਪਣੇ ਹੁਦਰੋਂ ਪਏ ਪਪ ਪਪ ਕਰੀ ਜਾਣ, ਬੁਲ੍ਹ ਹਲਾਈ ਜਾਣ ਤੇ ਹਲਾ ਹਲਾ ਕੇ ਲੋਕਾਂ ਨੂੰ ਦਿਖਾਈ ਜਾਣ, ਉਨ੍ਹਾਂ ਦਾ ਏਸ ਬਿਧ ਇਉਂ ਕਰਨਾ ਨਾਮ ਜਪਣਾ ਹੀ ਨਹੀਂ ਕਹਾ ਸਕਦਾ ।

ਗੁਰਬਾਣੀ ਨੂੰ ਅਦਬ ਸੇਤੀ ਲਿਖਣ ਪੜ੍ਹਨ ਵਾਲਿਆਂ ਦਾ ਹੀ ਓੜਕ ਉਧਾਰੁ ਨਿਸਤਾਰਾ ਹੁੰਦਾ ਹੈ । ਗੁਰਬਾਣੀ ਦੇ ਲਿਖਾਰੀਆਂ ਦਾ ਅੰਤੀ ਉਧਾਰ ਹੋਵੇਗਾ । ਕੰਪਾਜ਼ੀਟਰਾਂ, ਮਸ਼ੀਨ ਮੈਨਾਂ, ਕੁਤਬਫਰੋਸ਼ਾਂ ਦਾ ਗੁਰਬਾਣੀ ਦੀਆਂ ਪੋਥੀਆਂ, ਗੁਟਕਿਆਂ ਨੂੰ ਬੇਅਦਬੀ ਕਰਕੇ ਛਪਾਉਣ ਤੇ ਬੇਅਦਬੀ ਨਾਲ ਰਖ ਰਖ ਕੇ ਵੇਚਣ ਵਾਲਿਆਂ ਦਾ ਦੰਮਾਂ ਬਦਲੇ ਬੇਅਦਬੀ ਕਰਨ ਹਾਰਿਆਂ ਦਾ ਉਧਾਰ ਹੋਣਾ ਗੁਰਮਤਿ ਅਕੀਦੇ ਤੋਂ ਬਹੁਤ ਦੂਰ ਹੈ । ਜਿਨ੍ਹਾਂ ਦਾ ਪੇਸ਼ਾ ਹੀ ਪਖੰਡ ਯਾ ਦੰਮਾਂ ਦੀ ਵਿਹਾਝੀ ਹੈ, ਉਨ੍ਹਾਂ ਉਤੇ ਪਾਰਸ ਕਲਾ ਦੇ ਵਰਤਣ

---

* ਗਉੜੀ ਮ: ੫, ਪੰਨਾ ੧੯੫

** ਗੂਜਰੀ ਮ: ੩, ਪੰਨਾ ੪੯੧

ਵਾਲੀ ਗਲ ਕਦੇ ਘਟਦੀ ਹੀ ਨਹੀਂ । ਹੱਥਾਂ ਪੈਰਾਂ ਦੀਆਂ ਉਂਗਲੀਆਂ ਨਾਲ ਗੁਰਬਾਣੀ ਦੇ ਅੱਖਰਾਂ ਨੂੰ ਘਸਾਈ ਜਾਣ· ਨਾਲ ਪਾਰਸ ਕਲਾ ਵਾਲੀ ਚੁੰਭਕ ਰਗੜ ਪ੍ਰਚੰਡ ਨਹੀਂ ਹੁੰਦੀ, ਨਾ ਹੀ ਹੱਥਾਂ ਨਾਲ ਫੋਕੇ ਸਿਮਰਨੇ ਘਸਾਇਆਂ ਆਤਮ ਪ੍ਰਕਾਸ਼ ਪ੍ਰਜੁਲਤੀ ਸ਼ਕਤੀ ਪ੍ਰਾਪਤ ਹੁੰਦੀ ਹੈ, ਜਦ ਤੀਕ ਕਿ ਪੂਰਨ ਗੁਰਮਤਿ ਵਿਧੀ ਅਨੁਸਾਰ ਗੁਰਮਤਿ ਨਾਮ ਦੀ ਪ੍ਰਾਪਤੀ ਨ ਹੋ ਗਈ ਹੋਵੇ । ਨਾਮ ਪ੍ਰਾਪਤ ਕਰਕੇ ਭੀ ਜੇ ਉਲਟੇ ਵਹਿਣਾਂ ਵਿਚ ਵਗ ਤੁਰੇ, ਉਸ ਦਾ ਭੀ ਸਿਮਰਨੇ ਘਸਾਈ ਵਾਲਾ ਪੋਚ ਦਿਖਾਵਾ ਕਿਸੇ ਲੇਖੇ ਨਹੀਂ ।


www.sikhbookclub.com

## ੧੨

# ਤੱਤ ਗਿਆਨ ਤੇ ਚੂੰਚ ਗਿਆਨ

ਜਿਸ ਗਿਆਨ ਨੂੰ ਗੁਰਮਤਿ ਗਿਆਨ ਤੋਂ ਅਗਿਆਤ ਗਿਆਨੀ ਲੋਗ ਕਥਨੀ ਬਦਨੀ ਦੁਆਰਾ ਗਿਆਨ ਗਿਆਨ ਕਥਦੇ ਹਨ, ਓਹ ਚੂੰਚ ਗਿਆਨ ਹੈ, ਤੱਤ ਗਿਆਨ ਨਹੀਂ। ਗੁਰਮਤਿ ਤੱਤ ਗਿਆਨ ਕੇਵਲ ਹਰੀ ਭਜਨ ਹੈ, ਜੈਸਾ ਕਿ ਏਹ ਅਗਲੇਰੇ ਗੁਰਵਾਕ ਦਰਸਾਉਂਦੇ ਤੇ ਦ੍ਰਿੜ੍ਹਾਉਂਦੇ ਹਨ। ਯਥਾ ਗੁਰਵਾਕ :

ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ ॥
ਗੁਰਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ ॥

ਮਾਰੂ ਮ: ੫, ਪੰਨਾ ੧੦੦੬

ਇਸ ਨਾਮ ਭਗਤਿ ਹਰਿ ਭਜਨ ਰੂਪੀ ਤਤ' ਗਿਆਨ ਬਿਹੂਣ ਜਿਤਨਾ ਵੀ ਆਮ ਦਿਮਾਗੀ ਗਿਆਨ ਹੈ, ਸਭ ਲੋਕ ਚਰਚਕ ਚੂੰਚ ਗਿਆਨ ਹੈ। ਗੁਰਮਤਿ ਤੱਤ ਗਿਆਨ ਦੀ ਆਮ ਲੁਕਾਈ ਨੂੰ ਸੂਝ ਬੂਝ ਹੀ ਨਹੀਂ। ਮਨੋ-ਉਕਤ ਜਿਤਨਾ ਭੀ ਕਥਤ (so called) ਗਿਆਨ ਹੈ, ਸਭ ਅਲਪੱਗ ਬੁਧੀ ਤੋਂ ਉਪੰਨਾ ਮਨਮਤ ਗਿਆਨ ਹੈ, ਜੋ ਮਨਮੁਖੀਆਂ ਦਾ ਕਸਬ ਕਰਤੱਬ ਹੈ। ਸੱਚੇ ਗਿਆਨ ਧਿਆਨ ਤਤ ਪਰਮਾਰਥੀ ਗਿਆਨ ਧਿਆਨ ਦੀ ਸੂਝ ਬੂਝ ਗੁਰਮਤਿ ਕੇਵਲ ਗੁਰਮਤਿ ਦੁਆਰਾ ਹੀ ਸੰਭਵ ਹੈ। ਯਥਾ ਗੁਰਵਾਕ :

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥
ਬਿਨੁ ਰਸ ਰਾਤੇ ਮੁਕਤਿ ਨ ਹੋਈ ॥ ੨ ॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥
ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥
ਨਾਵਹੁ ਭੂਲੇ ਥਾਉ ਨ ਕੋਈ ॥ ੩ ॥

ਬਿਲਾਵਲੁ ਮਹਲਾ ੧, ਪੰਨਾ ੮੩੧


www.sikhbookclub.com

ਜਿਤਨੀ ਭੀ ਬਾਦ ਬਿਬਾਦੀ ਚੂੰਚ ਚਰਚਾ ਹੈ, ਸਭ ਖਰੜ ਗਿਆਨ ਹੈ। ਤਤ ਪਰਮਾਰਥੀ ਗਿਆਨ ਪਦਾਰਥ ਕੇਵਲ ਗੁਰਮਤਿ ਨਾਮ ਹੈ, ਜੋ ਕੇਵਲ ਗੁਰੂ ਘਰ ਵਿਖੇ ਹੀ ਗੁਰੂ ਦੁਆਰਿਓਂ — ਸਤਿਗੁਰ ਨਾਨਕ ਦਸਮੇਸ਼ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਰਿਓਂ ਹੀ ਪ੍ਰਾਪਤ ਹੁੰਦਾ ਹੈ, ਹੋਰ ਕਿਤੋਂ ਨਹੀਂ। ਅਲਪੱਗ ਬੁਧਿਮਤੀਏ ਅਕਲੱਈਆਂ ਨੂੰ ਇਸ ਤੱਤ ਗਿਆਨ ਦੀ ਗੰਮਤਾ ਕਿਥੇ ? ਇਸ ਨਾਮ ਰੂਪੀ ਤੱਤ ਗਿਆਨ ਸਤਿ ਪਦਾਰਥ ਨੂੰ ਗੁਰਮਤਿ ਦੁਆਰਾ ਪਰਾਪਤ ਕਰਨ ਦਾ ਉਦਮ ਧਾਰਨਾ ਤਤ ਅਨੰਦ ਉਪਜਾਇਕ ਹੈ, ਅਰਥਾਤ ਤੱਤ ਗੁਰਮਤਿ ਗਿਆਨ (ਨਾਮ) ਨੂੰ ਸਿਮਰਨਾ ਹੀ ਸਰਬ ਸੁਖਾਂ ਸਿਰ ਸਾਰੁ ਸੁਖ ਹੈ, ਅਤੇ ਨਾਮ ਜਪਣਾ ਹੀ ਪੂਰਨ ਗੁਰਮਤਿ ਬੀਚਾਰ ਹੈ। ਹੋਰ ਵਿਗਿਆਨਕ ਫ਼ਿਲਾਸਫੀ ਦੀਆਂ ਬੀਚਾਰਾਂ ਸਭ ਅਲਪੱਗ ਦਿਮਾਗ ਦੇ ਅਕਲੀ ਢਕੌਂਸਲੇ ਹਨ। ਯਥਾ ਗੁਰਵਾਕ :

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥

ਬਿਲਾਵਲੁ ਮ: ੫, ਪੰਨਾ ੮੧੫

ਭਾਵ ਸਚੇ ਗਿਆਨ ਬੀਚਾਰ ਪੂਰਨ ਗਿਆਨ ਬੀਚਾਰ ਬਬੇਕ ਦੀ ਪ੍ਰਾਪਤੀ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਹੀ ਹੋ ਸਕਦੀ ਹੈ ਯਾ ਐਉਂ ਕਹੋ ਕਿ ਗੁਰਮਤਿ ਨਾਮ ਅਭਿਆਸ ਕਮਾਈ ਹੀ ਪੂਰਨ ਗਿਆਨੁ ਬੀਚਾਰੁ ਹੈ। ਨਾਵਹੁ ਘੁਥੀਆਂ ਸਭ ਬੀਚਾਰਾਂ ਊਰੀਆਂ ਬੀਚਾਰਾਂ ਹਨ।


www.sikhbookclub.com

# ਗੁਰਮਤਿ ਗੁਰਮੰਤ੍ਰ ਤੇ ਹੋਰ ਮੰਤ੍ਰਾਂ ਜੰਤ੍ਰਾਂ ਦਾ ਫ਼ਰਕ

ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਹੀ ਮੰਤਰ ਰੂਪ ਹੈ। ਗੁਰਬਾਣੀ ਦਾ ਪਾਠ ਮਾਤਰ ਪਾਰਸ ਸੰਪੰਨ ਹੋਣ ਕਰ, ਗੁਰਬਾਣੀ ਅੰਮ੍ਰਿਤ ਬਾਣੀ ਹੋਣ ਕਰ, ਗੁਰਬਾਣੀ ਦਾ ਪੜ੍ਹਨਾ, ਗਾਵਣਾ, ਸੁਣਨਾ ਸਫਲ ਸਦਾ ਸੁਖਦਾਈ ਹੋਣ ਕਰ, ਗੁਰਬਾਣੀ ਮੰਤ੍ਰ ਸਰੂਪ ਹੈ। ਇਹ ਅੰਮ੍ਰਿਤ ਪਰਸਾਦੀ ਪਾਰਸ ਕ੍ਰਿਸ਼ਮਾਇਣੀ ਗੁਰਬਾਣੀ ਇਕ ਖਾਸ ਗੁਰਮੰਤ੍ਰ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੀ ਹੈ। ਬਾਰੰ-ਬਾਰ ਦ੍ਰਿੜ੍ਹਾਉਂਦੀ ਹੈ। ਤੁਕ ਤੁਕ ਅੰਦਰ ਦ੍ਰਿੜ੍ਹਾਉਂਦੀ ਹੈ। ਇਹ ਗੁਰਮੰਤ੍ਰ ਸਮਗਰ ਗੁਰਬਾਣੀ ਦਾ ਸਾਰ ਤੱਤ ਹੈ, ਜਿਸ ਨੂੰ ਜਪਣਾ ਅਕਾਲ ਪੁਰਖ ਅਲਖ ਨਿਰੰਜਨ ਨੂੰ ਲਖਾਉਂਦਾ ਹੈ। ਸੱਚੀ ਭਾਉ ਭਗਤੀ ਦ੍ਰਿੜ੍ਹਾਉਂਦਾ ਹੈ। ਅਕਾਲ ਪੁਰਖ ਦੀ ਭਾਉ ਭਗਤੀ ਪ੍ਰਗਟਾਉਣ ਵਾਲਾ ਗੁਰਮੰਤ੍ਰ ਕਦੇ ਆਨਮਤਾਂ ਦੇ ਤੰਤਰਾਂ ਮੰਤਰਾਂ ਦੇ ਤੁਲ ਹੋ ਸਕਦਾ ਹੈ ? ਜੋ ਜਗਿਆਸੂ ਜਨਾਂ ਨੂੰ ਇਸ ਅਨਿੰਨ ਭਗਤੀ ਤੋਂ ਅਉਝੜ ਹੀ ਲੈ ਜਾਂਦੇ ਹਨ ਤਿਨ੍ਹਾਂ ਅਉਝੜ ਕੁਮਾਰਗੀ ਤੰਤ ਮੰਤਾਂ ਦੁਆਰਾ ਅਕਾਲ ਪੁਰਖ ਦੀ ਪ੍ਰਾਪਤੀ ਸੱਚੀ ਪ੍ਰਾਪਤੀ ਹੋਣੀ ਬਹੁਤ ਦੁਰੇਡੇ ਰਹਿ ਜਾਂਦੀ ਹੈ, ਸਗੋਂ ਹੋਰ ਕੁਵਹਿਣਾਂ ਵਿਚ ਮੁਹਾ ਕੇ ਸੱਚ ਸੁਮਾਰਗੋਂ ਬੇ-ਮੁਖ ਕਰਾ ਦੇਂਦੀ ਹੈ। ਸਤਿਨਾਮ ਗੁਰਮੰਤ੍ਰ ਤੇ ਦੂਜੇ ਮੰਤਰਾਂ ਤੇ ਕਰਮਾਂ ਪ੍ਰਥਾਇ ਗੁਰੂ ਸਾਹਿਬ ਸੁਖਮਨੀ ਸਾਹਿਬ ਵਿਚ ਇਉਂ ਫੁਰਮਾਉਂਦੇ ਹਨ :

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕ੍ਰਮ ਧਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥

ਗਉੜੀ ਸੁਖਮਨੀ ਮ: ੫, ਪੰਨਾ ੨੬੫

 www.sikhbookclub.com

ਗੁਰਮਤਿ ਅੰਦਰ ਅਨਮਤਾਂ ਦੇ ਟੂਣੇ ਟਾਮਣ ਮਈ ਭਰਮ ਜਾਲ ਬੰਧਨੀ ਨਖਿਧ ਮੰਤਰ, ਤੰਤਰ, ਜੰਤਰ ਆਦਿਕ ਦੀ ਨਿਖੇਧੀ ਹੈ ਨਾ ਕਿ ਨਾਮ ਗੁਰਮੰਤ੍ਰ ਦੀ। ਸਿਰੀ ਦਸਮੇਸ਼ ਜੀ ਦੀ ਮੁਖ ਵਾਕ ਬਾਣੀ ਅੰਦਰ ਜਿਥੇ ਕਿਤੇ ਇਸ ਪ੍ਰਕਾਰ ਦੇ ਵਾਕ ਆਉਂਦੇ ਹਨ :

ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ ਆਵਈ ॥ ੫ ॥ ੧੬੫ ॥

ਅਕਾਲ ਉਸਤਤ ਪਾ: ੧੦

ਲਿਖੰ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ ॥
ਬਿਨਾ ਸਰਨ ਤਾਕੀ ਨਹੀ ਔਰ ਓਟੰ ॥ ੬੧ ॥ ੧ ॥

ਬਚਿਤ੍ਰ ਨਾਟਕ ਪਾ: ੧੦

ਓਥੇ ਮਨਮਤੀ ਮੰਤ੍ਰਾਂ ਜੰਤ੍ਰਾਂ ਦਾ ਖੰਡਨ ਮਈ ਨਸ਼ੇਧ ਹੈ ਅਤੇ ਜਿਥੇ ਕਿਤੇ :

ਨਮੋ ਸਰਬ ਮੰਤ੍ਰੰ ਨਮੋ ਸਰਬ ਜੰਤ੍ਰੰ ॥੭੦॥...
ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥
ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥ ੧੮੫ ॥

ਜਾਪੁ, ਪਾ: ੧੦

ਜੋਗ ਹੂੰ ਕੋ ਜੰਤ੍ਰ ਹੈਂ ਕਿ ਤੇਜ ਹੂੰ ਕੇ ਤੰਤ੍ਰ ਹੈਂ ॥
ਕਿ ਮੋਹਨੀ ਕੋ ਮੰਤ੍ਰ ਹੈਂ ਕਿ ਪੂਰਨ ਪ੍ਰਕਾਸੀ ਹੈਂ ॥੮॥੨੬੦॥

ਅਕਾਲ ਉਸਤਤ ਪਾ: ੧੦

ਮਹਾਂ ਤੇਜ ਤੇਜੰ ਮਹਾਂ ਜ੍ਵਾਲ ਜ੍ਵਾਲੰ ॥
ਮਹਾਂ ਮੰਤ੍ਰ ਮੰਤ੍ਰੰ ਮਹਾਂ ਕਾਲ ਕਾਲੰ ॥ ੧੭ ॥੧॥

ਬਚਿਤਰ ਨਾਟਕ ਪਾ: ੧੦

ਆਦਿਕ ਵਾਕ ਆਉਂਦੇ ਹਨ ਓਥੇ ਗੁਰਮਤਿ ਨਾਮ ਗੁਰਮੰਤ੍ਰ ਦਾ ਮੰਡਨ ਮਈ ਵਿਧਾਨ ਹੈ। ਏਸੇ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਖੇ ਜਿਥੇ ਕਿਤੇ ਭੀ "ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥"* "ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥"** ਆਦਿਕ ਇਸ ਪ੍ਰਕਾਰ ਦੇ ਗੁਰਵਾਕ ਆਉਂਦੇ ਹਨ, ਓਥੇ ਅਨਮਤਾਂ ਦੇ ਕਪੋਲ ਕਿਰਿਆ ਰੂਪੀ ਜਪ ਤਪ ਯਾ ਜਾਪ ਤਾਪ ਦਾ ਖੰਡਨ ਹੈ ਅਤੇ ਜਿਥੇ ਕਿਤੇ ਭੀ "ਹਰਿ ਧਨੁ ਜਾਪੁ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ"*** ਆਦਿਕ ਗੁਰਵਾਕ ਆਉਂਦੇ ਹਨ, ਤਿਥੇ ਗੁਰਮੰਤ੍ਰ ਦੇ ਜਪ ਜਾਪ ਦਾ ਗੁਰਮਤਿ ਅਨਕੂਲੀ ਹੁਕਮ ਹੈ। ਸਮਗਰ ਬਾਣੀ

* ਕਾਨੜਾ ਮ: ੫, ਪੰਨਾ ੧੩੦੧
** ਗੂਜਰੀ ਸ੍ਰੀ ਤ੍ਰਲੋਚਨ ਜੀਓ ਕੇ, ਪੰਨਾ ੫੨੬
*** ਗੂਜਰੀ ਮ: ੫, ਪੰਨਾ ੪੯੫

 www.sikhbookclub.com

ਗੁਰਮੰਤ੍ਰ ਗੁਰਮਤਿ ਨਾਮ ਦਾ ਜਪ ਤਪ ਦ੍ਰਿੜ੍ਹਾਉਂਦੀ ਹੈ। ਗੁਰਮਤਿ ਨਾਮ ਗੁਰਮੰਤ੍ਰ ਦੇ ਜਪ ਜਾਪ ਤੋਂ ਬਿਹੂਣ ਹੋਰ ਕਿਸੇ ਜਪ ਜਾਪ ਦਾ ਗੁਰਮਤਿ ਵਿਖੇ ਵਿਧਾਨ ਨਹੀਂ। ਪਾਖੰਡ ਕਰਮ ਧਰਮੀ ਜਪ ਤਪ ਅਤੇ ਜਾਪ ਤਾਪ ਜੋ ਸਤਿਨਾਮ ਯਾ ਨਾਮੀ ਦੀ ਉਪਾਸ਼ਨਾ ਨੂੰ ਨਹੀਂ ਬੋਧਾਉਂਦੇ ਦ੍ਰਿੜ੍ਹਾਉਂਦੇ, ਓਹ ਸਭੇ ਜਾਪ ਤਾਪ, ਜਪ ਤਪ ਸੰਜਮ ਆਦਿਕ ਗੁਰਮਤਿ ਅੰਦਰ ਨਿਸ਼ੇਧਤ ਕਰਮ ਹਨ। ਸਗਲੇ ਜਪਾਂ ਸਿਰ ਜਪ, ਸਾਰੇ ਤਪਾਂ ਸਿਰ ਤਪ, ਸਮੂਹ ਕਰਮਨ ਸਿਰ ਕਰਮ, ਸਾਰੇ ਹੀ ਧਰਮਾਂ ਸਿਰ ਧਰਮ, ਸਮਗਰ ਸੰਜਮਾਂ ਸਿਰ ਸੰਜਮ, ਸਮੁਚੇ ਤੀਰਥਾਂ ਸਿਰ ਤੀਰਥ, ਗੁਰ ਸ਼ਬਦ ਗੁਰਮੰਤ੍ਰ ਦਾ ਜਪ ਜਾਪ ਹੈ। ਗੁਰ ਸ਼ਬਦ ਗੁਰਮੰਤ੍ਰ ਦੇ ਜਾਪ ਅੰਦਰ ਸਮੁਚੇ ਹੀ ਕਰਮ ਧਰਮ ਜਪ ਤਪ ਸੁਚਿ ਸੰਜਮ ਤੀਰਥਾਦਿ ਆ ਗਏ। ਜਿਸ ਨੂੰ ਗੁਰ ਸ਼ਬਦ ਗੁਰਮੰਤ੍ਰ ਗੁਰਮਤਿ ਨਾਮ ਦੀ ਦਾਤ ਪ੍ਰਾਪਤ ਹੋ ਗਈ, ਓਸ ਨੇ ਮਾਨੋ ਸਾਰੇ ਹੀ ਕਰਮ ਧਰਮ ਜਪ ਤਪ ਸੁਚ ਸੰਜਮ ਤੀਰਥਾਦਿ ਕਰ ਲਏ। ਭਾਵ ਓਹਨਾਂ ਨੂੰ ਇਹਨਾਂ ਕਰਮਾਂ ਦੇ ਕਰਨ ਦੀ ਲੋੜ ਨਹੀਂ ਰਹਿੰਦੀ, ਜੈਸੇ ਕਿ ਇਹਨਾਂ ਅਗਲੇਰੇ ਗੁਰਵਾਕਾਂ ਦਾ ਭਾਵ ਹੈ :

ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥
ਪ੍ਰਭਾਤੀ ਮ: ੧, ਪੰਨਾ ੧੩੩੨

ਗਿਆਨ ਧਿਆਨ ਸਗਲੇ ਸਭਿ ਜਪ ਤਪ
ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨ ਰਾਤਾ ਗੁਰਮਤਿ ਪਾਏ ਸਹਜ ਸੇਵਾ ॥
ਆਸਾ ਮਹਲਾ ੧, ਪੰਨਾ ੩੫੯

ਮੂਲ ਮੁਦਆ ਇਹ ਕਿ ਗੁਰਮਤਿ ਅੰਦਰ ਗੁਰਮੰਤ੍ਰ ਗੁਰਮਤਿ ਨਾਮ ਦੇ ਜਪ ਜਾਪ ਤੋਂ ਬਿਨਾਂ ਹੋਰ ਕਿਸੇ ਕਿਰਤਮ ਨਾਮਾਂ ਦੇ ਜਪ ਜਾਪ ਦਾ ਹੁਕਮ ਨਹੀਂ। ਹੋਰ ਸਭ ਜਾਪ ਤਾਪ ਆਦਿ ਕਰਨੇ ਬਿਰਥੇ ਹਨ। ਪਰਮ ਪੁਰਖ ਦੀ ਪ੍ਰਾਪਤੀ ਕਰਾਉਣ ਦੀ ਸਮਰੱਥਾ ਤੋਂ ਸੱਖਣੇ ਹਨ। ਸੱਖਣੇ ਤੰਤ ਮੰਤਾਂ ਦੇ ਜਾਪ ਤਾਪ ਸਭ ਗੁਰਮਤਿ ਪ੍ਰਤਿਕੂਲ ਹਨ ਅਰਥਾਤ ਜਿਸ ਮੰਤਰ ਤੰਤਰ ਦਾ ਜਾਪ ਤਾਪ ਪਰਮ ਪੁਰਖ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰਾ ਸਕਦਾ, ਅਜੇਹੇ ਹਰੇਕ ਤੰਤ ਮੰਤ ਦਾ ਗੁਰਮਤਿ ਅੰਦਰ ਨਿਸ਼ੇਧ ਹੈ। ਗੁਰਮਤਿ ਨਾਮ ਗੁਰਮੰਤ੍ਰ ਦੇ ਜਾਪ ਤਾਪ ਤੋਂ ਬਿਨਾਂ ਹੋਰ ਸਭ ਜਾਪ ਤਾਪ ਕਿਰਤਮ ਨਾਮਾਂ ਦੇ ਤੰਤ ਮੰਤੀ ਜਾਪ ਤਾਪ ਹਨ। ਕੇਵਲ ਗੁਰਮਤਿ ਨਾਮ (ਗੁਰਮੰਤ੍ਰ) ਦਾ ਜਾਪ ਹੀ ਸਤਿਨਾਮ ਦਾ ਜਾਪ ਹੈ, ਸੱਚਾ ਜਾਪ ਤਾਪ ਹੈ।

ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥
ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ ॥

ਧਨਾਸਰੀ ਮ: ੫, ਪੰਨਾ ੬੭੩

ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥

ਸੋਰਠਿ ਮ: ੩, ਪੰਨਾ ੬੦੨

ਸਤਿਨਾਮ ਤੋਂ ਬਿਨਾਂ ਕਿਸੇ ਭੀ ਕਿਰਤਮ ਨਾਮ ਦਾ ਜਾਪ ਅਕਾਲ ਪੁਰਖ ਦੀ ਪ੍ਰਾਪਤੀ ਨਮਿਤ ਪਾਰਸ ਕਲਾ ਸੰਪੰਨ ਨਹੀਂ । ਅਨਮਤਾਂ ਦੇ ਜਾਪ ਸਭ ਮਨਉਕਤ ਮਨਮਤੀ ਕਿਰਤ ਕਰੰਮੀ ਓਰੇ ਮੂਸੇ ਜਾਪ ਹਨ, ਸਭ ਹਠ ਕਰੰਮੀ ਜਾਪ ਤਾਪ ਹਨ ; ਪਰਮ ਪੁਰਖ ਪ੍ਰਾਇਣੀ ਭਉ ਭਗਤੀ ਤੋਂ ਊਰੇ ਪਾਰਸ ਕਲਾ ਤੋਂ ਸਖਣੇ ਜਾਪ ਤਾਪ ਹਨ । ਇਹਨਾਂ ਪਰਥਾਇ ਹੀ ਅਜਿਹੇ ਗੁਰਵਾਕ ਹਨ :

ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥

ਰਾਮਕਲੀ ਮ: ੧, ਪੰਨਾ ੮੭੮

ਤਿਨ੍ਹਾਂ ਜਾਪ ਤਾਪਾਂ (ਜਪਾਂ ਤਪਾਂ) ਦੇ ਕਰਨ ਕਰ ਪਰਮ ਪੁਰਖ ਦੀ ਪ੍ਰਾਪਤੀ ਨਹੀਂ ਹੁੰਦੀ, ਕਦਾਚਿਤ ਨਹੀਂ ਹੋ ਸਕਦੀ । ਤਿਨ੍ਹਾਂ ਓਰੇ ਮੂਸੇ ਜਾਪਾਂ ਤਾਪਾਂ ਦਾ ਖੰਡਨ ਹੀ ਸਿਰੀ ਦਸਮੇਸ਼ ਜੀ ਦੇ ਇਸ ਅਗੇ ਦਿਤੇ ਮੁਖਵਾਕ ਅੰਦਰ ਹੈ :

ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ
ਤਾਪਨਾ ਅਨੇਕ ਤਨ ਘਾਇਲ ਸਹਤ ਹੈ ॥
ਜਾਪ ਕੇ ਕੀਏ ਤੇ ਜੋ ਪੈ ਪਾਈਯਤ ਅਜਾਪ ਦੇਵ
ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ ॥
ਨਭ ਕੇ ਉਡੇ ਤੇ ਜੋ ਪੈ ਨਾਰਾਇਣ ਪਾਈਯਤ
ਅਨਲ ਅਕਾਸ ਪੰਛੀ ਡੋਲਬੋ ਕਰਤ ਹੈ ॥
ਆਗ ਪੈ ਜਰੇ ਤੇ ਗਤ ਰਾਂਡ ਕੀ ਪਰਤ ਕਰ
ਪਤਾਲ ਕੇ ਬਾਸੀ ਕਿਉ ਭੁਜੰਗ ਨ ਤਰਤ ਹੈ ॥੧੪॥੮੪॥

ਅਕਾਲ ਉਸਤਤ ਪਾ: ੧੦

ਇਸ ਦਸਮੇਸ਼ ਸਿਰੀ ਮੁਖਵਾਕ ਦੀ ਪਹਿਲੀ ਤੁਕ ਤਾਂ ਅਨੇਕ ਪ੍ਰਕਾਰੀ ਤਨ ਤਾਪਨੀ ਤਪ ਤਾਪਾਂ ਦਾ ਨਿਸ਼ੇਧ ਕਰਦੀ ਹੈ ਜੋ ਕਿ ਦੰਭ ਪੰਥੀਏ ਸੁਆਰਥ ਸਾਧਨੀਏ ਭੇਖੀ ਸਾਧ ਲੋਕਾਂ ਦੇ ਰੀਝਾਵਨ ਹਿਤ ਕਰਦੇ ਹਨ, ਦੂਜੀ ਤੁਕ ਲੋਕਾਂ ਦੇ ਮਨ ਕਲਪਤ ਕਿਰਿਆ ਕਿਰਤਮੀ ਤੰਤ੍ਰ ਮੰਤ੍ਰੀ ਜਾਪਾਂ ਦੀ ਨਿਸਫਲਤਾ ਨੂੰ ਨਿਰੂਪਣ ਕਰਾਉਂਦੀ ਹੈ, ਜੋ ਸਤਿਨਾਮ ਗੁਰਮੰਤ੍ਰ ਤੋਂ ਅਤੇ ਗੁਰਮਤਿ ਤੋਂ ਘੁਥੇ

ਹੋਏ ਅਗਿਆਨੀ ਪੁਰਸ਼ ਰਟਨ ਕਰਨ ਵਿਚ ਪਰਵਿਰਤ ਸਨ ਅਤੇ ਪਰਵਿਰਤ ਹਨ । ਤੀਜੀ ਤੁਕ ਰਿਧੀ ਸਿਧੀ ਦੀਆਂ ਚੇਟਕਾਂ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਹਿਤ ਨਖਿਧ ਸਾਬਤ ਕਰਦੀ ਹੈ । ਚੌਥੀ ਅਖੀਰਲੀ ਤੁਕ ਅਕਾਲ ਪੁਰਖ ਦੀ ਪ੍ਰਾਪਤੀ ਲਈ ਅਗਨੀ ਵਿਚ ਜਲ ਕੇ ਭਸਮ ਹੋ ਜਾਣ ਵਾਲੇ ਅਹਿਮਕ ਪੁਣੇ ਅਤੇ ਪਖੰਡ ਕਰਮ ਨੂੰ ਖੰਡਨ ਕਰਦੀ ਹੈ । ਗੁਰਮਤਿ ਹੀਣੇ ਆਨਮਤੀ ਜਾਪ ਤਾਪ ਨੂੰ ਫੋਕਟ ਕਰਮ ਦ੍ਰਿੜ੍ਹਾਉਣ ਹਿਤ ਗੁਰੂ ਦਸਮੇਸ਼ ਜੀ ਆਪਣੀ ਬਾਣੀ ਵਿਖੇ ਭਾਂਤੋ ਭਾਂਤੀ ਛੰਦ ਬਾਰੰਬਾਰ ਉਚਾਰੀ ਜਾਂਦੇ ਹਨ, ਉਹਨਾਂ ਦੇ ਬਾਰੰਬਾਰ ਅਜਿਹੇ ਛੰਦ ਉਚਾਰੀ ਜਾਣ ਤੇ ਜ਼ੋਰ ਦੇਣਾ ਪਰਮ ਜ਼ਰੂਰੀ ਸੀ, ਕਿਉਂਕਿ ਜਨਮ ਜਨਮਾਂਤ੍ਰਾਂ ਦੀ ਫੋਕਟ ਕਰਮੀ ਲੀਹ ਪਈ ਹੋਈ ਹਟਾਉਣੀ ਕੋਈ ਥੋੜੀ ਜਿਹੀ ਗੱਲ ਨਹੀਂ ਸੀ । ਹਟਾਏ ਬਿਨਾਂ ਲੀਹ ਲੰਪਟੀ ਲੁਕਾਈ ਗੁਰਮਤਿ ਮਾਰਗੀ ਸਚੇ ਨਾਮ ਦੇ ਸੁਮਾਰਗੀ ਸ਼ਾਹ-ਰਾਹ ਉਤੇ ਕਿਵੇਂ ਚਲਣ ਨੂੰ ਤਤਪਰ ਹੋ ਸਕਦੀ ਸੀ ? ਸਾਨੂੰ ਕਈ ਸੱਜਣ ਬਾਰੰਬਾਰ ਇਕੋ ਗੱਲ ਨੂੰ ਦੁਹਿਰਾਈ ਜਾਣ ਤੋਂ ਵਰਜਦੇ ਹਨ ਕਿ ਲੋਕਾਂ ਨੂੰ ਮੁੜ ਮੁੜ ਕੇ ਇਕੋ ਗਲ ਦਾ ਦੁਹਿਰਾਈ ਜਾਣਾ (ਰੇਪੀਟੀਸ਼ਨ) ਮਾਫਕ ਨਹੀਂ ਆਉਂਦਾ । ਗੁਰਬਾਣੀ ਅੰਦਰ ਮੁੜ ਮੁੜ ਤੁਕ ਤੁਕ ਅੰਦਰ ਇਕੋ ਨਾਮ ਦੀ ਮਹਿਮਾ ਨੂੰ ਹੀ ਦ੍ਰਿੜ੍ਹਾਇਆ ਪ੍ਰਗਟਾਇਆ ਹੈ । ਪ੍ਰਮ ਜ਼ਰੂਰੀ ਜੋ ਏਹੋ ਗੱਲ ਸੀ । ਏਸੇ ਇਕੇ ਲੇਖੇ ਵਾਲੀ ਗੱਲ ਦੀ ਪਰਪਾਟੀ ਪਾਉਣੀ ਸੀ । ਰੋਗੀ ਸੰਸਾਰ ਦੀ ਮਨ ਮਾਫਕਤਾ (ਰੁਚੀ) ਨੂੰ ਦੇਖ ਕੇ ਗੁਰੂ ਵੈਦ ਨੇ ਨਾਮ ਦਾਰੂ ਮਈ ਦਵਾਈ ਥੋੜੋਂ ਦੇਣੀ ਸੀ ? ਸ੍ਰੀ ਗੁਰੂ ਗ੍ਰੰਥ ਜੀ ਦੀ ਸਮਗਰ ਬਾਣੀ ਅੰਦਰ ਬਾਰੰਬਾਰ ਨਾਮ ਅਉਖਧੀ ਦ੍ਰਿੜ੍ਹਾਉਣ ਪਰ ਭੀ ਆਮ ਲੁਕਾਈ ਨੇ ਤਾਂ ਭਲਾ ਗੁਮਰੁਠ ਹੋਣਾ ਹੀ ਸੀ, ਬਹੁਤ ਸਾਰੀ ਸਿਖ ਕਹਾਉਣ ਵਾਲੀ ਜਨਤਾ ਭੀ ਆਕੀ ਤੇ ਆਰੀ ਹੋਈ ਬੈਠੀ ਹੈ । ਦੁਨੀਆਂ ਤਾਂ ਨਵੀਆਂ ਅਤੇ ਹਰੇਕ ਲੇਖ ਅੰਦਰ ਭਾਂਤ ਭਾਂਤ ਦੀਆਂ ਗਲੇਫਮੀਆਂ, ਚਟਕੀਲੀਆਂ ਗੱਲਾਂ ਵਾਲੀ ਮਲੰਮੇਦਾਰ ਨਾਵਲਟੀ ਹੀ ਭਾਲਦੀ ਹੈ, ਕੋਰੀਆਂ ਕਰਾਰੀਆਂ ਗੁਰਮਤਿ ਦੀਆਂ ਤਤ ਗੰਭੀਰ ਗੱਲਾਂ ਓਹਨਾਂ ਨੂੰ ਖੁਸ਼ਕ ਲਿਟ੍ਰੇਚਰ ਹੀ ਭਾਸਦੀਆਂ ਹਨ । ਚਿਕਨੀਆਂ ਚੋਪੜੀਆਂ ਰੰਗੀਨੀ ਇਬਾਰਤ ਨਾਲ ਲੋਕਾਂ ਦਾ ਘੜੀ ਪਲ ਲਈ ਚਿਤ ਪਰਚਾਵਾ ਤਾਂ ਹੋ ਜਾਂਦਾ ਹੈ ਅਤੇ ਵੋਕੇਬੁਲਰੀ (vocabulary) ਜ਼ਬਾਂਦਾਨੀ ਦੀ ਲਾਫਜ਼ਨੀ ਭੀ ਹੋ ਜਾਂਦੀ ਹੈ, ਪਰ ਇਸ ਤੋਂ ਸਰਦਾ ਸੋਰਦਾ ਕੁਝ ਨਹੀਂ । ਗੁਰੂ ਦਸਮੇਸ਼ ਜੀ ਨੇ ਤਤ ਗੁਰਮਤਿ ਦ੍ਰਿੜ੍ਹਾਉਣ ਤੋਂ ਪ੍ਰਿਥਮ ਗੁਰਮਤਿ ਤੋਂ ਗੁਮਰਾਹ ਕਰਨੇ ਹਾਰੇ ਤੰਤ ਮੰਤੀ ਪਖੰਡਾਂ ਦੇ ਪਾਜਾਂ ਨੂੰ ਖੋਲ੍ਹਣਾ ਪਰਮ ਜ਼ਰੂਰੀ ਜਾਤਾ । ਤਾਂਹੀਂ ਤੇ ਮੁੜ ਮੁੜ ਸ੍ਰਿਰੀ ਅਕਾਲ ਉਸਤਤ੍ਰਿ ਬਾਣੀ ਦੇ ਛੰਦਾਂ ਵਿਖੇ ਦੰਭ ਨਿਵਾਰਨੀ ਕਵਿਤਾ ਉਚਾਰਨ ਉਤੇ ਬਹੁਤਾ ਜ਼ੋਰ

ਦਿਤਾ ਹੈ ਤਾਕਿ ਆਮ ਜਨਤਾ ਇਨ੍ਹਾਂ ਵਲੋਂ ਉਪਰਾਮ ਹੋ ਕੇ ਤਤ ਗੁਰਮਤਿ ਨਾਮ ਅਭਿਆਸ ਕਮਾਈ ਲਈ ਤਿਆਰ ਹੋਵੇ। ਅਗਨ ਹੋਤ੍ਰ, ਉਰਧ ਤਾਪੀ, ਉਰਧ ਬਾਹੀ, ਸੰਨਿਆਸ ਅਤੇ ਜੋਗ, ਭੇਖ ਉਦਾਸ, ਨਿਉਲੀ ਕਰਮ, ਜਲਧਾਰਾ ਆਦਿਕ ਨੂੰ ਤਨ ਤਤਿਖਸ਼ੀ ਜਾਪ ਤਾਪ ਮਈ ਫੋਕਟ ਨਿਹਫਲ ਧਰਮ ਦਰਸਾਇ ਕੇ ਏਕੋ ਗੁਰਮਤ ਨਾਮ ਦੇ ਤਤ ਜਾਪ ਤਾਪ ਨੂੰ ਹੀ ਸਿਰੀ ਦਸਮੇਸ਼ ਜੀ ਨੇ ਮੁਖ ਰਖਿਆ ਹੈ। ਯਥਾ ਗੁਰ ਦਸਮੇਸ਼ ਵਾਕ :

ਕਈ ਅਗਨ ਹੋਤ੍ਰ ਕਰੰਤ ॥ ਕਈ ਉਰਧ ਤਾਪ ਦੁਰੰਤ ॥
ਕਈ ਉਰਧ ਬਹੁ ਸੰਨਿਆਸ ॥ ਕਹੂੰ ਜੋਗ ਭੇਸ ਉਦਾਸ ॥੧੨॥
ਕਹੂੰ ਨਿਵਲੀ ਕਰਮ ਕਰੰਤ ॥ ਕਹੂੰ ਪਉਨ ਅਹਾਰ ਦੁਰੰਤ ॥...੧੩॥...
ਕਹੂੰ ਸਾਸਤ੍ਰ ਸਿੰਮ੍ਰਿਤਿ ਗੀਤ ॥ ਕਹੂੰ ਬੇਦ ਸਿਉ ਬਿਪ੍ਰੀਤ ॥੧੪॥...
ਕਹੂੰ ਕਰਤ ਜਲ ਮਹਿ ਜਾਪ ॥ ਕਹੂੰ ਸਹਤ ਤਨ ਪਰ ਤਾਪ ॥੧੫॥
ਕਹੂੰ ਬਾਸ ਬਨਹਿ ਕਰੰਤ ॥ ਕਹੂੰ ਤਾਪ ਤਨਹਿ ਸਹੰਤ॥...੧੬॥...
ਕਈ ਬ੍ਰਹਮ ਬੇਦ ਰਟੰਤ ॥ ਕਈ ਸੇਖ ਨਾਮ ਉਚਰੰਤ ॥
ਬੈਰਾਗ ਕਹੂੰ ਸੰਨਿਆਸ ॥ ਕਹੂੰ ਫਿਰਤ ਰੂਪ ਉਦਾਸ ॥ ੧੯ ॥
ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥੨੦॥੫੦॥

ਅਕਾਲ ਉਸਤਤ ਪਾ: ੧੦

ਗੁਰੂ ਦਸਮੇਸ਼ ਜੀ ਦੇ ਏਹਨਾਂ ਵਾਕਾਂ ਦੇ ਸਿਧਾਂਤ ਅਨੁਸਾਰ ਅਨਮਤਾਂ ਦੇ ਅਨੇਕ ਪ੍ਰਕਾਰੀ ਜਲ ਜਾਪੀ ਅਤੇ ਤਨ ਤਾਪੀ ਤੰਤ੍ਰ ਮੰਤ੍ਰਾਂ ਦੇ ਭਰਮ ਜਾਲ ਨੂੰ ਜਮ-ਜਗਾਤੀ ਪਾਖੰਡ ਕਰਮ ਸਿਧ ਕਰਕੇ ਸਰਬ ਧਰਮਨ ਸਿਰ ਸਰਬੋਤਮੋ ਸ੍ਰੇਸ਼ਟ ਧਰਮ ਕੇਵਲ ਗੁਰਮਤਿ ਨਾਮ ਦੇ ਜਾਪ ਨੂੰ ਹੀ ਸਿਰ ਕਰਮਨ ਕੇ ਕਰਮਾ ਸਾਬਤ ਕੀਤਾ ਹੈ। ਅਨਮਤ ਪਾਖੰਡ ਕਰਮੀ ਜਾਪ ਦੇ ਖੰਡਨ ਮਈ ਵਾਕਾਂ ਅੰਦਰ ਸਿਰਫ 'ਜਾਪ' ਮਾਤ੍ਰ ਦਾ ਲਫਜ਼ ਆਉਣ ਕਰਕੇ ਤਤ ਗੁਰਮਤਿ ਨਾਮ-ਜਾਪ ਦਾ ਨਸ਼ੇਧ ਸਮਝ ਲੈਣਾ ਭਾਰੀ ਗਲਤ ਫਹਿਮੀ ਹੈ। ਏਹ ਵਾਕ ਅਨਮਤ ਦੰਭ ਧਰਮੀਆਂ ਦੇ ਜਾਪ ਤਾਪ ਅਤੇ ਰਿਧੀਆਂ ਸਿਧੀਆਂ ਅਵਲੰਭੀ ਪਾਖੰਡ ਕਰਮਾਂ ਨੂੰ ਦਮਨ ਕਰਨ ਹਾਰੇ ਹਨ। ਅਜੇਹੇ ਜਾਪ ਤਾਪਾਂ ਦੇ ਨਿਖੇਧ ਲਈ ਸ੍ਰੀ ਦਸਮੇਸ਼ ਜੀ ਦੇ ਅਨੇਕਾਂ ਹੀ ਮੁਖ ਵਾਕ ਹਨ। ਪ੍ਰਮਾਣ ਵਜੋਂ ਪ੍ਰੌੜ੍ਹਤਾ ਪੂਰਬਕ ਕੁਛ ਕੁ ਸ੍ਰੀ ਮੁਖ ਵਾਕ ਇਥੇ ਦਿਤੇ ਜਾਣੇ ਪਰਮ ਜ਼ਰੂਰੀ ਹਨ, ਤਾਕਿ ਰਾਈ ਮਾਤ੍ਰ ਸੰਸਾ ਨ ਰਹੇ :

ਜਿਹ ਧਿਆਨ ਕਾਜ ਮੁਨਿ ਜਨ ਅਨੰਤ ॥
ਕਈ ਕਲਪ ਜੋਗ ਸਾਧਤ ਦੁਰੰਤ ॥੮॥

ਤਨ ਸੀਤ ਘਾਮ ਬਰਖਾ ਸਹੰਤ ॥ ਕਈ ਕਲਪ ਏਕ ਆਸਨ ਬਿਤੰਤ ॥
ਕਈ ਜਤਨ ਜੋਗ ਬਿੱਦਿਆ ਬਿਚਾਰ ॥
ਸਾਧੰਤ ਤਦਪ ਪਾਵਤ ਨ ਪਾਰ ॥ ੯ ॥

ਕਈ ਉਰਧ ਬਾਹ ਦੇਸਨ ਭ੍ਰਮੰਤ ॥
ਕਈ ਉਰਧ ਮਧ ਪਾਵਕ ਝੁਲੰਤ ॥
ਕਈ ਸਿਮ੍ਰਿਤਿ ਸਾਸਤ੍ਰ ਉਚਰੰਤ ਬੇਦ ॥
ਕਈ ਕੋਕ ਕਾਬ ਕਥਤ ਕਤੇਬ ॥ ੧੦ ॥

ਕਈ ਅਗਨ ਹੋਤ੍ਰ ਕਈ ਪਉਨ ਅਹਾਰ ॥
ਕਈ ਕਰਤ ਕੋਟ ਮ੍ਰਿਤਿਕੋ ਅਹਾਰ ॥
ਕਈ ਕਰਤ ਸਾਕ ਪੈ ਪਤ੍ਰ ਭੱਛ ॥
ਨਹੀ ਤਪਦ ਦੇਵ ਹੋਵਤ ਪਰਤਛ ॥ ੧੧ ॥...

ਕਹੂੰ ਕਰਤ ਸਾਸਤ੍ਰ ਸਿੰਮ੍ਰਿਤ ਉਚਾਰ ॥
ਕਈ ਭਜਤ ਏਕ ਪਗ ਨਿਰਾਧਾਰ ॥ ੧੭ ॥...

ਕਈ ਜਲ ਨਿਵਾਸ ਕਈ ਅਗਨ ਤਾਪ ॥
ਕਈ ਜਪਤ ਉਰਧ ਲਟਕੰਤ ਜਾਪ ॥ ੧੮ ॥

ਕਈ ਜਪਤ ਜੋਗ ਕਲਪੰ ਪ੍ਰਜੰਤ ॥
ਨਹੀਂ ਤਦਪ ਤਾਸ ਪਾਯਤ ਨ ਅੰਤ ॥
ਕਈ ਕਰਤ ਕੋਟ ਬਿਦਿਆ ਬਿਚਾਰ ॥
ਨਹੀ ਤਦਪ ਦ੍ਰਿਸਟ ਦੇਖੇ ਮੁਰਾਰ ॥ ੧੯ ॥

ਬਿਨ ਭਗਤਿ ਸਕਤ ਨਹੀ ਪਰਤ ਪਾਨ ॥
ਬਹੁ ਕਰਤ ਹੋਮ ਅਰ ਜਗ ਦਾਨ ॥
ਬਿਨ ਏਕ ਨਾਮ ਇਕ ਚਿਤ ਲੀਨ ॥
ਫੋਕਟੋ ਸਰਬ ਧਰਮਾ ਬਿਹੀਨ ॥ ੨੦ ॥ ੧੪੦ ॥

ਅਕਾਲ ਉਸਤਤ, ਪਾ: ੧੦

ਏਥੇ ਸ੍ਰੀ ਦਸਮੇਸ਼ ਜੀ ਨੇ ਸਾਫ ਸਪਸ਼ਟ ਕਰ ਦਿਤਾ ਕਿ ਏਕ ਨਾਮ ਗੁਰਮਤਿ ਨਾਮ ਦੀ ਜਾਪ ਭਗਤੀ ਬਿਹੂਨ ਅਨਮਤ ਮਤਾਂਤਰੀ ਹੋਰ ਸਭੇ ਜਾਪ ਤਾਪ ਫੋਕਟ ਕਰਮ ਹਨ। ਤਾਂ ਤੇ ਗੁਰਮਤਿ ਨਾਮ ਦਾ ਵਿਧਾਨ ਸ੍ਰੀ ਦਸਮੇਸ਼ ਜੀ ਦੀ ਬਾਣੀ ਤੋਂ ਐਨ ਓਸੇ ਪ੍ਰਕਾਰ ਹੀ ਸਿਧ ਹੈ, ਜਿਸੁ ਪ੍ਰਕਾਰ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ, ਅਤੇ ਆਨਮਤਿ ਪਰਚੂਰੀ ਜਾਪ ਤਾਪ ਦਾ ਭੀ ਓਸੇ ਤਰ੍ਹਾਂ ਨਸ਼ੇਧ ਹੈ। ਪੁਨਾ, ਹੋਰ ਪ੍ਰਮਾਣ ਸ੍ਰੀ ਦਸਮੇਸ਼ ਮੁਖ ਵਾਕ ਦੇਖੋ :

ਅਨਖੰਡ ਸਰੂਪ ਅਡੰਡ ਪ੍ਰਭਾ ॥ ਜੈ ਜੰਪਤ ਬੇਦ ਪੁਰਾਨ ਸਭਾ ॥
ਜਿਹ ਬੇਦ ਕਤੇਬ ਅਨੰਤ ਕਹੈ ॥ ਜਿਹ ਭੂਤ ਅਭੂਤ ਨ ਭੇਦ ਲਹੈ ॥੧੭॥
ਜਿਹ ਬੇਦ ਪੁਰਾਨ ਕਤੇਬ ਜਪੈ ॥ ਸੁਤ ਸਿੰਧ ਅਧੋਮੁਖ ਤਾਪ ਤਪੈ ॥
ਕਈ ਕਲਪਨ ਲੌ ਤਪ ਤਾਪ ਕਰੈ ॥
ਨਹੀ ਨੈਕ ਕ੍ਰਿਪਾਨਿਧਿ ਪਾਨ ਪਰੈ ॥੧੮॥
ਜਿਹ ਫੋਕਟ ਧਰਮ ਸਬੈ ਤਜਿ ਹੈ ॥
ਇਕ ਚਿਤ ਕ੍ਰਿਪਾਨਿਧਿ ਕੋ ਜਪ ਹੈ ॥
ਤੇਊ ਯਾ ਭਵ ਸਾਗਰ ਕੋ ਤਰ ਹੈ ॥
ਭਵ ਭੂਲ ਨ ਦੇਹ ਪੁਨਰ ਧਰ ਹੈ ॥ ੧੯ ॥
ਇਕ ਨਾਮ ਬਿਨਾਂ ਨਹੀ ਕੋਟ ਬ੍ਰਿਤੀ ॥
ਇਮ ਬੇਦ ਉਚਾਰਤ ਸਾਰਸੁਤੀ ॥
ਜੋਊ ਵਾ ਰਸ ਕੇ ਚਸਕੇ ਰਸ ਹੈ ॥
ਤੇਊ ਭੂਲ ਨ ਕਾਲ ਫਧਾ ਫਸ ਹੈ ॥ ੨੦ ॥ ੧੬੦ ॥

ਅਕਾਲ ਉਸਤਤ, ਪਾ: ੧੦

ਏਸ ਦਸਮੇਸ਼ ਸ੍ਰੀ ਮੁਖ ਵਾਕ ਨੇ ਤਾਂ ਫਸਤਾ ਹੀ ਮੁਕਾ ਦਿਤਾ ਕਿ ਬੇਦ ਕਤੇਬ ਮਤਾਂਤਰੀ ਮੰਤ੍ਰ ਤੰਤ੍ਰ ਦੇ ਜਪ ਅਤੇ ਤਪ ਤਾਪ ਭਾਵੇਂ ਕੋਈ ਕੋਟ ਕਲਪਨ ਲੌ ਕਰਦਾ ਫਿਰੇ, ਪਰ ਇਤ ਬਿਧ ਕ੍ਰਿਪਾ ਨਿਧਿ ਪ੍ਰਮਾਤਮ ਦੇਵ ਕਦੇ ਭੀ ਪ੍ਰਾਪਤ ਨਹੀਂ ਹੋ ਸਕਦਾ। ਗੁਰਮਤਿ ਧਰਮ ਦ੍ਰਿੜ੍ਹਾਏ ਸਤਿਨਾਮ ਗੁਰਮੰਤ੍ਰ ਤੋਂ ਬਿਨਾਂ ਸਭ ਆਨ ਫੋਕਟ ਧਰਮ ਕਰਮੀ ਤੰਤ੍ਰ ਮੰਤ੍ਰ ਤਜ ਦੇਣੇ ਹੀ ਉਚਿਤ ਹਨ। ਏਹਨਾਂ ਭਰਮਾਂ ਨੂੰ ਤਜ ਕੇ ਇਕ ਮਨ ਇਕ ਚਿਤ ਹੋਇ, ਇਕੋ ਗੁਰਮਤਿ ਨਾਮ ਗੁਰਮੰਤ੍ਰ ਨੂੰ ਜਪਣਹਾਰੇ ਹੀ ਭਵ ਸਾਗਰੋਂ ਪਾਰ ਲੰਘ ਸਕਦੇ ਹਨ। ਗੁਰਮਤਿ ਨਾਮ ਅਭਿਆਸੀ ਬਹੁੜ ਇਸ ਭਵ ਭੂਮੀ ਵਿਖੇ ਆ ਕੇ ਜਨਮ ਨਹੀਂ ਲੈਂਦੇ।

 www.sikhbookclub.com

## ੧੪

# ਨਾਮ ਦਾ ਸਿਮਰਣ, ਮਨ ਦੀਆਂ ਮੁਰਾਦਾਂ ਤੇ ਰਿਧੀਆਂ ਸਿਧੀਆਂ

ਨਾਮ ਦੇ ਅਨਿੰਨ ਭਗਤ ਅਭਿਆਸੀ ਜਨ ਨੂੰ ਪ੍ਰਬਲ ਪ੍ਰਮਾਰਥੀ ਇਛਾ ਆਸਾ ਨਿਰੋਲ ਨਾਮ ਨਿਰਬਾਣ ਦੇ ਰੰਗਾਂ ਵਿਚਿ ਖੇਡਣ ਦੀ ਹੁੰਦੀ ਹੈ। ਮਾਯਾਵੀ ਮਨੋਰਥਾਂ ਦੀ ਕਿਸੇ ਕਾਮਨਾ ਨੂੰ ਮੁਖ ਰਖ ਕੇ ਉਹ ਨਾਮ ਨਹੀਂ ਜਪਦਾ, ਨਾਮ ਜਪ ਦੇ ਪ੍ਰਭਾਵ ਕਰਕੇ ਉਸ ਦੇ ਬਿਵਹਾਰ ਅਤੇ ਪਰਮਾਰਥ ਸੁਤੇ ਹੀ ਸੌਰ ਜਾਂਦੇ ਹਨ। ਜਿਨ੍ਹਾਂ ਮਾਯਾਵੀ ਮਨੋਰਥਾਂ ਦੀ ਖਾਤਰ, ਜਿਨ੍ਹਾਂ ਰਿਧੀਆਂ ਸਿਧੀਆਂ ਅਤੇ ਨਵ-ਨਿਧੀਆਂ ਦੇ ਹੇਤ ਇਹਨਾਂ ਕਾਮਨਾਵਾਂ ਦੇ ਚੇਟਕੀ ਜਨ ਅਨੇਕ ਭਾਂਤ ਧਾਵੰਦੇ ਫਿਰਦੇ ਹੁਨ ਅਤੇ ਅਨੇਕ ਯਤਨ ਕਰ ਹਠ ਯੋਗ ਸਾਧਨਾ ਮਈ ਉਗਰ ਤਪ ਤਾਪਨਾ ਕਰਦੇ ਹਨ, ਉਹ ਰਿਧੀਆਂ ਸਿਧੀਆਂ ਨਵ ਨਿਧੀਆਂ ਆਦਿਕ ਮਾਇਕ ਕਾਮਨਾਵਾਂ, ਨਾਮ ਰਤੜੇ ਨਾਮ ਅਭਿਆਸ ਕਮਾਈਆਂ ਪੂਰਤ, ਪੁਗ ਖਲੋਤੇ ਗੁਰਮੁਖ ਜਨਾਂ ਦੇ ਪਿਛੇ ਲਗੀਆਂ ਫਿਰਦੀਆਂ ਹਨ, ਪਰ "ਤਿਨਾ ਤਿਲ ਨ ਤਮਾਇ" ਯਥਾ ਗੁਰਵਾਕ :

> ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥
> ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
> ਜੋ ਹਰਿ ਹਿਰਦੈ ਸਦਾ ਵਸਾਇ ॥
> ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥
> ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥
>
> ਸੋਰਠਿ ਵਾਰ ਮ: ੩, ਪੰਨਾ ੬੪੯

ਇਸ ਗੁਰਵਾਕ ਤੋਂ ਸਿਧ ਹੋਇਆ ਕਿ ਏਕ ਸ਼ਬਦ ਅਰਥਾਤ ਗੁਰਮੰਤ੍ਰ (ਗੁਰਮਤਿ ਨਾਮ) ਨਾਲ ਲਿਵ ਲਾਉਣਹਾਰਿਆਂ ਗੁਰਮਤਿ ਨਾਮ ਦਾ ਜਾਪ (ਅਭਿਆਸ) ਸਦਾ ਹਿਰਦੇ ਵਸਾਉਣ ਹਾਰਿਆਂ ਗੁਰਮੁਖ ਜਨਾਂ ਨੂੰ ਨੌ ਨਿਧੀਆਂ ਤੇ ਅਠਾਰਾਂ ਸਿਧੀਆਂ ਸੁਤੇ ਨਿਰਇਛਤ ਹੀ ਪ੍ਰਾਪਤ ਹੋ ਜਾਂਦੀਆਂ ਹਨ। ਉਹਨਾਂ ਨੂੰ ਤਾਂ ਰਿਧੀਆਂ ਸਿਧੀਆਂ ਦਾ ਸਾਨ ਗੁਮਾਨ ਅਤੇ ਫੁਰਨਾ ਹੀ ਨਹੀਂ ਹੁੰਦਾ।

ਨਾ ਹੀ ਉਹਨਾਂ ਨੂੰ ਇਹਨਾਂ ਦੀ ਗਿਣਤੀ ਮਿਣਤੀ ਦਾ ਹੀ ਗਿਆਨ ਗੁਮੇਹ ਯਾ ਖਿਆਲ ਮਾਤਰ ਹੀ ਹੁੰਦਾ ਹੈ। ਨਾਮ ਅਰੂੜ ਬਵਸਥਾ ਅੰਦਰਿ ਨਾਮ ਅਭਿਆਸੀਆਂ ਦੇ ਸੁਤੇ ਫੁਰਨੇ ਭੀ ਸਹਿਜੇ ਹੀ ਪੂਰੇ ਹੋ ਜਾਂਦੇ ਹਨ। ਚਾਹੇ ਉਹਨਾਂ ਨੂੰ ਤਿਲ ਮਾਤਰ ਭੀ ਤਮਾਇ ਨ ਹੋਵੇ। ਰਿਧੀਆਂ ਸਿਧੀਆਂ ਸਦਾ ਹੱਥ ਜੋੜੀ ਉਹਨਾਂ ਦੇ ਅਗੇ ਪਿਛੇ ਖਲੋਤੀਆਂ ਰਹਿੰਦੀਆਂ ਹਨ, ਪਰ ਨਾਮ ਰਸਕ ਅਨੁਰਾਗੀਆਂ ਨੂੰ ਇਹ ਰੰਚਕ ਮਾਤਰ ਭੀ ਲੁਭਾਇਮਾਨ ਨਹੀਂ ਕਰ ਸਕਦੀਆਂ। ਗੁਰਸਿਖ ਇਹਨਾਂ ਦੀ ਜਾਚਨਾ ਤੇ ਇਛਾ ਭੀ ਨਹੀਂ ਕਰਦਾ। ਜੈਸਾ ਕਿ ਭਾਈ ਗੁਰਦਾਸ ਜੀ ਇਸ ਪ੍ਰਥਾਇ ਦਸਦੇ ਹਨ :

ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰਸਿਖੁ ਮੰਗੈ ॥
ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁਸਿਖੁ ਢਾਕੈ ਟੰਗੈ ॥
ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ ॥
ਲਖ ਪਾਰਸ ਲਖ ਪਾਰਜਾਤ ਹਥਿ ਨ ਛੁਹਦਾ ਫਲਨ ਅਭੰਗੈ ॥
ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ ॥
ਪੀਰ ਮੁਰੀਦੀ ਗਾਖੜੀ ਇਕਸ ਅੰਗਿ ਨ ਅੰਗਣਿ ਅੰਗੈ ॥
ਗੁਰਸਿਖੁ ਦੂਜੇ ਭਾਵਹੁ ਸੰਗੈ ॥

ਭਾਈ ਗੁਰਦਾਸ, ਵਾਰ ੨੮, ਪਉੜੀ ੨

ਨਾਮ ਦਾ ਪਰਬਲ ਮਹਾਂ ਰਸ ਇਹਨਾਂ ਕੁ-ਰਸਾਂ, ਰਿਧੀ ਸਿਧੀ ਆਦਿਕ ਦੇ ਕੁ-ਰਸਾਂ ਵਲ ਰੁਚੀ ਹੀ ਨਹੀਂ ਆਉਣ ਦਿੰਦਾ। ਜਿਨ੍ਹਾਂ ਦੀ ਰੁਚੀ ਇਤ ਵਲ ਹੋ ਗਈ, ਉਹਨਾਂ ਦੀ ਨਾਮ ਅਭਿਆਸ ਕਮਾਈ ਖੜ੍ਹਦੀ ਕਲਾ ਵਿਚ ਹੋ ਗਈ। ਰਿਧੀ ਸਿਧੀ ਦੇ ਚੇਟਕੀਆਂ ਨੂੰ ਨਾਮ ਵਲੋਂ ਅਰੁਚੀ ਹੋ ਜਾਂਦੀ ਹੈ। ਰਿਧ ਸਿਧ ਦੀ ਚੇਟਕ ਚਸਕੇ ਬਾਜ਼ੀ ਨਾਮ ਵਲੋਂ ਉਕੀ ਹੀ ਗੁਮਰੂਠ ਕਰ ਦਿੰਦੀ ਹੈ। ਜਿਨ੍ਹਾਂ ਦੀ ਪਰਬਲ ਮੰਗ ਹੀ ਰਿਧੀ ਸਿਧੀ ਦੀ ਹੁੰਦੀ ਹੈ, ਉਹਨਾਂ ਨੂੰ ਤਾਂ ਏਹ ਰਿਧੀ ਸਿਧੀ ਰੋਗ ਰੂਪ ਮੋਹ ਮਮਤਾ ਹੋ ਕੇ ਚਿਮੜ ਜਾਂਦੀ ਹੈ ਅਤੇ ਬਹੁੜਿ ਨਾਮ ਵਾਲੇ ਪਾਸੇ ਹੀ ਨਹੀਂ ਆਉਣ ਦਿੰਦੀ। ਯਥਾ ਗੁਰਵਾਕ :

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥

ਵਡਹੰਸ ਕੀ ਵਾਰ ਮ: ੩, ਪੰਨਾ ੫੯੩

ਇਸ ਗੁਰਵਾਕ ਦਾ ਇਹ ਅਨੁਵਾਦ ਹੀ ਹੋ ਸਕਦਾ ਹੈ ਕਿ ਜਿਨ੍ਹਾਂ ਦੇ "ਨਾਮੁ ਨ ਵਸੈ ਮਨਿ ਆਇ" ਤਿਨ੍ਹਾਂ ਨੂੰ "ਰਿਧਿ ਸਿਧਿ ਸਭੁ ਮੋਹੁ ਹੈ"। ਨਾਮ ਮਨਿ ਵਸਣ ਵਾਲਿਆਂ ਨੂੰ ਰਿਧ ਸਿਧ ਮੋਹ ਰੂਪ ਹੋ ਕੇ ਨਹੀਂ ਪੋਹ ਸਕਦੀ। ਇਸ ਦਾ ਭੀ ਸਪਸ਼ਟ ਭਾਵ ਇਹੋ ਹੈ ਕਿ ਨਾਮ ਰਿਦਿ ਵਿਗਾਸੀਆਂ ਨੂੰ ਰਿਧ ਸਿਧ ਰੂਪੀ ਚੇਟਕ ਵਿਚ ਪੈਣ ਦਾ ਮੋਹ ਰੂਪ ਚਸਕਾ ਵਿਆਪ ਹੀ ਨਹੀਂ

ਸਕਦਾ, ਉਹ ਇਧਰ ਪੈਂਦੇ ਹੀ ਨਹੀਂ । ਰਿਧ ਸਿਧ ਰੂਪੀ ਮੋਹ ਕਰ ਮੁਹਾਇ ਮੋਹੇ ਹੀ ਨਹੀਂ ਜਾਂਦੇ । ਇਸ ਦਾ ਇਹ ਭਾਵ ਨਹੀਂ ਕਿ ਨਾਮ ਰਸੀਏ ਨਿਸੰਗ ਖੁਲ੍ਹੇ ਹੋ ਕੇ ਰਿਧ ਸਿਧ ਕਰਾਮਾਤ ਦੀ ਵਰਤੋਂ ਕਰਨ, ਉਹਨਾਂ ਨੂੰ ਇਸ ਦਾ ਲੇਸ ਲੇਪ ਹੀ ਨਹੀਂ ਲਗਦਾ । ਇਹ ਤਾਂ ਐਸੇ ਹੀ ਅਰਥ ਹਨ, ਜੈਸਾ ਕਿ ਕਈ ਖਰੜ ਗਿਆਨੀ "ਬ੍ਰਹਮ ਗਿਆਨੀ ਸਦਾ ਨਿਰਲੇਪ"* ਦੇ ਅਰਥ ਕਰਦੇ ਹਨ ਕਿ ਬ੍ਰਹਮ ਗਿਆਨੀ ਨੂੰ ਕਿਸੇ ਪਾਪ ਕਰਮ ਦਾ ਲੇਪ ਹੀ ਨਹੀਂ ਲਗਦਾ, ਭਾਵੇਂ ਉਹ ਕਿਤਨੇ ਹੀ ਪਾਪ ਕਰਮ ਕਰੀ ਜਾਵੇ । ਇਸੇ ਤਰ੍ਹਾਂ ਨਾਮ ਅਰੂੜ ਬਵਸਥਾ ਵਾਲੇ ਗੁਰਮੁਖ ਜਨ ਰਿਧ ਸਿਧ ਰੂਪ ਮੋਹ ਜਾਲ ਵਿਚ ਪੈਂਦੇ ਹੀ ਨਹੀਂ, ਸਗੋਂ ਇਸ ਤੋਂ ਉਲਟ ਰਿਧ ਸਿਧ ਦੇ ਸਾਧਣਹਾਰੇ ਸਾਧਕ ਜਨਾਂ ਨੂੰ ਨਾਮ ਦੀ ਪ੍ਰਾਪਤੀ ਹੀ ਨਹੀਂ ਹੋ ਸਕਦੀ । ਜੈਸਾ ਕਿ ਅਗਲਾ ਵਾਕ ਸਿਧ ਕਰਦਾ ਹੈ :

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥
ਸੋਰਠਿ ਵਾਰ ਮ: ੩, ਪੰਨਾ ੬੫੦

ਇਸ ਗੁਰਵਾਕ ਨੇ ਨਿਹਚਉ ਕਰਕੇ ਇਹ ਗਲ ਨਿਬੇੜ ਦਿਤੀ ਕਿ ਜੋਗ ਸਾਧਨਾਂ ਵਾਲੇ ਸਿਧ ਸਾਧਕਾਂ ਨੂੰ ਰਿਧੀਆਂ ਸਿਧੀਆਂ ਭਾਵੇਂ ਪ੍ਰਾਪਤ ਹੋ ਜਾਣ, ਪਰ ਓਹਨਾਂ ਨੂੰ ਨਾਮ ਦੀ ਪਰਾਪਤੀ ਨਹੀਂ ਹੋ ਸਕਦੀ, ਚਾਹੇ ਨਾਮ ਦੀ ਖੋਜ ਪ੍ਰਾਪਤੀ ਲਈ ਉਹ ਲਖ ਜੋਗ ਸਮਾਧੀਆਂ ਲਾ ਲਾ ਕੇ ਥਕ ਰਹਿਣ । ਬਸ ਜੋਗੀ ਜਨ ਤਾਂ ਇਸ ਰਿਧ ਸਿਧ ਰੂਪੀ ਕੂੜ ਕਰਾਮਾਤੀ ਉਰੇਡੀ ਖੇਡ ਵਿਚ ਰਚ ਪਚ ਕੇ ਉਰਝਾਇ ਰਹਿੰਦੇ ਹਨ, ਨਾਮ ਬਵਸਥਾ ਨੂੰ ਪ੍ਰਾਪਤ ਨਹੀਂ ਹੋ ਸਕਦੇ । ਏਹ ਰਿਧ ਸਿਧ ਰੂਪੀ ਮੋਹ ਜਾਲ ਓਹਨਾਂ ਨੂੰ ਇਤ ਵਲ ਉਭਰਨ ਹੀ ਨਹੀਂ ਦਿੰਦਾ । ਓਹਨਾਂ ਨੂੰ ਲਾਲਸਾ ਤਾਂ ਹੁੰਦੀ ਹੈ ਨਾਮ ਨਾਮੀ ਦੇ ਖੋਜਣ ਦੀ, ਪਰ ਯੋਗ ਸਾਧਨਾਂ ਦੀ ਸਿਧੀ ਦੁਆਰਾ ਨਾ ਹੀ ਓਹਨਾਂ ਨੂੰ ਨਾਮੀ (ਅਕਾਲ ਪੁਰਖ, ਪ੍ਰਮਾਤਮਾ) ਦੀ ਪ੍ਰਾਪਤੀ ਹੁੰਦੀ ਹੈ, ਨਾ ਨਾਮ ਦੀ । ਨਾਮ ਦੀ ਪ੍ਰਾਪਤੀ ਬਿਹੂਣ ਨਾਮੀ ਦਾ ਮਿਲਾਪ ਨਹੀਂ ਹੁੰਦਾ, ਪਰ ਨਾਮ ਦੀ ਪ੍ਰਾਪਤੀ ਪ੍ਰਥਾਇ ਇਹ ਵਾਕ ਇਉਂ ਦਰਸਾਉਂਦਾ ਹੈ ਕਿ :

"ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥"

---

* ਗਉੜੀ ਸੁਖਮਣੀ ਮ: ੫, ਪੰਨਾ ੨੭੨

ਤਾਂ ਤੇ ਨਿਗੁਰਿਆਂ ਨੂੰ ਨਾਮ ਪ੍ਰਾਪਤ ਨਹੀਂ ਹੋ ਸਕਦਾ ਅਤੇ ਗੁਰਮੰਤ੍ਰ ਹੀਣ ਨਿਗੁਰਿਆਂ ਨੂੰ ਨਾਮੀ ਅਕਾਲ ਪੁਰਖ ਦੀ ਪ੍ਰਾਪਤੀ ਕਿਥੋਂ ? ਕੇਵਲ ਗੁਰਮੁਖਾਂ, ਗੁਰਮੰਤਰ ਅਭਿਆਸੀਆਂ ਨੂੰ ਹੀ ਨਾਮ ਦੀ ਅਤੇ ਨਾਮੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾਮ ਤੇ ਬਿਹੂਣ ਯੋਗ ਸਾਧਨਾਂ ਵਾਲਿਆਂ ਦੀ ਰਿਧੀ ਸਿਧੀ ਪੈਨਣ ਖਾਣ ਵਾਲੀਆਂ ਵਸਤੂਆਂ ਦੀ ਕੂੜ ਕਰਾਮਾਤੀ ਸ਼ਾਨ ਦੇ ਹੀ ਟੰਟੇ ਹਨ, ਜਿਸ ਨੂੰ ਇਸ ਗੁਰਵਾਕ ਦੀ ਅਗਲੀ ਤੁਕ ਬਾਦ ਕਰਕੇ ਜਣਾਉਂਦੀ ਹੈ :

"ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ
ਧਿਗੁ ਸਿਧੀ ਧਿਗੁ ਕਰਮਾਤਿ ॥"

ਇਸ ਕੂੜ ਕਰਾਮਾਤੀ ਰਿਧੀ ਸਿਧੀ ਨੂੰ ਗੁਰੂ ਸਾਹਿਬ ਧ੍ਰਿਗ ਧ੍ਰਿਗ ਕਰਕੇ ਉਚਾਰਦੇ ਹਨ। ਰਿਧੀ ਸਿਧੀ ਵਿਚ ਪੈਣ ਦੇ ਖਲਜਗਣ ਤੋਂ ਬਿਨਾਂ ਨਾਮ ਦੁਆਰਾ ਸੁਤੇਸਿਧ ਪ੍ਰਾਪਤਿ ਹੋਈ ਰਿਧ ਸਿਧ ਅਸਲ ਸਾਰ ਕਰਮਾਤੀ ਸਹਜ ਸੁਭਾਈ ਨਾਮ ਕਰੰਮਨੀ ਦਾਤਿ ਹੈ :

"ਸਾ ਸਿਧਿ ਸਾਂ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥"

ਏਹ ਸਹਜ ਸਾਰ ਕਰਾਮਾਤੀ ਦਾਤ ਤਿਨਾਂ ਗੁਰਮੁਖਾਂ ਨੂੰ ਅਚਿੰਤੇ ਹੀ ਪ੍ਰਾਪਤ ਹੋ ਜਾਂਦੀ ਹੈ ਜਿਨ੍ਹਾਂ ਦੇ ਹਿਰਦੇ ਅੰਦਰ ਨਾਮ ਵਸ ਜਾਂਦਾ ਹੈ। ਅਸਲ ਸਾਰ ਕਰਾਮਾਤ ਹੈ ਹੀ ਏਹੋ, ਜੈਸਾ ਕਿ ਇਸ ਵਾਕ ਦੀ ਅਖੀਰਲੀ ਤੁਕ ਦਸਦੀ ਹੈ :

"ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ
ਏਹਾ ਸਿਧਿ ਏਹਾ ਕਰਮਾਤਿ ॥"

ਅਰਥਾਤ–ਹਰਿ ਨਾਮ ਗੁਰੂ ਦੁਆਰਾ ਪ੍ਰਾਪਤ ਹੋਏ ਗੁਰਮਤਿ ਨਾਮ ਗੁਰਮੰਤ੍ਰ ਦਾ ਮਨਿ ਅੰਦਰ ਵਸਣਾ ਹੀ ਅਸਲ ਸਿਧੀ ਅਤੇ ਤੱਤ ਸਾਰ ਕਰਾਮਾਤ ਹੈ। ਸਾਹਿਬ ਤੁਠੇ ਦਿਤੀ ਦਾਤ ਹੀ ਸੱਚੀ ਕਰਾਮਾਤ ਹੈ। ਅਪਨੇ ਸਾਧਨ ਕਰਾਮਾਤੀ ਦਾਤ ਕੋਈ ਦਾਤ ਨਹੀਂ, ਨਾ ਹੀ ਏਹ ਕਰਾਮਾਤ ਹੈ :

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਏ ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥

ਵਾਰ ਆਸਾ ਮ: ੨, ਪੰਨਾ ੪੭੪

ਹਠ ਯੋਗ, ਯੋਗ ਸਾਧਨ ਮਈ ਹਉਮੈ ਕਰਮ ਕਮਾ ਕੇ ਆਪੇ ਹੀ ਕਰਮਾਤੀ ਬਣ ਬਹਿਣਾ ਸ਼ੁਅਬਦਾ ਬਾਜ਼ੀ ਅਤੇ ਨਾਟਕ ਚੇਟਕੀ ਕੁਕਾਜ ਹੈ :

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭੁ ਲੋਗਨ ਕਹ ਆਵਤ ਲਾਜਾ ॥

ਬਚਿਤ੍ਰ ਨਾਟਕ ਪਾ: ੧੦


www.sikhbookclub.com

ਸਾਹਿਬ ਤੁਠਨੀ ਦਾਤ ਕਰਾਮਾਤੀ ਨਾਮ ਤੋਂ ਘੁਥੇ ਜੋਗੀਸ਼ਰਾਂ ਨੇ ਗੁਰੂ ਨਾਨਕ ਸਾਹਿਬ ਨੂੰ ਜਿਤਣ ਲਈ ਬਥੇਰੀਆਂ ਹਠ ਕਰਮੀ ਰਿਧ ਸਿਧ ਮਈ ਤੰਤ੍ਰ ਮੰਤ੍ਰੀ ਕਰਾਮਾਤਾਂ ਦਿਖਾਈਆਂ ਅਤੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਉਣ ਲਈ ਬਥੇਰਾ ਵੰਗਾਰਿਆ। ਪਰ ਨਾਮ ਕਰਾਮਾਤੀ ਸੋਮੇ ਸਚੀ ਨਾਮ ਨਿਧ ਦੇ ਮਾਲਕ ਸਿਰੀ ਗੁਰੂ ਨਾਨਕ ਸਾਹਿਬ ਉਤੇ ਉਹਨਾਂ ਦਾ ਰਾਈ ਮਾਤ੍ਰ ਵੀ ਅਸਰ ਨਹੀਂ ਹੋਇਆ, ਸਗੋਂ "ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ"* ਅਜਰ ਜਰਨ ਨਾਮ ਦੀ ਗੋਝ ਕਰਾਮਾਤੀ ਕਲਾ ਨੂੰ ਜਣਾਉਣ ਜਤਾਉਣ ਅਤੇ ਪ੍ਰਗਟ ਕਰਕੇ ਦਿਖਾਉਣ ਦੀ ਲੋੜ ਹੀ ਨਹੀਂ ਪਈ। ਸ਼ਬਦ ਗੁਰੂ ਗੁਰਮੰਤ੍ਰ ਦੀ ਸਹਜ ਕਰਾਮਾਤੀ ਸਮਰਥਾ ਨੇ ਸਾਰੀ ਸਿਧ ਮੰਡਲੀ ਸਹਜੇ ਹੀ ਜਿਤ ਲਈ। ਪਰ ਆਪੋਂ ਗੁਰੂ ਸਾਹਿਬ ਨੇ ਕਰਾਮਾਤ ਦਿਖਾਉਣ ਦਾ ਸੰਕਲਪ ਮਾਤਰ ਨਹੀਂ ਧਾਰਿਆ, ਸਗੋਂ ਕਰਾਮਾਤ ਕਲਾ ਦਿਖਾਉਣ ਵਾਲੇ ਸਿਧਾਂ ਦੇ ਵੰਗਾਰ ਪੁਕਾਰੀ ਚੈਲੰਜ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਅਗੋਂ ਦੇਖੋ ਕੇਵਡ ਨੀਵੇਂ ਨਿਮਰੀ ਬਚਨ ਸੁਣਾਏ :

ਬਾਬਾ ਬੋਲੇ ਨਾਥ ਜੀ ਸਬਦੁ ਸੁਣਹੁ ਸਚੁ ਮੁਖਹੁ ਆਲਾਈ ॥
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ ॥
ਬਸਤਰ ਪਹਿਰੋ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ ॥
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨਥਿ ਚਲਾਈ ॥
ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ ॥
ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ ॥
ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ ॥
ਸਤਿਨਾਮੁ ਬਿਨੁ ਬਾਦਰਿ ਛਾਈ ॥ ੪੩ ॥

ਭਾਈ ਗੁਰਦਾਸ ਵਾਰ ੧

ਐਨ ਏਸੇ ਭਾਵ ਦਾ ਸਿਰੀ ਗੁਰੂ ਨਾਨਕ ਜੀ ਦਾ ਮੁਖ ਵਾਕ ਗੁਰਬਾਣੀ ਅੰਦਰ ਆਉਂਦਾ ਹੈ :

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥
ਧਰ ਤਾਰਾਜੀ ਅੰਬਰ ਤੋਲੀ ਪਿਛੈ ਟੰਕੁ ਚੜਾਈ ॥
ਏਵਡ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥

* ਭਾਈ ਗੁਰਦਾਸ ਵਾਰ ੧, ਪਉੜੀ ੪੨

ਨਾਨਕੁ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥
ਵਾਰ ਮਾਝ ਕੀ ਮ: ੧, ਪੰਨਾ ੧੪੭

ਬਸ ! ਨਦਰ ਕਰੰਮੀ ਨਾਮ ਦੀ ਦਾਤ ਹੀ ਸੱਚੀ ਕਰਾਮਾਤ ਹੈ ।

"ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥"

ਪ੍ਰਾਣੀ ਜੇ ਕਹੇ ਕਿ ਸਭ ਕੁਛ ਮੇਰੀ ਚਿਤਵੀ ਆਸਾ ਮਨਸਾ ਅਨੁਸਾਰ ਹੀ ਮਿਲ ਜਾਵੇ ਤਾਂ ਤਿਸ ਪਰ ਉਹੀ ਗੁਰਵਾਕ ਘਟਦਾ ਹੈ :

"ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥"

ਤਾਂਤੇ ਨਾਮ ਦਾਤ ਰੂਪੀ ਰਜ਼ਾ ਦੇ ਰੱਜੇ ਰੀਝੇ ਅਤੇ ਵਰੋਸਾਏ ਹੋਏ ਹੁਕਮ ਰਜ਼ਾਈ ਚਲਣਹਾਰੇ ਗੁਰੂ ਕੇ ਸਿਖ ਨਾਮ ਦੀ ਮੰਗ ਬਿਨਾਂ ਹੋਰ ਕੋਈ ਮੰਗ ਮੰਗਦੇ ਹੀ ਨਹੀਂ ।

ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥
ਗਉੜੀ ਕੀ ਵਾਰ ਮ: ੫, ਪੰਨਾ ੩੨੧

ਉਹਨਾਂ ਨੂੰ ਹੋਰ ਮੰਗ ਮੰਗਣੀ ਕੋਈ ਬਾਕੀ ਰਹਿੰਦੀ ਹੀ ਨਹੀਂ । ਉਹਨਾਂ ਨਮਿਤ ਲੋੜੀਂਦੜੀਆਂ ਲੋੜਾਂ ਮੰਗਾਂ ਕਰਤਾ ਪੁਰਖ ਆਪ ਪੂਰੀਆਂ ਕਰਦਾ ਹੈ । ਤਿਨ੍ਹਾਂ ਦੀਆਂ ਸਭ ਚਿਤਵਨੀਆਂ ਅਤੇ ਆਸਾ ਅੰਦੇਸੇ ਮਿਟ ਜਾਂਦੇ ਹਨ । ਯਥਾ ਗੁਰਵਾਕ :

ਜਿਸਦੈ ਚਿਤਿ ਵਸਿਆ ਮੇਰਾ ਸੁਆਮੀ
ਤਿਸਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥
ਹਰਿਸੁਖ ਦਾਤਾ ਸਭਨਾ ਗਲਾ ਕਾ
ਤਿਸਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥
ਜਿਨਿ ਹਰਿ ਧਿਆਇਆ ਤਿਸਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥
ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ
ਸਭਿ ਜਨ ਕੇ ਬੰਧਨ ਤੋੜੀਐ ॥
ਹਰਿ ਕਿਰਪਾ ਤੇ ਹੋਆ ਹਰਿ ਭਗਤੁ
ਹਰਿ ਭਗਤ ਜਨਾ ਕੇ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ ॥੪॥
ਬਿਹਾਗੜੇ ਕੀ ਵਾਰ ਮਹਲਾ ੪, ਪੰਨਾ ੫੫੦

ਤਥਾ—

ਜਿਨ੍ਹਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥

ਜਾਂ ਕਰਤਾ ਵਲਿ ਤਾ ਸਭੁ ਕੋ ਵਲਿ
ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥

ਗਉ: ਕੀ ਵਾਰ ਮ: ੪, ਪੰਨਾ ੩੦੫

ਪੁਨਾ–

ਏਕੋ ਜਪੀਐ ਮਨੈ ਮਾਹਿ ਇਕਸ ਕੀ ਸਰਣਾਇ ॥
ਇਕਸੁ ਸਿਉ ਕਰਿ ਪਿਰਹੜੀ ਦੂਜੀ ਨਾਹੀ ਜਾਇ ॥
ਇਕੋ ਦਾਤਾ ਮੰਗੀਐ ਸਭੁ ਕਿਛੁ ਪਲੈ ਪਾਇ ॥
ਮਨਿ ਤਨਿ ਸਾਸਿ ਗਿਰਾਸਿ ਪ੍ਰਭੁ ਇਕੋ ਇਕੁ ਧਿਆਇ ॥

ਰਾਮਕਲੀ ਕੀ ਵਾਰ ਮ: ੫, ਪੰਨਾ ੯੬੧

ਅਭਿਆਸੀ ਜਨ ਲਈ ਤੱਤ ਹੁਕਮ ਤਾਂ ਅਭਿਆਸ ਕਮਾਈ ਲਈ ਇਹੋ ਹੈ ਕਿ :

ਆਸਾ ਸਭੇ ਲਾਹਿਕੈ ਇਕਾ ਆਸ ਕਮਾਉ ॥

ਸਿਰੀ ਰਾਗੁ ਮ: ੫, ਪੰਨਾ ੪੩

ਬਸ ! ਉਸ ਦੀਆਂ ਸਭੇ ਆਸਾਂ ਨਾਮੁ ਅਭਿਆਸ ਅਜਪਾ ਜਾਪ ਦੇ ਪ੍ਰਭਾਵ ਕਰਿ ਆਪੇ ਪੂਰੀਆਂ ਹੋ ਜਾਣਗੀਆਂ। ਉਹ ਆਸਾਵਾਂ ਜਿਨ੍ਹਾਂ ਨੂੰ ਲਾਹ ਕੇ ਮਿਟਾਇਕੇ, ਜਿਨ੍ਹਾਂ ਨੂੰ ਪਿੱਠ ਦੇ ਕੇ ਉਹ ਅਜਪਾ ਜਾਪ ਮਈ ਇਕਾ ਆਸ ਕਮਾਵਨ ਲਗਾ ਸੀ, ਉਹਨਾਂ ਦੀ ਪੂਰਤੀ ਪਰਛਾਵੇਂ ਵਾਂਗੂੰ ਆਪੇ ਪਿਛੇ ਲਗੀ ਤੁਰੀ ਆਵੇਗੀ, ਆਪੋਂ ਉਸ ਦੀ ਪਰਬਲ ਮੰਗ ਕੇਵਲ ਇਕੋ ਨਾਮ ਪਰਮਾਰਥੀ ਮੰਗ ਹੀ ਰਹੇਗੀ। ਸੂਖਮ ਸੰਕਲਪੀ ਛਾਈਂ ਮਾਈਂ ਮੰਗਾਂ ਜੇ ਕਿਤੇ ਸੁਤੇ ਸੰਕਲਪਤ ਸੁਅਪਨ ਸਾਰਖੀਆਂ ਉਪਜਣਗੀਆਂ ਵੀ, ਤਾਂ ਉਸ ਆਤਮ ਬਿਵਸਥਾ ਅੰਦਰ ਉਹ ਤਤ ਛਿਨ ਹੀ ਪੂਰੀਆਂ ਹੁੰਦੀਆਂ ਰਹਿਣਗੀਆਂ। ਜੇ ਨਾ ਭੀ ਉਪਜਣ ਤਦ ਭੀ ਉਸ ਦੀਆਂ ਯਥਾ ਯੋਗ ਲੋੜਾਂ ਸਹਿਜ ਮਤੇ ਹੀ ਤੋੜ ਪੁਜਣਗੀਆਂ। ਲੋੜਾਂ ਦੇ ਤੋੜ ਪੁਜਣ ਪੁਜਾਵਣ ਲਈ ਇਹ ਜ਼ਰੂਰੀ ਨਹੀਂ ਕਿ ਉਕਤ ਲੋੜਾਂ ਦੀ ਲਾਲਸਾ ਬਣੀ ਰਹੇ। ਲੋੜਾਂ ਦੀ ਲਾਲਸਾ, ਆਸ਼ਾਵਾਂ, ਕਾਮਨਾਵਾਂ ਦੀ ਆਸ, ਕਾਮਨਾ ਦੀ ਹੋਂਦ, ਉਕਤ ਆਸਾਵਾਂ ਦੀ ਪੂਰਤੀ ਲਈ ਸਹਾਈ ਨਹੀਂ। ਆਸਾਵਾਂ ਦੇ ਬਣੇ ਰਹਿਣ ਦਾ ਕੋਈ ਸੁਬੇਹਤਾ ਨਹੀਂ। ਆਸਾਵਾਂ ਦੇ ਆਸਾਵੰਤ ਚਸਕਾਲੂ ਦੋਈ ਗੱਲਾਂ ਲੋੜਦੇ ਹਨ ਕਿ ਆਸਾ ਤੋਂ ਨਿਰਾਸਤਾ ਭੀ ਨਾ ਹੋਵੇ ਅਤੇ ਆਸਾ ਭੀ ਪੂਰੀ ਹੋ ਜਾਵੇ। ਐਸਾ ਭੀ ਹੁੰਦਾ ਹੈ ਕਿ ਇਕਾ ਆਸਾ ਦਰਸ ਪਿਆਸਾ ਦੀ ਪਰਬਲਤਾ ਤੋਂ ਪਹਿਲਾਂ ਤਾਂ ਅਕਸਰ ਦੂਜੀਆਂ ਆਸਾਵਾਂ ਭੀ ਉਪਜਦੀਆਂ ਰਹਿੰਦੀਆਂ ਹਨ ਅਤੇ ਕਈ ਹਾਲਤਾਂ ਵਿਚ ਪਹਿਲੇ ਪਹਿਲੇ ਆਸ ਮਨੋਰਥ ਹਿਤ ਜਾਪ ਪਾਠ ਅਰੰਭਿਆ ਜਾਂਦਾ ਹੈ ਅਤੇ ਜਿਸ ਨਮਿਤ ਇਹ

ਅਰੰਭਿਆ ਜਾਂਦਾ ਹੈ, ਉਹ ਕਾਰਜ ਭੀ ਪੂਰਾ ਹੋ ਜਾਂਦਾ ਹੈ, ਪਰ ਜਿਨ੍ਹਾਂ ਨੂੰ ਅਜਪਾ ਜਾਪ ਦੀ ਟੇਵ ਪੈ ਜਾਂਦੀ ਹੈ, ਉਹ ਫਿਰ ਇਸ ਨਾਮ ਮਹਾਂਰਸ ਨੂੰ ਛਡ ਕੇ ਦੂਤੀ ਚਿਤਵਨੀਆਂ ਨੂੰ ਚਿਤਵਨਾ ਹੋਛੇ ਰਸਾਂ ਵਿਚ ਪੈਣਾ ਪ੍ਰਤੀਤ ਕਰਦੇ ਹਨ, ਪਰ ਫੇਰ ਵੀ ਤਿਨ੍ਹਾਂ ਦੇ ਪਰਉਪਕਾਰ ਨਮਿਤ ਚਿਤਵੇ ਅਤੇ ਲੋੜ ਲਏ ਕਾਰਜ ਸਭ ਪੂਰੇ ਹੋ ਜਾਂਦੇ ਹਨ, ਪਰ ਨਾਮ ਦੇ ਆਸਰੇ ਤੇ ਅਰਦਾਸ ਬੇਨਤੀ ਦੇ ਪ੍ਰਾਇਣ ਨਿਮਰੀ ਭੂਤ ਹੋ ਕੇ ਲਿਵ ਲੀਨ ਹੋਇਆਂ। ਮਨੋਂ ਉਪਜੀ ਉਮੰਗ ਆਪੋਂ ਉਸ ਆਸ ਪੂਰਤੀ ਲਈ ਸਹਾਈ ਨਹੀਂ। ਨਾਮ ਲੀਨੀ ਅਰਦਾਸ ਹੀ ਸਹਾਇਕ ਹੁੰਦੀ ਹੈ। ਨਾਮ ਲਿਵ ਲੀਨੀ ਜਨਾਂ ਦੀ ਅਰਦਾਸ ਆਪ ਗੁਣਤਾਸ ਗੁਰੂ ਕਰਤਾਰ ਪੂਰਾਂਵਦਾ ਹੈ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥

ਬਿਲਾਵਲੁ ਮ: ੫, ਪੰਨਾ ੮੨੯

ਐਸੇ ਨਾਮ ਰਸ ਲੀਨੀ, ਲਿਵਰੰਗ ਪਰਬੀਨੀ ਜਨ, ਜੋ ਜੋ ਕੁਛ ਆਪਣੇ ਪੂਜਯ ਗੁਰੂ ਠਾਕਰ ਤੋਂ ਮੰਗਦੇ ਹਨ, ਸੋਈ ਸੋਈ ਉਹ ਉਹਨਾਂ ਨੂੰ ਤੁਠ ਕੇ ਦੇਂਵਦਾ ਹੈ, ਉਹਨਾਂ ਦੀ ਭਗਤਿ ਕਮਾਈ ਤੇ ਨਦਰੀਜਕੇ ਦੇਂਦਾ ਹੈ।

ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥<br>
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥

ਧਨਾਸਰੀ ਮ: ੫, ਪੰਨਾ ੬੮੧

ਐਸੇ ਪਰਵਾਨ ਪਏ ਗੁਰਮੁਖ ਜਨਾਂ ਦੀ ਵਾਕ ਸਿਧੀ ਵਾਲੀ ਪਰਬੀਨ ਆਤਮ ਬਵਸਥਾ ਹੋ ਜਾਂਦੀ ਹੈ। ਪਰ ਓਸ ਨੂੰ ਉਹ ਸੰਕੋਚ ਕੇ ਰਖਦੇ ਹਨ, ਕਿਸੇ ਥਾਉਂ ਸਿਰ ਹੀ ਵਰਤਦੇ ਹਨ, ਗੁਰ ਹੁਕਮ ਅਨੁਸਾਰ।

ਏਹ ਸਭ ਵਡਿਆਈਆਂ ਗੁਰ ਹੁਕਮ ਨਦਰਿਸ਼ਟ ਨਾਮ ਜਾਪ ਦੀ ਕਮਾਈ ਦੇ ਕਾਰਨ ਵਰੋਸਾਉਂਦੀਆਂ ਹਨ, ਜੈਸਾ ਕਿ ਗੁਰਵਾਕ ਹੈ :

ਸਭ ਵਡਿਆਈਆ ਹਰਿਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥<br>
ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥<br>
ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ<br>
ਤਾ ਸਰਬ ਸੁਖੁ ਪਾਈਐ ॥

ਬਿਲਾਵਲ ਕੀ ਵਾਰ ਮ. ੪ ਪੰਨਾ ੮੫੦

ਪਰ ਪਰਵਾਨ ਗੁਰਮੁਖ ਜਨਾਂ ਦੇ ਜੀਅ ਦੀ ਗੋੜ ਗਲ ਆਮ ਤੌਰ ਤੇ ਆਤਮ ਰੰਗਾਂ ਵਾਲੀ ਪਰਸੁਆਰਥੀ ਮੰਗ ਹੀ ਹੁੰਦੀ ਹੈ ਅਥਵਾ ਪਰ-ਉਪਕਾਰੀ ਪਰ-ਸੁਆਰਥ ਲਈ ਯਾਚਨਾ ਹੋਇਆ ਕਰਦੀ ਹੈ। ਨਿਜ ਦੀਆਂ ਸੁਆਰਥੀ ਮੰਗਾਂ ਤਾਂ ਓਹਨਾਂ ਦੀਆਂ ਆਪ ਕਰਤਾ ਪੁਰਖ ਪੂਰੀਆਂ ਕਰਦਾ ਰਹਿੰਦਾ ਹੈ।

 www.sikhbookclub.com

ਉਹਨਾਂ ਨੂੰ ਆਪਣੀਆਂ ਮੰਗਾਂ ਮੰਗਣ ਦੀ ਮੁਛੰਦਗੀ ਹੀ ਨਹੀਂ ਰਹਿੰਦੀ। ਯਥਾ ਗੁਰਵਾਕ :

ਜਾ ਤੂੰ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥
ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥

ਮਾਰੂ ਵਾਰ ਮ: ੫ ਡਖਣੇ, ਪੰਨਾ ੧੦੯੬

ਮਾਇਕ ਮਨੋਰਥਾਂ ਦੀ ਹਰ ਦਮ ਮੰਗ ਕਰਦੇ ਰਹਿਣਾ ਏਹ ਗੁਰਮੁਖ ਜਨਾਂ ਹੁਕਮੀ ਬੰਦੇ ਗੁਰਸਿਖਾਂ ਦਾ ਵਤੀਰਾ ਨਹੀਂ। ਐਸਾ ਵਤੀਰਾ ਨਾਮ ਰੰਗਾਂ ਤੋਂ ਬਿਰਤੀ ਨੂੰ ਨਿਘਾਰ ਕੇ ਕੁਰੰਗਾਂ ਵਿਚ ਲੈ ਬੋੜਦਾ ਹੈ। ਓੜਕ ਗੁਰ ਹੁਕਮ, ਹੁਕਮਾਂ ਸ੍ਰਿਰ ਹੁਕਮ ਵਲੋਂ ਹੀ ਬੇ-ਮੁਖ ਕਰ ਦਿੰਦਾ ਹੈ। ਸਰਧਾ ਪੂਰਨੀ ਮੰਗਾਂ ਦੇ ਚੇਸਟੀਆਂ ਦੀ ਅਕਸਰ ਐਸੀ ਹੀ ਦਸ਼ਾ ਵਾਪਰੀ ਪੇਖੀ ਪਰਖੀ ਗਈ ਹੈ। ਤਾਂ ਤੇ ਗੁਰੂ ਕੇ ਸਿਖਾਂ ਨੂੰ ਸੁਆਰਥਕ ਮੰਗਾਂ ਦਾ ਚੇਸ਼ਟੀ ਮੰਗਤਾ ਨਹੀਂ ਬਣਨਾ ਚਾਹੀਦਾ। ਨਾ ਹੀ ਮੰਗਾਂ ਮੰਗ ਮੰਗ ਅਤੇ ਲੋਕਾਂ ਦੀ ਸਰਧਾ ਪੂਰ ਪੂਰ ਆਪਣੇ ਆਪ ਨੂੰ ਇੱਛਾ ਪੂਰਕ ਦਾਤਾ ਪ੍ਰਸਿਧ ਕਰਨਾ ਉਚਿਤ ਹੈ, ਬਲਕਿ ਐਸਾ ਕਰਨਾ ਉੱਕਾ ਹੀ ਗੁਰਮਤਿ ਪ੍ਰਤਿਕੂਲ ਹੈ। ਸਰਧਾ ਪੂਰਨੀ ਠਰਕ ਦੇ ਆਸਾ ਵੰਤਿਆਂ ਨੂੰ ਆਪਣੀ ਮਨ ਮੰਨੀ ਆਸਾ ਦਾ ਮਮਤਾ ਮਈ ਮੋਹ ਅਜੇਹਾ ਨਹੀਂ ਲਗ ਜਾਣਾ ਚਾਹੀਦਾ ਕਿ ਉਹ ਜਦ ਤਾਂਈਂ ਉਹਨਾਂ ਦੀ ਆਸਾ ਨਾ ਬਣੀ ਰਹੇ ਤਦ ਤਾਂਈਂ ਨਾਮ ਜਾਪ ਦਾ ਲਾਭ ਹੀ ਕੁਛ ਨਾ ਸਮਝਣ। ਅਸਾਡੇ ਇਕ ਪ੍ਰੀਤਵਾਨ ਮੀਤ ਜਨ ਲਿਖਦੇ ਹਨ ਕਿ :

'ਜਾਪ ਦਾ ਆਮ ਆਦਮੀ ਲਈ ਤਦ ਹੀ ਲਾਭ ਹੈ ਜੇ ਆਸਾ ਹੁੰਦੀ ਹੋਈ ਮੰਤਵ ਸਿਧ ਹੋ ਜਾਏ'—ਓਹਨਾਂ ਦੇ ਨਿਕਟ ਆਸਾ ਦੇ ਅਭਾਵ ਹੋਣ ਦੀ ਹਾਲਤ ਵਿਚ ਮੰਤਵ ਸਿਧੀ ਆਮ ਆਦਮੀਆਂ ਲਈ ਲਾਭਦਾਇਕ ਨਹੀਂ ਅਤੇ ਨਾਮ ਦਾ ਜਾਪ ਓਹਨਾਂ ਦੇ ਭਾ ਦਾ ਹਰ ਇਨਸਾ ਲਈ ਤਦੇ ਲਾਭਕਾਰੀ ਹੈ ਜੇਕਰ ਮੰਤਵ ਸਿਧੀ ਭੀ ਹੋ ਜਾਵੇ ਅਤੇ ਆਸਾ ਦੀ ਅਭਾਵ ਭੀ ਨਾ ਹੋਵੇ। ਮਾਨੋ ਮੰਤਵ ਸਿਧੀ ਅਤੇ ਇਸ ਮਨਤਵ ਮਈ ਆਸਾ ਦੋਹਾਂ ਦੇ ਅਭਾਵ ਹੋਣ ਦੀ ਹਾਲਤ ਵਿਚ ਨਾਮ ਦਾ ਜਾਪ ਆਮ ਆਦਮੀ ਲਈ ਲਾਭ ਸੂੰਨ ਹੈ। ਨਾਮ

ਜਾਪ ਦੇ ਲਾਭ ਦਾ ਹੋਣਾ ਯਾ ਨਾ ਹੋਣਾ ਲਾਭ ਲੁਭਤੀ ਆਮ ਇਨਸਾਨਾਂ ਦੀ ਖਿਆਲ ਰੁਚੀ ਅਨੁਸਾਰ ਨਿਰਖਣਾ ਅਨੁਚਿਤ ਹੈ (ਅਰਥਾਤ ਉਚਿਤ ਨਹੀਂ)। ਗੁਰਮਤਿ ਦੀ ਕਸੌਟੀ ਅਨੁਸਾਰ ਮਾਨਸ ਜਨਮ ਦਾ ਸੱਚਾ ਲਾਭ ਲਾਹਾ ਹੈ ਹੀ ਨਾਮ ਜਾਪ। ਮਾਯਾਵੀ ਮਨੋਰਥਾਂ ਦੀਆਂ ਧੰਦੇ ਧਾਵਨੀਆਂ ਦੇ ਲਾਭ ਲਾਹੇ ਸਭ ਕੁਲਾਭ ਕੁਲਾਹੇ ਹਨ ਅਤੇ ਮਾਯਾਵੀ ਆਸਾਂ ਉਮੈਦਾਂ ਭੀ ਸਭ ਮ੍ਰਿਗ ਤ੍ਰਿਸ਼ਨਾਂ ਹਨ। ਸੋ ਏਹ ਕਹਿਣਾ ਕਿ ਨਾਮ ਜਾਪ ਦਾ ਲਾਭ ਤਦ ਹੀ ਹੈ ਜੇ ਆਸਾ ਹੁੰਦੀ ਹੋਈ ਮਨਤਵ ਸਿਧ ਹੋ ਜਾਵੇ, ਇਕ ਬੜੀ ਹੌਲੀ ਹਲਕੀ ਜੇਹੀ, ਬਲਕਿ ਹੋਛੀ ਦਲੀਲ ਹੈ। ਅਲਪੱਗ ਅਕਲ ਵਾਲੇ ਅਗਿਆਨੀ ਮਨੁੱਖ ਨੂੰ ਤਾਂ ਏਤਨੀ ਗਲ ਦੀ ਭੀ ਸੂਝ ਬੂਝ ਨਹੀਂ ਕਿ ਉਸ ਲਈ ਸੱਚਾ ਲਾਹਾ, ਲਾਭ ਕੇਹੜੀ ਗਲ ਵਿਚ ਹੈ ? "ਜਗੁ ਮਹਿ ਲਾਹਾ ਏਕੁ ਨਾਮ"* ਦੇ ਗੁਰਵਾਕ ਅਨੁਸਾਰ ਮਨੁੱਖ ਦਾ ਸੱਚਾ ਲਾਭ ਲਾਹਾ ਨਾਮ ਜਪਣ ਵਿਚ ਹੀ ਹੈ। ਹੋਰ ਅਨੇਕਾਂ ਗੁਰਵਾਕ ਹਨ, ਜੋ ਇਸ ਗਲ ਨੂੰ ਗਹਿ ਕਰ ਕੇ ਦ੍ਰਿੜ੍ਹ ਨਿਸਚੇ ਕਰਾਉਂਦੇ ਹਨ ਕਿ ਨਾਮ, ਕੇਵਲ ਨਾਮ ਹੀ ਮਨੁੱਖਾ ਜਨਮ ਦਾ ਸੱਚਾ ਲਾਹਾ ਹੈ। ਇਥੇ ਇਸ ਪਰਕਾਰ ਦੀਆਂ ਸ਼ਰਤਾਂ ਦੀ ਗੁੰਜਾਇਸ਼ ਨਹੀ ਕਿ ਨਾਮ ਤਦੇ ਹੀ ਲਾਭਕਾਰੀ ਹੈ ਜੇ ਮਨਤਵ ਸਿਧੀ ਕਰਾਵੇ ਅਤੇ ਆਸਾ ਉਮੈਦਾਂ ਨੂੰ ਬਰ-ਕਰਾਰ ਭੀ ਰਖੇ। ਅਜੇਹੀਆਂ ਸ਼ਰਤਾਂ ਦੀ ਹੋਂਦ ਵਿਖੇ ਹੀ ਨਾਮ ਦੇ ਲਾਹੇ ਨੂੰ ਮੰਨਣਾ ਨਾਮ ਨੂੰ ਮਾਇਕ ਮਨੋਰਥ ਦਾ ਸਾਧਨ ਕਰਕੇ ਹੀ ਵਰਤਣ ਵਾਲੀ ਗਲ ਹੈ। ਅਸਲ ਮਨਤਵ ਤਾਂ ਉਹਨਾਂ ਦੇ ਨਿਕਟ ਮਾਇਕ ਲਾਭ ਲਾਹਿਆਂ ਦਾ ਵਿਹਾਜਣਾ ਹੀ ਹੈ। ਨਾਮ ਨੂੰ ਤਾਂ ਕੇਵਲ ਉਹਨਾਂ ਉਕਤ ਮਨਤਵ ਪੂਰਤੀਆਂ ਲਈ ਸਾਧਨ ਵਲੇਵਾ ਕਰਕੇ ਵਰਤਣਾ ਜਾਤਾ ਹੋਇਆ ਹੈ, ਜੋ ਗੁਰਮਤਿ ਤੱਤ ਆਸ਼ੇ ਦੇ ਬਿਲਕੁਲ ਉਲਟ ਹੈ। ਮਨੋਰਥ ਪੂਰਤੀਆਂ ਅਤੇ ਆਸਾਂ ਤ੍ਰਿਸ਼ਨਾਆਂ ਦੀ ਕਾਇਮੀ ਦੀਆਂ ਸ਼ਰਤਾਂ ਅਗੇ ਡਾਹੁਣ ਦੀ ਗੁਰਮਤਿ ਗੁਰਬਾਣੀ ਵਿਖੇ ਕੋਈ ਜਾਇ ਨਹੀਂ। ਆਸਾਂ ਉਮੈਦਾਂ ਪੂਰੀਆਂ ਹੋਣ ਨਾ ਹੋਣ, ਮਾਯਾਵੀ ਲਾਭ ਲਾਹੇ ਪ੍ਰਾਪਤ ਹੋਣ ਯਾ ਨਾ ਹੋਣ, ਆਸਾਂ ਬਰਕਰਾਰ ਬਣੀਆਂ ਰਹਿਣ ਜਾਂ ਨਾ ਰਹਿਣ, ਨਾਮ ਜਾਪ ਦੀ ਕਦਰ ਕੀਮਤਿ ਵਿਚ ਕੋਈ ਫ਼ਰਕ ਨਹੀਂ ਆਉਂਦਾ ਹੈ। ਨਾਮ ਜਾਪ ਤਾਂ "ਹਰਿ ਕੋ ਨਾਮੁ ਸਦਾ ਸੁਖਦਾਈ"** ਦੇ ਗੁਰਵਾਕ ਅਨੁਸਾਰ ਸਦਾ ਲਾਹੇਵੰਤ ਅਤੇ ਲਾਭਦਾਇਕ ਹੈ। ਨਾਮ ਜਾਪ ਤਾਂ ਅਵੱਸ਼ ਸਦਾ ਸੁਖਦਾਈ ਹੀ ਸਾਬਤ ਹੁੰਦਾ ਹੈ ਅਤੇ ਇਸ ਦੇ ਪਰਤਾਪ ਕਰ ਸਰਬ ਮਨੋਰਥ ਸਿਧੀਆਂ ਆਪੇ ਹੀ ਪਿਛੇ

* ਸਿਰੀ ਰਾਗੁ ਮ: ੧, ਪੰਨਾ ੫੫

** ਮਾਰੂ ਮ: ੯, ਪੰਨਾ ੧੦੦੮

ਲਗੀਆਂ ਫਿਰਦੀਆਂ ਹਨ, ਪਰ ਤ੍ਰਿਸ਼ਨਾਲੂ ਅਤੇ ਲੋਭ ਸੁਆਰਥੀ ਮਨੁੱਖ ਆਪਣੇ ਅਮੋੜ ਮਨਤਵਾਂ ਨੂੰ ਮੁਖ ਰਖ ਕੇ ਜੋ ਨਾਮ ਜਪਣ ਲਗਦੇ ਹਨ, ਉਹ ਓਦੋਂ ਤਾਈਂ ਹੀ ਨਾਮ ਜਪਣਗੇ, ਜਦ ਤਾਈਂ ਉਹਨਾਂ ਦਾ ਸੁਆਉ ਹੋਇ ਨਾ ਆਵੇ। ਸੁਆਉ ਸਿਧੀ ਵਿਚ ਜੇ ਉਹਨਾਂ ਦੇ ਨਿਜ ਆਸ਼ੇ ਅਨੁਸਾਰ ਛੇਤੀ ਸਫਲਤਾ ਨਾ ਹੋਵੇ, ਤਾਂ ਹੁੰਦਾ ਤਾਂ ਹੈ ਉਹਨਾਂ ਦੀ ਨਿਜ ਨਾਮ ਕਮਾਈ ਵਿਚ ਫ਼ਰਕ, ਨਾਮ ਦੀ ਘਾਲ ਕਮਾਈ ਤਾਂ ਯਥਾ ਯੋਗ ਉਹਨਾਂ ਤੋਂ ਹੋਇ ਨਹੀਂ ਆਉਂਦੀ, ਕਾਹਲੇ ਪੈ ਜਾਂਦੇ ਹਨ ਮਨ ਦੇ ਮਨੋਰਥ ਫਲਾਂ ਨੂੰ ਬਾਂਛਣ ਲਈ, ਅਤੇ ਦੋਸ਼ ਦਿੰਦੇ ਹਨ ਨਾਮ ਜਾਪ ਦੇ ਪਾਰਸ ਪਰਤਾਪ ਨੂੰ। ਸਿੱਟਾ ਅਕਸਰ ਇਹ ਨਿਕਲਦਾ ਹੈ ਕਿ ਉਹ ਨਾਮ ਵਲੋਂ ਹੀ ਅਸਰਧਕ ਹੋ ਜਾਂਦੇ ਹਨ, ਮੁਖ ਜੋ ਉਹਨਾਂ ਨੇ ਮਾਇਕ ਪਦਾਰਥਾਂ ਨੂੰ ਰਖਿਆ ਹੁੰਦਾ ਹੈ। ਅਜੇਹੇ ਥੋੜ ਦਿਲਿਆਂ ਨੂੰ ਇਹ ਤਤ ਭਰੋਸਾ ਭੀ ਨਹੀਂ ਹੁੰਦਾ ਕਿ ਨਾਮ ਜਾਪ ਲਾਜ਼ਮੀ ਤੌਰ ਤੇ ਸਰਬ ਮਨੋਰਥ ਸਿਧੀਆਂ ਦਾ ਸਾਧਨ ਹੈ। ਤਾਂ ਤੇ ਉਹ ਤਨਕ ਮਾਤਰ ਨਾਮ ਦਾ ਰਟਣ ਕਰਕੇ ਹੀ ਰਹਿ ਜਾਂਦੇ ਹਨ ਅਤੇ ਇਸ ਤਨਕ ਮਾਤਰ ਰਟਣ ਨੂੰ ਉਹ ਬੜੀ ਬਾਹਲੀ ਨਾਮ ਘਾਲ ਕਰਕੇ ਜਤਾਉਂਦੇ ਹਨ। ਅਵਲ ਤਾਂ ਅਜੇਹੇ ਪੁਰਸ਼ਾਂ ਨੂੰ ਨਾ ਤਾਂ ਨਾਮ ਦੀ ਪਾਰਸ ਕਲਾ ਉਪਰ ਹੀ ਭਰੋਸਾ ਹੁੰਦਾ ਹੈ ਅਤੇ ਨਾ ਹੀ ਉਹਨਾਂ ਨੂੰ ਪੂਰਨ ਗੁਰਮਤਿ ਬਿਧੀ ਅਨੁਸਾਰ ਗੁਰਮਤਿ ਨਾਮ ਪ੍ਰਾਪਤਿ ਹੋਇਆ ਹੁੰਦਾ ਹੈ। ਨਾਮ ਨੂੰ ਲੋਕਾਚਾਰੀ ਸੁਣਤ ਕਹਿਵਤ ਨੂੰ ਸੁਣ ਸੁਣਾ ਕੇ ਐਵੇਂ ਦੇਖਾ ਦੇਖੀ ਜਪਣ ਲਗ ਪੈਂਦੇ ਹਨ। ਇਹੀ ਕਾਰਨ ਹੈ ਕਿ ਉਹਨਾਂ ਦਾ ਭਰੋਸਾ ਨਹੀਂ ਬਝਦਾ।

ਜਿਨ੍ਹਾਂ ਵਡਿਭਾਗੇ ਜੰਤਾਂ ਨੂੰ ਨਾਮ ਦੀ ਪਾਰਸ ਰਸਾਇਣੀ ਕਲਾ ਦਾ ਭਰੋਸਾ ਬੱਝ ਗਇਆ ਹੈ ਅਤੇ ਜਿਨ੍ਹਾਂ ਨੂੰ ਇਸ ਨਾਮ ਪਾਰਸ-ਕਲਾ ਦਰਸਾਇਣੇ ਇਕੈ ਗੁਰਵਾਕ ਉੱਪਰ ਭੀ ਸੱਚੀ ਸਰਧਾ ਆ ਗਈ ਹੈ ਅਤੇ ਜਿਨ੍ਹਾਂ ਨੂੰ ਪੂਰਨ ਗੁਰਮਤਿ ਸਿਧਾਂਤ ਅਨੁਸਾਰ ਗੁਰਮਤਿ ਨਾਮ ਦੀ ਪ੍ਰਾਪਤੀ ਹੋ ਗਈ ਹੈ, ਉਹ ਨਾਮ ਜਪਣ ਨੂੰ ਤਤਪਰ ਹੋ ਕੇ ਜੁਟ ਜਾਣਗੇ ਅਤੇ ਜੁਟੇ ਹੀ ਰਹਿਣਗੇ, ਚਾਹੇ ਉਹ ਕਿਸੇ ਮਨੋਰਥ ਸਿਧੀ ਲਈ ਹੀ ਜੁਟਣ। ਨਾਮ ਅਭਿਆਸ ਕਮਾਈ ਵਿਚ ਇਵ ਕਰਿ ਤਤਪਰ ਹੋ ਕੇ ਜੁਟਣ ਵਾਲਿਆਂ ਦੀਆਂ ਮਨੋਰਥ ਸਿਧੀਆਂ ਚਾਹੇ ਪੂਰੀਆਂ ਹੋਣ ਨ ਹੋਣ, ਓਹ ਫੇਰ ਨਾਮ ਜਾਪ ਨਹੀਂ ਛਡਣਗੇ। ਇਸ ਨਾਮ ਦਾ ਅਤੁਟ ਜਾਪ ਅਭਿਆਸ ਕੀਤਾ ਅਲੌਕਿਕ ਰੰਗ ਲਿਆਏ ਬਾਝ ਨਹੀਂ ਰਹੇਗਾ। ਚਾਹੇ ਉਹਨਾਂ ਅਰੰਭ ਵਿਚ ਆਪਣੇ ਲੋਭ ਮਨੋਰਥ ਕਰ ਹੀ ਨਾਮ ਨਾਲ ਮਿਤ੍ਰਤਾ ਗੰਢੀ ਹੋਵੇ, ਪਰ ਨਾਮ ਦੀ ਨਿਜ ਪਾਰਸ ਕਲਾ ਨੇ ਆਪਣਾ ਰੰਗ ਜ਼ਰੂਰ ਖੇੜਨਾ ਹੋਇਆ। ਅਜੇਹਿਆਂ ਨਾਮ ਰੰਗ ਖੇੜਿਆਂ ਵਿਚ ਇਕ ਮਨ

ਇਕ ਚਿੱਤ ਹੋ ਕੇ ਨਾਮ ਜਪਣ ਦੀ ਜਦ ਬਿਵਸਥਾ ਆਉਂਦੀ ਹੈ ਤਾਂ ਉਸ ਛਿਨ ਅੰਦਰਿ ਅੜੀਆਂ ਆਸਾਂ ਸਭ ਭੁਲ ਜਾਂਦੀਆਂ ਹਨ, ਚਾਹੇ ਫੇਰ ਪਿਛੋਂ ਉਪਜ ਹੀ ਪੈਣ–ਨਾਮ ਅਭਿਆਸ ਕਮਾਈ ਦੀ ਕਮੀ ਕਰ ਉਕਤ ਨਾਮ ਰੰਗ ਖੇੜਿਆਂ ਦੇ ਰਹਿਣ ਖੜੋਣ ਕਰਕੇ–ਪਰ ਇਹ ਛਿਨ ਸੰਮਲੀ ਸੰਮ੍ਹਾਲੀ ਨਹੀਂ ਜਾਂਦੀ। ਏਹੀ ਛਿਨ ਹੁੰਦੀ ਹੈ ਜੋ ਉਕਤ ਮਨੋਰਥ ਮਨਤਵੀ ਆਸਾਂ ਉਮੈਦਾਂ ਦਾ ਫਲ ਅੰਕੂਰ ਲਿਆਉਂਦੀ ਹੈ। ਜੇਹੜੇ ਅਭਿਆਸੀ ਜਨ ਤਾਂ ਸੰਮਲ ਗਏ ਅਤੇ ਮਨੋਰਥਾਂ ਦੇ ਵਹਿਣ ਪਿਛੇ ਬਾਹੁੜ ਨਾ ਰੁੜ੍ਹੇ ਅਤੇ ਨਾਮ ਜਪਣ ਵਿਚ ਜੁਟੇ ਹੀ ਰਹੇ, ਉਹ ਤਾਂ ਪਾਰ ਪਏ। ਓਹਨਾਂ ਨੂੰ ਆਸਾਂ ਦੇ ਅਹਿਸਾਸ ਨਾਲ ਕੀ ਪਈ, ਕਾਇਮ ਰਹਿਣ ਯਾ ਨਾ ਰਹਿਣ, ਮਨੋਰਥ ਉਹਨਾਂ ਦੇ ਸਿੱਧ ਹੋ ਈ ਗਏ। ਹੁਣ ਏਹਨਾਂ ਤੁੱਛ ਮਨੋਰਥਾਂ ਦੇ ਮਜ਼ੇ ਲੈਣ ਲਈ ਓਹਨਾਂ ਨੇ ਨਾਮ ਅਭਿਆਸ ਕਮਾਈ ਕਰਨੋਂ ਕਾਹਨੂੰ ਅਟਕੇ ਰਹਿਣਾ ਹੈ :

ਜਾ ਕਉ ਰਸੁ ਹਰਿ ਰਸੁ ਹੈ ਆਇਓ ॥
ਸੋ ਅਨਰਸ ਨਾਹੀ ਲਪਟਾਇਓ ॥

ਗਉੜੀ ਮ: ੫, ਪੰਨਾ ੧੯੬

ਜਗਯਾਸੂ ਜਨ ਨੂੰ ਨਾਮ ਅਭਿਆਸ ਕਮਾਈ ਦੀ ਮੰਜ਼ਲ ਵਿਚ ਅਟਕਾਂ ਜ਼ਰੂਰ ਪੈਂਦੀਆਂ ਹਨ। ਪਰ ਜਿਨ੍ਹਾਂ ਨੂੰ ਇਸ ਅਭਿਆਸ ਕਮਾਈ ਦੇ ਪ੍ਰਭਾਵ ਕਰ ਤਨਕ ਮਾਤ੍ਰ ਭੀ ਰਸ ਜੋਤਿ ਦੀ ਝਲਕ ਪਈ ਹੈ, ਉਹ ਇਸ ਬਿਸਮ ਰਸਾਇਣ ਨੂੰ ਫੇਰ ਛਡ ਕੇ ਨਹੀਂ ਬਹਿਣਗੇ, ਜੁਟੇ ਹੀ ਰਹਿਣਗੇ, ਚਾਹੇ ਦਮ ਲੈ ਲੈ ਕੇ ਜੁਟਣ। ਟੁਕ ਦੰਮ ਕਰਾਰੀ ਕਰਨ ਵਿਚ ਹੀ ਹਾਜ਼ਰ ਹਜ਼ੂਰੀ ਝਲਕਾਰ ਦਰਸਾਰ ਹੈ। ਰਸ ਜੋਤਿ ਵਿਗਾਸ ਦੀ ਤਨਕ ਮਾਤਰੀ ਚਿੜੰਗ (ਚੰਗਾੜੇ) ਦੇ ਮੁਕਾਬਲੇ ਵਿਚ ਕੂੜਾਵੀ ਆਸ ਉਮੈਦ ਦੀ ਹੋਂਦ ਦਾ ਅਹਿਸਾਸ ਰਸ (ਕੁ-ਰਸ) ਬਿਲਕੁਲ ਹੇਚ ਅਤੇ ਨਾਚੀਜ਼ ਹੈ। ਪੂਰੀਆਂ ਹੋ ਚੁਕੀਆਂ ਆਸਾਂ ਨੂੰ ਮੁੜ ਮੁੜ ਚੇਤੇ ਕਰਨਾ ਅਤੇ ਚੇਤੇ ਕਰ ਕਰ ਉਹਨਾਂ ਦਾ ਫੈਜ਼ ਉਠਾਉਣਾ ਇਕ ਅਨਾੜੀ ਬਾਲਕ ਵਾਲੀ ਖੇਡ ਹੈ। ਇਸ ਦਾ ਨਿਘਾਸ ਹੀ ਕੀ ? ਅਰਥਾਤ ਕੋਈ ਨਿਘਾਸ ਨਹੀਂ।

ਨਾਮ ਜਾਪ ਨਾਲ ਅਵੱਸ਼ ਸਭ ਦੁਖ ਦੂਰ ਹੋ ਜਾਂਦੇ ਹਨ। ਮਰਣ ਕਾਲ ਕਾ ਤ੍ਰਾਸ ਭੀ ਜੇ ਨਵਿਰਤ ਹੁੰਦਾ ਹੈ ਤਾਂ ਨਾਮ ਜਾਪ ਕਮਾਈ ਨਾਲ ਹੁੰਦਾ ਹੈ। ਪਰ ਅਤੁਟ ਕਮਾਈ ਨਾਲ ਹੁੰਦਾ ਹੈ। ਅਸੀਂ ਤੁਛ ਮਾਤਰ ਕਮਾਈਆਂ ਨੂੰ ਬੜੀਆਂ ਬਾਹੁਲੀਆਂ ਕਮਾਈਆਂ ਕਹਿ ਕਹਿ ਕੇ ਬਫਾਉਂਦੇ ਹਾਂ, ਦਰਅਸਲ ਉਹ "ਸੇਵਾ ਥੋਰੀ ਮਾਗਨੁ ਬਹੁਤਾ"* ਵਾਲੀ ਗਲ ਹੁੰਦੀ ਹੈ। ਤਨਕ ਮਾਤਰ ਕਮਾਈਆਂ ਦੀ ਤੁੱਛ ਘਾਲਨਾ

---

* ਸੂਹੀ ਮ: ੫, ਪੰਨਾ ੭੩੮

ਕਰਕੇਬੜੇ ਬੜੇ ਅਤੇ ਬਹੁਤੇ ਫਲ ਮੰਗਦੇ ਹਾਂ। ਅੰਤੀ ਅਉਸਰ ਨਾਮ ਅਭਿਆਸ ਦਾ ਚਲਣਾ ਅਤੇ ਚਲਦੇ ਰਹਿਣਾ ਇਸ ਗੱਲ ਦੀ ਪੱਕੀ ਪਰਖ ਨਿਸ਼ਾਨੀ ਹੈ ਕਿ ਨਾਮ ਜਾਪ ਦੀ ਕਮਾਈ ਅਤੁਟ ਹੋਈ ਹੈ। ਜਿਨ੍ਹਾਂ ਦਾ ਅੰਤੀ ਅਉਸਰ ਨਾਮ ਅਭਿਆਸ ਨਹੀਂ ਚਲਦਾ, ਉਹਨਾਂ ਤੋਂ ਇਸ ਜਨਮ ਵਿਖੇ ਸਾਰੀ ਅਵਸਥਾ ਹੀ ਤਤਪਰ ਹੋਕੇ ਨਾਮ ਦੀ ਕਮਾਈ ਨਹੀਂ ਹੋਈ। ਜਬ ਲਗ ਜਾਪ ਰਸ ਨਹੀਂ ਆਇਆ, ਤਬ ਲਗ ਨਾਮ ਕਮਾਈ ਵਿਚ ਜ਼ਰੂਰ ਕੋਈ ਊਣਤਾ ਹੈ। ਲੋਕੀ ਆਪੋ ਆਪਣੇ ਮਿਆਰ ਅਨੁਸਾਰ ਨਾਮ ਕਮਾਈਆਂ ਦੇ ਲਖਣ ਲਗਾਉਂਦੇ ਹਨ। ਨਾਮ ਜਾਪ ਦੀ ਪਾਰਸ ਕਲਾ ਉਤੇ ਉਹ ਓਦੋਂ ਤਾਈਂ ਪਤੀਜਦੇ ਨਹੀਂ, ਜਦ ਤਾਂਈਂ ਉਹਨਾਂ ਦੀ ਮਨ ਮੰਨੀ ਮੁਰਾਦ ਨ ਪੂਰੀ ਹੋ ਜਾਵੇ, ਪਰ ਨਾਮ ਕਮਾਈ ਦੀ ਪਰਬਲਤਾ ਬਿਹੂਣ ਨਾਮ ਦੀ ਪਾਰਸ ਕਲਾ ਪਰਜੁਲਤ ਨਹੀਂ ਹੁੰਦੀ। ਪਿਛਲੇ ਜਨਮ ਦੀਆਂ ਕੀਤੀਆਂ ਕਮਾਈਆਂ ਜਮ੍ਹਾਂ ਹੋ ਕੇ ਕਈਆਂ ਨੂੰ ਇਸ ਜਨਮ ਅੰਦਰ ਬਹੁਤੀ ਪਰਬਲ ਕਮਾਈ ਭੀ ਨਹੀਂ ਕਰਨੀ ਪੈਂਦੀ। ਐਸੀਆਂ ਮਿਸਾਲਾਂ ਦੇਖ ਦੇਖ ਕੇ ਭੀ ਆਮ ਲੋਕਾਂ ਨੂੰ ਅਨਿਕ ਪ੍ਰਕਾਰ ਦੇ ਭਰਮ ਉਪਜਦੇ ਹਨ। ਅਲਪੱਗ ਕੱਚੀ ਆਤਮ ਬਿਵਸਥਾ ਵਾਲੇ ਅਲੂੜ ਲੋਗ ਭਾਵੇਂ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਕਿਸੇ ਨਮਿਤ ਕੁਛ ਕਾਲ ਲਈ ਪਾਠ ਜਾਪ ਕਰਨ, ਪਰ ਉਸ ਪਾਠ ਜਾਪ ਦਾ ਫਲੀ ਭੂਤ ਨਾ ਹੋਣਾ ਇਸ ਅਮਰ ਦਾ ਸਬੂਤ ਨਹੀਂ ਕਿ ਨਾਮ ਜਾਪ ਦੀ ਪਾਰਸ ਕਲਾ ਵਿਚ ਸੰਦੇਹ ਹੈ। ਕੇਵਲ ਕਮਾਈਆਂ ਦੀ ਕਮੀ ਹੈ ਯਾ ਬਿਧੀਆਂ ਦੀ ਊਣਤਾ ਹੈ। ਪਿਛਲੇ ਪੂਰਬਲੇ ਜਨਮਾਂ ਅੰਦਰ ਕੀਤੇ ਅਗਿਣਤ ਉੱਗਰ ਪਾਪ ਕਰਮਾਂ ਦਾ ਫਲ ਜੋ ਬਹੁ ਬਹੁ ਭਾਂਤ ਦੇ ਬਿਕਰਾਲ ਦੁਖਾਂ ਦੀਆਂ ਸਜ਼ਾਵਾਂ ਭੁਗਤ ਕੇ ਪੂਰਾ ਹੋਣਾ ਸੀ, ਸੋ ਗੁਰਬਾਣੀ ਦੇ ਪਾਠ ਪਰਤਾਪ ਨਾਲ ਬਹੁਤ ਥੋੜੇ ਕਾਲ ਵਿਚ ਹੀ ਭੁਗਤਿਆ ਜਾਂਦਾ ਹੈ। ਕੀ ਪਤਾ ਹੈ ਕਿ ਬੱਜਰ ਪਾਪਾਂ ਕਰ ਕਿਤਨੇ ਕੁ ਨਰਕ ਭੋਗਣੇ ਪੈਣੇ ਹੁੰਦੇ ਹਨ, ਜੋ ਨਾਮ ਗੁਰਬਾਣੀ ਦੇ ਪਰਤਾਪ ਕਰ ਕਿੰਚਤ ਕਾਲ ਵਿਖੇ ਹੀ ਭੁਗਤਾਏ ਜਾਂਦੇ ਹਨ :

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
ਮਾਰੂ ਸੋਲਹੇ ਮ: ੫, ਪੰਨਾ ੧੦੭੩

ਗੁਰਵਾਕ ਦੇ ਭਾਵ ਅਨੁਸਾਰ ਗੁਰਮੁਖਾਂ ਗੁਰਮਤਿ ਨਾਮ ਗੁਰਮੰਤ੍ਰ ਦੇ ਜਪਣਹਾਰਿਆਂ ਨੂੰ ਬਹੁ ਪ੍ਰਕਾਰੀ ਬੇਗਿਣਤ ਨਰਕਾਂ ਦਾ ਲੇਪ ਭੀ ਨਹੀਂ ਲਗਦਾ। ਕਈਆਂ ਨੂੰ ਇਸੇ ਜਨਮ ਵਿਚ ਹੀ ਸੂਲੀ ਦੀ ਸਜ਼ਾ ਸੂਲ ਵਿਚ ਹੀ ਭੁਗਤਾ ਦਿਤੀ ਜਾਂਦੀ ਹੈ ਅਤੇ ਜਨਮ ਜਨਮ ਦੇ ਕਮਾਤੇ ਪਾਪ ਕਰਮਾਂ ਦੇ ਸੰਕਟ ਤਨਕ ਤਸੀਹਿਆਂ ਵਿਚ ਹੀ ਕਟੇ ਜਾਂਦੇ ਹਨ। ਸੱਚ ਮੁਚ ਅਨੇਕਾਂ ਬਿਕਰਾਲ ਨਰਕਾਂ ਦੀਆਂ ਜੁਗਾਂ

ਪ੍ਰਯੰਤ ਭੁਗਤਣ ਯੋਗ. ਸਜ਼ਾਵਾਂ ਦੇ ਮੁਕਾਬਲੇ ਇਸੇ ਇਕੋ ਜਨਮ ਵਿਚ ਮਰਨ ਕਾਲ ਸਮੇਂ ਦੇ ਸੰਕਟ ਤਨਕ ਮਾਤਰ ਤਸੀਹੇ ਹੀ ਹਨ, ਜੋ ਦੇਖਣ ਹਾਰਿਆਂ ਨੂੰ ਬੜੇ ਭਿਆਨਕ ਪਰਤੀਤ ਹੁੰਦੇ ਹਨ, ਪਰ ਘੋਰ ਨਰਕਾਂ ਦੇ ਅਸਹਿ ਕਸ਼ਟਾਂ ਦੇ ਸਾਹਮਣੇ ਏਹ ਦੁਖ ਕੁਛ ਭੀ ਹਕੀਕਤ ਨਹੀਂ ਰਖਦੇ ।

ਇਸ ਸੰਸਾ ਨਿਵਾਰਨੀ ਵਿਸ਼ੇ ਤੇ ਬਹੁਤ ਕੁਛ ਲਿਖਿਆ ਜਾ ਸਕਦਾ ਹੈ, ਪਰ ਅਵਿਕਾਸ ਬਹੁਤ ਘਟ ਹੋਣ ਕਰਕੇ ਬਹੁਤਾ ਲਿਖਣੋਂ ਸੰਕੋਚ ਕੀਤਾ ਜਾਂਦਾ ਹੈ । ਨਦਰਾਂ ਮਿਹਰਾਂ ਦੇ ਦਾਤੇ ਅਗਾਧ ਬੋਧ ਪੁਰਖ ਬਿਧਾਤੇ ਦੀਆਂ ਨਦਰ ਦਾਤਾਂ ਦੀ ਖੇਡ ਭੀ ਅਗਾਧ ਹੈ । ਅਸਾਨੂੰ ਅਲਪੱਗ ਜੀਵਾਂ ਨੂੰ ਆਪਣੀ ਅਲਪੱਗ ਵੀਚਾਰ ਦੁਆਰਾ ਉਸ ਦਾਤਾਰ ਦੀਆਂ ਅਗਮ ਅਪਾਰ ਦਾਤ-ਰਜ਼ਾਈਆਂ ਚੋਜਲੀਆਂ ਦਾ ਕੀ ਥਾਹ ਆ ਸਕਦਾ ਹੈ । ਇਕਨਾਂ ਸਾਦੇ ਮੁਰਾਦੇ ਅਧਮ ਨਰਾਂ ਨੂੰ ਅੰਤ ਕਾਲ ਸਮੇਂ ਤਿਲ ਮਾਤਰ ਤਸੀਹਾ ਭੀ ਨਹੀਂ ਹੋਣ ਦਿੰਦਾ ਅਤੇ "ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ"* ਵਾਲਾ ਚੋਜ ਵਰਤਾਉਂਦਾ ਹੈ । ਇਕਨਾਂ ਆਪਣੇ ਦਰ ਘਰ ਦੇ ਪ੍ਰਸਿਧ ਸੇਵਕਾਂ ਨੂੰ ਅਨਿਕ ਪ੍ਰਕਾਰੀ ਪ੍ਰੀਖਿਆ ਦੀਆਂ ਕਸੌਟੀਆਂ ਤੇ ਚਾੜ੍ਹ ਚਾੜ੍ਹ ਤਾਉਂਦਾ ਹੈ । ਇਕਨਾਂ ਦਰ ਪਰਵਾਨੇ ਭਗਤ ਜਨਾਂ ਦੀ ਪ੍ਰੀਤ ਰੀਤ ਭਗਤ ਕਮਾਈ ਨੂੰ ਨਿਹਕਾਮ ਤੋਰ ਤੇ ਨਿਭਾਉਂਦਾ ਹੈ, ਇਕਨਾ ਹਿਤ "ਅਉਖੀ ਘੜੀ ਨ ਦੇਖਣ ਦੇਈ"** ਵਾਲਾ ਬਿਰਦ ਰਖਾਉਂਦਾ ਹੈ । ਇਕਨਾਂ ਦੇ ਕਿਸੇ ਸਮੇਂ ਕੀਤੇ ਮਨ, ਬਚ, ਕਰਮੀ ਸੂਖਮ ਹੰਕਾਰਾਂ ਦੀ ਭਰਮ ਕਾਈ ਗਵਾਉਣ ਹਿਤ "ਦੁਖ ਦਾਰੂ ਸੁਖੁ ਰੋਗੁ ਭਇਆ"*** ਵਾਲੀਆਂ ਗੁੰਝਲਾਂ ਖੁਲ੍ਹਾਉਂਦਾ ਹੈ । ਗੱਲ ਕੀ ਉਸ ਦੀ ਜੀਉ ਸਰੀਰੋ ਜੁਦਾਉਣ ਵਾਲੀ ਗਤਿ ਮਿਤ ਨੂੰ ਬੁਝਣਾ ਐਵੇਂ ਬੁਝ ਬੁਝੱਕੜਾਂ ਵਾਲੀ ਡੀਂਗ ਮਾਰਨਾ ਹੈ । ਅਸੂਲ ਉਸ ਦਾ ਅਟੱਲ ਹੈ । ਇਸ ਪ੍ਰਕਾਰ ਦੇ ਗੁਰਬਚਨਾਂ ਦੀ ਸੱਤਤਾ ਅਟੱਲ ਹੈ ਕਿ :

ਤੇਰੇ ਸੇਵਕ ਕਉ ਭਉ ਕਿਛੁ ਨਾਹੀ
ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ਕਾ ਜਨਮ ਮਰਣ ਦੁਖੁ ਨਾਸਾ ॥
ਸੂਹੀ ਮ: ੫, ਪੰਨਾ ੭੪੯

• ਦੂਖ ਭੰਜਨੁ ਤੇਰਾ ਨਾਮੁ ਜੀ ਦੂਖ ਭੰਜਨੁ ਤੇਰਾ ਨਾਮੁ ॥
ਗਉੜੀ ਮ: ੫, ਪੰਨਾ ੨੧੮

---

* ਆਸਾ ਮ: ੫, ਪੰਨਾ ੪੦੬
** ਧਨਾਸਰੀ ਮ: ੫, ਪੰਨਾ ੬੮੨
*** ਵਾਰ ਆਸਾ ਮ: ੧, ਪੰਨਾ ੪੬੯

ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥
ਸਾਧ ਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥ ੨ ॥
ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥
ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥ ੩ ॥
ਸੁਨਤ ਜਪਤ ਹਰਿ ਨਾਮ ਜਸੁ ਤਾਕੀ ਦੂਰਿ ਬਲਾਈ ॥
ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥੪॥

ਬਿਲਾਵਲੁ ਮ: ੫, ਪੰਨਾ ੮੧੪

ਤਾਪ ਪਾਪ ਸੰਤਾਪ ਬਿਨਾਸੇ ॥
ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥

ਬਿਲਾਵਲੁ ਮ: ੫, ਪੰਨਾ ੮੦੬

ਅਸੀਂ ਆਪਣੀ ਅਮੋੜਤਾ ਦੁਆਰਾ ਗੁਰਬਚਨਾਂ ਨੂੰ ਪਰਤਾਉਂਦੇ ਹਾਂ, ਆਪਣੀ ਨਿਜ ਨਾ-ਕਾਬਲੀਅਤ ਨੂੰ ਨਹੀਂ ਦੇਖਦੇ। ਅਸਾਡੇ ਲਈ ਏਹੋ ਉਚਿਤ ਹੈ ਕਿ ਸਦਾ ਆਪਣੇ ਆਪ ਨੂੰ ਨਾਚੀਜ਼ ਜਾਣਦੇ ਹੋਏ ਆਪਣੀ ਕਰਨੀ ਉਪਰਿ ਸ਼ਾਕਰ ਨਾ ਹੁੰਦੇ ਹੋਏ, ਗੁਰੂ ਕਰਤਾਰ ਦੀ ਬਿਰਦ ਦਾ ਆਸਰਾ ਲੈਂਦੇ ਹੋਏ, ਸਦਾ ਹੀ ਇਸ ਪਰਕਾਰ ਦੀਆਂ ਬੇਨਤੀਆਂ ਕਰਦੇ ਰਹੀਐ। ਯਥਾ :

ਆਪ ਹਾਥ ਦੈ ਮੁਝੈ ਉਬਰਿਯੈ ॥
ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥

ਕਬਿਯੋਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦

ਆਪਣੀ ਕਰਨੀ ਕਰਿ ਨਰਕ ਹੂ ਨ ਪਾਵਉ ਠਉਰ
ਤੁਮਰੇ ਬਿਰਦ ਕਰ ਆਸਰੋ ਸੰਵਾਰ ਹੋ ॥ ੫੦੩ ॥

ਕਬਿੱਤ ਭਾਈ ਗੁਰਦਾਸ ਜੀ

## ੧੫

# ਗੁਰਮੰਤ੍ਰ ਦੇਣ ਦਾ ਅਧਿਕਾਰ ਕਿਸ ਨੂੰ ਹੈ ?

ਗੁਰ ਸ਼ਬਦ ਦਾ ਨਦਰ ਬਿਰਦ ਹੀ ਗੁਰਮਤਿ ਨਾਮ ਦੀ ਅਭਿਆਸ ਕਮਾਈ ਵਿਖੇ ਸਹਾਈ ਹੈ। "ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ"* ਏਸ ਕਰਕੇ ਹੀ 'ਜਪੁ ਜੀ' ਸਾਹਿਬ ਦੀ ਬਾਣੀ ਵਿਖੇ 'ਜਪੁ' ਨੀਸਾਨ ਠੀਕ 'ਗੁਰਪ੍ਰਸਾਦਿ' ਪਸਚਾਤ ਨਾਲ ਲਗਵਾਂ ਹੀ ਆਉਂਦਾ ਹੈ। ਮੂਲ ਮੰਤ੍ਰ ਵਿਖੇ ਦਰਸਾਏ ਮੁਖ ਮੂਲ ਲਖਸ਼ਣਾਂ ਵਾਲੇ ਅਕਾਲ ਪੁਰਖ ਦੀ ਲਖਤਾ ਪ੍ਰਾਪਤੀ ਗੁਰਪ੍ਰਸਾਦਿ ਪ੍ਰਾਪਤ ਹੋਏ ਨਾਮ ਜਪੁ ਦੁਆਰਾ ਹੀ ਸੰਭਵ ਹੈ, ਹੋਰ ਕਿਸੇ ਬਿਧਿ ਨਹੀਂ। 'ਗੁਰਪ੍ਰਸਾਦਿ' ਪਦ ਅਕਾਲ ਪੁਰਖ ਦੇ ਦਰਸ਼ਨ ਦਾ ਦੇਹੁਲੀ ਦੀਪਕ ਹੈ। ਤ੍ਰੈ ਲੋਈ ਵਿਖੇ ਵਰਤ ਰਹੇ ਅੰਧਕਾਰ ਤੋਂ ਸਚਾ ਪ੍ਰਕਾਸ਼ ਉਜਿਆਰਾ ਕਰਨਹਾਰਾ ਪਰਗਟ ਹੋਇਆ ਤਾਂ ਸੱਚਾ ਗੁਰੂ ਸਤਿਗੁਰ ਨਾਨਕ ਦੇਉ ਹੀ ਪ੍ਰਗਟ ਹੋਇਆ। ਧੁਰਿ ਦਰਗਾਹੋਂ ਸਤਿਗੁਰੂ ਦੀ ਸੱਚੀ ਪਦਵੀ ਪ੍ਰਾਪਤਿ ਹੋਈ ਤਾਂ ਕੇਵਲ ਗੁਰੂ ਨਾਨਕ ਨੂੰ ਹੀ ਹੋਈ। ਸਤਿਗੁਰੁ ਗੁਰੂ ਨਾਨਕ ਦੇਵ ਨੂੰ ਹੀ ਸਤਿਨਾਮ ਦੀ ਦਾਤਿ ਇਲਾਹੀ ਧੁਰਿ ਦਯੁ ਦਰਬਾਰੋਂ ਨਛਾਵਰ ਹੋਈ। ਸਤਿਗੁਰੁ ਗੁਰੂ ਨਾਨਕ ਦੇ ਪਰਸਾਦਿ ਕਰਿ ਹੀ ਇਸ ਦਾਤਿ ਇਲਾਹੀ ਦਾ ਵਰਤਾਰਾ ਨਵਖੰਡ ਪ੍ਰਿਥਮੀ ਵਿਖੇ ਵਰਤਿਆ ਤੇ ਭਾਗਠੜੇ ਅਧਿਕਾਰੀ ਜਨਾਂ ਨੂੰ ਪ੍ਰਾਪਤਿ ਹੋਇਆ। ਸਤਿਗੁਰੂ ਨਾਨਕ ਦੇਵ ਨੇ ਦਸੇ ਗੁਰੂ (ਜਾਮੇ) ਧਾਰ ਕੇ ਹਰ ਇਕ ਗੁਰੂ ਜਾਮੇ ਵਿਖੇ ਖੁਦ ਆਪਿ ਸਚਾ ਨਾਮ ਗੁਰਮੰਤ੍ਰ ਅਧਿਕਾਰੀ ਜਗਿਆਸੂ ਜਨਾਂ ਨੂੰ ਦਿਤਾ, ਦ੍ਰਿੜਾਇਆ। ਸਤਿਨਾਮ ਦੀ ਦਾਤਿ ਰੂਪੀ ਭੰਡਾਰ ਦਾ ਭੰਡਾਰੀ ਹਰ ਇਕ ਜਾਮੇ ਵਿਖੇ ਸਤਿਗੁਰੂ ਆਪਿ ਹੋਇਆ। ਜੈਸਾ ਕਿ ਅਗਲੇਰਾ ਗੁਰਵਾਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ :

ਗੁਰ ਪੂਰੇ ਕੀ ਪਉ ਸਰਣਾਈ ॥
ਮੋਹੁ ਸੋਗੁ ਸਭੁ ਭਰਮੁ ਮਿਟਾਈ ॥
ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥ ੨ ॥

---

* ਗੂਜਰੀ ਵਾਰ ਮ: ੫, ਪੰਨਾ ੫੧੮


www.sikhbookclub.com

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥
ਸਗਲ ਭਗਤ ਜਾ ਕੀ ਕਰਦੇ ਸੇਵਾ ॥
ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ ॥ ੩ ॥
ਹੋਰ ਦੁਆਰਾ ਕੋਇ ਨ ਸੂਝੈ ॥
ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥
ਜਾ ਕੀ ਧੂਰਿ ਕਰੇ ਪੁਨੀਤਾ ॥
ਸੁਰਿ ਨਰ ਦੇਵ ਨ ਪਾਵਹਿ ਮੀਤਾ ॥
ਸਤਿਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥੫॥
ਪਾਰਜਾਤੁ ਲੋੜਹਿ ਮਨ ਪਿਆਰੇ ॥
ਕਾਮਧੇਨੁ ਸੋਹੀ ਦਰਬਾਰੇ ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥ ੬ ॥
ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥
ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥ ੭ ॥
ਮਾਰੂ ਸੋਲਹੇ ਮ: ੫, ਪੰਨਾ ੧੦੭੭

ਇਸ ਗੁਰਵਾਕ ਦਾ ਤਤ ਭਾਵ ਇਹ ਹੈ, ਕਿ ਸੰਸਾਰ ਦੇ ਮੋਹ ਮਈ ਜੰਜਾਲਾਂ ਅਤੇ ਸੋਗ ਮਈ ਸੰਸਿਆਂ ਦੇ ਸਭ ਭਰਮ ਜਾਲਾਂ ਤੋਂ ਛੁਟਕਣ ਲਈ ਪੂਰੇ ਸਤਿਗੁਰੁ ਦੀ ਸਰਣੀ ਆਵਣਾ ਅਵਸ਼ ਜ਼ਰੂਰੀ ਹੈ, ਕਿਉਂਕਿ ਏਹਨਾਂ ਰੋਗਾਂ ਦੇ ਦੂਰ ਕਰਨ ਦਾ ਅਉਖਧ ਦਾਰੂ ਸਤਿਗੁਰ ਪੂਰੇ ਪਾਸ ਹੀ ਹੈ ਅਤੇ ਏਹ ਦਾਰੂ ਬਸ ਏਕੋ ਸਤਿਨਾਮ ਗੁਰਮੰਤ੍ਰ ਹੈ, ਜਿਸ ਨੂੰ ਕੇਵਲ ਗੁਰੂ ਪੂਰਾ ਸਤਿਗੁਰੂ ਹੀ ਦ੍ਰਿੜਾਇ ਸਕਦਾ ਹੈ ਅਤੇ ਹਿਰਦੇ ਵਿਖੇ ਵਸਾਇ ਗੁੰਜਾਇ ਸਕਦਾ ਹੈ। ਜਿਸ ਨਾਮ ਗੁਰਮੰਤ੍ਰ ਨੂੰ ਦੇਵਤੇ ਭੀ ਤਰਸਦੇ ਫਿਰਦੇ ਹਨ ਅਤੇ ਜਿਸ ਨਾਮ ਹਿਤ ਸਗਲ ਭਗਤ ਜਨ ਅਨਿਕ ਪ੍ਰਕਾਰੀ ਭਗਤੀ ਰੂਪੀ ਸੇਵਾ ਸਾਧਨਾਂ ਕਰਦੇ ਹਨ ਸੋ ਐਸਾ ਅਨਾਥਾਂ ਦਾ ਨਾਥ ਭਗਤ ਵਛਲ ਦੀਨ ਦੁਖ ਭੰਜਨ ਨਾਮ ਗੁਰ ਪੂਰੇ ਤੇ ਹੀ ਪਾਈਦਾ ਹੈ, ਹੋਰ ਕਿਤੋਂ ਨਹੀਂ ਪਾ ਸਕੀਦਾ। ਕਿਉਂਕਿ "ਹੋਰ ਦੁਆਰਾ ਕੋਇ ਨ ਸੂਝੈ" ਵਾਲੀ ਤੁਕ ਪੁਸ਼ਟੀ ਕਰਾਉਂਦੀ ਹੈ ਕਿ ਸਤਿਗੁਰ ਪੂਰੇ ਦੇ ਸਚੇ ਦੁਆਰੇ ਬਾਝੋਂ ਹੋਰ ਕੋਈ ਐਸਾ ਨਹੀਂ ਸੁਝਦਾ (ਵਾਸਤਵ ਵਿਚ ਹੈ ਹੀ ਨਹੀਂ) ਜਿਥੋਂ ਕਿ ਨਾਮ ਪਦਾਰਥ ਦੀ ਪ੍ਰਾਪਤੀ ਹੋ ਸਕੇ। ਭਾਵੇਂ ਕੋਈ ਤਿੰਨਾਂ ਭਵਨਾਂ ਵਿਖੇ ਹੀ ਪਇਆ ਧਾਵੰਦਾ ਫਿਰੇ ਪਰ ਕਿਤੋਂ ਵੀ ਸਚੇ ਨਾਮ ਦੀ ਸੂਝ ਬੂਝ ਨਹੀਂ ਪੈਂਦੀ। ਸਤਿਗੁਰੂ ਹੀ ਸਚਾ ਸਾਹ ਹੈ ਜਿਸ ਦੇ ਪਾਸ ਨਾਮ ਵਖਰ ਦਾ

ਸਚਾ ਭੰਡਾਰ ਹੈ। ਇਹ ਨਾਮ ਰੂਪੀ ਰਤਨ ਏਸੇ ਭੰਡਾਰਿਓਂ ਸਤਿਗੁਰੂ ਦੇ ਦੁਆਰਿਓਂ ਹੀ ਪਾਈਦਾ ਹੈ। ਜਿਸ ਦੇ ਚਰਨਾਂ ਦੀ ਧੂੜੀ ਹੀ ਪਤਿਤਾਂ ਨੂੰ ਪਾਵਨ ਪੁਨੀਤ ਕਰ ਦੇਂਦੀ ਹੈ ਅਤੇ ਜਿਸ ਧੂੜੀ ਨੂੰ ਸੁਰ ਨਰ ਦੇਵਤੇ ਭੀ ਨਹੀਂ ਪਾ ਸਕਦੇ, ਧੂੜਿ ਬਾਂਛਨ ਹਿਤ ਪਏ ਤਰਸਦੇ ਹਨ, ਸੋ ਐਸਾ ਸਤਿ ਪੁਰਖ ਸਤਿਗੁਰੂ ਹੀ ਹੈ, ਜੋ ਪਰਮੇਸ਼ਰ ਪਰਮਾਤਮਾ ਨਾਲਿ ਇਕ ਮਿਕ ਅਭੇਦ ਹੋਣ ਕਰਕੇ ਪਰਮੇਸ਼ਰ ਰੂਪ ਹੀ ਹੈ। ਐਸੇ ਸਤਿਗੁਰੂ ਨੂੰ ਭੇਟਣ ਕਰਿ ਹੀ ਪ੍ਰਾਣੀ ਮਾਤ੍ਰ ਦਾ ਪਾਰ ਉਤਾਰਾ ਹੋ ਸਕਦਾ ਹੈ। ਸਤਿਗੁਰੂ ਪੂਰਾ ਭੇਟਣ ਕਰਿ ਅਤੇ ਗੁਰ ਪੂਰੇ ਦੀ ਪੂਰੀ ਸੇਵਾ ਨਾਮ ਰਸਾਇਣ ਰੂਪੀ ਭਗਤਿ ਕਮਾਈ ਕਰਨ ਵਿਚ ਹੀ ਤ੍ਰਿਪਤਿ ਸੰਤੋਖੀ ਪਾਰਜਾਤ ਅਤੇ ਕਾਮਧੇਨ ਮਈ ਸੁਹਾਵਣੇ ਮਨੋਰਥ ਪ੍ਰਾਪਤ ਹਨ, ਜੈਸੇ ਕਿ ਸੁਖਮਨੀ ਸਾਹਿਬ ਦਾ ਵਾਕ ਹੈ "ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥"* ਗੁਰੂ ਦੇ ਬਖਸ਼ੇ ਦ੍ਰਿੜਾਇ ਅਮਿਓ ਰਸਾਇਣੀ ਸ਼ਬਦ (ਨਾਮ) ਦੀ ਬਰਕਤ ਦੁਆਰਾ ਬਿਖੈ ਰੂਪ ਧਾਤ ਦੇ ਧਾਰਨਹਾਰੇ ਪੰਚੇ ਗਿਆਨ ਇੰਦਰਿਆਂ (ਅਗਿਆਨ ਇੰਦਰਿਆਂ) ਦਾ ਨਾਸ ਹੋ ਜਾਂਦਾ ਹੈ ਅਤੇ ਪਾਰਬ੍ਰਹਮ ਪਰਮਾਤਮਾ ਪਰਤੱਖ ਹਾਜ਼ਰ ਨਾਜ਼ਰ ਦਿਸਣ ਲਗ ਪੈਣ ਦੇ ਕਾਰਨ ਉਸ ਦੇ ਸਚੇ ਭੈ ਦੁਆਰਾ ਪੰਚੇ ਬਿਖੈ ਰੂਪ ਅਸ਼ੁਧ ਇੰਦਰੇ ਨਿਰਮਲ ਸੁਧ ਸੁਗਿਆਨ ਇੰਦਰੇ ਬਣ ਜਾਂਦੇ ਹਨ। ਤਾਂ ਤੇ ਜਦ ਪੂਰੇ ਗੁਰੂ ਰੂਪੀ ਪਾਰਸ ਨੂੰ ਭੇਟੀਦਾ ਹੈ, ਤਦ ਇਸ ਪਾਰਸ ਭੇਟ ਦਾ ਤੱਤ ਸਿੱਟਾ ਪਾਰਸ ਨਾਮ ਦਾ ਰਿਦੰਤਰ ਪਰਫੁਲਤ ਹੋਣਾ ਹੁੰਦਾ ਹੈ ਅਰਥਾਤ ਪਾਰਸ ਰਸਾਇਣੀ ਕਲਾ ਸੰਪੰਨ ਸਤਿਗੁਰੂ ਦੇ ਭੇਟਣ ਦਾ ਤੱਤ ਪ੍ਰਯੋਜਨੀ ਸੁਫਲ ਫਲ ਗੁਰ ਭੇਟਣਹਾਰੇ ਗੁਰਸਿਖ ਜਗਿਆਸੂ ਨੂੰ ਗੁਰੂ ਦੁਆਰਾ ਅਮਿਓ ਰਸਾਇਣੀ ਨਾਮ ਦਾਤ ਦਾ ਪ੍ਰਾਪਤ ਹੋਣਾ ਹੁੰਦਾ ਹੈ। ਇਸ ਨਾਮ ਦਾਤਿ ਦੇ ਪ੍ਰਾਪਤ ਹੋਏ ਬਾਝੋਂ ਗੁਰਸਿਖਾਂ ਜਗਿਆਸੂਆਂ ਦਾ ਗੁਰੂ ਨੂੰ ਭੇਟਣਾ (ਗੁਰੂ ਧਾਰਨ ਕਰਨਾ) ਹੀ ਕੁਛ ਅਰਥ ਨਹੀਂ ਰਖਦਾ। ਗੁਰੂ ਭੇਟਣ ਦਾ ਮੁਖ ਮਨਤਵ ਅਤੇ ਤਤ ਆਦਰਸ਼ ਹੀ ਅੰਮ੍ਰਿਤ ਨਾਮ ਦੀ ਦਾਤ ਸੇਤੀ ਗੁਰ ਭੇਟਣ ਹਾਰਿਆਂ ਦਾ ਸੰਜੀਵਤ ਹੋਣਾ ਹੈ। ਗੁਰੂ ਦੁਆਰਾ ਨਾਮ ਪ੍ਰਾਪਤ ਨਾ ਹੋਇਆ ਤਾਂ ਗੁਰੂ ਦਾ ਭੇਟਣਾ ਐਵੇਂ ਰਸਮ ਰਵਾਜੀ ਗਲ ਹੀ ਰਹਿ ਜਾਂਦੀ ਹੈ।

ਇਸ ਪ੍ਰਕਾਰ ਦੇ ਗੁਰਵਾਕਾਂ ਦੀ ਲਖਾਈ ਤੇ ਗੁਰਮਤਿ ਮਤਿ ਦੀ ਰੋਸ਼ਨੀ ਅਨੁਸਾਰ ਇਹ ਗੱਲ ਉਕੀ ਹੀ ਮੰਨਣ ਯੋਗ ਨਹੀਂ (ਨਾ ਕਾਬਲਿ ਯਕੀਨ ਹੈ) ਕਿ ਗੁਰੂ ਸਾਹਿਬਾਨ ਦੇ ਹੁੰਦਿਆਂ ਅਰਥਾਤ ਆਪੋ ਆਪਣੀ ਗੁਰਤਾ ਦੇ ਅਹਿਦ ਅੰਦਰ, ਹਰ

---

* ਗਉੜੀ ਸੁਖਮਣੀ ਮ: ੫, ਪੰਨਾ ੨੬੫

ਇਕ ਗੁਰੂ ਸਾਹਿਬ ਦੇ ਹੁੰਦਿਆਂ ਨਾਮ ਦਾਤ ਦੀ ਸਉਂਪਨੀ ਕਿਸੇ ਹੋਰਸ ਸਿਖ ਸੰਤ ਨੂੰ ਸੌਂਪੀ ਜਾਵੇ ਯਾ ਕਿਸੇ ਭੀ ਗੁਰਸਿਖ ਸੰਤ ਨੂੰ ਗੁਰੂ ਸਾਹਿਬ ਦੀ ਮੌਜੂਦਗੀ ਵਿਚ ਕਿਸੇ ਨੂੰ ਨਾਮ ਦਾਤ ਦੇਣ ਦਾ ਹਮਾਕਤ ਮਈ ਹੀਆ ਪਇਆ ਹੋਵੇ, ਜਦ ਕਿ ਇਹ ਗੱਲ ਗੁਰਮਤਿ ਅਸੂਲ ਦੇ ਹੀ ਅਣਕੂਲ ਨਹੀਂ ਤਾਂ ਇਕ ਸਿਖ ਗੁਰੂ ਵਾਲੀ ਪੂਰਨ ਗੁਰੱਤ ਕਲਾ ਨਹੀਂ ਵਰਤਾ ਸਕਦਾ, ਭਾਵੇਂ ਕਿੰਨਾਂ ਹੀ ਕਮਾਈ ਵਾਲਾ ਸੰਤ ਸਾਧ ਕਿਉਂ ਨਾ ਹੋਵੇ, ਗੁਰਿਆਈ ਦੀ ਪੂਰਨ ਕਲਾ ਸੰਪੰਨ ਗੁਰੂ ਹੀ ਹੈ। ਗੁਰਤਾ ਦੀ ਪੂਰਨ ਕਲਾ ਵਲੋਂ ਗੁਰਸਿਖ, ਇਕ ਗੁਰਸਿਖ ਅਪੂਰਨ ਹੈ :

"ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪ੍ਰਮੇਸਰੁ"*

ਦੇ ਗੁਰਵਾਕ ਅਨੁਸਾਰ ਕੇਵਲ ਪੰਜਾਂ ਪੂਰਨ ਸਿੱਖਾਂ ਵਿਚ ਹੀ ਗੁਰ ਪਰਮੇਸਰ ਦੀ ਪੂਰਨ ਕਲਾ ਵਰਤ ਸਕਦੀ ਹੈ। ਇਸ ਲਈ ਨਾ ਹੀ ਦਸਾਂ ਗੁਰੂ ਸਾਹਿਬਾਨ ਵਿਚੋਂ ਕਿਸੇ ਗੁਰੂ ਦੇ ਸਮੇਂ ਕੋਈ ਇਕੱਲਾ ਹੀ ਗੁਰਸਿਖ ਸਾਧ ਸੰਤ ਕਿਸੇ ਜਗਿਆਸੂ ਜਨ ਨੂੰ ਚਰਨ ਪਾਹੁਲ ਦੇ ਸਕਦਾ ਸੀ ਅਥਵਾ ਨਾਮ ਗੁਰਮੰਤ੍ਰ ਦੇ ਦ੍ਰਿੜ੍ਹਾ ਸਕਦਾ ਸੀ ਅਤੇ ਨਾ ਹੀ ਗੁਰੂ ਦਸਮੇਸ਼ ਦੇ ਸਮੇਂ ਅਤੇ ਗੁਰੂ ਦਸਮੇਸ਼ ਦੀ ਪਰਚਲਤ ਕੀਤੀ ਪੰਜਾਂ ਪਿਆਰਿਆਂ ਦੀ ਗੁਰਮਤਿ ਮਰਯਾਦਾ ਤੋਂ ਪਸਚਾਤ ਹੁਣ ਤੀਕ ਕੋਈ ਇਕੱਲਾ ਦੁਕੱਲਾ ਸਿੰਘ ਸੁਜਨ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਸਕਦਾ ਹੈ, ਯਾ ਨਾਮ ਗੁਰਮੰਤ੍ਰ ਦੇਣ ਦੀ ਮਨਮਤ ਕਰ ਸਕਦਾ ਹੈ। ਅਸੂਲਨ ਤੇ ਗੁਰਮਤਿ ਦੇ ਤਤ ਆਸ਼ੇ ਅਨਕੂਲ ਇਸ ਬਿਧ ਅੰਮ੍ਰਿਤ ਛਕਾਉਣ ਅਥਵਾ ਗੁਰਮੰਤ੍ਰ ਦੇਣ ਵਿਚ ਸਤਿਗੁਰੂ ਦੀ ਪੂਰਨ ਕਲਾ ਨਹੀਂ ਵਰਤਦੀ, ਜ਼ਰੂਰ ਅਪੂਰਨਤਾ ਰਹਿ ਜਾਂਦੀ ਹੈ। ਨਾਮ ਦਾ ਸੱਚਾ ਦਾਤਾ ਸਤਿਗੁਰੂ ਹੀ ਹੈ ਤੇ ਸਤਿਗੁਰੂ ਬਾਝੋਂ ਨਾਮ ਪਾਇਆ ਹੀ ਨਹੀਂ ਜਾ ਸਕਦਾ। ਜੈਸਾ ਕਿ ਇਹ ਅਗਲੇਰੇ ਗੁਰਵਾਕ ਸਿਧ ਕਰਦੇ ਹਨ। ਯਥਾ ਗੁਰਵਾਕ :

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰ ਨ ਕੋਇ ॥
ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥

ਸਿਰੀ ਰਾਗੁ ਮ: ੪, ਪੰਨਾ ੩੯

ਬਿਨੁ ਗੁਰ ਨਾਮੁ ਨ ਪਾਇਆ ਜਾਇ ॥
ਸਿਧ ਸਾਧਿਕ ਰਹੇ ਬਿਲਲਾਇ ॥
ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥

ਮਾਝ ਮ: ੩, ਪੰਨਾ ੧੧੫

---

* ਭਾ: ਗੁਰਦਾਸ ਵਾਰ ੧੩, ਪਉੜੀ ੧੯

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗਰ ਸੇਵੈ ਲਗਿਆ ਕਢਿ ਰਤਨ ਦੇਵੈ ਪਰਗਾਸਿ ॥

ਸਿਰੀ ਰਾਗੁ ਮ: ੪, ਪੰਨਾ ੪੦

ਪੂਰਾ ਸਤਿਗੁਰ ਗੁਰੂ ਦਸਾਂ ਜਾਮਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋਤਿ ਪਰਵੇਸ਼ ਹੋਇਆ ਪੂਰਾ ਗੁਰੂ ਗੁਰ ਨਾਨਕ ਹੈ, ਜੋ ਪੂਰਨ ਪਰਮਾਤਮਾ ਦੀ ਧੁਰ ਦਰਗਾਹ ਤੋਂ ਪੂਰਨ ਅਤੇ ਸਚੇ ਸਤਿਗੁਰੂ ਦਾ ਵਡੀ ਹੂੰ ਵਡਾ ਅਪਾਰ ਮਰਤਬਾ ਲੈ ਕੇ ਆਇਆ। ਆਪੋਂ ਬਣ ਬੈਠੇ ਡਿੰਭੀ ਭੇਖੀ ਗੁਰੂ ਸਭ ਕਚ ਪਿਚੇ ਅਪੂਰਨ ਗੁਰੂ ਹਨ। ਬਲਕਿ ਓਹਨਾਂ ਨੂੰ ਗੁਰੂ ਕਹਿਣਾ ਹੀ ਮਹਾਂ ਪਾਪ ਹੈ। ਕੇਵਲ ਗੁਰੂ ਨਾਨਕ ਦੇਵ ਨੇ ਹੀ ਗੁਰੂ ਅਕਾਲ ਪੁਰਖ ਨੂੰ ਗੁਰੂ ਧਾਰਿਆ ਹੈ। ਇਸ ਕਰਕੇ ਕੇਵਲ ਗੁਰੂ ਨਾਨਕ ਦੇਵ ਹੀ ਸੱਚਾ ਅਤੇ ਪੂਰਾ ਗੁਰੂ ਹੈ ਅਕਾਲ ਪੁਰਖ ਨਾਲ ਅਭੇਦ ਹੈ। ਗੁਰੂ ਨਾਨਕ ਸਾਹਿਬ ਦੁਆਰਾ ਅਕਾਲ ਪੁਰਖ ਨਾਲ ਅਭੇਦ ਹੋਏ ਗੁਰੂ ਜਾਮੇ ਸਭ ਪੂਰਨ ਗੁਰੂ ਜਾਮੇ ਹਨ। ਦੇਹਧਾਰੀ ਅਲਪ ਮਾਨੁਖਾਂ ਨੂੰ ਗੁਰੂ ਧਾਰਨ ਵਾਲੇ ਅਪੂਰੇ ਅਤੇ ਅਧੂਰੇ ਹੀ ਨਾਮ ਧਰੀਕ ਗੁਰੂ ਹਨ, ਏਹਨਾ ਤੋਂ ਨਾਮ ਲਇਆ ਕਿਸੇ ਲੇਖੇ ਨਹੀਂ। ਗੁਰੂ ਘਰ ਤੋਂ ਬਾਹਰ ਨਾਮ ਸੱਚਾ ਨਾਮ ਪਦਾਰਥ ਹੈ ਹੀ ਨਹੀਂ। ਐਵੇਂ ਗਪੋੜ ਢੰਗੇ ਹੀ ਹਨ। ਏਹ ਨਾਮ ਅਮੋਲਕ ਰਤਨ ਤਾਂ "ਪੂਰੇ ਸਤਿਗੁਰ ਪਾਸਿ" ਸ੍ਰੀ ਗੁਰੂ ਨਾਨਕ ਦੇਵ ਦੇ ਘਰ ਵਿਚ ਹੀ ਹੈ, ਜੈਸਾ ਕਿ ਪਹਿਲਾ ਗੁਰਵਾਕ ਦਸਦਾ ਹੈ ਅਤੇ ਇਸ ਤੋਂ ਪਹਿਲਾ ਗੁਰਵਾਕ ਏਹ ਭੀ ਦ੍ਰਿੜਾਉਂਦਾ ਹੈ ਕਿ ਗੁਰ ਪੂਰੇ ਜੇਵਡ ਅਵਰ ਕੋਇ ਨਹੀਂ ਹੋ ਸਕਦਾ। ਇਸੇ ਭਾਵ ਦੀ ਪ੍ਰੋੜ੍ਹਤਾ ਹੀ ਏਹ ਅਗਲੇਰਾ ਗੁਰਵਾਕ ਕਰਦਾ ਹੈ ਕਿ ਸਚੇ ਸਤਿਗੁਰੂ ਬਾਝੋਂ ਨਾਮ ਨਹੀਂ ਲਭਦਾ। ਯਥਾ ਗੁਰਵਾਕ :

**ਪੂਰਾ ਗੁਰੂ ਕੌਣ ਹੈ ?**

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥
ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥

ਸਿਰੀ ਰਾਗੁ ਮ: ੪, ਪੰਨਾ ੪੦

ਤਥਾ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥

ਵਾਰ ਆਸਾ ਮ: ੧, ਪੰਨਾ ੪੬੬

ਏਸ "ਕਰਿ ਪਰਗਟੁ ਆਖਿ ਸੁਣਾਇਆ" ਵਾਲੀ ਗੁਰ ਸਾਖਾ ਤੋਂ ਵਧ ਕੇ ਹੋਰ ਕੇਹੜੀ ਸ਼ਹਾਦਤ ਹੋ ਸਕਦੀ ਹੈ। ਜਿਨ੍ਹਾਂ ਨੇ ਐਸੇ ਸਚੇ ਸਤਿਗੁਰ ਸਿਉ


www.sikhbookclub.com

ਚਿਤੁ ਨਹੀਂ ਲਾਇਆ ਓਹਨਾਂ ਪ੍ਰਤੀ ਏਹ ਗੁਰਵਾਕ ਘਟਦਾ ਹੈ :

ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੦

ਅਤੇ ਜਿਨ੍ਹਾਂ ਨੇ ਸਤਿਗੁਰ ਸੇਤੀ ਚਿਤ ਲਾਇਆ ਹੈ ਓਹਨਾਂ ਪ੍ਰਤੀ ਏਹ ਗੁਰਵਾਕ ਘਟਦਾ ਹੈ:

ਜਿਨ ਸਤਿਗੁਰ ਸਿਉ ਚਿਤੁ ਲਾਇਆ ਤਿਨ ਸੁਖੁ ਵਸਿਆ ਮਨਿ ਆਇ ॥
ਹਰਿ ਨਾਮੁ ਧਿਆਵਹਿ ਰੰਗ ਸਿਉ ਹਰਿ ਨਾਮਿ ਰਹੇ ਲਿਵ ਲਾਇ ॥
ਨਾਨਕ ਸਤਿਗੁਰ ਸੋ ਧਨੁ ਸਉਪਿਆ ਜਿ ਜੀਅ ਮਹਿ ਰਹਿਆ ਸਮਾਇ ॥
ਰੰਗੁ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ ॥

ਗੂਜਰੀ ਕੀ ਵਾਰ ਮ: ੩, ਪੰਨਾ ੫੧੦

ਇਸ ਗੁਰਵਾਕ ਅੰਦਰ ਸਾਫ ਦਸਿਆ ਗਿਆ ਹੈ ਕਿ ਪੂਰੇ ਸਤਿਗੁਰੂ ਦੁਆਰਾ ਨਾਮ ਪ੍ਰਾਪਤ ਕੀਤਾ ਹੀ ਪੂਰਨ ਰੰਗਾਂ ਵਿਚ ਫਲੀਭੂਤ ਹੁੰਦਾ ਹੈ । ਜਿਨ੍ਹਾਂ ਸਚੇ ਸਤਿਗੁਰ ਉਤੇ ਸਰਧਾ ਧਾਰ ਕੇ ਪੂਰੇ ਸਤਿਗੁਰ ਤੋਂ ਹੀ ਨਾਮ ਪ੍ਰਾਪਤ ਕੀਤਾ ਹੈ, ਓਹਨਾਂ ਦੇ ਹਿਰਦੇ ਅੰਦਰ ਸੱਚਾ ਸੁਖ ਪ੍ਰਮ ਆਤਮ ਅਨੰਦ ਆ ਵਸਦਾ ਹੈ ਅਤੇ ਓਹੀ ਸਚੇ ਆਤਮ ਰੰਗਾਂ ਵਿਚ ਰੰਗੀਜ ਕੇ ਰਸ ਜੋਤਿ ਤੇ ਵਿਗਾਸ ਵਿਚ ਵਿਗਸ ਕੇ ਨਾਮ ਧਿਆਉਂਦੇ ਹਨ ਅਤੇ ਓਹਨਾਂ ਦੀ ਹੀ ਸਦਾ ਲਈ ਸਚੀ ਲਿਵਤਾਰ ਨਾਮ ਸੇਤੀ ਲਗਦੀ ਹੈ । ਸੱਚਾ ਸਤਿਗੁਰੂ ਓਹਨਾਂ ਨੂੰ ਅਜੇਹਾ ਰੰਗਲਾ ਨਾਮ ਧਨ ਸਉਂਪਦਾ, ਦ੍ਰਿੜਾਉਂਦਾ ਹੈ, ਜਿਸ ਦੀ ਜਗਮਗੀ ਜੋਤਿ ਅੰਤਰਿ ਆਤਮੇ ਜੀਅ ਮਹਿ ਹੀ ਸਦਾ ਟਿਮ ਟਿਮਾਇਕੇ ਸਮਾਇ ਰਹਿੰਦੀ ਹੈ । ਅੰਤ ਤਿਨਾਂ ਨੂੰ ਇਹ ਜੀਅ-ਜੋਤਿ-ਸਮਾਣੀ ਵਾਲਾ ਆਤਮ ਜੋਤਿ ਵਿਗਾਸੀ ਰੰਗ ਵਧ ਤੋਂ ਵਧ ਚੜ੍ਹਦੀ ਕਲਾ ਵਿਚ ਚੜ੍ਹ ਜਾਂਦਾ ਹੈ ਅਤੇ ਚੜ੍ਹਦਾ ਰਹਿੰਦਾ ਹੈ ਅਤੇ ਏਹਨਾਂ ਚੜ੍ਹਦੀ ਕਲਾ ਦੇ ਆਤਮ ਰੰਗਾਂ ਦੀ ਜੋਤਿ ਵੰਨੀ ਓਹਨਾਂ ਚੇਹਰਿਆਂ ਉਤੇ ਹੁੰਮ ਹੁੰਮਾ ਕੇ ਸਦਾ ਚੜ੍ਹੀ ਚੜ੍ਹਾਈ ਰਹਿੰਦੀ ਹੈ । ਅਤੁਟ ਜੋਤਿ ਰੰਗੀ ਆਤਮ ਰਸ ਰਸਾਇਣੀ ਨਾਮ ਰੂਪੀ ਸਿਫਤਿ ਸਾਲਾਹ ਦੀ ਬਖਸ਼ਿਸ਼ ਕੇਵਲ ਸਚੇ ਅਤੇ ਪੂਰੇ ਸਤਿਗੁਰੂ ਦੇ ਦੁਆਰਿਓਂ ਹੀ ਹੋ ਸਕਦੀ ਹੈ । ਯਥਾ ਗੁਰਵਾਕ :

ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥

ਮ: ੩, ਬਿਹਾਗੜੇ ਕੀ ਵਾਰ ਮ: ੪, ਪੰਨਾ ੫੪੯

**ਨਿਰੰਕਾਰੀ ਨਾਮ**

ਗੁਰ ਬਖਸ਼ਿਸ਼ ਰੂਪੀ ਸਤਿਗੁਰ ਦਾ ਸੱਚਾ ਪ੍ਰਸਾਦ ਨਾਮ ਹੀ ਹੈ,ਜਿਸ ਨੂੰ ਇਹ ਸਤਿਗੁਰ ਦਾ ਬਖਸ਼ਿਆ ਪ੍ਰਸਾਦੁ ਮਿਲਦਾ ਹੈ, ਉਸ ਨੂੰ ਕਦੇ ਤੋਟ ਨਹੀਂ ਆਉਂਦੀ, ਸਦਾ ਹੀ ਅਤੁਟ ਛਾਂਦੇ ਉਹ ਭੁੰਚਦਾ ਹੈ। ਸਤਿਗੁਰ ਨਾਨਕ ਸਾਹਿਬ ਦੇ ਪ੍ਰਸਾਦਿ ਕਰ ਮਿਲਿਆ ਨਿਰੰਕਾਰ ਅਕਾਲ ਪੁਰਖ ਦਾ ਨਾਮ ਭੀ ਨਿਰੰਕਾਰੀ ਨਾਮ ਹੈ। ਇਹ ਨਿਰੰਕਾਰੀ ਨਾਮ ਰੂਪ ਰੇਖ ਤੋਂ ਨਿਆਰਾ ਪਰ ਦਿਬ-ਜੋਤੀਯ ਘਟਿ ਘਟਿ ਡੀਠ ਅਡੀਠ ਨਾਮ ਹੈ ਜੋ ਅਲਖ ਪਦਾਰਥ ਕੇਵਲ ਨਾਮ ਰਸੀਏ ਗੁਰਮੁਖਾਂ ਪਾਸੋਂ ਹੀ ਲਖਿਆ ਜਾ ਸਕਦਾ ਹੈ। ਜੈਸਾ ਕਿ ਇਸ ਅੱਗਲੇ ਗੁਰਵਾਕ ਦਾ ਭਾਵ ਹੈ :

ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥..
ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥

ਮਾਝ ਮ: ੪, ਪੰਨਾ ੧੨੯

ਨਾਮ ਨਾਮੀ ਦੀ ਦਿਬ ਜੋਤਿ ਦੀ ਅਲੱਖ ਲਖਤਾ ਵਾਲੇ ਗੁਰਮੁਖ ਜਨਾਂ ਅਤੇ ਘਟ ਮਹਿ ਖਾਲਸ ਜੋਤਿ ਜਗਨੰਤਰੀ ਖਾਲਸਾ ਜਨਾਂ ਦਾ ਪੁੰਜ ਹੀ ਸਿਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਅਧਿਕਾਰੀ ਜਗਿਆਸੂ ਜਨਾਂ ਨੂੰ ਅੰਮ੍ਰਿਤ ਛਕਾ ਸਕਦਾ ਹੈ ਅਤੇ ਨਾਮ ਗੁਰਮੰਤ੍ਰ ਦ੍ਰਿੜ੍ਹਾ ਸਕਦਾ ਹੈ। ਅਜਿਹੇ ਇਕ ਇਕੱਲੇ ਖਾਲਸਾ ਜਨ ਨੂੰ ਨਾਮ ਗੁਰਮੰਤ੍ਰ ਦੇਣ ਦ੍ਰਿੜ੍ਹਾਉਣ ਦਾ ਅਧਿਕਾਰ ਨਹੀਂ। ਨਾ ਹੀ ਉਸ ਇਕੱਲੇ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੈ, ਚਾਹੇ ਉਹ ਕਿਤਨਾ ਉੱਚਾ ਸੁੱਚਾ ਨਾਮ ਅਭਿਆਸ ਕਲਾ ਕਮਾਈ ਵਾਲਾ ਨਿਪੁੰਨ ਗੁਰਮੁਖ ਜਨ ਹੀ ਹੋਵੇ। ਭੂਤ ਭਵਿੱਖਤ ਤੇ ਦਾਨੀ (ਤ੍ਰੈਕਾਲ ਦਰਸੀ) ਸਿਰੀ ਗੁਰੂ ਦਸਮੇਸ਼ ਜੀ ਨੇ ਆਪਣੀ ਗੁਰੱਤਾ ਦੇ ਅਹਿਦ ਸਮੇਂ ਹੀ ਪੰਜਾਂ ਪਿਆਰਿਆਂ ਵਾਲਾ ਧੁਰਵਾ ਬੰਨ੍ਹ ਦਿਤਾ। ਇਥੋਂ ਤਾਈਂ ਕਿ ਖੁਦ ਆਪ ਚੋਜੀ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਨਾਮ ਦਾਨ ਲੀਤਾ, ਤਾਕਿ ਅਗੇ ਨੂੰ ਕੋਈ ਇਕੱਲਾ ਗੁਰੂ ਬਣ ਕੇ ਨਾ ਬੈਠੇ ਅਤੇ ਇਕੱਲਾ ਹੀ ਨਾਮ ਦੇਣਾ ਨਾ ਆਰੰਭ ਦੇਵੇ। ਪੰਜਾਂ ਪਿਆਰਿਆਂ ਦੇ ਪ੍ਰਗਟਾਉਣ ਵਾਲੇ ਚੋਜ ਪਸਚਾਤ ਗੁਰੂ ਦਸਮੇਸ਼ ਸਚੇ ਪਾਤਸ਼ਾਹ ਅਗੇ ਲਈ ਹਮੇਸ਼ਾਂ ਆਪਣੀ ਹਜ਼ੂਰੀ ਵਿਚ (ਅਰਥਾਤ ਆਪਣੀ ਤਾਬਿਆ) ਅਧਿਕਾਰੀ ਜਨਾਂ ਨੂੰ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕਾਉਂਦੇ ਰਹੇ। ਪੰਜਾਂ ਪਿਆਰਿਆਂ ਦੀ ਹਜ਼ੂਰੀ ਮੰਨਜ਼ੂਰੀ ਵਿਚ ਨਾਮ ਦਾਨ ਦਿੰਦੇ ਦ੍ਰਿੜ੍ਹਾਉਂਦੇ ਰਹੇ। ਆਪਣੇ ਜੋਤੀ ਜੋਤਿ ਸਮਾਉਣ ਸਮੇਂ ਤੋਂ ਪਹਿਲਾਂ ਹੀ ਇਹ ਪੱਕਾ ਧੁਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਦਾ ਲਈ ਗੁਰ-ਗੱਦੀ ਤੇ ਸੁਸ਼ੋਭਤ ਰਹਿਣਗੇ, ਇਸ

ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਇਸੇ ਤਰ੍ਹਾਂ ਪੰਚ ਪਰਵਾਨ ਖਾਲਸਾ ਜੀ ਅੰਮ੍ਰਿਤ ਛਕਾਇਆ ਤੇ ਨਾਮ ਦ੍ਰਿੜ੍ਹਾਇਆ ਕਰਨ, ਜੈਸਾ ਕਿ ਸਾਡੀ ਤਾਬਿਆ ਧੁਰਵਾ ਬੱਝਾ ਰਿਹਾ ਹੈ ।

ਗੁਰੂ ਦਸਮੇਸ਼ ਜੀ ਦੇ ਖਾਲਸਾ ਸਜਾਉਣ ਦੇ ਸਮੇਂ ਤੋਂ ਪਹਿਲਾਂ ਸਭੇ ਗੁਰੂ ਪਾਤਸ਼ਾਹੀਆਂ ਦੀ ਹੁਕਮ ਰਜ਼ਾਈ ਟਕਸਾਲ ਦਾ ਸਿੱਕਾ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਥਾਉਂ ਚਰਨ ਪਾਹੁਲੀ ਅੰਮ੍ਰਿਤ ਛਕਾਉਣਾ ਸੀ, ਜੋ ਗੁਰੂ ਪਾਦਸ਼ਾਹ ਤੋਂ ਬਿਨਾਂ ਕੋਈ ਨਹੀਂ ਸੀ ਛਕਾ ਸਕਦਾ । ਨਾ ਹੀ ਕੋਈ ਨਾਮ ਨਿਧਾਨ ਦ੍ਰਿੜ੍ਹਾ ਸਕਦਾ ਸੀ । ਗੁਰਮਤਿ ਨਾਮ ਦੀ ਮਹਿਮਾ ਗੁਰੂ ਕੀ ਮਹਿਮਾ ਦ੍ਰਿੜ੍ਹਾਇ ਦ੍ਰਿੜ੍ਹਾਇ ਨਾਮ ਅਭਿਆਸ ਕਮਾਈਆਂ ਵਾਲੇ ਗੁਰਮੁਖਿ ਜਨ ਨਾਮ ਗੁਰਮਤਿ ਗੁਰਸਿਖੀ ਦੇ ਅਭਿਲਾਖੀ ਉਮੈਦਵਾਰਾਂ ਨੂੰ ਪ੍ਰੀਤੀ ਪ੍ਰੇਰਨਾ ਦੁਆਰਾ ਸਤਿਗੁਰ ਸਰਣੀ ਲਿਆਉਣ ਦੀ ਅਥੱਕ ਸੇਵਾ ਵਿਚ ਜੁਟੇ ਰਹਿੰਦੇ ਸਨ, ਪਰ ਆਪ ਆਪੋਂ ਕਦੇ ਕਿਸੇ ਨੂੰ ਨਾਮ ਅਤੇ ਸਿਖੀ ਪਰਦਾਨ ਨਹੀਂ ਕਰਦੇ ਸਨ ਅਤੇ ਇਸ ਬਿਧ ਗੁਰੂ ਬਣ ਬਣ ਕਦੇ ਨਹੀਂ ਬਹਿੰਦੇ ਸਨ । ਗੁਰੂ ਬਣ ਬਹਿਣ ਦੀ ਵਾਦੀ ਪੈਂਦੀ ਹੀ ਨਾਮ ਗੁਰਮੰਤ੍ਰ ਦੇ ਦਾਤੇ ਬਣਨ ਤੋਂ ਹੈ, ਇਹ ਵਾਦੜੀਆਂ ਕੁਵਾਦੜੀਆਂ ਖਬਰ ਨਹੀਂ ਕਦੋਂ ਕੁ ਤੋਂ ਪ੍ਰਚਲਤ ਹੋਈਆਂ, ਪਰ ਇਸ ਵਿਚ ਸੰਦੇਹ ਨਹੀਂ ਕਿ ਹੋਈਆਂ ਉਹਨਾਂ ਦੇ ਪੈਰਾਂ ਤੋਂ ਜੋ ਗੂੜ੍ਹ ਗੁਰਮਤਿ ਤੇ ਤੱਤ ਆਸੇ ਤੋਂ ਅਗਿਆਨੀ ਸਨ ਅਤੇ ਜਿਨ੍ਹਾਂ ਨੂੰ ਗੁਰੂ ਬਣ ਬਣ ਬਹਿਣ ਦਾ ਕੁਚਸਕਾ ਪਿਆ ਹੋਇਆ ਸੀ । ਇਹ ਖਬਰੇ ਕਿਵੇਂ ਪੈ ਗਿਆ ਸੀ ? ਭਾਈ ਗੁਰਦਾਸ ਜੀ ਸਾਰਖੇ ਤੱਤ ਬੇਤੇ ਗੁਰਮੁਖ ਜਨ ਅਤੇ ਬਾਬੇ ਬੁਢੇ ਸਾਰਖੇ ਬ੍ਰਹਮ ਗਿਆਨੀ ਤਾਂ ਸੰਗਤਾਂ ਨੂੰ ਦੂਰ ਦੁਰਾਡਿਆਂ ਥਾਵਾਂ ਤੋਂ ਪ੍ਰੇਰ ਪ੍ਰੇਰ ਕੇ ਗੁਰ ਸਰਣਾਗਤਿ ਲਿਆਉਂਦੇ ਰਹੇ ਅਤੇ ਗੁਰ ਸਤਿਗੁਰੂ ਪਾਸੋਂ ਹੀ ਨਾਮ ਗੁਰਮੰਤ੍ਰ ਦਾ ਦਾਨ ਅਤੇ ਗੁਰਸਿਖੀ ਪਰਦਾਨ ਕਰਾਉਂਦੇ ਰਹੇ, ਉਹ ਕਦੇ ਖੁਦ ਗੁਰੂ ਬਣ ਕੇ ਨਹੀਂ ਬੈਠੇ, ਨਾ ਹੀ ਉਹਨਾਂ ਨੇ ਨਾਮ ਗੁਰਮੰਤ੍ਰ ਖੁਦ ਕਿਸੇ ਪ੍ਰਾਣੀ ਨੂੰ ਦਿਤਾ, ਨਾ ਕਿਸੇ ਨੂੰ ਆਪਣਾ ਸਿਖ ਬਣਾਇਆ, ਨਾ ਆਪਣੇ ਆਪ ਨੂੰ ਗੁਰੂ ਸਦਵਾਇਆ । ਨਹੀਂ ਤਾਂ ਹੁਣ ਨੂੰ ਉਹਨਾਂ ਦੀਆਂ ਸਿਖੀ ਸੇਵਕੀ ਦੀਆਂ ਪੱਧਤਾਂ ਕਦੇ ਦੀਆਂ ਪ੍ਰਚਲਤ ਹੋ ਗਈਆਂ ਹੁੰਦੀਆਂ । ਬ੍ਰਹਮ ਬੇਤੇ ਹੋ ਕੇ ਸਦੀਵ ਲਈ ਸਿਖ ਹੀ ਬਣੇ ਰਹੇ ਅਤੇ ਆਪਣੇ ਆਪ ਨੂੰ ਜਣਾਇਆ ਤਕ ਨਹੀਂ । ਇਹੀ ਤਾਂ ਅਜਰ ਨੂੰ ਜਰਨ ਵਾਲੀ ਗੁਰ ਹੁਕਮਾਂ ਸਿਰ ਹੁਕਮ ਦੀ ਸਫਲ ਕਮਾਈ ਹੈ । ਇਹੀ ਸੱਚੀ ਗੁਰਸਿਖੀ ਹੈ । ਇਹੀ ਨਾਮ ਰਸਾਇਣੀ ਅਜਰ ਜਰਾਇਣੀ ਅਡੋਲ ਅਤੇ ਹਉਮੈ ਤੋਂ ਨਿਰਲੇਪ ਆਤਮ ਅਵਸਥਾ ਹੈ, ਜੋ ਪੂਰਨ ਗੁਰ ਮਰਯਾਦਾ ਅਨੁਸਾਰ ਤੇ ਗੁਰਮਤਿ ਦੇ ਪੂਰਨ ਅਤੇ ਤੱਤ ਆਸ਼ੇ ਅਨੁਸਾਰ ਕੇਵਲ ਸਤਿਗੁਰੂ ਦੁਆਰਿਓਂ ਹੀ ਨਾਮ ਦਾਤ

ਦੀ ਬਖਸ਼ਸ਼ ਕਰ ਵਰੋਸਾਏ ਗਏ ਗੁਰਮੁਖ ਜਨਾਂ ਨੂੰ ਪ੍ਰਾਪਤ ਹੈ। ਜੋ ਇਥੋਂ ਰਾਈ ਮਾਤਰ ਭੀ ਘੁਥ ਗਏ, ਸੋ ਕਾਂਪ ਖਾ ਗਏ, ਅਤੇ ਅਕਸਰ ਉਹੀ ਕਾਂਪ ਖਾਂਦੇ ਹਨ, ਜਿਨ੍ਹਾਂ ਦੀ ਨਾਮ ਲੈਣ ਵਾਲੀ ਪੂਰਨ ਗੁਰਮਤਿ ਮਰਯਾਦਾ ਵਲੋਂ ਅਪੂਰਨਤਾ ਰਹਿ ਜਾਂਦੀ ਹੈ, ਯਾ ਜਿਨ੍ਹਾਂ ਤੋਂ ਨਾਮ ਦਾਤ ਪੂਰਨ ਗੁਰ ਮਰਯਾਦਾ ਅਨੁਸਾਰ ਪ੍ਰਾਪਤ ਕਰਕੇ ਪਿਛੋਂ ਕੋਈ ਗੁਰਮਤਿ ਪ੍ਰਤਿਕੂਲ ਚੂਕ ਹੋ ਜਾਂਦੀ ਹੈ, ਉਹ ਅੱਤ ਚੜ੍ਹ ਗਈ ਆਤਮ ਬਵਸਥਾ ਤੋਂ ਉਸ ਮਨਮਤ ਦੇ ਕਾਰਨ ਇਕ ਦਮ ਖੜਦੀ ਕਲਾ ਵਿਚ ਹੋ ਜਾਂਦੇ ਹਨ। ਇਕ ਗੁਰਮੁਖ ਨਾਮ ਕਮਾਈਆਂ ਵਾਲੇ ਸਿੱਖ ਸੱਜਣ ਦੀ ਇਥੋਂ ਤਾਈਂ ਆਤਮ ਅਵਸਥਾ ਚੜ੍ਹ ਗਈ ਸੀ ਕਿ ਉਸ ਦੀ ਨਾਮ ਰੰਗਾਂ ਵਾਲੀ ਕਮਾਲ ਕਰਨੀ ਨੂੰ ਪੇਖਿ ਪੇਖਿ ਸੈਂਕੜੇ ਆਦਮੀ ਸੁਮਾਰਗੇ ਪਏ ਅਤੇ ਗੁਰਮਤਿ ਗ੍ਰਹਿਣ ਕਰ ਤਿਆਰ ਬਰ ਤਿਆਰ ਸਿੰਘ ਸਜੇ, ਪਰ ਉਹ ਸਜਣ ਵਿਚਾਲੇ ਆ ਕੇ ਅਜਿਹਾ ਅਟਕਿਆ ਕਿ ਉਸ ਦਾ ਨਾਮ ਅਭਿਆਸ ਉੱਕਾ ਹੀ ਖੜੋ ਗਿਆ, ਉਹ ਦੁਹਾਈਆਂ ਦੇਵੇ ਅਤੇ ਕਹੇ ਕਿ ਮੈਨੂੰ ਕੀ ਹੋ ਗਿਆ ? ਬਹੁੜੀਆਂ ਪਾਵੇ, ਪਰ ਬਣੇ ਕੁਛ ਨਾ। ਓੜਕ ਜਦੋਂ ਨਾਮ ਰਸੀਅੜੇ ਸਿੰਘ ਸੁਜਨਾਂ ਦੇ ਸਨਮੁਖ ਗੁਰੂ ਦਰਬਾਰ ਵਿਚ ਆ ਕੇ ਉਸ ਨੇ ਪੁਕਾਰ ਕੀਤੀ ਤੇ ਸੰਗਤ ਅੰਦਰ ਵੀਚਾਰ ਦੁਆਰਾ ਜਦੋਂ ਉਸ ਦੀ ਸੋਧਨਾਂ ਕੀਤੀ ਗਈ ਤਾਂ ਪਤਾ ਲਗਾ ਕਿ ਉਹ ਸਜਣ ਇਕੱਲਾ ਹੀ ਲੋਕਾਂ ਨੂੰ ਨਾਮ ਗੁਰਮੰਤ੍ਰ ਦੇਣ ਲਗ ਗਿਆ ਸੀ। ਉਸ ਦੀ ਇਸ ਬੱਜਰ ਭੁੱਲ ਦਾ ਜਦੋਂ ਗੁਰ ਸੰਗਤ ਅੰਦਰ ਪੂਰਨ ਪ੍ਰਾਸਚਿਤੀ ਅਰਦਾਸਾ ਉਸ ਦੀ ਓਰ ਤੋਂ ਹੋਇਆ ਤਾਂ ਤਤਕਾਲ ਹੀ ਉਸ ਦਾ ਨਾਮ ਅਭਿਆਸ ਤੁਰ ਪਇਆ, ਜੋ ਅੱਗੇ ਪਥਰਾਇਆ ਗਿਆ ਸੀ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਕੱਲੇ ਨਾਮ ਦੇਣ ਵਾਲਿਆਂ ਅਤੇ ਇਕੱਲਿਆਂ ਤੋਂ ਨਾਮ ਲੈਣ ਵਾਲਿਆਂ ਦੋਹਾਂ ਦੀਆਂ ਨਾਮ ਅਭਿਆਸ ਕਮਾਈਆਂ ਵਿਚ ਕਚਿਆਈਆਂ ਅਤੇ ਅਪੂਰਨਤਾਈਆਂ ਜ਼ਰੂਰ ਰਹਿ ਜਾਂਦੀਆਂ ਹਨ। ਜਿੰਨੀਆਂ ਭੀ ਇਸ ਤਰ੍ਹਾਂ ਨਾਮ ਦੇਣ ਲੈਣ ਵਾਲਿਆਂ ਦੀਆਂ ਸੰਪਰਦਾਵਾਂ ਚਲੀਆਂ ਹਨ ਸਭੇ ਹੀ ਤਤ ਨਾਮ ਅਭਿਆਸ ਦੀ ਪੂਰਨ ਕਮਾਈ ਵਲੋਂ ਊਰੀਆਂ ਅਤੇ ਅਧੂਰੀਆਂ ਰਹਿ ਜਾਂਦੀਆਂ ਰਹੀਆਂ ਹਨ ਚਾਹੇ ਕਿਤਨੀਆਂ ਰਿਧੀਆਂ ਸਿੱਧੀਆਂ ਉਹਨਾਂ ਦੀਆਂ ਪ੍ਰਸਿੱਧ ਹੋਣ ਪਰ ਪੂਰਨ ਨਾਮ ਕਮਾਈ ਦੀ ਗੁਰਮਤਿ ਆਦਰਸ਼ਕ ਬਵਸਥਾ ਤੇ ਪੁੱਗ ਖਲੋਣ ਖੁਣੋਂ ਏਹ ਸਭ ਬੱਦਲ ਦੀ ਛਾਈ ਹੀ ਜਾਣੋ।

ਗੁਰੂ ਸਾਹਿਬਾਨ ਦੇ ਸਮੇਂ ਜਿਨ੍ਹਾਂ ਜਿਨ੍ਹਾਂ ਗੁਰਮੁਖ ਗੁਰਸਿਖਾਂ ਨੂੰ ਮੰਜੀਆਂ ਬਖਸ਼ੀਆਂ ਗਈਆਂ ਸੋ ਗੁਰਮਤਿ ਦੇ ਪ੍ਰਚਾਰ ਲਈ ਬਖਸ਼ੀਆਂ ਗਈਆਂ, ਨਾ ਕਿ ਗੁਰੂ ਡੰਮ ਦਾ ਡਿੰਭ ਧਾਰਨ ਲਈ। ਜੇ ਕਹੋ ਕਿ ਇਤਿਹਾਸ ਤੋਂ ਇਹ ਗੱਲ ਸਿੱਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦਾਨ ਨਹੀਂ ਸੀ ਕਰਦੇ, ਤਾਂ

ਇਤਿਹਾਸ ਤੋਂ ਇਹ ਗੱਲ ਭੀ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖ ਨਾਮ ਦੇਂਦੇ ਰਹੇ ਹਨ। ਜੇ ਕਦੇ ਕਿਸੇ ਇਤਿਹਾਸਕਾਰ ਨੇ ਏਹ ਗੱਲ ਲਿਖ ਭੀ ਦਿਤੀ ਹੈ ਤਾਂ ਉਸ ਦਾ ਏਹ ਮਨ ਉਕਤ ਢਕੋਂਸਲਾ ਹੀ ਹੋਵੇਗਾ। ਅਸੀਂ ਇਤਿਹਾਸ ਨੂੰ ਗੁਰਮਤਿ ਦੀ ਕਸੌਟੀ ਨਾਲ ਪਰਖ ਕੇ ਹੀ ਪਰਵਾਨ ਕਰਨਾ ਹੈ। ਏਹ **ਗੁਰਦੇਵ ਅਤੇ ਚਾਟੜਿਆਂ ਦੇ ਗੁਰਿ ਡਿੰਭ ਡਮ ਸਿਲਸਿਲੇ ਆਮੁਹਾਰੇ ਹੀ ਚਲੇ ਅਤੇ** ਤੱਤ ਗੁਰਮਤਿ ਤੋਂ ਬੇ-ਮੁਖ ਹੋਕੇ ਹੀ ਚੱਲੇ। ਏਹ ਜਿਤਨੀਆਂ ਭਿੰਨ ਭਿੰਨ ਸੰਪ੍ਰਦਾਈ ਪੱਧਤਾਈ ਸ਼ਰੇਣੀਆਂ ਹਨ ਸਭ ਗੁਰਮਤਿ ਤੋਂ ਆਕੀ ਸ਼ਰੇਣੀਆਂ ਹਨ। ਬਹੁਤ ਸਾਰੀਆਂ ਸ਼ਰੇਣੀਆਂ ਤਾਂ ਲੋਕਾਚਾਰੀ ਚਲ ਪਈਆਂ, ਓਹਨਾਂ ਸ਼ਰੇਣੀਆਂ ਦੇ ਪ੍ਰਤੀਨਿਧਾਂ ਨੇ ਨਹੀਂ ਚਲਾਈਆਂ, ਐਵੇਂ ਪਿਛੋਂ ਹੀ ਅੱਲਾਂ ਪੈ ਗਈਆਂ। ਪਰ ਸਿੱਧ ਭਜਨੀਕ ਹਸਤੀਆਂ ਨੂੰ ਲੋਕੀ ਆਪ ਹੀ ਗੁਰ ਡਿੰਭਤਾ ਦਾ ਛੱਜ ਚਮੇੜ ਦਿੰਦੇ ਹਨ। ਬੜੇ ਬੜੇ ਕੱਟਰ ਤਤ ਖਾਲਸੇ ਭੀ ਇਤ ਵਲੇ ਧੋਖਾ ਖਾ ਜਾਂਦੇ ਹਨ। ਅਸਾਡੇ ਸਾਹਮਣੇ ਅੱਜ ੩ ਫਰਵਰੀ ੧੯੩੯ ਦਾ 'ਖਾਲਸਾ ਸੇਵਕ' ਅਖਬਾਰ ਪਿਆ ਹੈ ਜਿਸ ਦੇ ਪੰਨੇ ੬ ਉਤੇ 'ਸਿਖ ਰਾਜ ਸਮੇਂ ਦੀ ਮਾਈ' ਦੇ ਸਿਰਲੇਖ ਵਾਲੇ ਲੇਖ ਅੰਦਰ ਚੌਥੇ ਪੈਰੇ ਦੀ ਮੁਢਲੀ ਸਤਰ ਵਿਚ ਸੰਪਾਦਕ ਜੀ ਨੇ ਲਿਖਿਆ ਹੈ :

'ਕਿ ਆਪ ਜੀ ਨੇ ਬਾਬਾ ਗਿਆਨ ਸਿੰਘ ਗਿਆਨੀ ਤੋਂ ਅੰਮ੍ਰਿਤ ਛਕਿਆ' ਦੇਖੋ ਕੈਸੀ ਗੁਰਮਤਿ ਦੇ ਤੱਤ ਦੇ ਅਸੂਲੋਂ ਗਿਰੀ ਹੋਈ ਗਲ ਲਿਖੀ ਹੈ। ਚਾਹੇ ਏਹ ਸਾਧਾਰਨ ਹੀ ਲਿਖੀ ਗਈ ਹੋਵੇਗੀ, ਪਰ ਇਸ ਨੂੰ ਦੇਖ ਪੜ੍ਹ ਕੇ ਜਣਾ ਕਣਾ ਸਾਧਾਰਨ ਆਦਮੀ ਏਹ ਧੋਖਾ ਖਾ ਜਾਂਦਾ ਹੈ ਕਿ ਇਕ ਇਕੱਲਾ ਆਦਮੀ ਹੀ ਅੰਮ੍ਰਿਤ ਛਕਾ ਸਕਦਾ ਹੈ। ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਪੂਰਨ ਗੁਰਮਤਿ ਮਰਯਾਦਾ ਪ੍ਰਸ਼ੋਤਮ ਸੰਤ ਸ਼ਨ। ਓਹਨਾਂ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ, ਪਰ ਅਕਸਰ ਲੋਗ ਬਹੁਤ ਸਿਖ ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ, 'ਜੀ ! ਮੈਂ ਸੰਤ ਸ਼ਾਮ ਸਿੰਘ ਜੀ ਤੋਂ ਅੰਮ੍ਰਿਤ ਛਕਿਆ'। ਸੰਤ ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾਂ ਨੂੰ ਭੀ ਕਿਸੇ ਤੋਂ ਹੱਥ ਨਹੀਂ ਲਵਾਇਆ ਸੀ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਹੀ ਬਤੀਤ ਕੀਤਾ। ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਪੁਜਾਰੀ ਸੇਵਕ ਸਿਖ ਹੀ ਬਣੇ ਰਹੇ, ਪਰ ਏਹ ਆਮ ਕਹਿਵਤ ਕਹੀ ਜਾਂਦੀ ਸੁਣੀ ਗਈ ਹੈ ਕਿ—ਫਲਾਨਾ ਸਿੱਖ ਸੰਤ ਸ਼ਾਮ ਸਿੰਘ ਦਾ ਚਾਟੜਾ ਹੈ। ਹਾਲਾਂਕਿ ਸੰਤ ਜੀ ਨੂੰ ਗੁਰੂ ਡੰਮ ਦੀ ਕਦੇ ਭੀ ਚਾਟ੍ਹ ਨਹੀਂ ਲਗੀ, ਜਿਨ੍ਹਾਂ ਨੂੰ ਚਾਟ ਲਗੀ ਹੈ, ਉਨ੍ਹਾਂ ਪਰਥਾਇ ਤਾਂ ਕਿੰਨੀਆਂ ਕੁ ਕਹਿਵਤਾ ਪਰਚਲਤ ਹੋਈਆਂ ਹੈਣਗੀਆਂ। ਸੋਲਾਂ ਸਾਲ ਦੀ ਜੇਲ੍ਹ ਯਾਤ੍ਰਾ ਤੋਂ ਵਾਪਸ ਆਉਣ ਪਰ ਮੈਨੂੰ

ਇਕ ਸਿੰਘ ਘਰ ਆ ਕੇ ਮਿਲਿਆ। ਉਹ ਐਉਂ ਗੱਲਾਂ ਕਰੇ ਜਿਵੇਂ ਮੇਰਾ ਚਿਰੋਕਣਾ ਜਾਣੂੰ ਹੁੰਦਾ ਹੈ, ਪਰ ਮੈਂ ਉਸ ਨੂੰ ਪਛਾਣਿਆ ਨਹੀਂ, ਜਦ ਜਾਣ ਪਛਾਣ ਕੱਢਣ ਲਈ ਮੈਂ ਉਸ ਤੋਂ ਪੁਛ ਗਿਛ ਕੀਤੀ ਤਾਂ ਉਸ ਆਖਿਆ 'ਜੀ ! ਮੈਂ ਤੁਹਾਥੋਂ ਹੀ ਅੰਮ੍ਰਿਤ ਛਕਿਆ ਹੋਇਆ ਹੈ।' ਮੈਂ ਆਖਿਆ ਕੁਛ ਅਕਲ ਦੀ ਗੱਲ ਕਰੋ। ਉਹ ਸਮਝ ਗਿਆ ਤੇ ਫੇਰ ਆਖਣ ਲਗਾ—'ਜੀ ! ਮੈਥੋਂ ਭੁੱਲ ਹੋ ਗਈ, ਮੈਂ ਤਾਂ ਆਖਣਾ ਸੀ (ਮੇਰਾ ਮਤਲਬ ਤਾਂ ਏਹ ਸੀ) ਕਿ ਤੁਹਾਡੇ ਜਥੇ ਤੋਂ ਹੀ ਅੰਮ੍ਰਿਤ ਛਕਿਆ ਹੈ।' ਮੈਂ ਬੋਲਿਆ—'ਤੁਸੀਂ ਫੇਰ ਭੁਲ ਕਰਦੇ ਹੋ, ਮੇਰਾ ਜਥਾ ਕੀ ! ਕਦੇ ਮੈਨੂੰ ਆਪ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦਾ ਭੀ ਦੇਖਿਆ ਹੈ।' ਉਸ ਠਠੰਬਰ ਕੇ ਆਖਿਆ–'ਜੀ ! ਜਿਸ ਜਥੇ ਵਿਚ ਤੁਸੀਂ ਰਲ ਮਿਲ ਕੇ ਕੀਰਤਨ ਅਤੇ ਅਖੰਡ ਪਾਠ ਕਰਦੇ ਹੁੰਦੇ ਹੋ, ਮੇਰੀ ਉਸ ਆਖਣ ਤੋਂ ਏਹੀ ਮੁਰਾਦ ਹੈ।' ਏਹ ਗੱਲ ਪੱਕੀ ਸੀ ਕਿ ਜਦੋਂ ਉਸ ਨੇ ਅੰਮ੍ਰਿਤ ਛਕਿਆ ਸੀ ਤਾਂ ਮੈਂ ਓਦੋਂ ਪੰਜਾਂ ਪਿਆਰਿਆਂ ਵਿਚ ਭੀ ਨਹੀਂ ਸੀ ਸ਼ਾਮਲ ਹੋਇਆ। ਏਸੇ ਪ੍ਰਕਾਰ ਮੇਰੀ ਪਿਠ ਪਿਛੇ ਤਾਂ ਅਜਿਹੀਆਂ ਕਹਿਵਤਾਂ ਕਈ ਹੁੰਦੀਆਂ ਫਿਰਦੀਆਂ ਹੋਣਗੀਆਂ।

ਸਾਨੂੰ ਪ੍ਰਪਕ ਨਿਸਚਾ ਹੈ ਅਤੇ ਪੱਕੀਆਂ ਗਵਾਹੀਆਂ ਏਸ ਗੱਲ ਦੀਆਂ ਮਿਲੀਆਂ ਹਨ ਕਿ ਸੰਤ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ ਅਤੇ ਨਾ ਹੀ ਕਦੇ ਇਕੱਲਿਆਂ ਕਿਸੇ ਨੂੰ ਨਾਮ ਦਿਤਾ, ਏਹ ਜੋ ਗੱਲ ਪ੍ਰਚਲਤ ਹੈ ਕਿ ਬਾਬਾ ਰਾਮ ਸਿੰਘ ਜੀ ਭੈਣੀ ਵਾਲਿਆਂ ਨੇ ਬਾਬਾ ਬਾਲਕ ਸਿੰਘ ਜੀ ਪਾਸੋਂ ਨਾਮ ਗੁਰਮੰਤ੍ਰ ਲਇਆ, ਇਹ ਗੱਲ ਉੱਕੀ ਹੀ ਨਿਰਮੂਲ ਹੈ। ਹਾਂ ! ਏਹ ਗੱਲ ਸੱਚ ਹੈ ਕਿ ਉਹਨਾਂ ਹਜ਼ਰੋ ਜਾ ਕੇ ਪੰਜਾਂ ਪਿਆਰਿਆਂ ਦੇ ਓਸ ਜਥੇ ਤੋਂ ਅੰਮ੍ਰਿਤ ਛਕਿਆ, ਜਿਨ੍ਹਾਂ ਪੰਜਾਂ ਪਿਆਰਿਆਂ ਵਿਚ ਸੰਤ ਬਾਲਕ ਸਿੰਘ ਜੀ ਭੀ ਸ਼ਾਮਲ ਸਨ ਅਤੇ ਐਨ ਅੰਮ੍ਰਿਤ ਸਮਾਗਮ ਸਮੇਂ ਹੀ ਪੰਜਾਂ ਪਿਆਰਿਆਂ ਦੁਆਰਾ ਨਾਮ ਗੁਰਮੰਤ੍ਰ ਲਇਆ ਗਿਆ। ਬਹੁਤ ਚਿਰ ਤਾਂ ਭੈਣੀ ਵਿਖੇ ਭੀ ਪੰਜਾਂ ਪਿਆਰਿਆਂ ਦੁਆਰਾ ਹੀ ਖੰਡੇ ਦਾ ਅੰਮ੍ਰਿਤ ਤਿਆਰ ਹੁੰਦਾ ਰਿਹਾ ਜਿਨ੍ਹਾਂ ਵਿਚ ਕਿ ਬਾਬਾ ਰਾਮ ਸਿੰਘ ਜੀ ਭੀ ਸ਼ਾਮਲ ਹੁੰਦੇ ਰਹੇ ਅਤੇ ਪੰਜਾਂ ਦੇ ਪੁੰਜ ਤੇ ਹੀ ਐਨ ਅੰਮ੍ਰਿਤ ਸਮੇਂ ਪੂਰਨ ਗੁਰ ਮਰਯਾਦਾ ਅਨੁਸਾਰ ਨਾਮ ਗੁਰਮੰਤ੍ਰ ਦੇਣ ਲੈਣ ਦੀ ਗੁਰਮਤਿ ਰੀਤ ਸੁਰੀਤ ਚਲਦੀ ਰਹੀ। ਪਿਛੋਂ ਆ ਕੇ ਗਲ ਬਿਗੜਦੀ ਬਿਗੜਦੀ ਬਿਗੜ ਗਈ ਅਤੇ ਐਥੋਂ ਤਾਈਂ ਨੌਬਤ ਆਣ ਪੁੱਜੀ ਕਿ ਇਕ ਇਕ ਨਾਮਧਾਰੀ ਸਿਖ ਅੱਡੋ ਅੱਡੀ ਕਈ ਕਈ ਅਨ ਅਧਿਕਾਰੀ ਆਦਮੀਆਂ ਦੇ ਕੰਨਾਂ ਵਿਚ ਫੂਕਾਂ ਮਾਰਦਾ ਦੇਖਿਆ ਗਇਆ, ਅਤੇ ਦੇਖਿਆ ਜਾਂਦਾ ਹੈ, ਜਿਸ ਵਤੀਰੇ ਨੇ ਗੁਰਮੰਤ੍ਰ ਲੈਣ ਦੇਣ ਦੀ ਖੇਡ ਨੂੰ

ਹਾਸੋਹੀਣਾ ਬਣਾ ਛਡਿਆ ਹੈ। ਐਸਾ ਖਿਗਾੜ ਹੀ ਨਿਰਮਲੇ ਆਦਿਕ ਹੋਰ ਸੰਪਰਦਾਵਾਂ ਵਿਖੇ ਨਾਮ ਗੁਰਮੰਤ੍ਰਨੀ ਰੀਤ ਵਿਖੇ ਪੈ ਗਿਆ। ਬਹੁਤਾ ਵਿਸਥਾਰ ਵਿਚ ਪੈਣ ਦੀ ਲੋੜ ਨਹੀਂ। ਗੁਰਵਾਕਾਂ ਦੀ ਕਸੌਟੀ ਦੁਆਰਾ ਕੀਤੀ ਪਰਖ ਤਾਂ ਇਸੇ ਸਚਾਈ ਤੇ ਪੁਚਾਉਂਦੀ ਹੈ ਕਿ ਇਕ ਸਿਖ ਦੇ ਗੁਰਮੰਤ੍ਰ ਦਿਤਿਆਂ ਪੂਰਨ ਗੁਰੱਤ ਕਲਾ ਨਹੀਂ ਵਰਤਦੀ। ਕੇਵਲ ਪੰਜਾਂ ਦੁਆਰਾ ਹੀ ਵਰਤਦੀ ਹੈ ਅਤੇ ਪੂਰਨ ਗੁਰੂ ਕਲਾ ਵਰਤੇ ਬਿਹੂਣ ਨਾਮ ਗੁਰਮੰਤ੍ਰ ਸਰਬ ਕਲਾ ਸੰਪੂਰਨ ਸਹਾਈ ਅਤੇ ਫਲ ਪ੍ਰਦਾਈ ਨਹੀਂ ਹੁੰਦਾ ਅਤੇ ਇਹ ਕਲਾ ਪੂਰਨ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦੇ ਪਰਤਾਪ ਕਰ ਹੀ ਵਰਤਦੀ ਹੈ। ਅਨੇਕਾਂ ਹੀ ਗੁਰਵਾਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ। ਉਦਾਹਰਣ ਪੂਰਬਕ ਕੁਛ ਕੁ ਗੁਰਵਾਕ ਪ੍ਰਮਾਣ ਵਜੋਂ ਦੇ ਕੇ ਬਸ ਕਰਦੇ ਹਾਂ। ਯਥਾ:

ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥

ਸਿਰੀ ਰਾਗੁ ਮ: ੩, ਪੰਨਾ ੩੦

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥

ਸ੍ਰੀ ਰਾਗੁ ਮ ੪, ਪੰਨਾ ੩੯

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ।

ਸ੍ਰੀ ਰਾਗੁ ਮ: ੩, ਪੰਨਾ ੩੩

ਗੁਰਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥

ਮਾਰੂ ਮ. ੧,-ਪੰਨਾ ੧੦੧੫

ਸਤਿਗੁਰ ਦਾਤੇ ਨਾਮੁ ਦਿੜਾਇਆ ॥
ਵਡਿਭਾਗੀ ਗੁਰ ਦਰਸਨੁ ਪਾਇਆ ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ॥
ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥

ਮਾਝ ਮ: ੪, ਪੰਨਾ ੯੬

ਧੁਰਿ ਖਸਮੈ ਕਾ ਹੁਕਮੁ ਪਾਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥
ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥
ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥
ਨਾਨਕ ਇਹੁ ਮਰਤਬਾ ਤਿਸਨੋ ਦੇਇ ਜਿਸਨੋ ਕਿਰਪਾ ਕਰੇ ਰਜਾਇ ॥

ਬਿਹਾਗੜੇ ਕੀ ਵਾਰ ਮ: ੩, ਪੰਨਾ ੫੫੬

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿਨਾਮੁ ॥੧॥
ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥
ਆਸਾ ਮ: ੫, ਪੰਨਾ ੪੦੬

ਇਹਨਾਂ ਉਪਰਲੇ ਗੁਰਵਾਕਾਂ ਤੋਂ ਸਿਧ ਹੁੰਦਾ ਹੈ ਕਿ ਕੇਵਲ ਗੁਰੂ ਦੁਆਰਾ ਹੀ ਪ੍ਰਾਪਤਿ ਕੀਤਾ ਹੋਇਆ ਨਾਮ ਆਪਣੀ ਪੂਰਨ ਪਾਰਸ ਰਸਾਇਣੀ ਸ਼ਕਤੀ ਅੰਦਰ ਫਲੀਭੂਤ ਹੁੰਦਾ ਹੈ। ਨਾ ਤਾਂ ਗੁਰੂ ਬਿਨਾਂ ਨਾਮ ਹੀ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਕਿਸੇ ਇਕ ਇਕੱਲੇ ਆਦਮੀ ਤੋਂ ਪ੍ਰਾਪਤ ਕੀਤਾ ਹੋਇਆ ਨਾਮੁ ਮਹਿਲੀ ਮਹਿਲ ਪੁਚਾਉਣ ਨੂੰ ਸਮਰਥ ਹੈ, ਕਿਉਂਕਿ ਉਹ ਇਕ ਇਕੱਲਾ ਆਦਮੀ ਸੰਪੂਰਨ ਗੁਰੂ ਜੋਤਿ ਕਲਾ ਤੋਂ ਊਣਾ ਹੈ, ਭਾਵੇਂ ਉਹ ਕਿੰਨਾ ਹੀ ਵੱਡਾ ਸੰਤ ਭਗਤ ਕਿਉਂ ਨਾ ਹੋਵੇ। ਗੁਰਵਾਕਾਂ ਦਾ ਤਾਂ ਇਹੋ ਪਰਪੱਕ ਸਿਧਾਂਤ ਹੈ ਕਿ "ਬਿਨੁ ਗੁਰ ਮਹਲੁ ਨ ਪਾਈਐ" "ਨਾਮੁ ਨ ਪਰਾਪਤਿ ਹੋਇ" ਤਾਂ ਗੁਰੂ ਤੋਂ ਬਿਨਾਂ ਅਰਥਾਤ ਗੁਰੂ ਕਲਾ ਸੰਪੰਨ ਗੁਰੂ ਜੋਤਿ ਦੇ ਪੁੰਜ ਪੰਜ ਪਿਆਰਿਆਂ ਤੋਂ ਬਿਨਾਂ ਦੂਜਾ ਆਦਮੀ, ਸਿਖ ਸੰਤ ਮਹੰਤ ਜਿਸ ਨੂੰ ਗੁਰੂ ਪਦਵੀ ਪ੍ਰਾਪਤਿ ਨਹੀਂ (ਧੁਰਿ ਗੁਰ ਪ੍ਰਮੇਸ਼ਰ ਦੀ ਦਰਗਾਹੋਂ ਪ੍ਰਾਪਤ ਨਹੀਂ), ਭਲਾ ਕਿਸ ਤਰ੍ਹਾਂ ਨਾਮ ਗੁਰਮੰਤ੍ਰ ਦੇਣ ਦਾ ਅਧਿਕਾਰੀ ਹੋ ਸਕਦਾ ਹੈ ਅਤੇ ਉਸ ਦਾ ਦਿਤਾ ਨਾਮ ਧੁਰ ਮਹਲ ਪ੍ਰਾਪਤ ਕਰਾਉਣ ਲਈ ਕਿਵੇਂ ਸਹਾਈ ਹੋ ਸਕਦਾ ਹੈ। ਕੇਵਲ ਸਤਿਗੁਰੂ ਹੀ ਅਕਾਲ ਪੁਰਖ ਦੀ ਦਰਗਾਹੋਂ ਟਿਕਿਆ ਇਕੋ ਵਕਤ ਵਿਚ ਇਕੋ ਸੱਚਾ ਗੁਰੂ ਹੀ ਨਾਮ ਗੁਰਮੰਤ੍ਰ ਦਾ ਦਾਤਾ ਹੋ ਸਕਦਾ ਹੈ "ਸਤਿਗੁਰੁ ਦਾਤਾ ਹਰਿ ਨਾਮ ਕਾ" ਜੋ ਹੋਇਆ ਅਤੇ ਇਸ ਦੇ ਨਾਲ ਲਗਦੀ ਪੰਗਤੀ "ਪ੍ਰਭੁ ਆਪਿ ਮਿਲਾਵੈ ਸੋਇ" ਦਸਦੀ ਹੈ ਕਿ ਐਸੇ ਸਚੇ ਸਤਿਗੁਰੂ ਦਾ ਸੰਸਾਰੀਆਂ ਪ੍ਰਤੀ ਮਿਲਾਵਣਾ ਪ੍ਰਭੂ ਕ੍ਰਿਪਾ ਦੁਆਰਾ ਹੀ ਹੁੰਦਾ ਹੈ। ਆਪ ਪ੍ਰਭੂ ਪ੍ਰਮਾਤਮਾ ਸਤਿਗੁਰੂ ਨੂੰ ਸਤਿਗੁਰੂ ਦਾ ਮਹੱਤ ਬਖਸ਼ ਕੇ ਸੰਸਾਰ ਵਿਖੇ ਪਠਾਉਂਦਾ ਹੈ ਅਤੇ ਓਸੇ ਕੇਵਲ ਓਸੇ ਗੁਰੂ ਦੁਆਰਾ ਹੀ ਜੀਵਾਂ ਦਾ ਉਧਾਰ ਹੁੰਦਾ ਹੈ। ਅਗਲੀ ਤੁਕ ਦੀ ਪਹਿਲੀ ਪੰਗਤੀ "ਸਤਿਗੁਰਿ ਹਰਿ ਪ੍ਰਭੁ ਬੁਝਿਆ" ਸਪਸ਼ਟ ਨਿਰਣੇ ਕਰਾਉਂਦੀ ਹੈ ਕਿ ਬੁਝਣ ਹਾਰਿਆਂ ਨੇ ਸਤਿਗੁਰ ਦੁਆਰਾ ਹੀ ਹਰਿ ਪ੍ਰਭ ਨੂੰ ਬੁਝਿਆ ਭਾਵ ਪ੍ਰਤੱਖ ਕੀਤਾ ਹੈ। ਹੋਰ ਕਿਸੇ ਡਿੰਭੀ ਗੁਰੂ ਦੁਆਰਾ ਵਾਹਿਗੁਰੂ ਅਕਾਲ ਪੁਰਖ ਪ੍ਰਤੱਖ ਨਹੀਂ ਹੋ ਸਕਦਾ। ਡਿੰਭੀ ਗੁਰੂ ਤਾਂ ਖੁਦ ਹੀ ਅਕਾਲ ਪੁਰਖ ਪ੍ਰਮਾਤਮਾ ਨੂੰ ਪਰਤਖ ਕਰਨ ਦੀ ਪ੍ਰੇਖੋਂ ਤੋਂ ਹੀਣੇ ਮੀਣੇ ਹਨ, ਓਹਨਾਂ ਨੂੰ ਅਕਾਲ ਪੁਰਖ ਦੇ ਪਰਤਖ ਕਰਨ ਦੀ ਖੁਦ ਹੀ ਸੂਝ ਬੂਝ ਨਹੀਂ, ਉਹ

ਲੋਕਾਂ ਨੂੰ ਕਿਵੇਂ ਸੂਝ ਬੂਝ ਕਰਾ ਸਕਦੇ ਹਨ। ਅਲੱਖ ਪ੍ਰਭੂ ਨੂੰ ਪਰਤਖ ਕਰਨ ਕਰਵਾਨ ਦੀ ਸੂਝ ਬੂਝ ਤੋਂ ਸੁੰਞੇ ਬਸ ਅੰਧ ਅਗਿਆਨੀ ਗੁਰੂ ਹਨ ਅਤੇ

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥*

ਦੇ ਗੁਰਵਾਕ ਅਨੁਸਾਰ ਅੰਧਲੇ ਅਗਿਆਨੀ ਗੁਰੂਆਂ ਦੇ ਚੇਲੇ ਭੀ ਅੰਧ ਕਰਮੀ ਹੁੰਦੇ ਹਨ ਅਤੇ ਆਪਣੀ ਮਨ ਮਰਜ਼ੀ ਅਨੁਸਾਰ ਚਲਣ ਕਰ ਮਨਮੁਖ ਹੀ ਹੁੰਦੇ ਹਨ ਅਤੇ ਝੂਠੋ ਝੂਠ ਬੋਲੇਂਦੇ ਹੋਏ ਅਜੇਹੀਆਂ ਗਪਾਂ ਮਾਰਦੇ ਹਨ ਕਿ ਅਸਾਨੂੰ ਸਾਡੇ ਦੇਹਧਾਰੀ ਗੁਰੂ ਨੇ ਸਤ ਲੋਕ ਸਚ ਖੰਡ ਤੋਂ ਭੀ ਪਰੇ ਪੁਚਾ ਦਿਤਾ ਹੈ। ਏਦੂੰ ਪਰੇ ਪਰੇਡੇ ਹੋਇਆਂ ਦਾ ਅਸਤ ਲੋਕ ਯਾ ਨਰਕ ਕੁੰਡ ਵਿਚ ਹੀ ਵਾਸਾ ਹੈ। ਜੋ ਝੂਠੋ ਝੂਠ ਬੋਲੇਨਿ ਦਾ ਫਲ ਹੈ।

"ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ"* ਵਾਲੀ ਅਗਲੀ ਤੁਕ ਸਾਫ ਸਿਧ ਕਰਦੀ ਹੈ ਕਿ ਸਤਿਗੁਰੂ ਦੇ ਸ਼ਰੀਕ ਬਣਨ ਬਣਾਉਣ ਵਾਲੇ ਅਤੇ ਪ੍ਰਮਾਤਮਾ ਦੀ ਦਰਗਾਹ ਤੋਂ ਪਰੇ ਕੋਈ ਹੋਰ ਦਰਗਾਹ ਦਸਣ ਵਾਲੇ ਵਾਸਤਵ ਵਿਚ ਗੁਰ ਪ੍ਰਮਾਤਮਾ ਦੇ ਨਿੰਦਕ ਹਨ। ਅਕਾਲ ਪੁਰਖ ਦੀ ਪਦਵੀ ਤੋਂ ਪਰੇ ਪਰੇਡੇ ਕੋਈ ਹੋਰ ਹਸਤੀ ਦੱਸਣ ਦਸਾਉਣ ਵਾਲੇ ਵਾਸਤਵ ਵਿਚ ਅਕਾਲ ਪੁਰਖ ਦੀ ਹਸਤੀ ਤੋਂ ਹੀ ਮੁਨਕਰ ਅਤੇ ਪੱਕੇ ਮਨਮੁਖ ਹਨ ਅਤੇ ਗੁਰੂ ਅਕਾਲ ਪੁਰਖ ਦੇ ਪਕੇ ਨਿੰਦਕ ਹਨ। ਅਜੇਹੇ ਆਪ ਭੀ ਡੁਬਦੇ ਹਨ ਨਰਕ ਕੁੰਡ ਵਿਖੇ, ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਡੋਬ ਦਿੰਦੇ ਹਨ। ਅਜੇਹੇ ਮਨਮੁਖਾਂ ਪਰਥਾਇ ਹੀ ਅਜੇਹੇ ਗੁਰਵਾਕ ਪੂਰੇ ਘਟਦੇ ਹਨ :

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਸੂਹੀ ਮ: ੩, ਪੰਨਾ ੭੬੮

ਏਹ ਗੁਰਵਾਕ ਵੀ ਸਾਫ ਨਿਸਚੇ ਕਰਾਉਂਦਾ ਹੈ ਕਿ ਸਚੇ ਗੁਰੂ ਸਤਿਗੁਰੂ ਨੂੰ ਗੁਰੂ ਧਾਰਨ ਕੀਤੇ ਬਿਨਾਂ ਜੋ ਨਿਗੁਰੇ ਮਨਮੁਖ ਭਗਤੀ ਕਰਨ ਦੀਆਂ ਹੀਂਗਾਂ ਡੀਂਗਾਂ ਮਾਰਦੇ ਫਿਰਦੇ ਹਨ, ਉਹ ਫੋਕੀਆਂ ਫੜਾਂ ਹੀ ਹਨ। ਉਹ ਭਗਤੀ ਨਹੀਂ ਕਰਦੇ, ਭਗਤੀ ਦਾ ਡਿੰਭ ਪਸਾਰਾ ਪਸਾਰਦੇ ਹਨ, ਕਿਉਂਕਿ ਭਗਤੀ ਤਾਂ "ਵਿਨੁ ਸਤਿਗੁਰ ਭਗਤਿ ਨ ਹੋਈ ਰਾਮ' ਦੇ ਬਚਨ ਅਨੁਸਾਰ ਹੋ ਹੀ ਨਹੀਂ ਸਕਦੀ। ਉਹ ਤਾਂ ਮਹਿਜ਼ ਭਗਤੀ ਦਾ ਡਿੰਭ ਪਸਾਰਾ ਪਸਾਰ ਕੇ "ਹਉਮੈ

---

* ਰਾਮਕਲੀ ਕੀ ਵਾਰ ਮ: ੩, ਪੰਨਾ ੯੫੧

ਮਾਇਆ ਰੋਗਿ ਵਿਆਪੇ" ਹੰਕਾਰ ਅਤੇ ਮਾਇਆ ਦਾ ਰੋਗ ਹੀ ਸਹੇੜਦੇ ਹਨ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ "ਮਰਿ ਜਨਮਹਿ ਦੁਖੁ ਹੋਈ ਰਾਮ" ਮਰਿ ਮਰਿ ਜੰਮਦੇ ਹਨ, ਜੰਮਿ ਜੰਮਿ ਪੁਨਹਿ ਪੁਨਹਿ ਮਰਦੇ ਹਨ ਅਤੇ ਇਸ ਬਿਧ ਜਨਮ ਮਰਨ ਦੀ ਆਵਾਜਾਈ ਦੇ ਜਠਰਾਗਨੀ ਦੁਖ ਨਾਲ ਦੁਖੀ ਹੋਏ ਵੇ ਰੋਂਦੇ ਹਨ। ਗੁਰੂ ਦੇ ਸਚਿਆਰ ਅਤੇ ਸਰਧਾਵਾਨ ਸਿਖ ਸੱਚੇ ਗੁਰ ਸਤਿਗੁਰੂ ਦਾ ਸਰਨ ਪਾਲ ਦੁਆਰਾ ਛੱਡ ਕੇ ਅਜੇਹੇ ਡਿੰਭੀ ਗੁਰੂਆਂ ਦੇ ਨਿਕਟ ਵੀ ਨਹੀਂ ਭਿਟਦੇ, ਉਹਨਾਂ ਵਲ ਮੂੰਹ ਭੀ ਨਹੀਂ ਕਰਦੇ, ਉਹਨਾਂ ਦੇ ਮਥੇ ਲਗਣਾ ਵੀ ਪਾਪ ਸਮਝਦੇ ਹਨ। "ਸਤਿਗੁਰਿ ਹਰਿ ਪ੍ਰਭੁ ਬੁਝਿਆ" ਦੇ ਨਾਲ ਦੀ ਅਗਲੀ ਪੰਗਤੀ "ਗੁਰ ਜੇਵਡੁ ਅਵਰੁ ਨ ਕੋਇ" ਇਸ ਗੱਲ ਦੀ ਸਤਤਾ ਸਪਸ਼ਟਾਉਂਦੀ ਹੈ ਕਿ ਗੁਰ ਸਤਿਗੁਰੂ ਦੇ ਸਦਰਸ਼ ਹੋਰ ਕੋਈ ਨਹੀਂ, ਸਤਿਗੁਰੂ ਦੇ ਸਚੇ ਮਰਾਤਬੇ ਜੇਡਾ ਹੋਰ ਕਿਸੇ ਦਾ ਮਰਾਤਬਾ ਨਹੀਂ। "ਸਭ ਤੇ ਵਡਾ ਸਤਿਗੁਰੁ ਨਾਨਕੁ"* ਰੂਪੀ ਗੁਰਵਾਕ ਨੂੰ ਉਹ ਸਤਿ ਸਤਿ ਕਰਕੇ ਜਾਣਦੇ ਮੰਨਦੇ ਹਨ। ਤਾਂ ਤੇ "ਜਾਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥"** ਗੁਰਵਾਕ ਅਨੁਸਾਰ ਜਿਸ ਜਨ ਦਾ ਪੂਜਯ ਗੁਰੂ ਠਾਕੁਰ ਏਡਾ ਉੱਚਾ ਹੋਵੇ, ਉਹ ਇਸ ਊਚ ਗੁਰੂ ਘਰ ਨੂੰ ਛੱਡ ਕੇ ਨੀਚ ਕੀਚ ਪਰ ਘਰਾਂ ਦੇ ਦਰਾਂ ਤੇ ਜਾਂਦਾ ਨਹੀਂ ਸੋਹੰਦਾ। ਓਥੋਂ ਕਿਸੇ ਨੂੰ ਕੁਛ ਨਹੀਂ ਮਿਲ ਸਕਦਾ, ਜੋ ਕੁਛ ਮਿਲਦਾ ਹੈ ਸੋ ਗੁਰੂ ਨਾਨਕ ਸਾਹਿਬ ਸਚੇ ਗੁਰ ਘਰੋਂ ਗੁਰ ਦਰੋਂ ਦੁਆਰਿਓਂ ਮਿਲ ਸਕਦਾ ਹੈ। ਮਿਲਣ ਮਿਲਾਉਣ ਯੋਗ ਸੱਚੀ ਦਾਤ ਨਾਮ ਦੀ ਦਾਤ ਹੈ। ਸੋ ਏਹ ਦਾਤ ਦੇਵਣਹਾਰ ਦਾਤਾਰ ਸਤਿਗੁਰੂ ਦੇ ਹੱਥ ਹੈ ਅਤੇ ਓਸੇ ਦੁਆਰਿਓਂ ਹੀ ਮਿਲ ਸਕਦੀ ਹੈ ਜੈਸੇ ਕਿ ਇਕ ਪਿਛੇ ਦਿਤੇ ਗੁਰ ਪ੍ਰਮਾਣ "ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂਦੁਆਰੈ ਪਾਇ" ਦਾ ਭਾਵ ਹੈ। ਉਸ ਤੇ ਅਗਲਾ ਗੁਰ ਪ੍ਰਮਾਣ ਭੀ ਏਹੋ ਦਸਦਾ ਹੈ ਕਿ "ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ" ਨਾਮ ਗੁਰਮੰਤ੍ਰ ਗੁਰੂ ਦੁਆਰਿਓਂ ਹੀ ਮਿਲਦਾ ਹੈ ਅਤੇ ਸੱਚੇ ਗੁਰੂ ਸਤਿਗੁਰੂ ਬਿਨਾਂ ਹੋਰ ਕਿਤੋਂ ਭੀ ਏਹ ਨਾਮ ਪਦਾਰਥ ਕਿਸੇ ਦੇ ਪੱਲੇ ਨਹੀਂ ਪੈਂਦਾ ਅਤੇ ਸਤਿਗੁਰੂ ਤੋਂ ਪ੍ਰਾਪਤ ਹੋਇਆ ਵਿਆ ਨਾਮ ਹੀ ਗਹਿ ਕਰਕੇ ਦ੍ਰਿੜ੍ਹ ਹੋ ਸਕਦਾ ਹੈ। ਸਤਿਗੁਰੂ ਦਾ ਦਿਤਾ ਦ੍ਰਿੜ੍ਹਾਇਆ ਨਾਮ ਹੀ "ਅਹਿਨਿਸਿ ਰਹੈ ਲਿਵ ਲਾਇ" ਵਾਲੇ ਆਤਮ ਰੰਗ ਖੇੜਦਾ ਹੈ।

ਧੁਰਿ ਖਸਮੈ ਦਾ ਹੁਕਮ ਹੀ ਐਸਾ ਭਇਆ ਹੈ ਕਿ—

"ਵਿਣੁ ਸਤਿਗੁਰ ਚੇਤਿਆ ਨ ਜਾਇ ॥"

---

* ਸੂਹੀ ਮ: ੫, ਪੰਨਾ ੭੫੦

** ਗਉੜੀ ਕਬੀਰ ਜੀ, ਪੰਨਾ ੩੩੦

ਸਤਿਗੁਰੂ ਤੋਂ ਲਇਆ ਨਾਮ ਗੁਰਮੰਤ੍ਰ ਹੀ ਚੇਤਿਆ ਜਾ ਸਕਦਾ ਹੈ। ਨਾਮ ਦੀ ਸਿਮਰਨ ਕਲਾ ਤਦੇ ਹੀ ਅੰਕੁਰਤ ਹੁੰਦੀ ਹੈ, ਜੇ ਨਾਮ ਗੁਰਮੰਤ੍ਰ ਸਤਿਗੁਰੂ ਤੋਂ ਲਿਆ ਜਾਵੇ, ਐਵੇਂ ਨਹੀ, ਐਵੇਂ ਤਾਂ ਨਾਮ ਚਿਤ ਆਉਂਦਾ ਹੀ ਨਹੀਂ, ਦ੍ਰਿੜ੍ਹ ਜੋ ਨਹੀਂ ਹੁੰਦਾ।

"ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ॥"

ਸਤਿਗੁਰੂ ਤੋਂ ਹੀ ਨਾਮ ਮਿਲਿਆ ਹੋਣ ਕਰ ਇਹ ਨਾਮ ਅੰਤਰ ਆਤਮੇ ਰਮ ਕੇ ਫੇਰ ਰਮਿਆਂ ਹੀ ਰਹਿੰਦਾ ਹੈ ਅਤੇ ਇਸ ਬਿਧ ਸਤਿਗੁਰੂ ਤੋਂ ਨਾਮ ਲੈ ਕੇ ਅੰਤਰ ਆਤਮੇ ਗਹਿ ਕੇ ਰਮਾਈ ਰਖਣ ਵਾਲਾ ਅਭਿਆਸੀ ਜਨ "ਸਦਾ ਰਹਿਆ ਲਿਵ ਲਾਇ" ਸਦ ਸਦੀਵ ਇਸ ਨਾਮ ਵਿਖੇ ਆਪਣੀ ਲਿਵ ਲਾਈ ਰਖਦਾ ਹੈ। ਉਸ ਦੀ ਇਹ ਲਿਵ ਫੇਰ ਐਸੀ ਜੁੜਦੀ ਹੈ ਕਿ ਉਹ ਇਸ ਨਾਮ ਗੁਰਮੰਤ੍ਰ ਅਭਿਆਸ ਨੂੰ "ਦਮਿ ਦਮਿ ਸਦਾ ਸਮਾਲ੍ਦਾ" ਸੁਆਸਿ ਸੁਆਸਿ ਆਪਣੇ ਰਿਦੰਤਰ ਸਮਾਲੀ ਰਖਦਾ ਹੈ ਅਤੇ ਇਸ ਬਿਧ ਉਸ ਦਾ ਇਕ ਸੁਆਸ ਭੀ ਇਸ ਨਾਮ ਦੀ ਸਮਾਲ ਤੋਂ ਬਿਰਥਾ ਨਹੀਂ ਜਾਂਦਾ। "ਦੰਮੁ ਨ ਬਿਰਥਾ ਜਾਇ॥" ਇਹ ਸੁਆਸ ਸੁਆਸ ਰਿਦੰਤਰੀ ਨਾਮ ਅਭਿਆਸ ਦੀ ਪਾਰਸ ਰਸਾਇਣੀ ਟੇਵ ਬਿਧ ਪ੍ਰਾਪਤ ਹੋਣ ਕਰ ਅਭਿਆਸੀ ਜਨ ਦਾ "ਜਨਮ ਮਰਨ ਕਾ ਭਉ ਗਇਆ" ਬਹੁੜ ਬਹੁੜ ਜੰਮਣ ਮਰਨ ਦਾ ਤੌਖਲਾ ਹੀ ਮਿਟ ਜਾਂਦਾ ਹੈ ਅਤੇ ਉਸ਼ ਦਾ ਚੁਰਾਸੀ ਦਾ ਗੇੜ ਹੀ ਮੁਕ ਜਾਂਦਾ ਹੈ ਅਤੇ ਸੱਚੀ ਜੀਵਨ ਪਦਵੀ ਉਸ ਨੂੰ ਪ੍ਰਾਪਤ ਹੁੰਦੀ ਹੈ। "ਜੀਵਨ ਪਦਵੀ ਪਾਇ" ਇਹ ਜੀਵਨ ਪਦਵੀ ਦਾ ਮਰਤਬਾ ਤਿਸ ਨੂੰ ਹੀ ਮਿਲਦਾ ਹੈ, ਜਿਸ ਉਤੇ ਗੁਰੂ ਕਰਤਾਰ ਦੀ, ਹੁਕਮ ਰਜ਼ਾਇ ਅਨੁਸਾਰ ਕਿਰਪਾ ਹੁੰਦੀ ਹੈ :

ਨਾਨਕ ਇਹੁ ਮਰਤਬਾ ਤਿਸਨੋ ਦੇਇ ਜਿਸਨੋ ਕਿਰਪਾ ਕਰੇ ਰਜਾਇ ॥

ਬਿਹਾਗੜੇ ਦੀ ਵਾਰ ਮ: ੩, ਪੰਨਾ ੫੫੬

ਪਰ ਇਹ ਕਿਰਪਾ ਤਿਸੇ ਉਤੇ ਹੁੰਦੀ ਹੈ ਜੋ ਉਸ ਦੀ ਹੁਕਮ ਰਜ਼ਾਇ ਅੰਦਰ ਚਲਦਾ ਹੈ ਅਰਥਾਤ ਉਸ ਦੀ ਹੁਕਮ ਰਜ਼ਾ ਅਨੁਸਾਰ ਅਮਲ ਕਰਦਾ ਹੈ ਅਤੇ "ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ"* ਗੁਰਵਾਕ ਅਨੁਸਾਰ ਨਾਮ ਜਾਪ ਰੂਪੀ ਸਿਫਤਿ ਸਾਲਾਹ ਦਾ ਕਮਾਵਨਾ ਹੀ ਗੁਰੂ ਦੀ ਹੁਕਮ ਰਜ਼ਾਈ ਚਲਣਾ ਹੈ। ਤਾਂ ਤੇ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਨੂੰ ਉੱਪਰ ਦਸੀ ਜੀਵਨ ਪਦਵੀ ਵਾਲਾ ਮਰਾਤਬਾ ਮਿਲਦਾ ਹੈ।

ਇਸ ਗੁਰਮਤਿ ਨਾਮ ਅਭਿਆਸ ਕਮਾਈ ਦੇ ਪਰਤਾਪ ਕਰ ਅਕਾਲ ਪੁਰਖ ਦੇ ਅਗਮ ਅਗੋਚਰ ਦਰਸ਼ਨ ਦੀ ਪ੍ਰਾਪਤੀ ਹੁੰਦੀ ਹੈ। ਕੇਡੇ ਵਡਿਭਾਗੇ

* ਮਾਝ ਮ: ੫, ਪੰਨਾ ੧੦੦

ਉਹ ਗੁਰਮੁਖ ਜਨ ਹਨ, ਜਿਨ੍ਹਾਂ ਨੂੰ ਇਸ ਅਗਮ ਅਗੋਚਰ ਦਰਸ਼ਨ ਦੀ ਲਭਤਾ ਹੁੰਦੀ ਹੈ, ਪਰ ਇਹ ਲਭਤਾ ਤਿਸੈ ਵਡਿਭਾਗੇ ਜੰਤ ਨੂੰ ਹੁੰਦੀ ਹੈ, ਜਿਸ ਨੂੰ ਕਿਰਪਾਲ ਸਤਿਗੁਰੂ ਆਪਿ ਕਿਰਪਾ ਧਾਰ ਕੇ ਨਾਮ ਦੀ ਬਖਸ਼ਸ਼ ਕਰਦਾ ਹੈ। ਇਸ ਨਾਮ ਦੀਆਂ ਬਖਸ਼ਸ਼ਾਂ ਬਖਸ਼ ਕੇ ਹੀ ਸਤਿਗੁਰੂ ਨੇ ਕਲਜੁਗ ਦਾ ਉਧਾਰ ਕੀਤਾ ਹੈ ਅਰਥਾਤ ਜਨਮ ਜਨਮਾਤ੍ਰਾਂ ਦੇ ਅਤੇ ਅਨੇਕ ਜੁਗਾਂ ਦੇ ਭੁੱਲੇ ਭਟਕੇ ਜੀਵਾਂ ਦਾ ਓਦੋਂ ਉਧਾਰ ਹੋਇਆ, ਜਦੋਂ ਉਹਨਾਂ ਇਸ ਕਲਜੁਗ ਵਿਖੇ ਆ ਕੇ ਉਸ ਸਮੇਂ ਜਨਮ ਲਿਆ, ਜਿਸ ਵਡਿਭਾਗੇ ਸਮੇਂ ਅੰਦਰ ਕਿ ਸਤਿਗੁਰਾਂ ਦੀ ਬਖਸ਼ਸ਼ ਨਾਮ ਦਾਤ ਦਾ ਭੰਡਾਰ ਖੁਲ੍ਹਾ। ਇਤਿ ਬਿਧ "ਕਲਜੁਗੁ ਉਧਾਰਿਆ ਗੁਰਦੇਵ" ਸਚੇ ਗੁਰਦੇਵ ਸਤਿਗੁਰੂ ਸਚੇ ਪਾਤਸ਼ਾਹ ਨੇ ਕਲਜੁਗੀ ਜੀਵਾਂ ਦਾ ਉਧਾਰ ਕੀਤਾ ਅਤੇ ਕਰਨਾ ਹੈ। ਜੋ ਜੋ ਜੰਤ ਸਤਿਗੁਰੂ ਦੇ ਸੱਚਾ ਉਧਾਰ ਕਰਨਹਾਰੇ ਸਚੇ ਗੁਣ ਅਗੰਮੀ ਦੀਆਂ ਮਹਿਮਾ ਰੂਪੀ ਗੱਲਾਂ ਸੁਣ ਕੇ ਸਤਿਗੁਰੂ ਸਰਣੀ ਆਇਆ ਹੈ ਅਤੇ ਆਵੇਗਾ ਅਤੇ ਜਿਸ ਜਿਸ ਨੇ ਸਤਿਗੁਰੂ ਤੇ ਗੁਰਮੰਤ੍ਰ ਰੂਪੀ ਗੁਰਦੀਖਿਆ ਲਈ ਹੈ ਯਾ ਜਿਸ ਜਿਸ ਨੇ ਲੈਣੀ ਹੈ, ਤਿਨ੍ਹਾਂ ਸਭਨਾਂ ਦਾ ਸਤਿਗੁਰ ਦੀ ਸੱਚੀ ਬੇੜੀ ਤੇ ਚੜ੍ਹ ਕੇ ਸਚੀ ਮੁਕਤਿ ਕਲਿਆਨ ਰੂਪੀ ਸਚਾ ਉਧਾਰ ਹੋਇਆ ਹੈ ਅਤੇ ਹੋਵੇਗਾ।

ਸੁਣਿ ਗਲਾ ਗੁਰ ਪਹਿ ਆਇਆ ॥
ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥
ਸਿਰੀ ਰਾਗੁ ਮ: ੫, ਪੰਨਾ ੭੩

ਸਤਿਗੁਰੂ ਦੇ ਇਸ ਸਚੇ ਜਹਾਜ਼ ਬੋਹਿਥ ਤੇ ਚੜ੍ਹੇ ਬਿਨਾਂ ਹੋਰ ਕਿਸੇ ਬਿਧ ਜਗਤ ਦਾ ਉਧਾਰ ਨਿਸਤਾਰਾ ਨਹੀਂ ਹੋ ਸਕਦਾ। ਯਥਾ ਗੁਰਵਾਕ :

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥
ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥
ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥
ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ
ਨਾਹਿ ਤ ਜਾਹਿਗਾ ਜਨਮੁ ਗਵਾਇ ॥ਰਹਾਉ॥
ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥
ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥

ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ
ਘਰੈ ਅੰਦਰਿ ਸਚੁ ਪਾਏ ॥੪॥੧੦॥

ਸੋਰਠਿ ਮ: ੩, ਪੰਨਾ ੬੦੩

ਇਸ ਗੁਰਵਾਕ ਤੋਂ ਇਹ ਚਾਨਣੁ ਹੋਇਆ ਕਿ ਇਸ ਜਗ ਅੰਦਰ ਸਤਿਗੁਰੂ ਹੀ ਸਚੇ ਸੁਖ ਦਾ ਸਮੁੰਦਰ ਸੋਮਾ ਹੈ, ਇਸ ਸੁਖ ਸਾਗਰ ਨੂੰ ਛਡ ਕੇ ਹੋਰ ਕਿਸੇ ਥਾਉਂ ਸੁਖ ਨਹੀਂ । ਸਾਰਾ ਜਗਤ ਸਤਿਗੁਰੂ ਬਾਝੋਂ ਹਉਮੈ ਦੁਖ ਰੋਗ ਵਿਚ ਗ੍ਰਸਤ ਹੋਇਆ ਪਇਆ ਹੈ। ਜੰਮ ਜੰਮ ਮਰਦਾ ਹੈ ਅਤੇ ਮਰ ਮਰ ਫਿਰ ਜੰਮਦਾ ਹੈ। ਇਸ ਚੁਰਾਸੀ ਦੇ ਆਵਾ ਗਵਣੀ ਗੇੜ ਵਿਚ ਪਇਆ ਹੋਇਆ ਧਾਹਾਂ ਮਾਰ ਮਾਰ ਰੋਂਦਾ ਹੈ। ਤਾਂ ਤੇ ਸੰਸਾਰ ਦੇ ਪ੍ਰਾਣੀ ਮਾਤ੍ਰ ਦਾ ਨਿਸਤਾਰਾ ਸਤਿਗੁਰੂ ਦੀ ਸੇਵ (ਚਰਨ ਸਰਨ) ਵਿਚ ਆ ਕੇ ਨਾਮ ਰੂਪੀ ਸਚਾ ਸੁਖ ਪ੍ਰਾਪਤ ਕਰਨ ਵਿਚ ਹੈ। ਸਤਿਗੁਰੂ ਦੁਆਰਾ ਇਸ ਸਚੇ ਕਲਿਆਨ ਸੁਖ ਪ੍ਰਾਪਤ ਕੀਤੇ ਬਿਨਾਂ ਜਨਮ ਅਕਾਰਥ ਗਵਾਉਣ ਵਾਲਾ ਹੀ ਕੁਸੌਦਾ ਹੈ। ਕਿਉਂਕਿ ਸਤਿਗੁਰੂ ਦੇ ਦਰ ਘਰ ਬਾਝੋਂ ਹੋਰ ਕਿਤੇ ਭੀ ਢੋਈ ਨਹੀਂ । ਸਤਿਗੁਰੂ ਦੇ ਦਰੋਂ ਘਰੋਂ ਹੀ ਸਚੀ ਕਲਿਆਣ ਕਾਰੀ ਗੁਰਮਤਿ ਪ੍ਰਾਪਤ ਹੁੰਦੀ ਹੈ। ਇਸ ਸਚੀ ਗੁਰਮਤਿ ਤੋਂ ਘੁਥ ਕੇ ਕਿਤੇ ਭੀ ਕਲਿਆਣ ਮੋਕਸ਼ ਨਹੀਂ । ਬੇਦ ਸ਼ਾਸਤਰ ਮਤ ਸਭ ਤ੍ਰੈ ਗੁਣੀ ਮਾਇਆ ਦੇ ਕਰਮ ਧਰਮ ਹੀ ਦ੍ਰਿੜਾਉਂਦੇ ਹਨ। ਉਕਤ ਆਨਮਤੀ ਬਹੁ ਪ੍ਰਕਾਰੀ ਕਰਮ ਕਮਾਵਨ ਕਰ ਪਰਮਾਨੰਦ ਦੀ ਪ੍ਰਾਪਤੀ ਨਹੀਂ ਹੁੰਦੀ। ਸਚੇ ਆਤਮ ਅਨੰਦ ਵਾਲੇ ਪਾਸੇ ਦਾ ਸੁਆਦ ਹੀ ਨਹੀਂ ਆਉਂਦਾ। ਸੰਧਿਆ, ਤਰਪਣ, ਗਾਇਤਰੀ ਆਦਿਕ ਕਰਮਾਂ ਦੇ ਕਰਨ ਕਰ ਸੱਚੇ ਗਿਆਨ ਆਨੰਦ ਦੀ ਸੂਝ ਬੂਝ ਹੀ ਨਹੀਂ ਹੁੰਦੀ ਅਤੇ ਇਸ ਸੂਝ ਬੂਝ ਹੋਏ ਬਿਨਾਂ ਨਿਰਾ ਦੁਖ ਹੀ ਦੁਖ ਹੈ। ਸਤਿਗੁਰੂ ਦੇ ਸੇਵਕ ਸਿਖ ਹੀ ਵਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਆਪ ਸਤਿਗੁਰੂ ਅਪਣਾਇ ਲੈਂਦਾ ਹੈ ਅਤੇ ਆਪਣੇ ਨਾਲ ਮਿਲਾਇ ਲੈਂਦਾ ਹੈ, ਨਾਮ ਦੀ ਦਾਤ ਦੇ ਕੇ। ਇਸ ਗੁਰੂ ਬਖਸ਼ੇ ਅੰਮ੍ਰਿਤ ਨਾਮ ਦੇ ਗਟਾਕ ਰਸ ਪੀਕੇ ਗੁਰਮੁਖ ਜਨ ਸਦਾ ਹੀ ਤ੍ਰਿਪਤਾਸੇ ਰਹਿੰਦੇ ਹਨ ਅਤੇ ਆਪਾ ਗਵਾਇਕੇ ਗੁਰੂ ਪ੍ਰਾਇਣ ਗੁਰੂ ਦੇ ਹੀ ਹੋਏ ਰਹਿੰਦੇ ਹਨ। ਗੁਰੂ ਸਚੇ ਪਾਦਸ਼ਾਹ ਦੇ ਇਸ ਨਾਮ ਮਹਾਂ ਰਸ ਦੀ ਦਾਤ ਤੋਂ ਵਾਂਜਿਆ ਹੋਇਆ (ਘੁਥਾ ਹੋਇਆ) ਸਾਰਾ ਜਗ ਅੰਧ ਧੁੰਦ ਵਿਚ ਅੰਧਲਾਇਆ ਧੁੰਧਲਾਇਆ ਫਿਰਦਾ ਹੈ ਅਤੇ ਅੰਧ ਧੁੰਦ ਕਰਮ ਹੀ ਕਮਾਉਂਦਾ ਰਹਿੰਦਾ ਹੈ। ਸਤਿਗੁਰੂ ਸਚਾ ਸੁਮਾਰਗ ਇਸ ਧੁੰਦ ਧੁੰਧਲੇ ਅੰਧ ਜਗ ਨੂੰ ਨਹੀ ਮਿਲਦਾ। ਜਿਸ ਨੂੰ ਸਚੇ ਸਤਿਗੁਰੂ ਦਾ ਦਰਸ਼ਨ ਮੇਲਾ ਅਤੇ ਗੁਰਮੰਤ੍ਰ ਨਾਮ ਦਾ ਦਾਤੇਲਾ ਹੋਇਆ ਹੈ, ਉਹ ਨਾਮ ਰੂਪੀ ਸਚੇ ਰਤਨ ਪਦਾਰਥ ਨੂੰ, ਜੋਤਿ

ਜਲਵਨੇ ਸਰੂਪ ਨੂੰ ਆਪਣੇ ਘਟ ਅੰਤਰਿ ਹੀ ਸਾਖਸ਼ਾਤ ਦੇਖ ਲੈਂਦਾ ਹੈ।

ਗੁਰਮੰਤ੍ਰ ਗੁਰਦੀਖਿਆ ਹੈ, ਸਿਖ ਦੀਖਿਆ ਯਾ ਸੰਤ ਦੀਖਿਆ ਨਹੀਂ। ਤਾਂ ਤੇ ਗੁਰ ਦੀਖਿਆ ਨੂੰ ਸਤਿਗੁਰੂ ਹੀ ਦੇ ਦ੍ਰਿੜਾਇ ਸਕਦਾ ਹੈ। ਸਿਖ ਸੰਤ ਦਾ ਕੋਈ ਅਧਿਕਾਰ ਨਹੀਂ। ਸਿਖ ਸੰਤ ਸਭੇ ਗੁਰੂ ਤੋਂ ਹੀ ਗੁਰ ਦੀਖਿਆ ਲੈਣਹਾਰੇ ਹਨ। ਗੁਰੂ ਤੋਂ ਲੈ ਕੇ ਗੁਰੂ ਦੀ ਥਾਉਂ ਕਿਸੇ ਨੂੰ ਦੇਣਹਾਰੇ ਨਹੀਂ। ਜਿਨ੍ਹਾਂ ਸਚਿਆਰ ਸਿਖਾਂ ਨੇ ਸੱਚਮੁੱਚ ਹੀ ਗੁਰਮੰਤਰ ਰੂਪੀ ਗੁਰ ਦੀਖਿਆ ਗੁਰੂ ਪਾਸੋਂ ਲਈ ਹੈ, ਉਹ ਸਚਿਆਰ ਸਿਖ ਗੁਰੂ ਪਾਸੋਂ ਹੀ ਇਹ ਗੁਰ ਦੀਖਿਆ ਦੂਸਰਿਆਂ ਨੂੰ ਦਿਵਾਉਣਗੇ, ਨਾ ਕਿ ਖੁਦ ਦੇਣ ਲਗ ਪੈਣਗੇ। ਗੁਰ ਦੀਖਿਆ ਦੀ ਕਦਰ ਕੀਮਤਿ ਨੂੰ ਵੀ ਗੁਰਦੀਖਿਆ ਦੇ ਕਦਰਾਲੂ ਗੁਰਮੁਖ ਸਿਖ ਹੀ ਜਾਣਦੇ ਹਨ। ਇਹ ਨਾਮ ਗੁਰਮੰਤ੍ਰ ਰੂਪੀ ਗੁਰ ਦੀਖਿਆ ਦੀ ਅਮੋਲਕ ਦਾਤ ਗੁਰ ਦੀਖਿਆ ਦੀ ਸੱਚੀ ਕੀਮ ਕਦਰ ਜਾਨਣ ਹਾਰੇ ਗਾਹਕਾਂ ਨੂੰ ਅਤਿ ਮਹਿੰਗੇ ਮੋਲ ਗੁਰੂ ਨੂੰ ਸੀਸ ਦੇ ਕੇ ਮਿਲਦੀ ਹੈ। ਸੀਸ ਦੇ ਵਟੇ ਨਾਮ ਅੰਮ੍ਰਿਤ ਦਾਤਿ "ਸਾਈ ਨਾਮੁ ਅਮੋਲੁ" ਦੀ ਦਾਤਿ ਗੁਰੂ ਪਾਸੋਂ ਮਿਲਦੀ ਹੈ। ਸੀਸ ਗੁਰੂ ਲੇਖੇ ਲਗੇ ਤਾਂ ਏਹ ਦਾਤ ਗੁਰੂ ਬਖਸ਼ੇ। ਸੀਸ ਅਰਪਨੀ ਵਟਾਂਦਰੇ ਮਿਲੀ ਦਾਤਿ ਕੇਵਲ ਗੁਰੂ ਕੰਨਹੁ ਹੀ ਮਿਲਦੀ ਹੈ, ਨਾ ਕਿਸੇ ਗੁਰੂ ਘਰ ਦੇ ਸਿਖ ਸੰਤ ਤੋਂ ਅਤੇ ਨਾ ਕਿਸੇ ਗੁਰ ਮਹਿਲੀ ਮੀਣੇ ਡਿੰਭ ਧਾਰੀ ਗੁਰੂ ਤੋਂ।

ਜੋ ਗੁਰੂ ਦੇ ਸਿਖ ਹੋ ਕੇ ਇਸ ਕੀਮ ਅਕੀਮੀ ਮੋਲਿ ਮਹਿੰਗੀ ਅਮੋਲ ਦਾਤ ਨੂੰ ਕੰਨੋ ਕੰਨੀ ਮੰਤਰੋ ਮੰਤ੍ਰੀ ਦਾ ਸਸਤਾ ਸਉਦਾ ਬਣਾਉਂਦੇ ਹਨ ਓਹਨਾਂ ਨੂੰ ਵਾਸਤਵ ਵਿਚ ਏਹ ਦਾਤ ਗੁਰੂ ਪਾਸੋਂ ਮਿਲੀ ਹੀ ਨਹੀਂ, ਜੇ ਮਿਲੀ ਹੁੰਦੀ ਤਾਂ ਮੂਲਿ ਮਹਿੰਗੀ ਮਿਲੀ ਹੂੰਦੀ, ਤਾਂ ਉਹ ਏਸ ਨੂੰ ਸਸਤ ਮੁਲੀ ਨਾ ਕਿਸੇ ਨੂੰ ਦਿੰਦੇ। ਬਸ! ਐਵੇਂ ਸਸਤ ਮੁਲਾ ਪੀਰ ਮੁਰੀਦੀ ਦਾ ਗੁਰੂ ਡੰਮ ਡਿੰਭੀ ਸਉਦਾ ਬਣਾਉਣ ਵਾਲੀ ਗਲ ਹੈ। ਏਹ ਐਵੇਂ ਲੋਕਾਂ ਨੂੰ ਭੁਲੇਖਾ ਅਤੇ ਭਰਮ ਭੁਲਾਵਾ ਹੈ ਕਿ ਅਜੇਹੇ ਹੋਛੇ ਸ਼ਾਹਾਂ ਤੋਂ ਸਉਦਾ ਲੈਣ ਵਾਲੇ ਸਸਤ ਬਪਾਰੀ ਬੜੀਆਂ ਰਿਧੀਆਂ ਸਿਧੀਆਂ ਦੇ ਮਾਲਕ ਬਣ ਜਾਂਦੇ ਹਨ। ਭਲਾ ਜੇ ਬਣ ਭੀ ਜਾਣ ਤਾਂ ਪਏ ਬਣਿ ਜਾਣ! ਨਾਮ ਰੂਪੀ ਸੱਚੀ ਨਿੱਧ ਸਿੱਧ ਰਿੱਧ ਤੋਂ ਵਧ ਕੇ ਜੇਹੜੇ ਹੋਰ ਰਿਧੀਆਂ ਸਿਧੀਆਂ ਦੇ ਗਾਹਕ ਹਨ, ਉਹ ਕੱਚੇ ਬਪਾਰੀ ਹਨ। ਨਾਮ ਦੇ ਸੱਚੇ ਵਪਾਰੀ ਨਹੀਂ, ਜੇਹੜੇ ਸੱਚੇ ਨਾਮ ਦੇ ਬਪਾਰੀ ਹਨ, ਜਿਨ੍ਹਾਂ ਦੇ ਨਾਮ ਰੂਪੀ ਸੱਚਾ ਨਿਰਮੋਲਕ ਰਤਨ ਹੀਰਾ ਹੱਥ ਚੜ੍ਹਿਆ ਹੈ, ਉਹਨਾਂ ਤੋਂ ਰਿੱਧ ਸਿੱਧਾਂ ਦੇ ਸਾਰੇ ਸੰਸਾਰੀ ਬਪਾਰ ਛੁਟ ਗਏ ਹਨ। "ਹਰਿ ਕੇ ਨਾਮ ਕੇ ਬਿਆਪਾਰੀ ॥

 www.sikhbookclub.com

ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥"* ਜਿਨ੍ਹਾਂ ਨੂੰ ਏਸ ਬਵਸਥਾ ਦੀ ਗੰਮਤਾ ਦਾ ਗਿਆਨ ਪਰੋਖਸ਼ ਗਿਆਨ ਨਹੀਂ, ਉਹ ਅਕਸਰ ਭਰਮ ਭੁਲਾਵੇ ਵਿਚ ਰਹਿੰਦੇ ਹਨ । ਉਹਨਾਂ ਨੂੰ ਸਸਤ ਮੁਲਾ ਸਉਦਾ ਮਿਲਦਾ ਹੀ ਸੁਖਾਂਦਾ ਹੈ । ਉਹ ਲੋਚਦੇ ਹਨ ਕਿ ਕਿਵੇਂ ਨ ਕਿਵੇਂ ਏਹ ਗੁਰਮਤ ਦਾ ਅਸੂਲ ਹੀ ਬਣ ਜਾਵੇ ਕਿ ਜਹਾਂ ਤਹਾਂ ਤੋਂ ਗੁਰਮੰਤ੍ਰ ਲੈ ਲਿਆ, ਪਰਵਾਣ ਹੈ । ਉਹ ਗੁਰਮਤਿ ਨਾਮ ਅਭਿਆਸ ਦੀ ਘਾਲ ਕਮਾਈ ਨਹੀਂ ਕਰਨਾ ਚਾਹੁੰਦੇ । ਸੰਤਾਂ ਸਾਧਾਂ ਦੀਆਂ ਜੇਬਾਂ ਵਿਚੋਂ ਹਰਿ ਮਿਲਨੇ ਦੀਆਂ ਜੁਗਤੀਆਂ ਲਭਣ ਲਈ ਐਵੇਂ ਉਤਾਵਲੇ ਹੋਏ ਫਿਰਦੇ ਹਨ । ਜਿਨ੍ਹਾਂ ਨੂੰ ਗੁਰਮੰਤ੍ਰ ਦੇਣ ਦੇ ਚਸਕੇ ਪੈ ਗਏ ਹਨ, ਉਹ ਆਪਣੀਆਂ ਲਿਖਤਾਂ ਅਤੇ ਗੋਝ ਗੋਸ਼ਟਾਂ ਦੁਆਰਾ ਭੀ ਆਪਣੇ ਇਸ ਅਭਿਪਰੇ ਦਾ ਪ੍ਰਚਾਰ ਕਰਦੇ ਰਹਿੰਦੇ ਹਨ । ਉਹਨਾਂ ਦੀਆਂ ਗੱਲਾਂ ਸੁਣ ਪੜ੍ਹ ਕੇ ਅਜ ਕਲ ਦੇ ਗਲਾਕੂ ਅਤੇ ਪੜ੍ਹਾਕੂ ਇਸੇ ਸਸਤ ਮੁਲੀ ਗਲ ਉਤੇ ਹੀ ਪੱਕੇ ਹੋ ਜਾਂਦੇ ਹਨ, ਪਰ ਹੱਥ ਪੱਲੇ ਉਹਨਾਂ ਦੇ ਕੁਛ ਨਹੀਂ ਪੈਂਦਾ । ਬਸ ਆਖਰੀ ਸਿੱਟਾ ਇਹੋ ਹੈ :

ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥
ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥੨॥
ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ ॥
ਸਦਾ ਹਰਿ ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ ॥ ੩ ॥
ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥
ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥੮॥

ਸੋਰਠਿ ਮ: ੩, ਪੰਨਾ ੬੦੩

* ਕੇਦਾਰਾ ਕਬੀਰ ਜੀਉ, ਪੰਨਾ ੧੧੨੩

# ੧੬

# 'ਸੁਣਿਐ' ਤੇ 'ਮੰਨੇ' ਦੀ ਵਿਆਖਿਆ

## (੧)

## ਮਨ ਦੀਆਂ ਸੋਚਾਂ ਵਿਚਾਰਾਂ

ਮੇਰੇ ਸਾਹਮਣੇ ਟਾਈਟਲ ਪੇਜ ਤੋਂ ਬਿਨਾਂ ਇਕ ਟੀਕਾ 'ਸਿਰੀ ਜਪੁਜੀ ਸਾਹਿਬ' ਦਾ ਪਿਆ ਹੈ। ਇਸ ਦੀਆਂ 'ਸੁਣਿਐ' 'ਮੰਨੇ' ਦੀਆਂ ਪਉੜੀਆਂ ਦੇ ਟੀਕੇ ਵਲ ਖਾਸ ਤੌਰ ਤੇ ਮੇਰਾ ਧਿਆਨ ਪਰੇਰਿਆ ਗਿਆ ਹੈ। 'ਸੁਣਿਐ' ਦੀਆਂ ਪਉੜੀਆਂ ਦੇ ਟੀਕੇ ਦੇ ਆਰੰਭਕ ਦੀਬਾਚੇ ਵਿਚ ਏਹ ਇਬਾਰਤ ਆਉਂਦੀ ਹੈ : 'ਜਦੋਂ ਆਦਮੀ ਕਿਸੇ ਗੂੜ੍ਹੀ ਸੋਚ ਵਿਚ ਪਿਆ ਹੁੰਦਾ ਹੈ ਤਾਂ ਉਹਨੂੰ ਐਉਂ ਲੱਭਦਾ ਹੈ ਕਿ ਮੇਰੀ ਵਿਚਾਰ ਸ਼ਕਤੀ ਕਿਤੇ ਫਿਰ ਰਹੀ ਹੈ ਤੇ ਭਾਲ ਕਰ ਰਹੀ ਹੈ......ਫਿਰਦੇ ਫਿਰਦੇ ਕਈ ਚੀਜ਼ਾਂ (ਵਿਚਾਰਾਂ) ਮਨੁਖ ਨੂੰ ਓਥੋਂ ਲਭਦੀਆਂ ਜਾਪਦੀਆਂ ਹਨ, ਫਿਰ ਵਿਚਾਰ ਜ਼ਰਾ ਹੋਰ ਡੂੰਘੀ ਜਾਵੇ ਤਾਂ ਐਉਂ ਜਾਪਦਾ ਹੈ ਕਿ ਹੁਣ ਜੋ ਗੱਲਾਂ ਵਿਚਾਰ ਗੋਚਰੇ ਹੋ ਰਹੀਆਂ ਹਨ ਉਹ ਕੋਈ ਮੈਨੂੰ ਦਸ ਰਿਹਾ ਹੈ ਤੇ ਮੈਂ ਸੁਣ ਰਿਹਾ ਹਾਂ, ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣਦਾ ਮਲੂਮ ਹੁੰਦਾ ਹੈ, ਇਹ ਦੋਨੋਂ ਗੱਲਾਂ ਹਰ ਇਕ ਪੁਰਸ਼ ਪਰਤਾਵਾ ਕਰਕੇ ਵੇਖ ਸਕਦਾ ਹੈ। ਇਹ ਤਾਂ ਆਮ ਵਿਚਾਰ ਦੀ ਗਲ ਹੈ, ਭਗਤ ਜਨ ਜਦ ਧਿਆਨ ਆਪਣਾ ਅਕਾਲ ਪੁਰਖ ਤੇ ਟਿਕਾ ਕੇ ਸੁੰਦ੍ਰਤਾ ਵਿਚ ਲੈ ਹੋ ਜਾਂਦੇ ਹਨ ਅਤੇ ਜਦੋਂ ਇੰਦਰੇ ਹੋਰ ਵਿਸ਼ਿਆਂ ਵਲ ਦੌੜਨੋਂ ਰੁਕ ਜਾਂਦੇ ਹਨ, ਚਿੱਤ ਦੇ ਉਸ ਅਸਥਾਨ ਦਾ ਨਾਉਂ ਦਸਮ ਦੁਆਰ ਯਾ ਗਗਨ ਹੈ, ਜਦੋਂ ਇਸ ਦਸ਼ਮ ਦੁਆਰ ਵਿਚ ਜਾਂਦੇ ਹਨ ਤੇ ਜਦ ਨੈਜੋਗ ਅਤ ਸਮੀਪੀ ਹੋ ਜਾਂਦਾ ਹੈ ਜੋ ਕੁਝ ਉਥੋਂ ਉਹ ਸੁਣਦੇ ਹਨ, ਉਹ ਨਾਮ ਦਾ ਸੁਣਨਾ ਹੈ।'

ਇਹ 'ਸੁਣਿਐ' ਦੀਆਂ ਪਉੜੀਆਂ ਦੇ ਟੀਕੇ ਤੋਂ ਪਹਿਲਾਂ ਲਿਖੇ ਮੁਖ ਬੰਦ ਦਾ ਉਤਾਰਾ ਹੈ। ਇਸ ਦੇ ਅੱਖਰ ਅੱਖਰ ਦੀ ਸੋਧਨਾ ਪਰਬੋਧਨਾ ਕਰਨੀ ਪਰਮ ਲਾਜ਼ਮੀ ਪਰਤੀਤ ਹੋਈ ਹੈ, ਗੁਰਮਤਿ ਦੇ ਅੱਤ ਉਚੇ ਅਤੇ ਸਰਬੋਤਮ ਸਿਧਾਂਤਾਂ ਨੂੰ ਮਨ ਦੀ ਅਲਪੱਗ ਮੱਤ ਦੀ ਕਸਾਉਟੀ ਨਾਲ ਵਿਚਾਰਿਆ ਗਿਆ

ਹੈ, ਅਲਪੱਗ ਬੁਧੀ ਦੇ ਲੱਖਣ ਲਾ ਕੇ ਹੀ ਗੁਰਮਤਿ ਸਿਧਾਂਤਾਂ ਦੀ ਸਰਬੱਗਤਾ ਉਤੇ ਮਨ ਮੰਨੀ ਟੀਕਾ ਜ਼ਨੀ ਕੀਤੀ ਗਈ ਹੈ। ਟੀਕਾਕਾਰ ਜੀ ਨੇ "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਰੂਪੀ "ਜਪੁਜੀ ਸਾਹਿਬ" ਦੀ ਪੰਗਤੀ ਦਾ ਟੀਕਾ ਕਰਦੇ ਹੋਏ ਖੁਦ ਹੀ ਲਿਖਿਆ ਹੈ ਕਿ–

'ਬ੍ਰਹਮ ਮਨ ਦਾ ਵਿਸ਼ਾ ਹੀ ਨਹੀਂ, ਇਸ ਲਈ ਵਿਚਾਰ ਦੁਆਰਾ ਪੁਰਸ਼ ਉਹਨੂੰ ਵਿਚਾਰ ਵਿਚ ਇਕ ਵਿਚਾਰ ਦਾ ਰੂਪ ਬਣਾਕੇ ਨਹੀਂ ਲਿਆ ਸਕਦਾ।'

ਏਹ ਟੀਕਾ ਕਾਰ ਜੀ ਦੇ ਆਪਣੇ ਲਫਜ਼ ਹਨ, ਜਦ ਟੀਕਾ ਕਾਰ ਜੀ ਦੀ ਆਪਣੀ ਲਿਖਤ ਅਨੁਸਾਰ 'ਬ੍ਰਹਮ' ਮਨ ਦੀ ਸੋਚਾ ਸੋਚੀ ਵਿਚਾਰ ਦਾ ਵਿਸ਼ਾ ਨਹੀਂ ਹੋ ਸਕਦਾ ਤਾਂ ਬ੍ਰਹਮ ਦਾ ਪ੍ਰਤਿਪਾਦਿਕ ਦਸਮ ਦੁਆਰ ਮਨੋ ਮਈ ਵਿਚਾਰ ਦਾ ਵਿਸ਼ਾ ਕਿਵੇਂ ਬਣ ਸਕਦਾ ਹੈ ? ਅਰਥਾਤ ਨਹੀਂ ਬਣ ਸਕਦਾ। 'ਦਸਮ ਦੁਆਰ' ਦੇ ਉਚ ਪ੍ਰਮਾਰਥੀ ਮੰਡਲਾਂ ਦੇ ਖੰਡ ਨੂੰ ਟੀਕਾ ਕਾਰ ਜੀ ਨੇ ਮਹਿਜ਼ ਸੋਚਣ ਦਾ ਵਿਸ਼ਾ ਹੀ ਬਣਾਇਆ ਹੈ, ਉਪਰ ਦਿਤੇ ਹਵਾਲੇ ਵਿਚ 'ਸੁਣਿਐ' ਦੀਆਂ ਪਉੜੀਆਂ ਦੀਆਂ ਤਮਹੀਦੀ ਸਤਰਾਂ ਟੀਕਾਕਾਰ ਦੇ ਨਰੋਲ ਸੋਚ ਵਿਚਾਰ ਦਾ ਕਿਆਸੀ ਚਮਤਕਾਰ ਹੀ ਸਿਧ ਕਰਦੀਆਂ ਹਨ। ਟੀਕਾਰ ਜੀ ਲਿਖਦੇ ਹਨ :

'ਜਦ ਆਦਮੀ ਕਿਸੇ ਗੂੜ੍ਹੀ ਸੋਚ ਵਿਚ ਪਿਆ ਹੁੰਦਾ ਹੈ ਤਾਂ ਉਹਨੂੰ ਐਉਂ ਲਗਦਾ ਹੈ ਕਿ ਵਿਚਾਰ ਸ਼ਕਤੀ ਫਿਰ ਰਹੀ ਹੈ ਤੇ ਭਾਲ ਕਰ ਰਹੀ ਹੈ, ਫਿਰਦੇ ਫਿਰਦੇ ਕਈ ਚੀਜ਼ਾਂ (ਵਿਚਾਰਾਂ) ਮਨੁਖ ਨੂੰ ਉਥੋਂ ਲਭਦੀਆਂ ਜਾਪਦੀਆਂ ਹਨ।'

ਇਸ ਦੀ ਪੜਤਾਲ : ਆਦਮੀ ਭਾਵੇਂ ਕਿਤਨੀ ਹੀ ਗੂੜ੍ਹ ਸੋਚ ਵਿਚ ਪੈ ਜਾਵੇਤੇਏਨ੍ਹਾਂ ਸੋਚਾਂ ਵਿਚ,ਮਨ ਦੀ ਉਕਤੀ ਯੁਕਤੀ ਦੀਆਂ ਸੋਚਾਂ ਵਿਚ ਜੁਗਾਂ ਤੋੜੀ ਹੀ ਡੁਬਿਆ ਰਹੇ, ਉਸ ਨੂੰ ਏਹਨਾਂ ਸੋਚ ਸੋਚਾਈਆਂ ਦੀਆਂ ਡੁਬ ਡੁਬਾਈਆਂ ਦੁਆਰਾ ਕਿਸੇ ਖਾਸ ਆਦਰਸ਼ ਨੁਕਤੇ ਦੀ, ਕਿਸੇ ਖਾਸ ਲੱਭਣ ਯੋਗ ਆਤਮ ਪਦਾਰਥ ਦੀ ਲਭਤਾ ਨਹੀਂ ਹੋ ਸਕਦੀ, ਕਿਸੇ ਖਾਸ ਪਰਮਾਰਥਕ ਔਜ ਦੀ ਉਚਿਆਣ ਪ੍ਰਾਪਤ ਨਹੀਂ ਹੋ ਸਕਦੀ, ਬਸ ! ਉਸ ਨੂੰ ਏਹਨਾਂ ਸੋਚੇ ਸੋਚਕ ਲਭ ਲਭਾਈਆਂ ਦੁਆਰਾ ਸੋਚ ਸ਼ਕਤੀ ਦੇ ਕਿਤੇ ਅਵਾਰਾ ਫਿਰਨ ਦੀ ਸੂਝ ਹੀ ਮਿਲਗੀ। ਡੂੰਘੀ ਸੋਚ ਦੇ ਸੋਚਣ ਹਾਰੇ ਨੂੰ ਜੇ ਮਹਿਜ਼ ਏਹੀ ਸੂਝ ਹੋ ਜਾਵੇ ਕਿ ਉਸ ਦੀ ਵਿਚਾਰ ਸ਼ਕਤੀ ਫਿਰ ਰਹੀ ਹੈ ਤਾਂ ਇਸ ਸੂਝ ਤੋਂ ਉਸ ਨੂੰ ਤੱਤ ਲਾਭ ਲਾਹਾ ਕੀ ਲਭਿਆ ? ਕੇਵਲ ਏਹੋ ਕਿ ਉਸ ਦੀ ਵਿਚਾਰ ਸ਼ਕਤੀ ਕਿਤੇ ਫਿਰ ਰਹੀ ਹੈ। ਮਨ ਦੀਆਂ ਸੋਚ ਵਿਚਾਰਾਂ ਨੇ ਤਾਂ ਆਪਣੀ ਖ਼ਿਆਲੀ ਦੁਨੀਆਂ ਦੇ ਦਾਇਰੇ ਅੰਦਰ ਹੀ ਘੁੰਮਣਾ ਹੋਇਆ, ਉਸ ਅਲਪੱਗ ਖਿਆਲਤਾ ਦੇ ਦਾਇਰੇ ਤੋਂ ਵਿਲੱਖਣ ਕਿਸੇ ਉਚ ਅਧਿਆਤਮੀ ਮੰਡਲ ਅੰਦਰ ਇਸਦਾ ਗਗਨ ਪਰ-

ਵਾਜ਼ੀ ਪ੍ਰਵੇਸ਼ ਨਹੀਂ ਹੋ ਸਕਦਾ। ਏਨਾਂ ਹੀ ਕਿਆਸ ਅਨੁਮਾਨ ਹੁੰਦਾ ਹੈ ਕਿ : 'ਉਸ ਦੀ ਵਿਚਾਰ ਸ਼ਕਤੀ ਕਿਤੇ ਫਿਰ ਰਹੀ ਹੈ !' ਏਹ ਡੂੰਘੀ ਸੋਚ ਵਿਚਾਰ ਕਰਨ ਵਾਲੇ ਮਨ ਨੂੰ ਯਾ ਮਨ ਦੇ ਮਾਲਕ ਮਨੁੱਖ ਨੂੰ ਕੀ ਨਿਘਾਸ ਦੇ ਸਕਦਾ ਹੈ ? ਓਹ ਤਾਂ ਇਸ ਬਿਧ ਮਨ ਦੇ ਗੇੜੇ ਵਿਚ ਹੀ ਰਿਹਾ। ਮਨ ਦੇ ਕਿਆਸੋ ਕਿਆਸੀ ਫੁਰਨਿਆਂ ਕੁ-ਫੁਰਨਿਆਂ ਦੇ ਉਤਾਰ ਚੜ੍ਹਾਉ ਵਿਚ ਹੀ ਮੁਬਤਲਾ ਰਿਹਾ, ਉਸ ਨੂੰ ਏਹਨਾਂ ਸੋਚਾਂ ਸੋਚੀ ਵਿਚਾਰਾਂ ਦਾ ਤੱਤ ਮਿਆਰੀ ਖਾਸ ਮੁਦਆ ਮਨਤਵ ਕੀ ਹਾਸੈਲ ਹੋਇਆ ? ਐਨੀਆਂ ਗੇੜਾਂ ਗੇੜੀ ਸੋਚਾਂ ਸੋਚਕੇ ਅਤੇ ਵੇਕਾ ਵੇਕੀ ਸੋਚਾਂ ਸੋਚਕੇ ਉਸ ਦੀ ਵਿਚਾਰ ਸ਼ਕਤੀ ਨੂੰ ਇਹ ਕੁਛ ਲਭਿਆ ਕਿ ਉਸ ਦੀ ਵਿਚਾਰ ਸ਼ਕਤੀ ਕਿਤੇ ਫਿਰ ਰਹੀ ਹੈ ਅਤੇ ਕੁਛ ਭਾਲ ਰਹੀ ਹੈ, ਲਭਿਆ ਤਾਂ ਕੀ ਲਭਿਆ ਕੁਝ ਵੀ ਨਾ ! ਐਵੇਂ ਉਖੜੇ ਕੁਹਾੜੇ ਮਾਰਨ ਵਾਲੀ ਗਲ ਹੀ ਹੋਈ। ਇਸ ਫੋਕਟ ਭਾਲਾ ਭਾਲੀ ਦਾ ਨਾਉਂ ਅੰਗਰੇਜ਼ੀ ਵਿਚ ਭਾਵੇਂ ਕੁਛ ਹੀ ਰਖੋ, ਉਸ ਦਾ ਤਰਜਮਾ ਓੜਕ ਤੁਸੀਂ 'ਚਿਤ ਦਾ ਮੈਦਾਨ' ਹੀ ਕਰੋਗੇ ਜੈਸਾ ਕਿ ਟੀਕਾ ਕਾਰ ਜੀ ਨੇ ਕੀਤਾ ਹੈ। ਏਹ ਚਿੱਤ ਦਾ ਮੈਦਾਨ ਮਹਿਜ਼ ਚਿਤਵਨੀਆਂ ਦਾ ਹੀ ਘਰ ਹੋਇਆ, ਪਏ ਚਿਤਵਨੀਆਂ ਚਿਤਵੀ ਜਾਉ ਅਤੇ ਚਿਤ ਚਿਤਵਨੀਆਂ ਨੂੰ ਮੁੜ ਘਿੜ ਕੇ ਏਹਨਾਂ ਚਿਤਵਨੀਆਂ ਦੇ ਨਿਜ ਘੜੇ ਹੋਏ ਮੈਦਾਨ ਵਿਚ ਹੀ ਹੇਠਾਂ ਉਤੇ ਘੁਮਾਈ ਕੁਦਾਈ ਫਿਰੋ ਇਸ ਤੋਂ ਤੱਤ ਵਸਤੂ ਦੀ ਲਖਤਾ ਕੀ ਹੋਵੇਗੀ ? ਕੁਛ ਭੀ ਨਹੀਂ। ਮਨ ਬੁਧ, ਚਿਤ ਹੰਕਾਰ ਦੇ ਅੰਤਸ਼ ਕਰਨੀ ਮੰਡਲ ਦੀਆਂ ਸੋਚਾਂ ਚਿਤਵਨੀਆਂ ਨੇ ਤਾਂ ਸੁਸ਼ਕ ਸੋਚ ਅਤੇ ਚਿਤਾਵਨੀਆਂ ਦੇ ਮੰਡਲੀ ਮੈਦਾਨ ਵਿਚ ਹੀ ਰਹਿਣਾ ਹੈ। ਇਸ ਸੋਚ ਮੰਡਲੀ ਮੈਦਾਨ ਵਿਚ 'ਫਿਰਦੇ ਫਿਰਦੇ ਕਈ ਚੀਜ਼ਾਂ (ਵਿਚਾਰ) ਮਨੁੱਖ ਨੂੰ ਓਥੋਂ ਲਭਦੀਆਂ ਜਾਪਦੀਆਂ' ਜੋ ਟੀਕਾਕਾਰ ਜੀ ਨੇ ਦਸੀਆਂ ਹਨ, ਓਹ ਚੀਜ਼ਾਂ ਭਲਾ ਹੋਰ ਕੀ ਹਨ ? ਬਸ ! ਵਿਚਾਰਾਂ, ਫੋਕੀਆਂ, ਜੈਸਾ ਕਿ ਉਹ ਆਪ ਹੀ ਬਰੈਕਟ ਪਾਕੇ ਦਸ ਗਏ ਹਨ। 'ਨਵੀਨ' ਚੀਜ਼ਾਂ ਤਾਂ ਕੋਈ ਨ ਲੱਭੀਆਂ। ਆਪਣੇ ਮਨ ਦੇ ਸੰਕਲਪਾਂ ਦੇ ਖੁਦ ਸਾਖਤਾ ਮੰਡਲ (ਮੈਦਾਨ) ਵਿਚੋਂ ਮਨ ਦੀ ਘਾੜਤ ਤੋਂ ਓਪਰੀਆਂ ਯਾ ਉਪਰਲੀਆਂ ਅਜਨਬੀ ਵਿਚਾਰਾਂ ਮਈ ਚੀਜ਼ਾਂ ਹੋਰ ਕੁਛ ਨਹੀਂ ਲੱਭ ਸਕਦੀਆਂ। ਮਨ ਹੰਢਣੇ ਅਲਪੱਗ ਵਿਚਾਰਾਂ ਦੇ ਗੇੜਾਂ ਦੇ ਗੇੜ ਅਤੇ ਫੇਰਾਂ ਦੇ ਫੇਰ ਹੀ ਮੁੜ ਮੁੜ ਲੱਭਣਗੇ।

ਏਦੂੰ ਅਗਾਹਾਂ ਵਿਚਾਰ ਗਹੀਰ ਟੀਕਾ ਕਾਰ ਜੀ ਲਿਖਦੇ ਹਨ–'ਫੇਰ ਵਿਚਾਰ ਜ਼ਰਾ ਹੋਰ ਡੂੰਘੀ ਜਾਵੇ ਤਾਂ ਐਉਂ ਜਾਪਦਾ ਹੈ ਕਿ ਹੁਣ ਜੋ ਗੱਲਾਂ ਵਿਚਾਰ ਗੋਚਰੇ ਹੋ ਰਹੀਆਂ ਹਨ, ਓਹ ਕੋਈ ਮੈਨੂੰ ਦਸ ਰਿਹਾ ਹੈ, ਮੈਂ ਸੁਣ ਰਿਹਾ ਹਾਂ, ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣਦਾ ਮਲੂਮ ਹੁੰਦਾ ਹੈ।'

ਭਲਾ ਅਗਲੀਆਂ (ਪਿਛੇ ਦਸੀਆਂ) ਡੂੰਘਾਈਆਂ ਤੋਂ ਹੋਰ ਡੂੰਘੀ ਵਿਚਾਰ ਕਿਤਨੀ ਕੁ ਅਗਾਹਾਂ ਜਾਏਗੀ ? ਕਿਤਨੀ ਕੁ ਹੋਰ ਡੂੰਘੀ ਜਾ ਸਕਦੀ ਹੈ ? ਅਤੇ ਕਿਸ ਸ਼ਕਤੀ ਦੇ ਬਲ ਨਾਲ ਜਾ ਸਕਦੀ ਹੈ ? ਓਸੇ ਵਿਚਾਰ ਸ਼ਕਤੀ ਦੇ ਬਲ ਨਾਲਿ। ਓਹ ਮਨ ਅਤੇ ਓਹ ਵਿਚਾਰ ਸ਼ਕਤੀ ਵਿਲੱਖਣ ਸ਼ਕਤੀ ਵਾਲੀ ਵਿਚਾਰ ਕਿਥੋਂ ਆਵੇਗੀ ? ਆਪੇ ਹੀ ਉਪਰੋਂ ਉਤਰੇਗੀ ? ਪਰ ਮਨ ਦੀ ਵਿਚਾਰ ਸ਼ਕਤੀ ਦੇ ਬਲ ਨਾਲ ਜੋ ਕੁਛ ਉਪਰੋਂ ਉਤਰੇਗਾ ਸੋ ਆਪਣੇ ਹੀ ਮਨ ਮਗਜ਼ ਯਾ ਜ਼ਿਹਨੀ (ਇੰਟਲੈਕਚੂਅਲੀ) ਦਿਮਾਗ ਵਿਚੋਂ ਹੀ ਉਤਰੇਗਾ। ਆਪਣੇ ਹੀ ਦਿਲ ਦਿਮਾਗ ਦੀਆਂ ਡੂੰਘਾਈਆਂ ਅੱਤ ਗਹਿਰੀਆਂ ਤੋਂ ਗਹਿਰੀਆਂ ਗਹਿਰਾਈਆਂ (ਡੂੰਘੀਆਂ ਤੋਂ ਡੂੰਘੀਆਂ ਡੂੰਘਾਈਆਂ) ਵਿਚੋਂ ਜਦ ਜੋ ਕੁਝ ਭੀ ਉਤਰਨੇ (ਨਿਕਲਨੇ) ਹਨ ਤਾਂ ਉਹ ਮਨ ਦੇ ਨਿਜ ਕਲਪਤ ਖਿਆਲ (ideas) ਹੀ ਉਤਰਨੇ (ਨਿਕਲਨੇ) ਹਨ। ਵਿਚਾਰ ਦੀਆਂ ਹੋਰ ਡੂੰਘੀਆਂ ਉਡਾਰੀਆਂ ਵਿਚ ਪਰਵਾਜ਼ ਕਰ ਕੇ ਓਹ ਜੇਹੜਾ ਮਨ ਪੰਖਣੂ (ਪੰਛੀ) ਉਡਾਰੂ ਨੂੰ ਟੀਕਾ ਕਾਰ ਦੇ ਲਫਜ਼ਾਂ ਵਿਚ ਐਉਂ ਜਾਪਦਾ ਹੈ–'ਕਿ ਹੁਣ ਜੋ ਗੱਲਾਂ ਵਿਚਾਰ ਗੋਚਰੇ ਹੋ ਰਹੀਆਂ ਹਨ, ਓਹ ਕੋਈ ਮੈਨੂੰ ਦਸ ਰਿਹਾ ਹੈ ਜੋ ਮੈਂ ਸੁਣਦਾ ਹਾਂ ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣਦਾ ਮਲੂਮ ਹੁੰਦਾ ਹੈ' ਏਹ ਉਸ ਦੀਆਂ ਚਿਤ ਬਿਰਤੀਆਂ ਦਾ ਕਿਆਸੀ ਧੂੰਏਂ ਦਾ ਰਚਿਆ ਹੋਇਆ ਪਹਾੜ, ਕੇਵਲ ਭਰਮ ਭੁਲਾਵਾ (**mere hallucination**) ਹੀ ਹੁੰਦਾ ਹੈ। 'ਜਾਪਦਾ' ਅਤੇ 'ਮਲੂਮ ਹੁੰਦਾ' ਪਦਾਂ ਦਾ ਵਰਤਣਾ ਹੀ ਦਸਦਾ ਹੈ ਕਿ ਐਸਾ ਜਾਪਦਾ ਅਤੇ ਮਲੂਮ ਹੋਣਾ ਐਵੇਂ ਮਨ ਦੇ ਵਿਚਾਰਾਂ ਦੀ ਖਿਆਲੀ ਦਉੜ ਵਾਲਾ ਖਬਤ ਹੀ ਹੁੰਦਾ ਹੈ, ਭਾਵੇਂ ਕਿੰਨਾ ਹੀ ਡੂੰਘਾ ਕਿਉਂ ਨਾ ਹੋਵੇ। ਜਿੰਨਾ ਡੂੰਘਾ ਖਿਆਲ ਉਤਨਾ ਹੀ ਡੂੰਘਾ ਖਬਤ ਅਤੇ ਖਬਤੀ ਹੈਲੂਸੀਨੇਸ਼ਨ । ਬਸ ! ਮਨ, ਮਨ ਨਾਲ ਹੀ ਗੱਲਾਂ ਕਰਦਾ ਹੁੰਦਾ ਹੈ। ਖਿਆਲ ਖਬਤ ਦੁਆਰਾ ਆਪੇ ਕੀਤੀਆਂ ਆਪਣੀਆਂ ਗੱਲਾਂ ਹੀ ਆਪ ਸੁਣਦਾ ਹੈ। ਵਿਚਾਰ ਗੋਚਰੇ ਹੋ ਰਹੀਆਂ ਗੱਲਾਂ ਆਪੋਂ ਥੋੜੋ ਹੋ ਰਹੀਆਂ ਹੁੰਦੀਆਂ ਹਨ, ਯਾ ਹੋਰ ਉਪਰੋਂ ਥੋੜੋ ਉਤਰ ਰਹੀਆਂ ਹੁੰਦੀਆਂ ਹਨ ਯਾ ਹੋਰ ਕੋਈ ਥੋੜੋ ਕਰ ਰਹਿਆ ਹੁੰਦਾ ਹੈ, ਜਿਸ ਮਨ ਨੇ ਹੀ ਮੁਢ ਵਿਚ ਵਿਚਾਰ ਦਾ ਛੇੜ ਛੇੜਿਆ ਸੀ, ਓਹੋ ਮਨ ਮੁੜ ਮੁੜ ਆਪਣੀਆਂ ਵਿਚਾਰਾਂ ਵਿਚਾਰ ਗੋਚਰੇ ਕਰ ਰਿਹਾ ਹੁੰਦਾ ਹੈ ਅਤੇ ਓਹੋ ਹੀ ਵਿਚਾਰਾਂ ਨੂੰ ਸੁਣ ਰਿਹਾ ਹੁੰਦਾ ਹੈ। ਮਨ ਆਪਣੇ ਦਾਇਰੇ ਤੋਂ ਅਗੋਚਰ ਗਲਾਂ ਨਹੀਂ ਕਰ ਸਕਦਾ, ਨਾ ਸੁਣ ਸਕਦਾ ਹੈ ਅਤੇ ਹੋਰ ਕਿਸੇ ਦੂਜੇ ਦੀ ਮਜਾਲ ਨਹੀਂ ਕਿ ਮਨ ਦੇ ਮੰਡਲ ਵਿਚ ਵੜ ਸਕੇ ਜਦੋਂ ਕਿ ਇਕ ਇਕੱਲਾ ਓਹ ਆਪੋਂ ਆਪ ਹੀ ਵਿਚਾਰ ਕਰ ਰਿਹਾ ਹੁੰਦਾ ਹੈ। ਦੂਜੇ ਤਾਂ ਕਿਸੇ ਨਾਲ ਵਿਚਾਰ ਹੀ ਨਹੀਂ ਹੋ ਰਹੀ ਹੁੰਦੀ, ਏਹ ਤਾਂ ਓਹ

ਪਹਿਲਾਂ ਹੀ ਲਿਖ ਚੁਕੇ ਹਨ ਕਿ ਉਸ ਸੋਚ ਵਿਚਾਰ ਦਾ ਵਰਨਣ ਹੋ ਰਿਹਾ ਹੈ–'ਜਦੋਂ ਕਿ ਆਦਮੀ ਕਿਸੇ ਗੂੜ੍ਹੀ ਸੋਚ ਵਿਚ ਪਿਆ ਹੁੰਦਾ ਹੈ ?' ਸੋ ਓਥੇ ਆਪ ਤੋਂ ਬਾਹਰੀ ਕਿਸੇ ਹੋਰ ਵਿਚਾਰ ਸ਼ਕਤੀ ਯਾ ਆਪ ਤੋਂ ਛੁਟ ਹੋਰ ਕਿਸੇ ਵਿਚਾਰਵਾਨ ਨਾਲ ਵਿਚਾਰਾਂ ਦਾ ਵਟਾਂਦਰਾ ਹੀ ਨਹੀਂ ਹੋ ਰਿਹਾ ਹੁੰਦਾ। ਤਾਂ ਏਹ ਗੱਲ ਕਿਵੇਂ ਸਿਧ ਹੋ ਸਕਦੀ ਹੈ ਕਿ ਮਨੁੱਖ ਕਿਸੇ ਹੋਰ ਦੂਜੇ ਦੀਆਂ ਗੱਲਾਂ ਸੁਣ ਸਕਦਾ ਹੈ। ਹਾਂ 'ਸੁਣਦਾ ਮਲੂਮ ਹੁੰਦਾ' ਵਾਲਾ ਹੈਲੂਸੀਨੇਸ਼ਨ (ਭਰਮ ਭੁਲਾਵਾ) ਜ਼ਰੂਰ ਵਰਤਦਾ ਹੋਊ। ਜੈਸਾ ਕਿ ਕੰਨਾਂ ਵਿਚ ਉਂਗਲਾਂ ਦੇ ਕੇ ਘੂੰ ਘੂੰ ਹੁੰਦੀ ਸੁਣੀਦੀ ਅਵਾਜ਼ ਨੂੰ ਹੈਲੂਸੀਨੇਸ਼ਨੀਏ ਆਦਮੀ (ਰਾਧਾ ਸੁਆਮੀ ਆਦਿਕ) ਅਨਹਦ ਸ਼ਬਦ ਸੁਣਦੇ ਹੀ ਦਸਣ ਲਗ ਪੈਂਦੇ ਹਨ। ਸੁਣਦਾ ਉਹਨਾਂ ਨੂੰ ਕੁਛ ਨਹੀਂ। ਸੋਈ ਚਕਮਾਂ ਏਹਨਾਂ ਮੈਡੀਟੇਟਰਾਂ (ਸੋਚਕਾਂ) ਦਾ ਮਨ ਏਹਨਾਂ ਨੂੰ ਦਿੰਦਾ ਹੈ। ਏਹਨਾਂ ਹੈਲੂਸੀਨੇਟਰੀ ਗੱਲਾਂ ਦੇ ਪਰਤਾਵਾ ਕਰਕੇ ਵੇਖਣ ਦੀ ਕੀ ਲੋੜ ਹੈ ? ਏਸ ਆਪ ਹੁਦਰੇ ਮਨ ਮਗਜੋਲੇ ਮੈਡੀਟੇਸ਼ਨ ਨੂੰ ਕਰ ਕਰ ਅਨੇਕਾਂ ਯੋਗੀ, ਜਪੀ, ਤਪੀ, ਰਿਸ਼ੀ, ਮੁਨੀ ਹਾਰ ਹੰਭ ਚੁਕੇ ਹਨ। ਉਹਨਾਂ ਦਾ ਬਣਿਆ ਕੁਛ ਨਹੀਂ। ਇਸ ਥੋਂ ਸਰਿਆ ਕੁਛ ਨਹੀਂ। ਮਨ ਮੈਡੀਟੇਸ਼ਨੇ ਯੋਗ ਅਤੇ ਬੇਦ ਪੁਰਾਨ ਦੇ ਜਪ, ਤਪ, ਸੰਜਮ ਆਦਿਕ ਪਰਕਾਰ ਦੇ ਮਨਉਕਤ ਸਮਾਧੀਆਂ ਲਾਉਣ ਵਾਲੇ ਉਪਾਉ ਤਰਲੇ ਨਾਮ ਦੀ ਟੇਕ ਤੋਂ ਬਿਹੂਣ ਸਭ ਬਿਰਥੇ ਹੀ ਹਨ, ਯਥਾ ਸ਼ਿਰੀ ਦਸਮੇਸ਼ ਵਾਕ :

> ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ ॥
> ਭੇਦ ਨ ਪਾਇ ਸਕਿਓ ਅਨਭੇਦ ਕੋ
> ਖੇਦਤ ਹੈ ਅਨਛੇਦ ਪੁਕਾਰੇ ॥...॥੯॥੨੫੧
>
> ਅਕਾਲ ਉਸਤਤ, ਤ੍ਵਪ੍ਰਸਾਦਿ ਸ੍ਵਯੇ, ਪਾ: ੧੦

ਤਥਾ :

> ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈ ॥
> ਭੂਮ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈ ॥
> ਪਾਇ ਸਕੈ ਨਹੀ ਪਾਰ ਪ੍ਰਭਾਹੂ ਕੋ ਨੇਤ ਹੀ ਨੇਤਹ ਭੇਦ ਬਤਾਵੈ ॥
> ਖੋਜ ਥਕੇ ਸਭ ਹੀ ਖੁਜੀਆ ਸੁਰ ਹਾਰ ਪਰੇ ਹਰਿ ਹਾਥ ਨ ਆਵੈ ॥੭॥
> ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭ ਹੂੰ ਮਿਲਿ ਗਾਇਓ ॥
> ਬੇਦ ਕਤੇਬ ਨ ਭੇਦ ਲਖਿਓ
> ਸਭ ਹਾਰ ਪਰੇ ਹਰਿ ਹਾਥ ਨ ਆਇਓ ॥...॥੮॥੨੫੦॥
>
> ਤ੍ਵਪ੍ਰਸਾਦਿ ਸ੍ਵਯੇ, ਪਾ: ੧੦, ਅਕਾਲ ਉਸਤਤ


www.sikhbookclub.com

ਬੇਦ ਕਤੇਬ ਨਾ ਭੇਦ ਲਹਿਯੋ ਤਿਹਿ ਸਿਧ ਸਮਾਧਿ ਸਬੈ ਕਰਿ ਹਾਰੇ ॥
ਸਿੰਮ੍ਰਿਤ ਸਾਸਤ੍ਰ ਬੇਦ ਸਬੈ
ਬਹੁ ਭਾਂਤਿ ਪੁਰਾਨ ਬੀਚਾਰ ਬੀਚਾਰੇ ॥...॥੧੦॥

ਸਵਯੇ ਜਾਗਤ ਜੋਤ, ਪਾ: ੧੦

ਸੋਧ ਹਾਰੇ ਦੇਵਤਾ ਬਿਰੋਦ ਹਾਰੇ ਦਾਨੋ ਬਡੇ
ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ ॥
ਘਸਹਾਰੇ ਚੰਦਨ ਲਗਾਇ ਹਾਰੇ ਚੋਆ ਚਾਰ
ਪੂਜ ਹਾਰੇ ਪਾਹਨ ਚਢਾਇ ਹਾਰੇ ਲਾਪਸੀ ॥
ਗਾਹ ਹਾਰੇ ਗੋਰਨ ਮਨਾਇ ਹਾਰੇ ਮੜੀ ਮਟ
ਲੀਪ ਹਾਰੇ ਭੀਤਨ ਲਗਾਇ ਹਾਰੇ ਛਾਪਸੀ ॥
ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਰ ਸਭ
ਪਚ ਹਾਰੇ ਪੰਡਤ ਤਪੰਤ ਹਾਰੇ ਤਾਪਸੀ ॥੨੦॥੯੦॥

ਅਕਾਲ ਉਸਤਤ, ਕਬਿੱਤ, ਪਾ: ੧੦

(੨)

## ਅਕਾਲ ਪੁਰਖ ਪਰ ਧਿਆਨ ਦਾ ਟਿਕਣਾ

ਇਸ ਮਨ ਉਕਤ ਮੈਡੀਟੇਸ਼ਨ ਦੁਆਰਾ ਅਕਾਲ ਪੁਰਖ ਤੇ ਧਿਆਨ ਟਿਕ ਹੀ ਨਹੀਂ ਸਕਦਾ। ਪਰ ਸਾਡੇ ਟੀਕਾ ਕਾਰ ਐਵੇਂ ਹੀ ਆਪਣੀ ਫਰਜ਼ੀ ਦਲੀਲ ਕਾਇਮ ਕਰ ਲੈਂਦੇ ਹਨ :

'ਭਗਤ ਜਨ ਜਦ ਧਿਆਨ ਆਪਣਾ ਅਕਾਲ ਪੁਰਖ ਤੇ ਟਿਕਾ ਕੇ ਸੁੰਦਰਤਾ ਵਿਚ ਲੈ ਹੋ ਜਾਂਦੇ ਹਨ ਤੇ ਇੰਦਰੇ ਹੋਰ ਵਿਸ਼ਿਆਂ ਵਲ ਦੌੜਨੋਂ ਹਟ ਜਾਂਦੇ ਹਨ, ਚਿਤ ਦੇ ਉਸ ਅਸਥਾਨ ਦਾ ਨਾਉਂ ਦਸਮ ਦੁਆਰ ਯਾ ਗਗਨ ਹੈ। ਜਦੋਂ ਭਗਤ ਜਨ ਇਸ ਦਸਮ ਦੁਆਰ ਵਿਚ ਜਾਂਦੇ ਹਨ ਤੇ ਜਦ ਨੈਜੋਗ ਅਤੀ ਸਮੀਪੀ ਹੋ ਜਾਂਦਾ ਹੈ, ਜੋ ਕੁਛ ਓਥੋਂ ਉਹ ਸੁਣਦੇ ਹਨ, ਓਹ ਨਾਮ ਦਾ ਸੁਣਨਾ ਹੈ।'

ਨਾਮ ਅਭਿਆਸ ਦੀ ਕਮਾਈ ਰੂਪੀ ਸਹਾਇਤਾ ਬਿਨਾਂ ਫੋਕਾ ਯੋਗ ਗਿਆਨ ਧਿਆਨ ਕਿਸੇ ਲੇਖੇ ਨਹੀਂ। ਨਾ ਹੀ ਇਸ ਬਿਧ ਲਿਵ ਲਗ ਸਕਦੀ ਹੈ, ਨਾ ਹੀ ਸਮਾਧੀ ਜੁੜ ਸਕਦੀ ਹੈ ਅਤੇ ਨਾ ਹੀ ਨਾਮ ਅਭਿਆਸ ਰੂਪੀ ਅਤੁਟ ਭਗਤਿ ਕਮਾਈ ਬਿਹੂਣ ਦਸਮ ਦੁਆਰ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਮਨ ਦੇ ਇੰਦਰੇ ਵਿਸ਼ਿਆਂ ਵਲ ਧਾਵਣੋ ਰੁਕ ਸਕਦੇ ਹਨ. ਅਕਾਲ ਪੁਰਖ ਉਪਰ ਧਿਆਨ ਤਾਂ ਕੀ

ਟਿਕ ਸਕਣਾ ਸੀ ? ਅਤੇ ਸਮੀਪੀ ਨੈਜੋਗ ਤਾਂ ਕੀ ਪ੍ਰਾਪਤ ਹੋ ਸਕਣਾ ਸੀ ? ਏਹ "ਗੁਰਮਤਿ ਨਾਮ ਅਭਿਆਸ ਕਮਾਈ" ਦੇ ਵਿਸ਼ੇ ਵਿਚ ਪਿਛੇ ਭਲੀ ਪ੍ਰਕਾਰ ਸਿਧ ਹੋ ਚੁਕਾ ਹੈ ਅਤੇ ਅਨੇਕਾਂ ਹੀ ਗੁਰ ਪ੍ਰਮਾਣ ਇਸ ਪ੍ਰਥਾਇ ਦਿਤੇ ਜਾ ਚੁਕੇ ਹਨ। ਜੇ ਆਪੋਂ ਹੀ ਮਨ ਉਕਤ ਧਿਆਨ ਸਮਾਧੀਆਂ ਦੁਆਰਾ ਇੰਦਰੇ ਵਿਸ਼ਿਆਂ ਵਲੋਂ ਦੌੜਨੋਂ ਰੁਕ ਜਾਣ, ਜੇ ਮਨਉਕਤੀ ਮੈਡੀਟੇਸ਼ਨ ਦੁਆਰਾ ਆਪੋਂ ਹੀ ਧਿਆਨ ਲਿਵਤਾਰਾਂ ਜੁੜ ਜਾਣ ਅਤੇ ਦਸਮ ਦੁਆਰ ਦੀ ਪ੍ਰਾਪਤੀ ਇਸ ਮੈਡੀਟੇਸ਼ਨੀ ਮਨਉਕਤ ਸੋਚ ਵਿਚਾਰ ਦੀਆਂ ਡੂੰਘਾਈਆਂ ਤੇ ਡੂੰਘੀਆਂ ਉਡਾਰੀਆਂ ਦੁਆਰਾ ਮੁਮਕਿਨ ਹੋ ਸਕੇ ਤਾਂ ਫੇਰ ਨਾਮ ਜਪਣ ਦੀ ਲੋੜ ਹੀ ਕੀ ਰਹਿ ਗਈ ? ਪਰੰਤੂ ਸਮੱਗਰ ਗੁਰਬਾਣੀ ਨੇ ਗੁਰਮਤਿ ਜਗਿਆਸੂ ਨੂੰ ਏਹੋ ਦ੍ਰਿੜਾਇਆ ਹੈ ਕਿ ਨਾਮ ਅਭਿਆਸ ਕਮਾਈ ਬਿਨਾਂ, ਨਾ ਹੀ ਇੰਦਰੇ ਦਮਨ ਹੋ ਸਕਦੇ ਹਨ, ਨਾ ਹੀ ਦਸਮ ਦੁਆਰ (ਗਗਨ) ਪ੍ਰਾਪਤ ਹੋ ਸਕਦਾ ਹੈ, ਨਾ ਹੀ ਅਕਾਲ ਪੁਰਖ ਦੇ ਸਮੀਪੀ ਦਰਸ਼ਨ ਮੇਲੇ ਸੰਭਵ ਹੋ ਸਕਦੇ ਹਨ। ਨਾਮ ਦੀ ਕਮਾਈ ਦੁਆਰਾ ਹੀ ਨਾਮੀ ਅਕਾਲ ਪੁਰਖ ਦੀ ਦਰਸ਼ਨ ਪ੍ਰਾਪਤੀ ਹੋਣੀ ਸੰਭਵ ਹੈ, ਪਰ ਟੀਕਾਕਾਰ ਜੀ ਦੀ ਉਕਤ ਜੁਗਤੀ ਫਿਲਾਸਫੀ ਇਸ ਨਾਮ ਦੀ ਸੰਧਕ ਓਦੋਂ ਸੁਣਾਉਂਦੀ ਹੈ ਜਦੋਂ ਕਿ ਪ੍ਰਾਪਤੀ ਹੋ ਚੁਕੀ ਹੋਵੇ। ਇਸ ਟੀਕਾਕਾਰ ਦੀ ਫਿਲਾਸਫੀ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਵਾਲਾ ਗੁਰਮਤਿ ਆਦਰਸ਼ੀ ਅਸੂਲ ਉਕਾ ਹੀ ਨਹੀਂ ਮੰਨਦੀ ਅਤੇ ਮਨਉਕਤ ਮੈਡੀਟੇਸ਼ਨੀ ਭਗਤ ਦਾ ਪ੍ਰਤਿਪਾਦਨ ਕਰਦੀ ਕਰਾਉਂਦੀ ਹੈ, ਜੋ ਗੁਰਮਤਿ ਦੇ ਬਿਲਕੁਲ ਉਲਟ ਹੈ। ਗੁਰਮਤਿ ਕਸਾਉਟੀ ਦੁਆਰਾ ਮਨ-ਉਕਤ ਸੋਚ ਵਿਚਾਰ ਮਈ ਮੈਡੀਟੇਸ਼ਨੀ ਭਗਤੀਆਂ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਟੀਕਾਕਾਰ ਜੀ ਦੀ ਪਿਛੇ ਦਸੀ ਲਿਖਤ ਅਨੁਸਾਰ ਪਰਮਾਰਥ ਪਾਂਧੀ ਦੇ ਜਗਿਆਸੂ ਨੂੰ ਅਭਿਆਸ ਰੂਪੀ ਭਗਤ ਕਮਾਈ ਕਰਨ ਦੀ ਉੱਕੀ ਹੀ ਲੋੜ ਨਹੀਂ। ਉਹ ਮਹਿਜ਼ ਅਨਮਤੀ ਅਤੇ ਵਿਸ਼ੇਸ਼ ਕਰ ਯੋਗ ਸ਼ਾਸਤਰ ਮਈ ਉਕਤੀਆਂ ਯੁਕਤੀਆਂ ਵਾਲੇ ਮੈਡੀਟੇਸ਼ਨ ਦੀਆਂ ਖਲਜਗਣ ਕਮਾਈਆਂ ਗੁਰਮਤਿ ਜਗਿਆਸੂ ਲਈ ਜ਼ਰੂਰੀ ਸਮਝਦੇ ਪ੍ਰਤੀਤ ਹੁੰਦੇ ਹਨ।

(੩)

## ਨਾਮ ਦਾ ਸੁਣਨਾ

ਜਿਸ ਨਾਮ ਦੀ ਰਸ ਜੋਤ ਵਿਗਾਸੀ ਅਨਹਦ ਧੁਨੀ ਨੂੰ, ਗੁਰਮਤਿ ਗਿਆਨ ਨੂੰ ਨਾਮ ਦੀਆਂ ਅਤੁਟ ਅਭਿਆਸ ਕਮਾਈਆਂ ਕਰਕੇ ਸੁਣਨਾ ਹੈ, ਉਸ ਨੂੰ ਉਹ ਐਵੇਂ ਆਨਮਤ ਕੁਫਕੜੀ ਗੱਲਾਂ ਬਾਤਾਂ ਨਾਲ ਹੀ ਸੁਣਦਾ ਦਸਦੇ ਹਨ।


www.sikhbookclub.com

"ਸੁਣਿਐ" ਦੀਆਂ ਪਉੜੀਆਂ ਦੇ ਟੀਕਾ ਕਰਨ ਤੋਂ ਪਹਿਲਾਂ ਜੋ ਕੁਛ ਉਹਨਾਂ ਨਾਮ ਦੇ ਸੁਣਨ ਬਾਬਤ ਦੀਬਾਚੇ ਵਿਚ ਲਿਖਿਆ ਹੈ, ਉਹ ਆਪਣੇ ਏਸੇ ਮਨ-ਮੰਨੇ ਸਿਧਾਂਤ ਨੂੰ ਸਿਧ ਕਰਨ ਲਈ ਹੀ ਲਿਖਿਆ ਹੈ ਕਿ ਨਾਮ ਦਸਮ ਦੁਆਰ ਵਿਚ ਜਾ ਕੇ ਹੀ ਸੁਣਦਾ ਹੈ। ਇਸ ਅਵਸਥਾ ਪ੍ਰਾਪਤ ਹੋਈ ਤੋਂ ਪਹਿਲਾਂ ਨਾਮ ਦਾ ਸੁਣਨਾ ਕੋਈ ਚੀਜ਼ ਨਹੀਂ। ਟੀਕਾਕਾਰ ਦਾ ਏਹ ਸਿਧਾਂਤ ਗੁਰਮਤਿ ਸਿਧਾਂਤ ਤੋਂ ਉਲਟ ਹੈ। ਕੈਸੇ ਮੁਗ਼ਾਲਤੇ ਵਾਲੀ ਗਲ ਹੈ ਕਿ ਜਿਸ ਨਾਮ ਨੂੰ ਗੁਰਮਤਿ ਕੇਵਲ ਗੁਰਮਤਿ ਹੀ ਪ੍ਰਤਿਪਾਦਨ ਕਰਾ ਸਕਦੀ ਹੈ, ਉਸ ਨਾਮ ਨੂੰ ਟੀਕਾਕਾਰ ਦੇ ਖਿਆਲ ਵਿਚ ਅਨਮਤੀ ਵਿਚਾਰ ਅਤੇ ਉਸ ਦੇ ਮਨ ਪੁੜੀ ਆਨਮਤੀ ਮੈਡੀਟੇਸ਼ਨ ਦਾ ਅਭਿਆਸ ਹੀ ਦਸਮ ਦੁਆਰ ਵਿਖੇ ਦਰਸਾ ਸਕਦਾ ਹੈ।

ਪ੍ਰਤੀਤ ਹੁੰਦਾ ਹੈ ਕਿ ਟੀਕਾਕਾਰ ਜੀ ਨੂੰ ਗੁਰਮਤਿ ਨਾਮ ਅਤੇ ਨਾਮ ਦੇ ਅਭਿਆਸ ਉਤੇ ਭਰੋਸਾ ਹੀ ਨਹੀਂ, ਉਨ੍ਹਾਂ ਦੀ ਦ੍ਰਿੜ੍ਹਤਾ ਤਾਂ ਕੀ ਹੋਣੀ ਸੀ? ਨਾ ਹੀ ਉਨ੍ਹਾਂ ਨੇ ਅਨਮਤੀ ਯੋਗ ਸਾਧਨ ਆਦਿਕ ਮੈਡੀਟੇਸ਼ਨ ਹੀ ਸਾਧੇ ਹਨ। ਐਵੇਂ ਸੁਣੀਆਂ ਸੁਣਾਈਆਂ ਗੱਲਾਂ ਕਰ ਕਰ ਆਪਣਾ ਅਤੇ ਦੂਜਿਆਂ ਦਾ ਚਿਤ ਪਰਚਾਉਂਦੇ ਹਨ ਅਤੇ ਆਪਣੇ ਮਨ-ਉਕਤ ਨਿਰਾਲੇ ਮੈਡੀਟੇਸ਼ਨ ਯੋਗ ਦੇ ਮਸਲੇ ਦੀ ਚਮੇੜ ਗੁਰਮਤਿ ਸਿਧਾਂਤ ਨਾਲ ਭੀ ਚਮੇੜਦੇ ਹਨ। ਨਾਮ ਸੁਣਨ ਲਈ ਟੀਕਾਕਾਰ ਜੀ ਦੇ ਖਿਆਲ ਅਨੁਸਾਰ ਹਰ ਜਗਿਆਸੂ ਨੂੰ ਟੀਕਾਕਾਰ ਦੇ ਦਰਸਾਏ ਨਵੀਨ ਮੁਰਾਕਬੇ ਵਿਚ ਜਾਣ ਦੀ ਅਵੱਸ਼ ਲੋੜ ਹੈ।

'ਸੁਣਿਐ' ਦੀ ਪਹਿਲੀ ਪਉੜੀ ਅਰਥਾਤ ਜਪੁਜੀ ਸਾਹਿਬ ਦੀ ਅਠਵੀਂ ਪਉੜੀ ਦਾ ਟੀਕਾ ਕਰਦੇ ਹੋਏ ਟੀਕਾਕਾਰ ਜੀ ਐਉਂ ਲਿਖਦੇ ਹਨ : 'ਗੁਰੂ ਜੀ ਕਹਿੰਦੇ ਹਨ ਕਿ ਹਠ ਯੋਗ ਕਰਕੇ ਲੋਕੀ ਸਿਧ ਬਣਦੇ ਹਨ। ਪੀਰ ਸਦਾਉਂਦੇ ਹਨ, ਦੇਵਤੇ ਤੇ ਨਾਥ ਆਪਣਾ ਨਾਮ ਰਖਦੇ ਹਨ। ਨਾਮ ਦੇ ਸੁਣਨ ਕਰਕੇ ਇਹ ਆਤਮਕ ਪਦਵੀਆਂ ਸਹਿਜੇ ਹੀ ਮਿਲ ਜਾਂਦੀਆਂ ਹਨ' ਪਰ ਟੀਕਾਕਾਰ ਜੀ ਜ਼ਰਾ ਕ੍ਰਿਪਾ ਕਰਕੇ ਦਸਣ ਕਿ ਨਾਮ ਸੁਣਨ ਲਈ ਕੇਹੜਾ ਜੋਗ ਕਮੌਣਾ ਓਹਨਾਂ ਨੇ ਦਸਿਆ ਹੈ, ਓਸ ਜੋਗ ਦਾ ਨਾਉਂ ਕੀ ਰਖਿਆ ਜਾਏ ਯਾ ਕੀ ਰਖਿਆਂ ਹੋਇਆ ਉਨ੍ਹਾਂ ਵਲੋਂ ਸਮਝਿਆ ਜਾਵੇ, ਉਹ ਉਸ ਜੋਗ ਨੂੰ ਕੇਹੜਾ ਜੋਗ ਦਸਣਗੇ ਕਿ ਜਿਸ ਦੇ ਕਮਾਵਨ ਕਰਕੇ ਉਹ ਸੁਣਿਐ' ਦੀਆਂ ਪਉੜੀਆਂ ਦੇ ਟੀਕੇ ਦੇ ਮੁਖ ਬੰਦ ਵਿਚ, ਨਾਮ ਦਾ ਸੁਣ ਸਕਣਾ, ਦਸਵੇਂ ਦੁਆਰ ਵਿਚ ਸੁਣ ਸਕਣਾ ਉਨ੍ਹਾਂ ਸੰਭਵ ਜਾਣਿਆ। ਲੋਕੀ ਸਿਧ ਬਣਨ ਲਈ, ਪੀਰ ਸਦਾਵਣ ਲਈ, ਦੇਵਤੇ ਤੇ ਨਾਥ ਆਪਣਾ ਨਾਮ ਰਖਣ ਲਈ, ਜੇਹੜਾ ਯੋਗ ਕਮਾਉਂਦੇ ਹਨ, ਉਸਦਾ ਨਾਉਂ ਤੇ ਹੋਇਆ ਟੀਕਾ ਕਾਰ ਦੇ ਦਸਣ ਮੂਜਬ 'ਹਠ ਜੋਗ'। ਪਰ ਜੇਹੜਾ ਜੋਗ ਕਮਾਉਣਾ ਨਾਮ ਦੇ ਸੁਣਨ ਲਈ ਨਿਰੂਪਣ ਕਰਾਇਆ ਹੈ,

ਉਸ ਜੋਗ ਨੂੰ ਉਹ ਕੀ ਨਾਮ ਦੇਣਗੇ ? ਕੀ ਏਹ ਉਨ੍ਹਾਂ ਦਾ ਦਸਿਆ ਜੋਗ ਲੋਕਾਂ ਦੇ ਉਸ ਹਠ ਜੋਗ ਤੋਂ ਨਿਰਾਲਾ ਯਾ ਸੁਖਾਲਾ ਹੈ ? ਜੇ ਨਿਰਾਲਾ ਤੇ ਸੁਖਾਲਾ ਹੈ ਤਾਂ ਉਹਨਾਂ ਨੂੰ ਇਸ ਆਪਣੇ ਨਿਰਾਲੇ ਸੁਖਾਲੇ ਜੋਗ ਨੂੰ ਲੁਕਾ ਕੇ ਰਖਣਾ ਨਹੀਂ ਪਏਗਾ, ਅਵੱਸ਼ ਇਸ ਦਾ ਵਿਸਥਾਰ ਸਹਿਤ ਨਿਰਨਾ ਕਰਨਾ ਪਵੇਗਾ। ਪਰ ਉਨ੍ਹਾਂ ਨੇ ਇਸ ਸਬੰਧੀ ਕੋਈ ਰੌਸ਼ਨੀ ਨਹੀਂ ਪਾਈ।

ਇਸ ਅਠਵੀਂ ਪਉੜੀ ਦੀਆਂ ਪੰਗਤੀਆਂ ਦਾ ਟੀਕਾ ਕਰਦੇ ਹੋਏ ਇਉਂ ਲਿਖਦੇ ਹਨ : 'ਨਾਮ ਅਜੇਹੀ ਸ਼ਕਤੀ ਵਾਲੀ ਚੀਜ਼ ਹੈ ਕਿ ਉਹਦੇ ਸੁਣਨ ਕਰਕੇ ਹੀ ਧਰਤੀ, ਓਹਦੇ ਧਾਰਨ ਵਾਲਾ ਧੌਲ ਅਰਥਾਤ ਆਸਰਾ, ਅਕਾਸ਼, ਦੀਪ, ਸਾਰੇ ਲੋਕ ਤੇ ਪਾਤਾਲ ਹਸਤੀ ਵਿਚ ਆਏ ਹਨ।' ਜੇ ਟੀਕਾ ਕਾਰ ਜੀ ਪਹਿਲੀ ਪੰਗਤੀ ਦੇ ਭੀ ਏਹੋ ਜੇਹੇ ਅਰਥ ਕਰ ਦਿੰਦੇ ਤਾਂ ਸਗੋਂ ਚੰਗਾਂ ਸੀ। ਤੇਹਾਂ ਪੰਗਤੀਆਂ ਦੇ ਅਰਥਾਂ ਦੀ ਇਕ ਅਵਸਥਾ ਤਾਂ ਹੋ ਜਾਂਦੀ ਤੇ ਸੁਖਾਲਾ ਹੀ ਅਰਥ ਬਣ ਜਾਂਦਾ, ਜਿਵੇਂ ਦੂਜੀ ਤੇ ਤੀਜੀ ਪੰਗਤੀ ਵਿਚ ਟੀਕਾਕਾਰ ਜੀ ਨੇ ਅਰਥ ਕੀਤੇ ਹਨ ਤਿਵੇਂ ਹੀ ਪਹਿਲੀ ਪੰਗਤੀ ਦੇ ਜੇ ਓਵੇਂ ਜਿਵੇਂ ਏਹ ਅਰਥ ਟੀਕਾਕਾਰ ਜੀ ਲਿਖ ਦਿੰਦੇ ਕਿ :

'ਨਾਮ ਅਜੇਹੀ ਸ਼ਕਤੀ ਵਾਲੀ ਚੀਜ਼ ਹੈ ਕਿ ਉਹਦੇ ਸੁਣਨ ਕਰਕੇ ਹੀ ਸਿਧ, ਪੀਰ, ਸੁਰ, ਨਾਥ ਹਸਤੀ ਵਿਚ ਆਏ ਹਨ।' ਵੇਖੋ ਕੇਹਾ ਸੁਖਾਲਾ ਅਰਥ ਹੋ ਜਾਂਦਾ, ਕਿਸੇ ਜੋਗ ਦੇ ਕਮਾਉਣ ਦੀ ਖਲਜਗਣ ਵਿਚ ਤਾਂ ਨ ਪੈਣਾ ਪੈਂਦਾ। ਪਰ ਹੁਣ ਇਸ ਦੂਜੀ ਤੇ ਤੀਜੀ ਪੰਗਤੀ ਦੇ ਟੀਕਾਕਾਰ ਦੇ ਕੀਤੇ ਅਰਥਾਂ ਨੇ ਇਕ ਹੋਰ ਗੁੰਝਲ ਪਾ ਦਿਤੀ। ਉਹ ਕੀ ? ਲਉ ਸੁਣੋ :

ਜੇ ਟੀਕਾਕਾਰ ਦੇ ਇਹੀ ਅਰਥ ਠੀਕ ਸਮਝੇ ਜਾਣ ਕਿ 'ਨਾਮ ਅਜੇਹੀ ਸ਼ਕਤੀ ਵਾਲੀ ਚੀਜ਼ ਹੈ ਕਿ ਉਸਦੇ ਸੁਨਣ ਕਰਕੇ ਹੀ ਧਰਤੀ, ਧਵਲ ਅਕਾਸ਼ ਅਤੇ ਦੀਪ, ਲੋਅ, ਪਾਤਾਲ ਹਸਤੀ ਵਿਚ ਆਏ ਹਨ' ਤਾਂ ਪਤਾ ਨਹੀਂ ਲਗਦਾ ਕਿ ਨਾਮ ਦਾ ਸੁਣਨਹਾਰਾ ਕਉਣ ਹੈ ? ਨਾਮ ਦੀ ਸ਼ਕਤੀ ਦਾ ਸ਼ਕਤੀਸ਼ਰ ਨਾਮੀ ਅਕਾਲ ਪੁਰਖ, ਯਾ ਕਿ ਧਰਤੀ ਆਕਾਸ਼ ਆਦਿਕ ਹਸਤੀ ਵਿਚ ਆਈਆਂ ਹੋਈਆਂ ਹਸਤੀਆਂ ਪਰ ਏਹ ਹਸਤੀਆਂ ਤਾਂ ਹਸਤੀ ਵਿਚ ਆਈਆਂ ਹੀ ਨਾਮ ਦੇ ਸੁਣਨ ਕਰਕੇ ਹਨ। ਜਦੋਂ ਇਹ ਹਸਤੀ ਵਿਚ ਆਈਆਂ ਨਹੀਂ ਸਨ ਤਾਂ ਏਹ ਨਾਮ ਸੁਣਿਆ ਕਿਸ ਨੇ ? ਜੇ ਹਸਤੀ ਵਿਚ ਆ ਕੇ ਸੁਣਿਆ ਤਾਂ ਨਾਮ ਸੁਣ ਕੇ ਹਸਤੀ ਵਿਚ ਆਉਣ ਦੇ ਅਰਥ ਹੀ ਕੁਛ ਨਹੀਂ ਬਣਦੇ। ਹਸਤੀ ਤਾਂ ਉਹਨਾਂ ਦੀ ਪਹਿਲਾਂ ਹੀ ਬਣੀ ਬਣਾਤੀ ਸੀ, ਜੇ ਹਸਤੀ ਨਾ ਹੁੰਦੀ ਤਾਂ ਨਾਮ ਸੁਣਦਾ ਕਉਣ ? ਜਦ ਕਿਸੇ ਹਸਤੀ ਦੀ ਹੋਂਦ ਨਾਮ ਸੁਣੇ ਬਾਝੋਂ ਬਣਦੀ ਹੀ ਨਹੀਂ ਤਾਂ ਐਵੇਂ ਉਸ ਦਾ ਹਸਤੀ ਵਿਚ ਆਵਣਾ ਹੀ ਨਹੀਂ

ਬਣਦਾ, ਜੇ ਉਹਨਾਂ ਦੀ ਹਸਤੀ ਨਾਮ ਸੁਣੇ ਬਿਹੂਣ ਹੀ ਬਣੀ ਬਣਾਤੀ ਸਮਝ ਲਈਏ ਤਾਂ ਫੇਰ ਟੀਕਾਕਾਰ ਦਾ ਇਹ ਅਰਥ ਲਾਉਣਾ ਕਿਸ ਅਰਥ ? ਕਿ : 'ਉਕਤ ਹਸਤੀਆਂ ਨਾਮ ਸੁਣ ਕੇ ਹੀ ਹਸਤੀ ਵਿਚ ਆਈਆਂ' ਹਾਂ ! ਏਹ ਹੋ ਸਕਦਾ ਹੈ ਕਿ ਦੋਬਾਰਾ ਏਹ ਹਸਤੀਆਂ ਹਸਤੀ ਵਿਚ ਆਈਆਂ ਹੋਵਣ, ਪਰੰਤੂ "ਕੀਤਾ ਪਸਾਉ ਏਕੋ ਕਵਾਉ" ਅਤੇ "ਜੋ ਕਿਛੁ ਪਾਇਆ ਸੁ ਏਕਾ ਵਾਰ" ਦੇ ਗੁਰਵਾਕ ਟੀਕਾਕਾਰ ਦੇ ਆਪਣੇ ਅਰਥਾਂ ਵਿਚ ਇਹਨਾਂ ਉਪਰਲੀਆਂ ਹਸਤੀਆਂ ਦੇ ਦੋਬਾਰਾ ਹਸਤੀ ਵਿਚ ਆਉਣ ਵਾਲੀ ਗਲ ਦਾ ਖੰਡਨ ਕਰਦੇ ਹਨ ।

ਜੇਕਰ ਇਸ ਨਾਮ ਯਾ ਨਾਮ ਦੀ ਧੁਨੀ ਨੂੰ ਸੁਣਨ ਹਾਰਾ ਨਾਮ ਦਾ ਸ਼ਕਤੀਸ਼ਰ ਸਰਬ ਸ਼ਕਤੀਮਾਨ ਅਕਾਲ ਪੁਰਖ ਹੀ ਸਮਝਿਆ ਜਾਵੇ ਤਾਂ ਏਹ ਗੱਲ ਵੀ ਅਣਬਣੀ ਜੇਹੀ ਹੈ । ਕਿਉਂਕਿ :

> "ਓਅੰਕਾਰਿ ਉਤਪਾਤੀ ॥......
> ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥"*
> "ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥"**

ਵਾਲੇ ਗੁਰਵਾਕ ਦਸਦੇ ਹਨ ਕਿ ਸਭ ਕਾਇਨਾਤ ਦੀ ਰਚਨਾ ਏਕ ਕਵਾਵੇ (ਵਾਕ ਵਚਨ) ਤੋਂ ਹੋਈ ਹੈ, ਨਾ ਕਿ ਨਾਮ ਦੇ ਸੁਣਾਵੇ ਤੋਂ ਅਤੇ "ਆਪੀਨੈ ਆਪੁ ਸਾਜੀਓ ਆਪੀਨੈ ਰਚਿਓ ਨਾਉ"*** ਵਾਲਾ ਗੁਰਵਾਕ ਭੀ ਦਸਦਾ ਹੈ ਕਿ ਨਾਮ ਦੀ ਰਚਨਾ ਦਾ ਰਚਨਹਾਰਾ ਭੀ ਉਹੀ ਅਕਾਲ ਪੁਰਖ ਹੈ ਤਾਂ ਤੇ 'ਨਾਮ ਨੂੰ ਸੁਣ ਕੇ ਧਰਤੀ, ਧਵਲ, ਅਕਾਸ਼ ਦੀ ਰਚਨਾ ਅਕਾਲ ਪੁਰਖ ਨੇ ਹੀ ਕੀਤੀ' ਅਰਥ ਹੀ ਅਣਬਣੇ ਹਨ । ਰਚਨਾ ਸਾਰੀ ਤਾਂ (ਸਣੇ ਨਾਮ ਦੀ ਰਚਨਾ ਦੇ) ਏਕੋ ਕਵਾਵੇ (ਵਾਕ, ਬਚਨ) ਨਾਲ ਇਕ ਵਾਰ ਹੀ ਰਚ ਦਿਤੀ । ਰਚੇ ਹੋਏ ਨਾਮ ਨੂੰ ਸੁਣ ਕੇ ਰਚਨਹਾਰ ਦਾ ਰਚਨਾ ਨੂੰ ਰਚਣਾ ਉੱਕਾ ਹੀ ਅੰਨਥਾ ਹੈ । ਤਾਂ ਤੇ ਨਾਮ ਦੇ ਸੁਣਨਹਾਰ ਗੁਰਸਿਖ ਜਗਿਆਸੀ ਅਤੇ ਗੁਰਮਤਿ ਨਾਮ ਕਮਾਈਆਂ ਵਾਲੇ ਅਭਿਆਸੀ ਜਨ ਹੀ ਹਨ, ਜੋ ਇਸ ਨਾਮ ਦੇ ਸੁਣਨੇ ਨੂੰ ਕਿਸੇ ਮਨਮਤੀ ਯਾ ਅਨਮਤੀ ਮੈਡੀਟੇਸ਼ਨ ਦੀ ਬਣਾਤੀ ਵਿਉਂਤ ਅਨੁਸਾਰ ਕਿਸੇ ਇਮੈਜਨਰੀ (imaginary) ਕਿਆਸ ਕੁਰਏ ਵਿਚ ਫਰਜ਼ੀ ਤੌਰ ਪਰ ਪਹੁੰਚ ਕੇ ਨਹੀਂ ਸੁਣਦੇ, ਬਲਕਿ ਵਾਸਤਵ ਵਿਚ ਜਿਉਣੀ ਜਾਗਣੀ ਜਾਗ੍ਰਤੀ ਸਾਵਧਾਨਤਾ ਵਿਚ ਧੁਰੋਂ ਆਏ ਪਠਾਏ ਸਚੇ ਸਤਿਗੁਰੂ ਗੁਰਦਵ ਦੇ ਦੁਆਰਿਓਂ ਬਿਸਮ ਸੁਵਣਾਈ ਅਤੇ ਬਿਸਮ ਗੂੰਜਾਈ ਗੁੰਜਾਰ ਵਿਚ ਆਪਣੇ ਸੋਭਨੀਕ ਸੁਭਾਗੇ

---

* ਮਾਰੂ ਮ: ੫, ਪੰਨਾ ੧੦੦੩
** ਜਪੁ ਜੀ ਸਾਹਿਬ (ਪਉੜੀ ੧੬)
*** ਵਾਰ ਆਸਾ ਮ: ੧, ਪੰਨਾ ੪੬੩

ਸਰਵਣਾਂ ਦੁਆਰਾ ਸਾਂਗੋਂ ਪਾਂਗ ਸੁਣਦੇ ਹਨ ਅਤੇ ਸੁਣ ਸੁਣ ਕੇ ਆਪਣੇ ਗੁਰਦੇਵ ਗੁਰੂ ਸਤਿਗੁਰੂ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ ਅਤੇ ਆਂਹਦੇ ਹਨ :

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ ॥
ਭਵਜਲ ਵਿਚੋਂ ਕਢਕੇ ਮੁਕਤਿ ਪਦਾਰਥ ਮਾਹਿ ਸਮਾਇਆ ॥

ਭਾ: ਗੁਰਦਾਸ ਵਾਰ ੧ ਪਉੜੀ ੧

ਤਥਾ—

ਗੁਰਮੁਖਿ ਜਨਮ ਸਕਾਰਥਾ ਗੁਰਸਿਖ ਮਿਲਿ ਗੁਰ ਸਰਣੀ ਆਇਆ ॥
ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ ॥
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲ ਗੁਰ ਲਾਇਆ ॥
ਸਤਿਗੁਰੁ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ ॥
ਸਚ ਰਾਸਿ ਰਹਰਾਸਿ ਦੇ ਪੈਰੀ ਪੈ ਜਗੁ ਪੈਰੀਂ ਪਾਇਆ ॥
ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ ॥
ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ॥
ਗੁਰਸਿਖਿ ਲੈ ਗੁਰਸਿਖੁ ਸਦਾਇਆ ॥ ੩ ॥

ਭਾਈ ਗੁਰਦਾਸ ਵਾਰ ੧੧ ਪਉੜੀ ੩

ਏਹ ਗੁਰਮੰਤ੍ਰ ਰੂਪੀ ਗੁਰ ਦੀਖਿਆ ਗੁਰਦੁਆਰਿਓਂ ਲੈ ਕੇ, ਸੁਣ ਕੇ ਹੀ ਜਗਿਆਸੂ ਜਨ ਗੁਰਸਿਖ ਸਦਾਉਂਦਾ ਹੈ, ਤਾਂ ਤੇ ਇਸ ਗੁਰਮਤਿ ਜੁਗਤਿ ਬਿਉਂਤ ਤੋਂ ਬਿਹੂਣੀ ਕਿਸੇ ਹੋਰ ਜੁਗਤਿ ਬਿਉਂਤ ਦੁਆਰਾ, ਐਵੇਂ ਕਿਆਸੀ ਨਾਮ ਸੁਣਕੇ ਗੁਰਸਿਖ ਨਹੀਂ ਬਣ ਸਕਦਾ ।

ਪੁਨਾ :

ਨਿਰੰਕਾਰ ਆਕਾਰੁ ਕਰਿ ਜੋਤਿ ਸਰੂਪ ਅਨੂਪ ਦਿਖਾਇਆ ॥
ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ ॥

ਭਾਈ ਗੁਰਦਾਸ ਵਾਰ ੧੨, ਪਉੜੀ ੧੭

ਸਤਿ ਰੂਪ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ ॥
ਧਰਮਸਾਲ ਕਰਤਾਰਪੁਰੁ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦੁ ਸੁਣਾਇਆ ॥

ਭਾ: ਗੁਰਦਾਸ ਵਾਰ ੨੪, ਪਉੜੀ੧੭

ਗੁਰਸਿਖਾਂ ਨੇ ਤਾਂ ਸਬਦੁ ਮੰਤ੍ਰ ਰੂਪੀ ਨਾਮ ਗੁਰੂ ਦੁਆਰੇ ਹੋਇ ਕੇ ਹੀ ਸੁਣਨਾ ਹੈ, ਇਸ ਨਾਮ ਨੂੰ ਸੁਣ ਕੇ ਕਈ ਵਡਭਾਗੀਆਂ ਦੀ ਤਾਂ ਸੁਣਦੇ ਸਾਰ ਹੀ ਪ੍ਰਮ ਪਦ ਨੂੰ ਪੁੱਜਣ ਵਾਲੀ ਗਤੀ ਤਤਕਾਲ ਹੀ ਹੋ ਜਾਂਦੀ ਹੈ ਅਤੇ ਓਹਨਾਂ ਦੇ ਰੋਮ ਰੋਮ ਵਿਚ ਨਾਮ ਰਚ ਜਾਂਦਾ ਹੈ, ਉਨ੍ਹਾਂ ਦੇ ਰੋਮ ਰੋਮ ਵਿਚੋਂ ਨਾਮ

ਦੀਆਂ ਧੁਨੀਆਂ ਉਠਦੀਆਂ ਉਸ ਨੂੰ ਸੁਣਾਈ ਦਿੰਦੀਆਂ ਹਨ। ਗੁਰਮਤਿ ਪੂਰਨ ਜੁਗਤੀ ਅਨੁਸਾਰ ਗੁਰੂ ਦੁਆਰੇ ਹੋਇ ਕੇ ਦ੍ਰਿੜਾਇਆ ਹੋਇਆ ਨਾਮ ਪਹਿਲਾਂ ਸਰਵਣਾਂ ਦੁਆਰਾ ਹੀ ਅੰਦਰ ਉਤਰਦਾ ਹੈ ਅਤੇ ਉਤਰਦੇ ਸਾਰ ਰਸਨਾ ਉਤੇ ਚੜ੍ਹ ਜਾਂਦਾ ਹੈ, ਹੋਠਾਂ ਦੀ ਫੁਰੱਾਟ ਫੁਰਰਾ ਦਿੰਦਾ ਹੈ;ਸੁਆਸਾਂ ਦੀ ਸੁਰੱਰਾਟ ਸੁਰੱਰਾ ਦਿੰਦਾ ਹੈ ਅਤੇ ਸਰੀਰ ਦੇ ਰਗੋ ਰੋਮ ਦੀ ਥੱਰਾਟ ਥੱਰਰਾ ਦਿੰਦਾ ਹੈ; ਗਲੇ ਤਾਲੂ ਦੇ ਅੰਦਰ ਗੁੱਰਾਟ ਗੁੱਰਰਾ ਦਿੰਦਾ ਹੈ। ਇਸ ਬਿਧ ਸਰੋਤਾ ਸੁਤੇ ਸੁਭਾਵ ਅਤੇ ਸਹਜ ਸੁਖੈਨ ਹੀ ਨਾਮ ਕਮਾਈਆਂ ਕਰਨ ਵਿਚ ਜੁਟ ਜਾਂਦਾ ਹੈ, ਜਿਉਂ ਜਿਉਂ ਇਉਂ ਨਾਮ ਅਭਿਆਸੀ ਕਮਾਈ ਵਿਚ ਜੁਟਦਾ ਹੈ, ਤਿਉਂ ਤਿਉਂ ਉਸ ਦੇ ਅੰਦਰੋਂ ਨਾਮ ਦੀ ਸੁਣਾਈ (ਨਾਮ ਦਾ ਸੁਣਨਾ) ਹੋਰ ਵਧੇਰੇ ਵਧਦੀ ਜਾਂਦੀ ਹੈ ਅਤੇ ਨਾਮ ਕਮਾਈ ਦੀ ਵਧੋ ਵਧ ਕਮਾਈ ਦੇ ਨਾਲੋ ਨਾਲ ਹੀ ਨਾਮ ਦੀ ਸੁਣ-ਸੁਣਾਈ ਵਧਦੀ ਹੀ ਰਹਿੰਦੀ ਹੈ, ਨਾਮ ਜਾਪ ਦੀ ਧੁਨੀ ਹੀ ਨਾਮ ਸੁਣਨ ਦਾ ਪੇਸ਼ ਖੇਮਾ ਹੈ। ਨਾਮ ਦਾ ਜਾਪ ਭਾਵੇਂ ਕਿਤਨੀ ਹੀ ਸੂਖਮ ਤੋਂ ਸੂਖਮ ਧੁਨੀ ਵਿਚ ਹੋਵੇ, ਇਸ ਧੁਨੀ ਦੇ ਸੰਗ ਸਾਥ ਹੀ ਸਰਵਣਾਂ ਦੀ ਸਰਵਣ ਚੇਤਨਤਾ ਨਾਲੋ ਨਾਲ ਸ਼ਾਮਲ ਹੋ ਰਹਿੰਦੀ ਹੈ। ਨਾਮ ਅਭਿਆਸੀ ਨਾਮ ਨੂੰ ਜਪਦਾ ਹੀ ਨਹੀਂ ਸਗੋਂ ਨਾਲੋ ਨਾਲ ਨਾਮ ਨੂੰ ਸੁਣਦਾ ਭੀ ਹੈ। ਆਪਣੇ ਜਾਪ ਨੂੰ ਆਪ ਸੁਣਦਾ ਹੈ, ਅਰਥਾਤ ਆਪਣੀ ਰਸਨਾ ਦੁਆਰਾ ਕੀਤਾ ਜਾਪ ਨਾਲੋ ਨਾਲ ਹੀ ਸੁਣਦਾ ਹੈ। ਸ਼ਬਦ ਦਾ ਬਕਤਾ ਸ਼ਬਦ ਦਾ ਸਰੋਤਾ ਭੀ ਹੈ, ਇਕੋ ਸਮੇਂ ਇਕੋ ਛਿਨ ਪਲ ਵਿਚ ਇਕੋ ਅਭਿਆਸੀ ਦੀ ਰਸਨਾ ਤੋਂ ਜਪਿਆ ਜਪਾਇਆ ਸੁਆਸਾਂ ਦੁਆਰਾ ਰਟਿਆ ਅਭਿਆਸ ਐਨ ਓਸੇ ਛਿਨ ਪਲ ਮਾਤਰੀ ਸਾਇਤ ਅੰਦਰ ਓਸੇ ਜਪ ਜਾਪੀ ਤੇ ਓਸੇ ਸੁਆਸ ਅਭਿਆਸੀ ਦੇ ਸਰਵਣਾਂ ਵਿਚ ਭੀ ਪੈਂਦਾ ਰਹਿੰਦਾ ਹੈ। ਜਿਉਂ ਜਿਉਂ ਸ੍ਰਵਣਾਂ ਵਿਚ ਪੈਂਦਾ ਹੈ, ਤਿਉਂ ਤਿਉਂ ਉਹ ਜਾਪ ਅਭਿਆਸ ਦਾ ਹੋਰ ਆਨੰਦ ਹੁਲਾਸੀ ਅਹਿਸਾਸ ਮਾਣਦਾ ਹੈ। ਇਕੋ ਘਟ ਅੰਦਰ ਨਾਮ ਦੀ ਸ੍ਰਵਣ ਸਰੋਤ ਅਤੇ ਨਾਮ ਦਾ ਜਾਪ ਉਦੋਤ ਓਤ ਪੋਤ ਸੰਮਿਲਤ ਹੋ ਕੇ ਹਰ ਵਕਤ ਜਾਰੀ ਰਹਿੰਦਾ ਹੈ, ਹਤ੍ਹਾ ਕਿ ਸ੍ਰਵਣ, ਮੰਨਣ ਨਿਧਿਆਸਨ ਇਕੋ ਅਜਪਾ ਜਾਪ ਧੁਨੀ ਅੰਦਰ ਘੁਲ ਮਿਲ ਘਿੱਚ ਅਤੇ ਸਹਿਜ ਸਰਿੱਚ ਹੋ ਜਾਂਦਾ ਹੈ। ਬਸ! ਇਕ੍ਹ ਵਾਰ ਪੂਰੀ ਗੁਰਮਤਿ ਜੁਗਤਿ ਕਲਾ ਦੁਆਰਾ ਸ੍ਰਵਣਾ ਅੰਦਰ ਸੰਚਰਤ ਹੋਇਆ ਨਾਮ ਜਾਪ ਅਭਿਆਸ ਕਲਾ ਵਿਖੇ ਅਜੇਹਾ ਅਰੂੜ ਹੋ ਜਾਂਦਾ ਹੈ ਕਿ ਮਹਿਜ਼ ਏਹ ਨਾਮ ਰੂਪ ਸ਼ਬਦ ਧੁਨੀ ਵਾਲੀ ਰੂੜ੍ਹੀ ਬਾਣੀ ਗੂੜ੍ਹੇ ਆਤਮ ਰੰਗਾਂ ਵਿਚ ਰੰਗ ਦਿੰਦੀ ਹੈ ਅਤੇ ਏਹਨਾਂ ਰੰਗਾਂ ਵਿਚ ਰੱਤਿਆ ਅਭਿਆਸੀ ਏਦੂੰ ਭੀ ਹੋਰ ਦੂਣਾ ਚਉਣਾ ਤੇ ਦਹਿ ਗੁਣਾ ਨਾਮ ਅਭਿਆਸ ਕਮਾਈ ਕਰਨ ਵਿਚ ਤੱਤਪਰ ਹੋ ਜਾਂਦਾ ਹੈ ਅਤੇ ਇਸ ਨਾਮ ਰਵਣ,

 www.sikhbookclub.com

ਨਾਮ ਰਵਣ, ਨਾਮ ਸ੍ਰਵਣ ਦੀਆਂ ਆਤਮ ਰੰਗੀ ਕਮਾਈਆਂ ਜੋ ਫਲ-ਰੰਗ ਖੇੜਦੀਆਂ ਹਨ, ਉਸਦਾ ਰੰਚਕ ਮਾਤਰ ਨਮੂਨਾ ਭਾਈ ਗੁਰਦਾਸ ਜੀ ਦੇ ਇਸ ਮਹਾਂ ਵਾਕ ਅੰਦਰ ਦਰਸਾਇਆ ਹੈ :

ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ ॥
ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਰਹੰਦਾ ॥
ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ ॥
ਅਬਿਗਤਹੁ ਅਬਗਤੀ ਹੈ ਨਹਿੰ ਅਲਖੁ ਲਖੰਦਾ ॥
ਅਕਥਹੁ ਅਕਥ ਅਲੇਖ ਹੈ ਨਿਤ ਨੇਤਿ ਸੁਣੰਦਾ ॥
ਗੁਰਮੁਖ ਸੁਖ ਫਲ ਪਿਰਮ ਰਸ ਵਾਹੁ ਵਾਹੁ ਚਵੰਦਾ ॥੧੯॥

ਭਾਈ ਗੁਰਦਾਸ ਵਾਰ ੩੯ ਪਉੜੀ ੧੯

ਵਾਹੁ ਵਾਹੁ ਚਵਣ ਦਾ ਅਰਥਾਤ ਇਕ ਵਾਰ ਗੁਰਮੰਤ੍ਰ ਨਾਮ ਸਰਵਣ ਸਰੋਤ ਰਾਹੀਂ ਅੰਦਰ ਉਤਰਿਆ ਹੋਇਆ ਗੁਰਮਤਿ ਨਾਮ, ਲੈਣ ਵਾਲੇ ਦੇ ਮੁਖੋਂ ਸਹਿਜ ਟੇਵ ਵਿਚ ਸਦਾ ਲਈ ਰਟਣ ਹੋਣ ਦਾ ਫਲ ਜੋ ਹੁੰਦਾ ਹੈ, ਉਸ ਦਾ ਸਿੱਟਾ ਉਪਰਲੇ ਮਹਾਂ ਵਾਕਾਂ ਅੰਦਰ ਦਰਸਾਇਆ ਗਿਆ ਹੈ । ਸਹਿਜ ਸਰੋਤੀ ਗੁਰਮਤਿ ਨਾਮ ਦੇ ਜਾਪ ਦਾ ਵਿਸਮਾਦ ਗਤ ਅਨੰਦੀ ਰੰਗ ਬਝਦਾ ਹੈ, ਓਹ ਮੈਡੀਟੇਸ਼ਨੀ ਗੁੰਮ ਸੁੰਮ ਦਾ ਸੁਣਿਆ ਆਹਤੀ ਅਨਾਹਤੀ ਫਰਜ਼ੀ ਨਾਮ ਭਲਾ ਕੀ ਰੰਗ ਜਮਾ ਸਕਦਾ ਹੈ ? ਕੁਝ ਭੀ ਨਹੀਂ । ਦਸਮ ਦੁਆਰ ਦੀ ਅਗੰਮੀ ਖੇਡ ਗੁਰਮਤਿ ਨਾਮ ਦੀ ਅਥਾਹ ਜਾਪ ਕਮਾਈ ਤੋਂ ਹੀ ਅੰਕੁਰਦੀ ਹੈ । ਅਤੇ 'ਸੁਣਿਐ' 'ਮੰਨੇ' ਦੀਆਂ ਪਉੜੀਆਂ ਵਿਚ ਪ੍ਰਗਟਾਏ ਆਤਮ ਫਲ ਇਸ ਸ੍ਰਵਣ ਸਰੋਤੀ ਨਾਮ ਅਭਿਆਸ ਦੇ ਸਹਿਜ ਸੰਜੀਵਨੀ ਅੰਕੂਰ ਸਿੱਟੇ ਹਨ । ਸੋ 'ਸੁਣਿਐ' ਦੀ ਇਸ ਪਹਿਲੀ ਪਉੜੀ ਅੰਦਰ ਜੋ ਕੁਛ ਵ੍ਰਨਣ ਹੈ ਸੋ ਗੁਰਮੰਤ੍ਰ ਸੁਣ ਕੇ ਕਮਾਏ ਹੋਏ ਨਾਮ ਦੇ ਆਤਮ ਪਰਭਾਵੀ ਫਲ ਪਰਮਾਰਥ ਹਨ ।

"ਸੁਣਿਐ ਪੋਹਿ ਨ ਸਕੈ ਕਾਲੁ" ਵਾਲੀ ਪੰਗਤੀ ਵਿਚ ਟੀਕਾਕਾਰ ਜੀ ਥੋੜਾ ਥੋੜਾ ਗੁਰਮਤਿ ਸਿਧਾਂਤ ਦੇ ਨੇੜੇ ਨੇੜੇ ਆਉਂਦੇ ਹਨ, ਜਦੋਂ ਓਹ ਲਿਖਦੇ ਹਨ ਕਿ—'ਨਾਮ ਦੇ ਸੁਣਨ ਨਾਲ ਕਾਲ ਪੋਹ ਨਹੀਂ ਸਕਦਾ...ਭਗਤ ਜਨ ਮੌਤ ਨਾਲ ਮਰਦੇ ਨਹੀਂ, ਪਿਆਰੇ ਵਿਚ ਜਾ ਸਮਾਉਂਦੇ ਹਨ ਅਤੇ ਸਦਾ ਦਾ ਜੀਵਨ ਹਾਸਲ ਕਰਦੇ ਹਨ ।' ਪਰੰਤੂ ਘਾਟਾ ਏਹ ਹੈ ਕਿ ਟੀਕਾਕਾਰ ਜੀ ਦੇ ਨਿਕਟ ਭਗਤ ਜਨ ਤੋਂ ਭਾਵ ਜੋ ਹੈ, ਗੁਰਮਤਿ ਗੁਰਬਾਣੀ ਦੇ ਸਿਧਾਂਤੀ ਆਦਰਸ਼ ਵਾਲਾ ਨਹੀਂ, ਗੁਰਮਤਿ ਅਨੁਸਾਰ ਭਗਤ ਜਨ ਓਹ ਹੈ ਜੋ ਗੁਰਮੰਤ੍ਰ ਗੁਰੂ ਦੁਆਰਿਤਿ ਮਿਲਣ ਸਾਰ ਹੀ ਗੁਰਮਤਿ ਨਾਮ ਦੀ ਸ਼ਬਦ ਸਰੋਤੀ ਜਾਪ ਦੀ ਅਭਿਆਸ ਕਮਾਈ ਕਰਨੀ ਅਰੰਭ ਦਿੰਦਾ ਹੈ, ਉਸ ਦੀ ਗੁਰ ਹੁਕਮਾਂ ਅਨੁਸਾਰ ਤਤਪਰ

ਹੋ ਕੇ ਕੀਤੀ ਭਗਤ ਕਮਾਈ ਅਵੱਸ਼ ਓਹ ਸਿਧਾਂਤ ਉਪਜਾਉਂਦੀ ਉਗਵਾਉਂਦੀ ਹੈ, ਜੋ ਇਸ ਪਉੜੀ ਅੰਦਰ ਵਿਦਤਾਏ ਗਏ ਹਨ। ਪ੍ਰੰਤੂ ਟੀਕਾਕਾਰ ਦੇ ਮਤ ਵਾਲੇ ਭਗਤ ਜਨ ਨੂੰ ਗੁਰਮਤਿ ਨਾਮ ਅਭਿਆਸ ਦੀਆਂ ਕਮਾਈਆਂ ਕਰਨ ਦੀ ਲੋੜ ਹੀ ਨਹੀਂ, ਨਾ ਹੀ ਗੁਰਦੀਖਿਆ ਗੁਰਮੰਤ੍ਰ ਲੈਣ ਦੀ ਲੋੜ ਹੈ, ਜੇ ਫੈਸ਼ਨ ਪੂਰਬਕ ਲੈ ਭੀ ਲਵੇ ਤਾਂ ਕਮਾਵੇ ਚਾਹੇ ਨਾ ਕਮਾਵੇ, ਉਸ ਨੂੰ ਤਾਂ ਭਗਤੀ ਫਲ ਉਥੇ ਜਾ ਕੇ ਮਿਲਦਾ ਹੈ ਜਦੋਂ ਓਹ ਉਕਤ ਯੁਕਤੀ ਮੈਡੀਟੇਸ਼ਨ ਕਰਕੇ ਕਿਸੇ ਕਿਆਸੀ ਨਾਮ ਧੁਨੀ ਨੂੰ ਸੁਣਨ ਲਗ ਗਿਆ ਅਤੇ ਓਦੋਂ ਤੋਂ ਹੀ ਓਹ ਭਗਤ ਸਦਾਏਗਾ ਜਦੋਂ ਉਸ ਨੂੰ ਉਪਰ ਕਿਆਸਿਆ ਭਗਤੀ ਫਲ ਫਲੂੰਧਰ ਪਿਆ। ਜੇ ਤਾਂ ਉਕਤ ਫੋਕੀ ਮੈਡੀਟੇਸ਼ਨੀ ਖਬਤ ਕਮਾਈ ਦੀਆਂ ਟੱਕਰਾਂ ਮਾਰ ਕੇ ਉਸ ਨੂੰ ਕੋਈ ਫਰਜ਼ੀ ਹੈਲੂਸੀਨੇਸ਼ਨ ਹੋਣ ਲਗ ਪਿਆ (ਜੋ ਉਸ ਦੇ ਦਿਮਾਗ ਫਿਰੇ ਦਾ ਹੀ ਨਤੀਜਾ ਹੋਊ) ਤਦ ਤਾਂ ਉਹ ਭਗਤ ਜਨ ਬਣ ਗਿਆ। ਟੀਕਾਕਾਰ ਦੀ ਆਈਡੀਅਲਿਸਟਿਕ ਮਾਈਥੋਲਿਜੀ ਅੰਦਰ ਕਿਸੇ ਅਜ਼ਗੈਬੀ ਨਾਮ ਦੀ ਮਿਥ (myth) ਧੁਨੀ ਸੁਣਨ ਹਾਰੇ ਉਪਰ ਹੀ ਟੀਕਾਕਾਰ ਦੇ ਅਭਿਪਰੇ ਅਨੁਸਾਰ "ਪੋਹਿ ਨ ਸਕੈ ਕਾਲੁ" ਵਾਲੀ ਫਲ ਪ੍ਰਾਪਤਨੀ ਬਿਵਸਥਾ ਘਟ ਸਕਦੀ ਹੈ। ਸੋ ਉਸ ਦੇ ਕਿਆਸੀ ਅਤੇ ਗੁਰਮਤਿ ਦੇ ਤੱਤ ਦਰਸੀ ਸਿਧਾਂਤ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਗੁਰਮਤਿ ਨਾਮ ਦੇ ਅਭਿਆਸੀਆਂ ਭਗਤ ਜਨਾਂ ਨੂੰ ਤਾਂ ਗੁਰਮਤਿ ਨਾਮ ਦੀ ਕਮਾਈ ਰੂਪੀ ਭਗਤੀ ਕਰਦਿਆਂ ਹੋਇਆਂ ਸਦਾ ਵਿਗਾਸ ਰਹਿਣਾ ਹੈ, ਪ੍ਰੰਤੂ ਟੀਕਾਕਾਰ ਦੇ ਅਕੀਦੇ ਵਾਲੇ ਭਗਤ ਜਨਾਂ ਉੱਤੇ "ਨਾਨਕ ਭਗਤਾ ਸਦਾ ਵਿਗਾਸੁ" ਦਾ ਭਾਸ ਉਦੋਂ ਘਟਦਾ ਹੈ ਜਦੋਂ ਕਿ ਓਹ ਟੀਕਾਕਾਰ ਦੀ ਉਤੇ ਦਸੀ ਮੈਡੀਟੇਸ਼ਨੀ ਮੰਜ਼ਲ ਉਤੇ ਪੁਜ ਖੜੋਣਗੇ, ਐਵੇਂ ਨਹੀਂ। ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਭਗਤ ਜਨ ਦੀ ਦਸ਼ਾ ਉਪਰ ਤਾਂ ਨਾਮ ਅਭਿਆਸ ਦੀ ਪਾਰਸ ਕਲਾ ਦੁਆਰਾ ਹੀ ਨਾਮ ਦੇ ਸੁਣਦਿਆਂ ਸਾਰ ਹੀ ਯਾ ਨਾਮ ਅਭਿਆਸ ਦੀ ਕਮਾਈ ਦੇ ਨਾਲੋ ਨਾਲ ਹੀ ਨਾਮ ਦੇ ਸੁਣਦਿਆਂ ਰਹਿਣ ਕਰਕੇ ਹੀ "ਸੁਣਿਐ ਦੂਖ ਪਾਪ ਕਾ ਨਾਸੁ" ਵਾਲੀ ਪੰਗਤੀ ਦਾ ਪ੍ਰਮਾਰਥ ਘਟ ਜਾਣਾ ਅਤੇ ਸਦਾ ਘਟਦਾ ਰਹਿਣਾ ਹੈ, ਪਰ ਸੁਨੀਦੀ ਨਾਮ ਦੀ ਸੁਨੀਦ (ਸੁਣੇ ਸੁਣਾਏ ਨਾਮ ਦੀ ਸਰੋਤ) ਨਾਲ ਏਹ ਪ੍ਰਮਾਰਥ ਘਟੇ ਘਟੇ, ਨਾ ਘਟੇ ਨਾ ਹੀ ਘਟੇ, ਜੇ ਭਲਾ ਕਦੇ ਕਦਾਈਂ ਇਕ ਵਾਰ ਕਿਸੇ ਹੈਲੂਸੀਨੇਟਰੀ ਸ਼ਕਲ ਵਿਚ ਘਟ ਭੀ ਜਾਵੇ ਤਾਂ ਬਸ ਇਕ ਵਾਰ ਹੀ ਘਟ ਕੇ ਰਹਿ ਜਾਵੇਗਾ, ਇਮੈਜਨਰੀ ਚਮਤਕਾਰਾਂ ਦਾ ਏਹੋ ਹੀ ਹਸ਼ਰ ਹੋਇਆ ਕਰਦਾ ਹੈ।

ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਭਗਤ ਜਨਾਂ ਨੂੰ ਤਾਂ ਇਕ ਵਾਰ ਇਸ ਭਗਤ ਕਮਾਈ ਦੁਆਰਾ ਰਿਦੰਤਰ ਜੋਤਿ ਵਿਗਾਸ ਹੋਇਆ ਫੇਰ ਸਦਾ

ਹੋਇਆ ਰਹਿਣਾ ਹੈ,ਜੈਸਾ ਕਿ 'ਸੁਣਿਐ' ਦੀ ਹਰੇਕ ਪਉੜੀ ਅੰਦਰ ਬਹੁੜ ਬਹੁੜ ਏਸੇ ਕਥਨ ਤੇ ਜ਼ੋਰ ਦਿਤਾ ਗਿਆ ਹੈ ਕਿ "ਨਾਨਕ ਭਗਤਾ ਸਦਾ ਵਿਗਾਸੁ" ਹਾਂ ਜੀ ! ਸਦਾ ਵਿਗਾਸ–ਦੇਖੋ 'ਸਦਾ' ਦਾ ਪਦ ਸਾਫ ਏਸ ਗਲ ਦੀ ਸਾਖ ਭਰ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਘਰ (ਗੁਰੂ ਘਰ) ਦੇ ਭਗਤਾਂ ਨੂੰ ਤਾਂ ਸਦਾ ਹੀ ਵਿਗਾਸ ਹੈ, ਛਿੰਨ ਭੰਗਰੀ ਵਿਗਾਸ ਨਹੀਂ । ਗੁਰੂ ਨਾਨਕ ਸਾਹਿਬ ਦੇ ਘਰ ਦੀ ਦ੍ਰਿੜ੍ਹਾਈ ਭਗਤੀ ਸਦਾ ਅਸਥਿਰ ਭਗਤੀ ਹੈ । ਸਾਸਿ ਗਿਰਾਸਿ ਨਾਮ ਅਭਿਆਸ ਮਈ ਭਗਤੀ ਕਮਾਵਣ ਹਾਰਿਆਂ ਭਗਤ ਜਨਾਂ ਨੂੰ ਹੀ ਭਗਤਿ ਕਮਾਈਓਂ ਉਦੋਤ ਹੋਇਆ ਵਿਗਾਸ ਸਦਾ ਹੀ ਬਣਿਆ ਰਹਿਣਾ ਹੈ, ਏਸੇ ਗੁਰਮਤਿ ਭਗਤਿ ਕਮਾਈ ਦੀ ਪਾਰਸ ਕਲਾ ਦੁਆਰਾ ਵਿਗਸੰਨੇ ਰਸ ਜੋਤਿ ਵਿਗਾਸ ਦੇ ਰਿਦੰਤਰਿ ਪਰਕਾਸ਼ ਹੋਣ ਕਰ ਗੁਰਮੁਖਾਂ, ਭਗਤ ਜਨਾਂ ਨੂੰ ਸਾਕਸ਼ਾਤ ਹੋਇਆ ਆਨੰਦ ਆਨ ਸੰਸਾਰੀ ਕਥਨੀ ਬਦਨੀ ਵਾਲੇ ਕਹਿਵਤੀ ਆਨੰਦ ਤੋਂ ਵਿਲੱਖਣ ਹੈ :

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥੧॥
ਰਾਮਕਲੀ ਮ: ੩ ਅਨੰਦੁ, ਪੰਨਾ ੯੧੭

ਬਸ ਜੀ ! ਏਹ ਸੱਚਾ ਆਨੰਦ ਏਹ ਸਦ-ਰਿਦ ਵਿਗਾਸੀ ਆਨੰਦ; ਏਹ ਗੁਰਮਤਿ ਮਤਿ ਵਿਲੱਖਣੀ ਆਨੰਦ; ਏਹ ਗੁਰਮਤਿ ਆਦਰਸ਼ੀ ਆਨੰਦ ਸਦਾ ਗੁਰੂ ਤੇ ਹੀ ਜਾਣਿਆ ਜਾਂਦਾ ਹੈ ।

ਗੁਰੂ ਤੋਂ ਬੇ-ਮੁਖ, ਮਨਮਤੀ, ਮਨਮੁਖੀ ਭਾਵੇਂ ਕਿਤਨੀਆਂ ਹੀ ਹਿਕਮਤ ਹੁੱਜਤੀ ਜੁਗਤੀਆਂ ਕਰਨ, ਉਹ ਮੌਜ ਆਨੰਦ ਵਿਗਾਸੀ ਮੌਜ ਕਦਾਚਿਤ ਨਹੀਂ ਮਾਣ ਸਕਦੇ, ਐਵੇਂ ਕਥਨੀ ਬਦਨੀ ਕਰ ਕਰਕੇ ਹੀ ਚਿਤ ਪਰਚਾਉਣਗੇ । ਜਿਨ੍ਹਾਂ ਨੇ ਪੂਰਨ ਗੁਰਮਤਿ ਰੀਤੀ ਅਨੁਸਾਰ ਗੁਰੂ ਦੁਆਰੇ ਹੋਇ ਕੈ ਨਾਮੀ ਸਾਹਿਬ ਦਾ ਨਾਮ ਨਹੀਂ ਸੰਮਾਲਿਆ, ਉਹਨਾਂ ਨੂੰ ਇਹ ਵਥ ਕਿਥੋਂ ਪ੍ਰਾਪਤ ਹੋਵੇ ? ਨਾਮ, ਗੁਰਮਤਿ ਨਾਮ ਦੀਆਂ ਗੁਰਮਤਿ ਜੁਗਤੀਆਂ ਕਮਾਈਆਂ ਨਾਲ ਹੀ, ਗੁਰਸਿਖਾਂ ਨੂੰ ਹੀ ਏਹ ਪਦ ਪਦਾਰਥ ਪ੍ਰਾਪਤ ਹੋਣਾ ਹੈ । ਨਿਰੀਆਂ ਯੋਗ ਸਾਧਨਾਂ ਦੀਆਂ ਜੁਗਤਾਂ ਨਾਲ ਯਾ ਖਿਆਲ ਸੋਚ ਮੈਡੀਟੇਸ਼ਨਾਂ ਨਾਲ ਨਾ ਹੀ ਨਾਮ ਧੁਨ ਸਰੋਤੀ ਪ੍ਰਾਪਤ ਹੋ ਸਕਦੀ ਹੈ, ਨਾ ਹੀ ਗੁਰਮਤਿ ਅਨੰਦ ਅਦੋਤੀ ਵਿਗਾਸ ਦੀ ਸੋਝੀ ਆ ਸਕਦੀ ਹੈ ।

"ਸੁਣਿਐ" "ਮੰਨੇ" ਦੀਆਂ ਪਉੜੀਆਂ ਦਾ ਤਸਹੀਦੀ ਭਾਸ਼ ਕਰਦਿਆਂ ਹੋਇਆਂ ਟੀਕਾਕਾਰ ਜੀ ਨੇ ਸਿਰਫ ਏਸ ਗੱਲ ਤੇ ਜ਼ੋਰ ਦਿਤਾ ਹੈ ਕਿ ਉਕਤ ਜੁਗਤੀ ਜੋਗ ਸਾਧਨਾਂ ਵਾਲਾ ਧਿਆਨ ਜਮਾਇਆਂ ਜਦੋਂ ਦਸਮ ਦੁਆਰ ਵਾਲਾ

ਕਥੌਤੀ ਨੈਜੋਗ ਅਤੀ ਸਮੀਪੀ ਹੋ ਜਾਂਦਾ ਹੈ, ਜੋ ਕੁਛ ਉਥੋਂ ਉਹ ਜੋਗ ਸਾਧਨਾ ਵਾਲਾ ਜੋਗੀ ਸੁਣਦਾ ਹੈ, ਉਹ ਨਾਮ ਦਾ ਸੁਣਨਾ ਹੈ। ਪ੍ਰੰਤੂ 'ਸੁਣਿਐ' ਦੀ ਦੂਜੀ ਪਉੜੀ ਅਰਥਾਤ ਸ੍ਰੀ ਜਪੁਜੀ ਸਾਹਿਬ ਦੀ ਨੌਵੀਂ ਪਉੜੀ ਦੀ ਤੀਜੀ ਪੰਗਤੀ "ਸੁਣਿਐ ਜੋਗ ਜੁਗਤਿ ਤਨਿ ਭੇਦ" ਦੀ ਅਰਥਾ ਬੰਦੀ ਕਰਦੇ ਹੋਏ ਟੀਕਾਕਾਰ ਜੀ ਇਉਂ ਲਿਖਦੇ ਹਨ—'ਨਾਮ ਦੇ ਸੁਣਨ ਨਾਲ ਜੋਗ (ਰੱਬ ਨਾਲ ਜੁੜਨ) ਦੀ ਅਸਲੀ ਜਾਚ ਦਾ ਪਤਾ ਲਗਦਾ ਹੈ।' ਵੇਖੋ ! ਟੀਕਾਕਾਰ ਦੇ ਪਹਿਲੇ ਕਥਨ ਅਤੇ ਇਸ ਕਥਨ ਵਿਚ ਪ੍ਰਸਪਰ ਕਿਤਨਾ ਵਿਰੋਧ ਹੈ। ਪਹਿਲਾਂ ਤਾਂ ਲਿਖਦੇ ਹਨ ਕਿ ਜੋਗ ਦੁਆਰਾ ਹੀ ਨਾਮ ਪ੍ਰਾਪਤ ਹੁੰਦਾ ਹੈ, ਨਾਮ ਆਪੇਂ ਹੀ ਸੁਣਾਈ ਦੇਣ ਲਗ ਪੈਂਦਾ ਹੈ, ਅਰਥਾਤ ਜੋਗ ਵਿਚ ਜੁੜਿਆਂ ਅਤੇ ਜੋਗ ਸਿਧੀ ਦਾ ਦਸਮ ਦੁਆਰੀ ਦਰਜਾ ਪ੍ਰਾਪਤ ਕੀਤਿਆਂ। ਪਰ ਹੁਣ ਏਹ ਲਿਖਦੇ ਹਨ ਕਿ ਨਾਮ ਦੇ ਸੁਣਨ ਨਾਲ ਜੋਗ ਦੀ ਅਸਲੀ ਜਾਚ ਦਾ ਪਤਾ ਲਗਦਾ ਹੈ। ਤਾਂ ਤੇ ਪਹਿਲੇ ਕਥਨ ਵਾਲਾ ਤਾਂ ਜੋਗ ਹੀ ਨਾ ਹੋਇਆ, ਨਕਲੀ ਜਾਚ ਹੀ ਹੋਈ। ਜਦ ਅਸਲੀ ਜਾਚ ਜੋਗ ਦੀ ਨਾਮ ਦੁਆਰਾ ਹੀ ਪ੍ਰਾਪਤ ਹੋਣੀ ਹੈ ਤਾਂ ਨਕਲੀ ਜੋਗ ਦੀਆਂ ਉਕਤ ਜੁਗਤੀ ਟੱਕਰਾਂ ਮਾਰਨ ਦੀ ਕੀ ਲੋੜ ? ਪਹਿਲੇ ਕਥਨ ਵਿਚ ਦਸੇ ਜੋਗ ਦੀ ਜੁਗਤੀ ਦਾ ਸਾਧਨ ਯਾ ਤਾ ਨਿਰੀ ਮੈਡੀਟੇਸ਼ਨੀ ਉਕਤਿ ਯੁਕਤੀ ਹੀ ਹੈ ਯਾ ਜੋਗ ਸ਼ਾਸਤ੍ਰਾਂ, ਸਿਮ੍ਰਤੀਆਂ, ਵੇਦਾਂ ਵਿਚ ਯੁਕਤਾਈ ਫੋਕੀ ਫਿਲਾਸਫੀ ਹੈ, ਪਰ ਗੁਰਸਿਖਾਂ ਨੂੰ ਗੁਰਮਤਿ ਨਾਮ ਦੇ ਸੁਣਨ ਮੰਨਣ ਦੀ ਗਿਆਤ ਵਾਲਾ ਗੁਰਮਤਿ ਗਿਆਨ ਅਨਮਤੀ ਸਿਮ੍ਰਤੀਆਂ, ਸ਼ਾਸਤ੍ਰਾਂ, ਵੇਦਾਂ ਦੀ ਘੋਖ ਦੁਆਰਾ ਹਰਗਿਜ਼ ਹਰਗਿਜ਼ ਪ੍ਰਾਪਤ ਨਹੀਂ ਹੋ ਸਕਦਾ ਬਲਕਿ ਨਾਮ ਦੀ ਸਰਵਣ ਮੰਨਣ ਨਿਧਿਆਸਨੀ ਗੁਰਮਤਿ ਅਭਿਆਸ ਕਮਾਈ ਕਰਨਹਾਰੇ ਸਿਖਾਂ ਨੂੰ ਏਹਨਾਂ ਬੇਦ, ਸਿਮਰਤੀਆਂ, ਸ਼ਾਸਤਰਾਂ ਦੇ ਘੋਖਣ ਦੀ ਲੋੜ ਹੀ ਨਹੀਂ ਰਹਿੰਦੀ। ਗੁਰਸਿਖਾਂ ਲਈ ਗੁਰਮਤਿ ਨਾਮ ਹੀ ਸ਼ਾਸਤਰ ਹੈ, ਨਾਮ ਹੀ ਬੇਦ ਹੈ, ਨਾਮ ਹੀ ਸਿਮਰਤੀਆਂ ਹਨ, ਨਾਮ ਤੋਂ ਵਧ ਕੇ ਗੁਰਸਿਖਾਂ ਨੂੰ ਹੋਰ ਕਿਸੇ ਸ਼ਾਸਤਰ, ਸਿਮਰਤ, ਵੇਦ ਦੀ ਲੋੜ ਨਹੀਂ। ਗੁਰਸਿਖਾਂ ਦਾ ਤਾਂ ਸ਼ਾਸਤ੍ਰ, ਸਿਮ੍ਰਤ, ਵੇਦ ਸਭ ਕੁਛ ਨਾਮ ਹੀ ਹੈ। ਬਸ ਨਾਮ ਭੀ ਗੁਰਮਤਿ ਨਾਮ ਹੀ ਹੈ, ਜੈਸੇ ਕਿ ਅਨੇਕ ਗੁਰਵਾਕ ਦਰਸਾਉਂਦੇ ਹਨ। ਯਥਾ :

ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥
ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥

ਭੈਰਉ ਮ: ੫, ਪੰਨਾ ੧੧੪੫

 www.sikhbookclub.com

ਗੁਰਮੁਖਿ ਸਾਸਤ੍ਰ ਸਿਮ੍ਰਿਤ ਬੇਦ ॥ ਗੁਰਮੁਖਿ ਪਾਵੈ ਘਟ ਘਟਿ ਭੇਦ ॥
ਰਾਮਕਲੀ ਮ: ੧, ਪੰਨਾ ੯੪੨

ਨਾਮੁ ਜਪਹੁ ਨਾਮੇ ਗਤਿ ਪਾਵਹੁ
ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਾਈਆ ॥
ਬਿਲਾਵਲੁ ਮ: ੪, ਪੰਨਾ ੮੩੪

ਸਤਿਗੁਰ ਨੇ ਸਿਖਾਂ ਨੂੰ ਨਾਮ ਹੀ ਸਿਮ੍ਰਿਤਿ, ਸ਼ਾਸਤ੍ਰ ਦ੍ਰਿੜਾਇਆ ਹੈ, ਨਾਮ ਤੋਂ ਬਿਨਾਂ ਸਿਖਾਂ ਦਾ ਕੋਈ ਸਿਮ੍ਰਿਤਿ ਸ਼ਾਸਤ੍ਰ ਨਹੀਂ ।

ਟੀਕਾਕਾਰ ਜੀ ਭੀ ਇਸ ਨੌਮੀ ਪਉੜੀ ਦੀ ਚੌਥੀ ਪੰਗਤੀ "ਸੁਣਿਐ ਸਾਸਤ ਸਿਮ੍ਰਿਤਿ ਵੇਦ" ਦੇ ਅਰਥ ਇਉਂ ਲਿਖਦੇ ਹਨ : 'ਨਾਮ ਦੇ ਸੁਣਨ ਨਾਲ ਉਹ ਗਿਆਨ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ ਜੋ ਸ਼ਾਸਤ੍ਰਾਂ ਸਿਮ੍ਰਤੀਆਂ ਤੇ ਵੇਦਾਂ ਦੇ ਪਾਠ ਦਾ ਫਲ ਕਿਹਾ ਗਿਆ ਹੈ ।' ਜਦ ਏਹ ਗਿਆਨ ਟੀਕਾਕਾਰ ਜੀ ਦੀ ਭੀ ਆਪਣੀ ਇਸ ਅਰਥ ਸਿਧੀ ਦੁਆਰਾ ਨਾਮ ਦੇ ਸੁਣਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ, ਤਦ ਜਿਸ ਨਾਮ ਦੇ ਸੁਣਨ ਨਾਲ ਹੀ ਸ਼ਾਸਤ੍ਰਾਂ,ਸਿਮ੍ਰਤੀਆਂ ਵੇਦਾਂ ਦੇ ਪਾਠ ਦੇ ਅਖਉਤੀ ਫਲ ਵਾਲਾ ਗਿਆਨ ਪ੍ਰਾਪਤ ਹੋ ਜਾਂਦਾ ਹੈ, ਇਸ ਨਾਮ ਦੇ ਸੁਣਨ ਲਈ ਫੇਰ ਜੋਗ ਸ਼ਾਸਤ੍ਰਾਂ ਆਦਿਕ ਦੀਆਂ ਜੋਗ ਜੁਗਤੀਆਂ, ਸਿੱਧੀਆਂ, ਹੋਰਸ ਆਨਮਤੀ, ਮਨਮਤੀ ਮੈਡੀਟੇਸ਼ਨਾਂ ਦੀ ਸਹਾਇਤਾ ਦੀ ਕੀ ਲੋੜ ਰਹੀ । ਨਾਮ ਦੇ ਸੁਣਨ ਨਾਲ ਤਾਂ ਬੇਦ, ਸ਼ਾਸਤ੍ਰਾਂ ਦੇ ਗਿਆਨ ਦਾ ਵਿਕਾਸ ਹੋ ਜਾਂਦਾ ਹੈ,ਪਰ ਉਹ ਦਸਦੇ ਹਨ ਕਿ ਏਹ ਨਾਮ ਸੁਣਿਆ ਜਾਂਦਾ ਹੈ ਜੋਗ ਸਿੱਧੀਆਂ ਜੁਗਤੀਆਂ ਦੁਆਰਾ, ਕੈਸਾ ਪ੍ਰਸਪਰ ਵਿਰੋਧ ਹੈ ।

ਟੀਕਾਕਾਰ ਜੀ ਦੇ ਮਨ-ਮੰਨੇ ਫਲਸਫੇ ਅਨੁਸਾਰ ਰਸਨ ਰਟਨੀ ਨਾਮ, ਜਾਪ ਦੁਆਰਾ ਓਹ ਦਸਮ ਦੁਆਰੀ ਗਿਆਨ ਵਿਗਾਸ ਨਹੀਂ ਹੋ ਸਕਦਾ । ਏਹ ਤਾਂ ਕੇਵਲ ਮਨ ਉਕਤ ਯਾ ਆਨਮਤ ਜੋਗ ਜੁਗਤਿ ਦੁਆਰਾ ਹੀ ਪ੍ਰਾਪਤ ਹੋਣਾ ਸੰਭਵ ਹੈ ਅਤੇ ਏਸੇ ਦਸਮ ਦੁਆਰੀ ਗਿਆਨ ਵਿਗਾਸ ਦੀ ਬਵਸਥਾ ਪ੍ਰਾਪਤ ਹੋਈ ਤੋਂ ਉਹ ਨਾਮ ਸੁਣਦਾ ਹੈ, ਜਿਸ ਦਾ ਜ਼ਿਕਰ "ਸੁਣਿਐ" "ਮੰਨੇ" ਦੀਆਂ ਪਉੜੀਆਂ ਵਿਚ ਆਉਂਦਾ ਹੈ । ਗੁਰਮਤਿ ਦੀ ਗੂੜ੍ਹ ਨਾਮ ਫ਼ਿਲਾਸਫ਼ੀ ਦੇ ਟੀਕਾਕਾਰ ਜੀ ਉਕੇ ਹੀ ਅਗਿਆਤ ਪ੍ਰਤੀਤ ਹੁੰਦੇ ਹਨ । ਉਹਨਾਂ ਦੇ ਖਿਆਲ ਵਿਚ 'ਸੁਣਿਐ' 'ਮੰਨੇ' ਦੀਆਂ ਪਉੜੀਆਂ ਵਿਚ ਦਰਸਾਈ ਆਤਮ ਬਵਸਥਾ ਰਸਨ ਰਟਨੀ ਜਾਪ ਕਮਾਈ ਦੁਆਰਾ ਪ੍ਰਾਪਤ ਹੋਣੀ ਅਤੀ ਅਸੰਭਵ ਹੈ, ਇਸ ਕਰਕੇ ਉਹਨਾਂ ਨੂੰ ਆਨਮਤੀਆਂ ਦਾ ਪੇਚੀਦਾ ਬਿਖਮ ਗਿਆਨ ਗੋਰਖਧੰਦੀਆ ਫਿਲਸਫਾ ਹੀ ਪਸੰਦ ਆਇਆ । ਉਹਨਾਂ ਦਾ ਅਕੀਦਾ ਹੈ ਕਿ ਇਸ ਵਿਚਾਰ

ਦੇ ਅਤ ਉੱਚ ਅਵਸਥਾ ਵਾਲੇ ਗਿਆਨ ਪ੍ਰਾਪਤ ਹੋਏ ਤੋਂ ਹੀ ਨਾਮ ਸੁਣਦਾ ਹੈ। ਉਹਨਾਂ ਦੇ ਏਸ ਅਕੀਦੇ ਨੂੰ ਜੇ ਮੰਨ ਭੀ ਲਿਆ ਜਾਵੇ ਤਾਂ ਉਕਤ ਦਸਮ ਦੁਆਰ ਵਿਕਾਸ਼ੀ ਨਾਮ ਦੇ ਸੁਣੇ ਜਾਣ ਪਸਚਾਤ ਤਾਂ ਤਿਸ ਉੱਚ ਮੰਡਲੀਏ ਨਾਮ ਦੇ ਦਸਮ ਦੁਆਰ ਵਿਖੇ ਉਦੋਤ ਹੋਣ ਕਰਿ ਤਾਂ ਫੇਰ ਤਿਸ ਉਦਤਾਏ ਨਾਮ ਦੇ ਸੁਣਨ ਦੀ ਮਹਿਮਾ ਮਹੱਤਤਾ ਉਸ ਤੋਂ ਭੀ ਅਪਰ ਅਪਾਰੀ ਹੋਣੀ ਚਾਹੀਏ ਅਤੇ ਐਸੇ ਅਪਰ ਅਪਾਰੀ ਨਾਮ ਦੇ ਸੁਣਨ ਕਰ ਹੋਰ ਤੋਂ ਹੋਰ ਅਤੇ ਵਧ ਤੋਂ ਵਧ ਉਚੇਰੀਆਂ ਤੋਂ ਉਚੇਰੀਆਂ ਆਤਮ ਔਜੀ ਕ੍ਰਿਸ਼ਮ ਕਲਾਆਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ, ਪ੍ਰੰਤੂ ਜਪੁਜੀ ਸਾਹਿਬ ਦੀ ਦਸਵੀਂ ਪਉੜੀ ("ਸੁਣਿਐ" ਦੀ ਤੀਜੀ ਪਉੜੀ) ਦੀ ਟੀਕਾਕਾਰ ਜੀ ਦੀ ਕਲਮ ਤੋਂ ਕੀਤੀ ਹੋਈ ਟੀਕਾ ਟਿੱਪਣੀ ਸਿੱਧ ਕਰਦੀ ਹੈ ਕਿ ਨਾਮ ਦੇ ਸੁਣਨ ਨਾਲ ਹੇਠਲੀਆਂ ਮਾਨਸਕ ਮੰਡਲੀ ਇਖਲਾਕੀ ਅਵਸਥਾਵਾਂ ਭੀ ਆ ਜੁੜਦੀਆਂ ਹਨ। ਐਵੋਲੀਊਸ਼ਨ ਥਿਊਰੀ ਅਨੁਸਾਰ ਅਗਲੀ ਪਉੜੀ ਵਿਚ ਦਰਸਾਈਆਂ ਆਤਮ ਅਵਸਥਾਵਾਂ ਦੇ ਮੰਡਲ ਦਾ ਸਗੋਂ ਵਧੇਰੇ ਵਿਕਾਸ ਹੋਣਾ ਸੀ, ਪ੍ਰੰਤੂ ਏਹ ਦਸਵੀਂ ਪਉੜੀ ਦਸਦੀ ਹੈ ਕਿ ਏਹ ਉਲਟਾ ਹਿਠਾਹਾਂ ਨੂੰ ਉੱਤਰ ਆਈਆਂ। ਟੀਕਾਕਾਰ ਜੀ ਦੀ ਮੁਢਲੀ ਬੁਨਿਆਦੀ ਥਿਊਰੀ ਅਨੁਸਾਰ ਤਾਂ ਇਸ ਨੇ ਹੋਰ ਅਗਾਹਾਂ ਵਧਣਾ ਅਤੇ ਵਧਦੇ ਹੀ ਜਾਣਾ ਸੀ। ਟੀਕਾਕਾਰ ਜੀ ਇਸ ਦਸਵੀਂ ਪਉੜੀ ਦੀ ਪਹਿਲੀ ਪੰਗਤੀ ਦਾ ਟੀਕਾ ਕਰਦੇ ਹੋਏ ਲਿਖਦੇ ਹਨ : 'ਨਾਮ ਦੇ ਸੁਣਨ ਨਾਲ ਪੁਰਸ਼ ਵਿਚ ਸਤ, ਸੰਤੋਖ ਤੇ ਗਿਆਨ ਆ ਘਰ ਕਰਦੇ ਹਨ' ਇਹ ਸਤ, ਸੰਤੋਖ ਤੇ ਮਾਨਸਿਕ ਮੰਡਲੀ ਗਿਆਨ ਤਾਂ ਉਰੇਡੀਆਂ ਮੰਜ਼ਲਾਂ ਹਨ ਜੋ ਦਸਮ ਦੁਆਰੀ ਗਿਆਨ ਵਾਲੀ ਮੰਜ਼ਲ ਤੋਂ ਬਹੁਤ ਨੀਵੀਆਂ ਹਨ। ਏਹਨਾਂ ਉਰੇਡੀਆਂ ਇਖਲਾਕੀ ਮੰਜ਼ਲਾਂ ਤੇ ਪਹੁੰਚਣ ਲਈ ਭੀ ਕੀ ਦਸਮ ਦੁਆਰੀ ਨਾਮ ਦੇ ਸੁਣਨ ਦੀ ਕਸਵਟੀ ਲੱਗਣੀ ਚਾਹੀਦੀ ਹੈ ? ਸਤੁ, ਸੰਤੋਖ ਆਦਿਕ ਇਖਲਾਕੀ ਸਿਫਤਾਂ ਤਾਂ ਦਸਮ ਦੁਆਰ ਪਹੁੰਚਣ ਤੋਂ ਪਹਿਲਾਂ ਹੀ ਪ੍ਰਾਪਤ ਹੋ ਜਾਣੀਆਂ ਚਾਹੀਦੀਆਂ ਹਨ. ਤਾਂ ਫੇਰ ਏਹਨਾਂ ਨੂੰ ਅੱਪੜਨ ਲਈ ਜੋ ਨਾਮ ਸੁਣਨ ਦੀ ਲੋੜ ਹੈ, ਕੀ ਉਹ ਵੀ ਪੁੱਗ ਖਲੋਤੀ ਆਤਮ ਅਵਸਥਾ ਵਿਚ ਹੀ ਸੁਣੇ ਜਾ ਸਕਣ ਵਾਲਾ ਨਾਮ ਹੋਵੇਗਾ ? ਸੋ ਟੀਕਾਕਾਰ ਜੀ ਦੇ ਮਨ-ਮੰਨੇ "ਸੁਣਿਐ" ਦੇ ਅਰਥਾਂ ਵਿਚ ਬੜਾ ਫਰਕ ਹੈ ਅਤੇ ਵਿਰੋਧ ਆ ਪਿਆ, ਤੇ ਕੋਈ ਭੀ ਇਕ ਅਸੂਲ ਨਾਮ ਸੁਣਨ ਦਾ ਕਾਇਮ ਨਾ ਰਿਹਾ। ਗੁਰਮਤਿ ਨਾਮ ਦੇ ਸੁਣਨ ਨਾਲ ਅਤੇ ਏਹਨਾਂ ਪੰਜ ਭੂਤਕ ਸ੍ਰਵਣਾਂ ਦੁਆਰਾ ਸੁਣਨ ਨਾਲ ਭਾਂਤ ਭਾਂਤੀ ਬਵਸਥਾ ਤਾਂ ਮਾਨਸਕ ਮੰਡਲੀ ਅਤੇ ਆਤਮ ਔਜ ਮੰਡਲੀ ਸੁਤੇ ਸਿਧ ਹੀ ਆ ਪ੍ਰਾਪਤ ਹੁੰਦੀਆਂ ਹਨ। "ਸੁਣਿਐ" ਦੀਆਂ ਸਾਰੀਆਂ ਪਉੜੀਆਂ ਅੰਦਰ ਜੋ ਜੋ ਭੀ ਭਾਂਤ ਭਾਂਤ ਦੀ ਪ੍ਰਾਪਤੀ ਦਰਸਾਈ

ਗਈ ਹੈ, ਉਹ ਕੇਵਲ ਏਹਨਾਂ ਪੰਜ ਭੂਤਕ ਸ੍ਰਵਣਾਂ ਦੁਆਰਾ ਸੁਣੇ ਨਾਮ ਦੀ ਪਾਰਸ ਕਲਾ ਦੇ ਪ੍ਰਤਾਪ ਦਾ ਚਮਤਕਾਰ ਹੈ। ਏਹ ਸਿਰਫ ਵਾਹਿਗੁਰੂ ਦ੍ਰਿੜ੍ਹਾਏ ਗੁਰੂ ਸੁਣਾਏ ਗੁਰੂ ਪ੍ਰਸਾਏ ਅੰਮ੍ਰਿਤ ਨਾਮ (ਗੁਰਮੰਤ੍ਰ) ਦਾ ਹੀ ਪਾਰਸ ਪ੍ਰਭਾਵੀ ਜ਼ਹੂਰ ਦਰਸਾਇਆ ਹੈ। ਦੇਖੋ ਗੁਰਵਾਕ :

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥
ਸਚੁ ਅਲਖ ਵਿਡਾਣੀ ਤਾਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ
ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥

ਰਾਮਕਲੀ ਮ: ੩ ਅਨੰਦੁ, ਪੰਨਾ ੯੨੨

ਕੈਸੀ ਅਸਚਰਜ ਅਤੇ ਅਲਖ ਵਿਡਾਣੀ ਅਕਥ ਕਥਾ ਇਸ ਗੁਰਵਾਕ ਨੇ ਅੰਮ੍ਰਿਤ ਨਾਮ ਦੇ ਸ੍ਰਵਣੀ ਸੁਨਣ ਸੰਦੀ ਪਾਰਸ ਕਲਾ ਦੀ ਦਰਸਾਈ ਹੈ। ਗੁਰੂ ਗੁਰਬਾਣੀ ਰੂਪੀ ਏਹਨਾਂ ਗੁਰਵਾਕਾਂ ਵਿਚ ਸਰੀਰ ਲਾਏ (ਪੰਜ ਭੂਤਕੀ) ਸਰਵਣਾਂ ਦੀ ਸਫਲਤਾ ਸਾਫ ਅੰਮ੍ਰਿਤ ਨਾਮ ਨੂੰ ਸੁਣਕੇ ਪਵਿਤਰ ਪਾਵਨ ਹੋਣ ਵਿਚ ਹੀ ਦਰਸਾਈ ਹੈ। ਗੁਰਮਤਿ ਅੰਮ੍ਰਿਤ ਨਾਮ (ਗੁਰਮੰਤਰ) ਨੂੰ ਸੁਣਨ ਦੀ ਐਸੀ ਪਾਰਸ ਪ੍ਰਭਾਵੀ ਬਰਕਤ (ਕਲਾ) ਹੈ ਕਿ ਇਸ ਨੂੰ ਸੁਣਨ ਮਾਤਰ ਨਾਲ ਹੀ ਸਰੀਰ ਵਿਖੇ ਲਾਏ (ਕਾਦਰ ਦੀ ਕੁਦਰਤੀ ਸਾਜਨਾ ਦੁਆਰਾ ਰਚਨ ਰਚਾਏ) ਸਰਵਣ (ਕਨ) ਪਾਵਨ ਪਵਿੱਤਰ ਹੋ ਜਾਂਦੇ ਹਨ। ਵਾਸਤਵ ਵਿਚ ਮਾਨੁਖਾ ਦੇਹੀ ਦੀ ਸਰੀਰਕ ਜੜਤ ਵਿਚ ਜੜਾਏ ਸਰਵਣ ਮਾਨੁਖਾ ਦੇਹੀ ਸੰਯੁਕਤ ਸਾਜਣਹਾਰੇ ਸਿਰਜਣਹਾਰੁ ਹੁਕਮੀ ਪਾਦਸ਼ਾਹ ਦੇ ਹੁਕਮ ਅੰਦਰ ਸਜਾਏ ਪਠਾਏ ਹੀ ਏਸ ਮਨਤਵ ਲਈ ਗਏ ਹਨ ਕਿ ਇਹਨਾਂ ਦੁਆਰਾ ਕੇਵਲ ਸਚੇ ਸਾਹਿਬ ਅਕਾਲ ਪੁਰਖ ਵਾਹਿਗੁਰੂ ਦੀ ਸਤਿ ਬਾਣੀ ਵਾਲੇ ਸਚੇ ਨਾਮ ਨੂੰ ਹੀ ਸੁਣਿਆ ਜਾਵੇ ਅਤੇ ਏਸ ਸੱਚੀ ਅੰਮ੍ਰਿਤ ਬਾਣੀ ਵਾਲੇ ਅੰਮ੍ਰਿਤ ਨਾਮ ਨੂੰ ਇਹਨਾਂ ਸਰੀਰ ਲਾਏ ਸ੍ਰਵਣਾਂ ਦੁਆਰਾ ਸੁਣਨ ਦਾ ਪਾਰਸ ਪਰਮਾਰਥੀ ਅਮਰ ਫਲ ਕੀ ਹੁੰਦਾ ਹੈ ? ਸੁਣਨ ਹਾਰੇ ਦਾ ਮਨੁ, ਤਨੁ ਹਰਿਆ ਹੋ ਜਾਂਦਾ ਹੈ। ਇਸ ਅੰਮ੍ਰਿਤ ਕਥਾ ਵਾਲੇ ਨਾਮ (ਗੁਰਮੰਤ੍ਰ) ਨੂੰ ਭਾਵੇਂ ਸੁਣਿਆ ਤਾਂ ਕੰਨਾਂ ਦੁਆਰਾ ਹੀ ਜਾਂਦਾ ਹੈ, ਕਿਉਂਕਿ ਸਰੀਰ ਵਿਖੇ ਗੁਰਮੰਤ੍ਰ ਦਾ ਅੰਮ੍ਰਿਤ ਸੰਚਾਲੀ ਪ੍ਰਵੇਸ਼ ਪਹਿਲਾਂ ਕੰਨਾਂ ਦੁਆਰਾ ਹੀ ਹੁੰਦਾ ਹੈ, ਪ੍ਰੰਤੂ ਇਸ ਦੀ ਪਾਰਸ ਭੂਤੀ ਅੰਮ੍ਰਿਤ ਕਣੀ ਦਾ ਸੰਚੂਰ ਐਸਾ ਸੰਚੂਰਦਾ ਹੈ ਕਿ ਸਰੀਰ ਲਾਈ ਰਸਨਾ ਅੰਮ੍ਰਿਤ ਰਸ ਪ੍ਰਹਾਰ ਵਿਚ ਹੀ ਸਰਸ਼ਾਰ ਹੋ ਜਾਂਦੀ ਹੈ। ਰਸਨਾ ਤੋਂ ਅਜ਼ਖੁਦ ਹੀ ਆਪਣੇ ਆਪ ਅੰਮ੍ਰਿਤ ਦੇ

ਪ੍ਰਹਾਰੇ ਫੁੱਟਣ ਲਗ ਪੈਂਦੇ ਹਨ--

"ਰਸਨਾ ਰਸਿ ਸਮਾਣੀ" ਦੀ ਤੱਤ ਵਿਆਖਿਆ ਅੱਖਰਾਂ ਦੁਆਰਾ ਹੋ ਸਕਣੀ ਹੀ ਅਤੀ ਅਸੰਭਵ ਹੈ, ਪ੍ਰੰਤੂ ਏਹ ਗਲ ਤਾਂ ਇਸ ਗੁਰਵਾਕ ਤੋਂ ਸਾਫ ਸਪਸ਼ਟ ਹੋ ਗਈ ਕਿ ਪਹਿਲਾ ਸਰਵਣੀ ਪ੍ਰਵੇਸ਼ ਹੋਇਆ ਨਾਮ ਹੀ ਰਸਨਾ ਦੇ ਰਗੋ ਰੇਸ਼ੇ ਅੰਦਰ ਰਮਦਾ ਹੈ; ਜਿਉਂ ਜਿਉਂ ਰਮਦਾ ਹੈ ਤਿਉਂ ਤਿਉਂ ਰਹਸ ਰੀਸਾਲੂ ਤੇ ਰਸਨ ਰੀਸਾਲੂ ਜਾਪ ਜਪਾਲੂ ਰਸਨਾ ਰਸੀਅਣੀ ਹੋ ਹੋ ਅੰਮ੍ਰਿਤ ਨਾਮ ਨੂੰ ਜ਼ੋਰੋ ਜ਼ੋਰ ਚਵਦੀ ਹੈ ਅਤੇ ਚਵੀ ਜਾਂਦੀ ਹੈ। ਮਾਨੋ ਸ੍ਰਵਣਾਂ ਦੁਆਰਾ ਨਾਮ ਅਭਿਆਸੀ ਦੀ ਰਸਨਾ ਨੂੰ ਅੰਮ੍ਰਿਤ ਨਾਮ ਰਸਾਇਣੀ ਚਾਬੀ ਲਗ ਜਾਂਦੀ ਹੈ ਅਤੇ ਨਾਮ ਦਾ ਖੰਡਾ ਖਿਨ ਖਿਨ ਘਟ ਅੰਦਰ ਖੜਕਣ ਲਗ ਪੈਂਦਾ ਹੈ। ਏਹ ਆਤਮ ਅਲੱਖ ਵਿਡਾਣੀ ਖੇਡ ਸ੍ਰਵਣਾਂ ਤੋਂ ਆਰੰਭ ਹੋਕੇ ਅਤੇ ਰਸਨਾਂ ਉੱਤੇ ਚੜ੍ਹ ਕੇ ਰੋਮ ਰੋਮ ਅੰਦਰ ਜਾ ਸਮਾਉਂਦੀ ਹੈ।

ਇਸ ਦਸਵੀਂ ਪਉੜੀ ਦੀ ਤੀਜੀ ਪੰਗਤੀ ਦੇ ਅਰਥ ਟੀਕਾਕਾਰ ਜੀ ਨੇ ਉਲਟ ਪੁਲਟ ਕੀਤੇ ਹਨ, ਉਹ ਲਿਖਦੇ ਹਨ, 'ਸੁਣਨ ਨਾਲ ਓਹ ਮਾਨ ਮਿਲਦਾ ਹੈ ਜੋ ਪੰਡਤ ਲੋਕ ਬੜੇ ਪੜ੍ਹ ਪੜ੍ਹਕੇ ਲਭਣਾ ਲੋਚਦੇ ਹਨ।' ਏਹ ਬੜੇ ਹੀ ਵਿੰਗੇ ਟੇਢੇ ਅਰਥ ਹਨ ਜੋ ਅਖਰੀ ਅਰਥ ਚੋਂ ਧੂ ਘੜੀਸ ਅਤੇ ਖਿਚ ਪਾੜ ਕੇ ਕਢੇ ਗਏ ਹਨ, ਚੰਗੇ ਭਲੇ ਸਿਧ ਪਧਰੇ ਅਰਥ ਭਾਵ ਬਣਦੇ ਹਨ ਕਿ (ਨਾਮ ਨੂੰ) ਸੁਣਨ ਕਰਕੇ ਅਤੇ (ਨਾਮ ਨੂੰ) ਪੜ੍ਹ ਪੜ੍ਹ ਕੇ ਨਾਮ ਦੇ ਸੁਣਨ ਪੜ੍ਹਨ ਹਾਰੇ ਭਗਤਾਂ ਨੂੰ ਮਾਨ ਪਰਾਪਤ ਹੁੰਦਾ ਹੈ ਐਥੇ ਭੀ ਅਤੇ ਦਰਗਾਹੇ ਭੀ। ਏਹਨਾਂ ਸਪਸ਼ਟ ਅਰਥ ਭਾਵਾਂ ਤੋਂ ਸਾਫ ਜ਼ਾਹਰ ਹੈ ਕਿ ਏਥੇ ਭੀ ਓਸੇ ਨਾਮ ਵਲ ਇਸ਼ਾਰਾ ਹੈ ਜੋ ਸਤਿਗੁਰ ਦਾ ਦ੍ਰਿੜ੍ਹਾਇਆ ਨਾਮ ਸੁਣਨ ਪੜ੍ਹਨ ਵਿਚ ਆਉਂਦਾ ਹੈ; ਜਿਸ ਗੁਰਮਤਿ ਨਾਮ ਨੂੰ ਸੁਣ ਪੜ੍ਹ ਕੇ ਅਕਾਲ ਪੁਰਖ ਦੀ ਦਰਗਾਹ ਵਿਚ ਮਾਨ ਪਾਈਦਾ ਹੈ। ਖਿਆਲੀ ਮੈਡੀਟੇਸ਼ਨ ਦੁਆਰਾ ਖਿਆਲਿਆ ਨਾਮ ਕੇਹੜੇ ਖਿਆਲ ਵਿਚ ਅਨਮਾਨਿਆ ਜਾ ਸਕਦਾ ਹੈ, ਉਹ ਤਾਂ ਸਰਵਣਾਂ ਦੁਆਰਾ ਸੁਣਿਆ ਨਹੀਂ ਜਾ ਸਕਦਾ, ਨਾ ਹੀ ਰਸਨਾ ਦੁਆਰਾ ਜਪਿਆ ਵਖਾਣਿਆ ਜਾ ਸਕਦਾ ਹੈ ਅਤੇ ਨਾ ਹੀ ਮੁਖਾਰ ਬਿੰਦੋਂ ਬੈਖਰੀ ਬਾਣੀ ਦੁਆਰਾ ਪੜ੍ਹਿਆ ਜਾ ਸਕਦਾ ਹੈ। ਟੀਕਾਕਾਰ ਜੀ ਦੀ ਸਮਝ ਵਿਚ ਏਹ ਗਲ ਬੈਠੀ ਹੀ ਨਹੀਂ ਕਿ ਇਹਨਾਂ ਸਰੀਰ ਲਾਏ ਸ੍ਰਵਣਾਂ ਦੁਆਰਾ ਯਾ ਰਸਨਾ-ਮੁਖ ਦੁਆਰਾ ਨਾਮ ਸੁਣਿਆ ਪੜ੍ਹਿਆ ਭੀ ਜਾ ਸਕਦਾ ਹੈ, ਸਿਆਣਪ ਵਿਚ ਪੈ ਕੇ ਗੁਆਚਣ ਦੀ ਲੋੜ ਨਹੀਂ, ਦੇਖੋ ਨਾਮ ਦੇ ਪੜ੍ਹਨ ਸੁਣਨ ਦੀ ਏਹ ਗੁਰਵਾਕ ਕੈਸੀ ਸਪਸ਼ਟ ਸਾਖਾ ਭਰਦੇ ਹਨ :

ਨਾਮ ਦਾ ਪੜ੍ਹਨਾ ਬੁੱਝਣਾ

ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥
ਰਾਮਕਲੀ ਮ: ੧, ਪੰਨਾ ੯੩੭

ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥
ਗੁਰਿ ਪੂਰੈ ਪੂਰੀ ਮਤਿ ਹੈ ਪੂਰੇ ਸਬਦਿ ਬੀਚਾਰਾ ॥
ਮਾਰੂ ਮ: ੧, ਪੰਨਾ ੧੦੦੯

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ
ਹਰਿ ਭਉਜਲੁ ਪਾਰਿ ਉਤਾਰੀ ॥
ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ
ਇਵ ਭਣੁ ਹਰਿ ਨਾਮੁ ਮੁਰਾਰੀ ॥ ੧ ॥
ਮਨਿ ਜਪੀਐ ਹਰਿ ਜਗਦੀਸ ॥ ਮਿਲਿ ਸੰਗਤਿ ਸਾਧੂ ਮੀਤ ॥
ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ॥ਰਹਾਉ॥
ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ
ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ ॥
ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ
ਹਰਿ ਆਇ ਪਰਿਓ ਹੈ ਸਰਣਿ ਤੁਮਾਰੀ ॥ ੨ ॥
ਧਨਾਸਰੀ ਮ: ੪, ਪੰਨਾ ੬੬੯

ਇਸ ਗੁਰਵਾਕ ਅੰਦਰ ਸਾਫ ਨਿਖਰਵੇਂ ਤੌਰ ਤੇ ਨਾਮ ਨੂੰ ਪੜ੍ਹਨ, ਲਿਖਣ, ਜਪਣ ਦਾ ਮਹਿਮਾ ਮਹਾਤਮੀ ਹੁਕਮ ਹੈ, ਜੋ ਇਸ ਹੁਕਮ ਨੂੰ ਮੰਨੇਗਾ ਸੋ ਭਵਜਲੋਂ ਪਾਰ ਉਤਰ ਜਾਏਗਾ । ਫੇਰ ਸਪਸ਼ਟ ਤੌਰ ਤੇ ਨਾਮ ਨੂੰ ਮਨ ਕਰਕੇ ਬਚਣ ਬਾਣੀ ਕਰਕੇ ਅਤੇ ਹਿਰਦੇ ਬੇਧੀ ਸੁਆਸ ਅਭਿਆਸ ਕਰਕੇ ਧਿਆਵਨ ਅਰਾਧਨ ਵਾਲੇ ਗੁਰ ਫੁਰਮਾਨ ਦੀ ਮਹੱਤਤਾ ਮਹਾਨਤਾ ਦ੍ਰਿੜ੍ਹਾਈ ਗਈ ਹੈ, ਕੇਵਲ ਉਪਰ ਦੱਸੇ ਅਨਿਕ ਤ੍ਰੰਗੀ ਤਰੀਕਿਆਂ ਦੁਆਰਾ ਨਾਮ ਜਪੇ, ਭਜੇ, ਭਣੇ ਜਾਣ ਕਰ ਹੀ ਪ੍ਰੀਤਮ ਪ੍ਰਮਾਤਮਾ ਅਕਾਲ ਪੁਰਖ ਸੰਤੁਸ਼ਟ ਅਤੇ ਨਿਹਾਲ ਨਦਰਿਸ਼ਟ ਹੋ ਸਕਦਾ ਹੈ, ਗੁਰੂ ਕਰਤਾਰ ਦੀ ਨਦਰੀ ਨਦਰ ਨਿਹਾਲ ਦ੍ਰਿਸ਼ਟੀ ਨਾਲ ਉਪਰ ਲਿਖੇ ਹੁਕਮਾਂ ਦੀ ਤਾਮੀਲ ਹੋ ਸਕਦੀ ਹੈ, ਇਸ ਤਾਮੀਲ ਲਈ ਨਾਮ ਜਪਣ ਦਾ ਉਦਮ ਧਾਰਨਾ ਪ੍ਰਮ ਜ਼ਰੂਰੀ ਹੈ, ਖਿਆਲੀ ਖਿਆਲ ਜਮਾਈਆਂ ਅਤੇ ਕਨਸੈਂਟਰੇਸ਼ਨਾਂ (ਇਕਾਗਰਤਾਵਾਂ) ਗੁਰਮਤਿ ਆਸ਼ੇ ਆਦਰਸ਼ ਤੋਂ ਪ੍ਰਤਿਕੂਲ ਫੋਕਟ ਧਿਆਨ ਬਾਜ਼ੀਆਂ ਹੀ ਹਨ ।

ਸਿਰੀ ਜਪਜੀ ਸਾਹਿਬ ਦੀ ੧੧ਵੀਂ ("ਸੁਣਿਐ" ਦੀ ਛੇਕੜਲੀ) ਪਉੜੀ ਦੀ ਪਹਿਲੀ ਪੰਗਤੀ ਦਾ ਅਰਥ ਅਰਥਾਉਂਦੇ ਹੋਏ ਟੀਕਾਕਾਰ ਜੀ ਲਿਖਦੇ ਹਨ :

'ਨਾਮ ਨੂੰ ਸੁਣਨ ਵਾਲਾ ਪੁਰਸ਼ ਗੁਣਾਂ ਦੇ ਸਰਾਂ ਦੇ ਗਾਹਣ ਵਾਲਾ ਹੋ ਜਾਂਦਾ ਹੈ। ਅਰਥਾਤ ਓਹਦੇ ਵਿਚ ਸਭ ਗੁਣ ਆ ਨਿਵਾਸ ਕਰਦੇ ਹਨ', ਪਰ ਯਾਦ ਰੱਖੋ ਕਿ ਨਾਮ ਸੁਣਨ ਵਾਲੇ ਤੋਂ ਭਾਵ ਟੀਕਾਕਾਰ ਜੀ ਦਾ ਓਹੋ ਜੋਗਾ-ਭਿਆਸ ਦੁਆਰਾ ਤੁਰੀਆ ਪਦ ਵਿਚ ਪਹੁੰਚਕੇ ਕਿਸੇ ਅਜ਼-ਗੈਬੀ ਧੁਨੀ ਸੁਣਨ ਵਾਲੇ ਦਾ ਹੈ (ਜਿਸ ਧੁਨੀ ਨੂੰ ਓਹ ਨਾਮ ਕਰਕੇ ਕਿਆਸਦੇ ਹਨ), ਗੁਰਮਤਿ ਨਾਮ ਧੁਨੀ ਸੁਣਨ ਵਾਲੇ ਤੋਂ ਓਹਨਾਂ ਦਾ ਭਾਵ ਨਹੀਂ। ਓਹਨਾਂ ਦੇ ਭਾ ਦਾ ਗੁਰਮਤਿ ਨਾਮ ਦੇ ਸੁਣਨ ਵਾਲੇ ਵਿਚ ਸਭ ਗੁਣ ਆ ਕੇ ਨਿਵਾਸ ਨਹੀਂ ਕਰ ਸਕਦੇ, ਗੁਰਮਤਿ ਨਾਮ ਦੇ ਸੁਣਨ ਵਾਲਾ ਉਹਨਾਂ ਦੇ ਗੁਮਾਨ ਵਿਚ ਸਰਾ ਗੁਣਾਂ ਦੇ ਗਾਹਣ ਵਾਲਾ ਨਹੀਂ ਹੋ ਸਕਦਾ, ਕੇਵਲ ਆਪੋਂ ਸਿਖੇ ਯਾ ਐਉਂ ਕਹੋ ਕਿ ਆਪੋਂ ਖਿਆਲੇ ਜੋਗ ਬਲ ਨਾਲ ਯਾ ਆਨਮਤਾਂ ਤੋਂ ਸੁਣੇ ਸੁਣਾਏ ਕੰਨ 'ਚਿ ਪਾਏ ਜੋਗ ਦੁਆਰਾ ਉਹਨਾਂ ਦੀ ਅਖਉਤੀ ਤੁਰੀਆ ਤਰਪਣੀ ਵਿਚ ਪਹੁੰਚਕੇ ਫੇਰ ਓਥੇ ਜੋ ਨਾਮ ਸੁਣਾਈ ਦੇਂਦਾ ਹੈ, ਓਸ ਨਾਮ ਦੇ ਸੁਣਨ ਨਾਲ ਹੀ ਸਰਾ ਗੁਣਾਂ ਨੂੰ ਗਾਹ ਸਕੀਦਾ ਹੈ ਯਾ ਸਭ ਗੁਣਾਂ ਨੂੰ ਆਪਣੇ ਵਿਚ ਸਮਾ ਸਕੀਦਾ ਹੈ, ਐਵੇਂ ਨਹੀਂ। ਕੈਸੀ ਗੁਰਮਤਿ ਤੋਂ ਡਿੱਗੀ ਹੋਈ ਤੇ ਗੁਰਮਤਿ ਮਾਰਗ ਤੋਂ ਰਹਿ ਖੜੋਤੀ ਹੋਈ ਗਲ ਹੈ। ਗੁਰਮਤਿ ਤਾਂ ਨਿਰਣੇ ਅਤੇ ਨਿਸਚੇ ਕਰਾਉਂਦੀ ਹੈ ਕਿ ਗੁਰਬਾਣੀ ਵਿਚ ਨਿਰਣਾਏ ਗੁਰਮਤਿ ਗੁਣਾਂ ਦੇ ਵਖਾਨਣ ਅਤੇ ਗਾਵਣ ਨਾਲ ਨਾ ਕੇਵਲ ਸਭ ਗੁਣ ਹੀ ਉਹਨਾਂ ਗੁਣਾਂ ਦੇ ਵਖਾਨਣ ਯਾ ਗਾਵਨ ਹਾਰੇ ਦੇ ਹਿਰਦੇ ਅੰਦਰ ਵੱਸ ਜਾਂਦੇ ਹਨ, ਬਲਕਿ ਗੁਣਾਂ ਦੇ ਪੁੰਜ ਗੁਣੀ ਗੁਣਤਾਸ ਗੁਰੂ ਵਾਹਿਗੁਰੂ ਵਿਚ ਹੀ ਓਹਨਾਂ ਦੀ ਸਮਾਈ ਹੋ ਜਾਂਦੀ ਹੈ। ਗੁਰਵਾਕ :

ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ
ਗੁਣ ਕਹਿ ਗੁਣੀ ਸਮਾਵਣਿਆ ॥

ਮਾਝ ਮ: ੩, ਪੰਨਾ ੧੧੭

ਕਿਉਂ ਜੀ ! ਏਹ ਗੁਣ ਹੋਰ ਕੇਹੜੇ ਹੋਣਗੇ ਜਿਨ੍ਹਾਂ ਨੂੰ ਕਹਿਕੇ, (ਵਖਾਣਕੇ, ਗਾ ਕੇ) ਗੁਣੀ ਵਿਚ ਸਮਾਵਣਾ ਹੋਣਾ ਹੈ, ਗੁਰਮਤਿ ਗੁਣ; ਗੁਰਬਾਣੀ ਰੂਪੀ ਗੁਣ; ਸ੍ਰੀ ਗੁਰੂ ਸਾਹਿਬਾਨ ਦੇ ਧੁਰੋਂ ਲਿਆਕੇ ਪਰਗਟਾਏ ਗੁਣ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਿਦਤਾਏ ਗੁਣ ਯਾ ਆਨਮਤਾਂ ਦੀ ਸੁਣੀ ਸੁਣਾਈ ਤਰੀ ਤ੍ਰਿਕੁਟੀ ਵਿਚ ਤ੍ਰਿਭਧਾਏ ਗੁਣ ? ਹੋਰ ਗੁਰਵਾਕ ਲਵੋ :

ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ਗੁਰ ਕੈ ਸਬਦਿ ਨਾਮਿ ਸਵਾਰੇ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥

ਮਾਝ ਮ: ੩, ਪੰਨਾ ੧੨੨

 www.sikhbookclub.com

## (੪)

## ਗੁਰੂ ਘਰ ਦੀ ਭਾਉ ਭਗਤੀ

ਗੁਰੂ ਘਰ ਦੇ ਨਾਮ ਅਭਿਆਸੀ ਸਿਖ, ਸੰਤ, ਭਗਤ ਜਨ ਸੋ ਹਨ ਜੋ ਗੁਰੂ ਕਾ ਸ਼ਬਦ (ਗੁਰਮੰਤ੍ਰ) ਲੈ ਕੇ ਇਸੇ ਗੁਰਮੰਤ੍ਰ ਰੂਪੀ ਨਾਮ ਦੇ ਸਿਮਰਨ ਵਿਚ ਜੁਟ ਜਾਂਦੇ ਹਨ। ਐਸੇ ਨਾਮ ਸਿਮਰਨ ਨਾਲ ਸਵਾਰੇ ਸ਼ਿੰਗਾਰੇ ਨਾਮ ਕੰਠ ਉਰਧਾਰੜੇ ਗੁਰ ਭਗਤ ਜਨ ਹੀ ਸਚੀ ਸਤਿ ਸੰਗਤਿ ਰੂਪੀ ਸਚੇ ਗੁਰ ਦਰਬਾਰ ਵਿਚ ਗੁਣ ਗਾਉਂਦੇ ਸੋਹੰਦੇ ਹਨ, ਇਸ ਬਿਧ ਗੁਰ ਭਗਤੀ ਕਮਾਵੰਦੇ ਹੋਏ ਓਹ ਦਿਨ ਰਾਤੀ ਸਦਾ ਅਨੰਦ, ਮਗਨ ਰਹਿੰਦੇ ਹਨ। ਓੜਕ ਗੁਰ ਗੁੰਫਾਏ ਗੁਣ ਕਹਿੰਦੇ ਕਹਿੰਦੇ ਗੁਣੀ ਅਕਾਲ, ਗੋਬਿੰਦ, ਗੋਪਾਲ ਦੇ ਜੋਤੀ ਸਰੂਪ ਵਿਖੇ ਸਮਾ (ਲੀਨ ਹੋ) ਜਾਂਦੇ ਹਨ। ਪੁਨਾ :

> ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ
> ਇਵ ਹਰਿ ਹਰਿ ਨਾਮੁ ਧਿਆਈ ॥

ਧਨਾਸਰੀ ਮ: ੪, ਪੰਨਾ ੬੬੯

ਹਰੀ ਪਰਮਾਤਮਾ ਦੇ ਪਾਉਣ (ਲਹਿਣ) ਦਾ ਜੁਗਤਿ ਮਾਰਗ ਗੁਰ ਭਗਤਿ ਸੰਪੰਨ ਗੁਣ ਕਹਿ ਕਹਿ ਨਾਮ ਅਭਿਆਸ ਅੰਦਰ ਅਰੂੜ ਹੋਣਾ ਹੈ। ਗੁਰਮਤਿ ਅਨੁਸਾਰ ਗੁਣ ਕਹਿ ਕਹਿ ਅਤੇ ਗੁਣ ਗਾਇ ਗਾਇ ਹੀ ਗੁਣਾਂ ਦਾ ਰੂਪ ਹੋ ਜਾਈਦਾ ਹੈ ਅਤੇ ਗੁਣੀ ਵਿਚ ਸਮਾਈਦਾ ਹੈ। ਏਹਨਾਂ ਕਹੇ ਉਚਾਰੇ ਅਤੇ ਗਾਵੇ ਗੁਣਾਂ ਦੁਆਰਾ ਨਿਰਾ ਗੁਣੀ ਵਿਚ ਸਮਾਈਦਾ ਹੀ ਨਹੀਂ ਬਲਕਿ ਸਭ ਘਟਾਂ ਪਟਾਂ ਵਿਚ ਗੁਪਤ ਵਰਤ ਰਹੇ ਅਲੱਖ, ਪਾਰਬ੍ਰਹਮ ਪ੍ਰਮੇਸ਼ਰ ਨੂੰ ਪ੍ਰਗਟ ਪਹਾਰੇ ਲਖ ਲਈਦਾ ਹੈ। ਐਸੇ ਹਨ ਏਹ ਗੁਰਬਾਣੀ ਰੂਪੀ ਪਾਰਸ ਕਲਾ ਵਾਲੇ ਅੰਮ੍ਰਿਤ ਗੁਣ। ਏਹ ਅੰਮ੍ਰਿਤ ਪਾਰਸ ਭੂਤੀ ਗੁਣ ਭੀ ਸਤਿਗੁਰ ਦੁਆਰੇ ਧੁਰ ਗੁਪਤ ਅਗੰਮੋ ਪ੍ਰਗਟ ਹੋਏ ਹਨ। ਏਹ ਧੁਰ ਕੀ ਆਈ ਬਾਣੀ ਵਾਲੇ ਗੁਪਤੋਂ ਪ੍ਰਗਟ ਹੋਏ ਅਗੰਮੀ ਗੁਣ ਹੀ ਗੁਪਤ ਗੁਣੀ ਨੂੰ ਪ੍ਰਗਟ ਕਰਨ ਹਿਤ ਸਮਰੱਥ ਹਨ। ਪੂਰੇ ਗੁਰੂ ਵਰੋਸਾਏ ਗੁਰਮੁਖ ਜਨ ਹੀ ਏਹਨਾਂ ਧੁਰੋਂ ਆਏ ਅੰਮ੍ਰਿਤ ਗੁਣਾਂ ਦੀ ਕਮਾਈ ਕਰ ਕਰ, ਏਹਨਾਂ ਗੁਣਾਂ ਨੂੰ ਗੁਰਮਤਿ ਦਰਸਾਈਆਂ ਜੁਗਤਾਂ ਦੁਆਰਾ ਰਰ ਰਰ, ਗੁਣ ਕਮਾਈਆਂ ਦੇ ਤੁਫੈਲ ਗੁਪਤ ਗੁਣੀ ਨੂੰ ਗੁਪਤੋਂ ਪ੍ਰਗਟ ਕਰ ਸਕਦੇ ਹਨ, ਹੋਰ ਕੋਈ ਨਹੀਂ। ਗੁਰਵਾਕ :

> ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥
> ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥

ਰਾਮਕਲੀ ਕੀ ਵਾਰ ਮਹਲਾ ੩, ਪੰਨਾ ੯੫੫


www.sikhbookclub.com

ਸੋ ਗੁਰਮੁਖ ਜਨ ਨੂੰ ਐਸੀ ਹੀ ਵਿਸ਼ੇਸ਼ਤਾ ਪ੍ਰਾਪਤ ਹੈ। ਗੁਰੂ ਦੇ ਸਨਮੁਖ ਸਿਖ ਸੁਜਨ ਨੂੰ ਹੀ ਸਤਿਗੁਰੂ ਓਟ ਪ੍ਰਾਇਣ ਹੋਇਕੇ ਗੁਪਤ ਗੁਣੀ ਨੂੰ ਗੁਪਤੋਂ ਪ੍ਰਗਟ ਕਰਨ ਵਾਲੀ ਭਾਉ ਭਗਤੀ ਪ੍ਰਾਪਤ ਹੋ ਸਕਦੀ ਹੈ। ਨਿਗੁਰੇ ਆਦਮੀ ਬੇਮੁਖਾਂ ਅਤੇ ਅਨਮਤੀ ਮਨਮੁਖੀਆਂ ਨੂੰ ਏਹ ਬਿਧ ਪ੍ਰਾਪਤ ਨਹੀਂ ਹੋ ਸਕਦੀ। ਯਥਾ ਗੁਰਵਾਕ :

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥

ਸੂਹੀ ਮ: ੩, ਪੰਨਾ ੭੬੮

ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ* ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥

ਸੂਹੀ ਮ: ੩, ਪੰਨਾ ੭੬੯

ਤਥਾ :

ਸਚੀ ਭਗਤਿ ਸਤਿਗੁਰ ਤੇ** ਹੋਵੈ ਸਚੀ ਹਿਰਦੈ ਬਾਣੀ ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ॥
ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ॥
ਮਨ ਮੁਖਿ ਫਿਰਹਿ ਸਦਾ ਦੁਖੁ ਪਾਵਹਿ
ਡੂਬਿ ਮੁਏ ਵਿਣੁ ਪਾਣੀ ॥੧॥...॥੨॥
ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥
ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥
ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥
ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥
ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥
ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥
ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥

ਸੋਰਠਿ ਮ: ੩, ਪੰਨਾ ੬੦੨

ਇਸ ਗੁਰਵਾਕ ਨੇ ਸਾਫ ਚਾਨਣ ਕਰ ਦਿਤਾ ਹੈ ਕਿ ਸੱਚੀ ਭਗਤੀ

* 'ਸਚੁ' ਦਾ ਭਾਵ ਏਥੇ ਅਤੇ ਗੁਰਬਾਣੀ ਵਿਚੋਂ ਅਨੇਕ ਥਾਈਂ ਸਚੇ ਸਾਹਿਬ ਅਕਾਲ ਪੁਰਖ ਤੋਂ ਹੈ।
** ਤੇ=ਦੁਆਰਾ

ਸਤਿਗੁਰ ਪ੍ਰਾਇਣ ਹੋਇਆਂ ਹੀ ਹੋ ਸਕਦੀ ਹੈ ਅਤੇ ਸੱਚੀ ਭਗਤੀ ਵਾਲਿਆਂ ਦੀ ਏਹੋ ਸੱਚੀ ਨਿਸ਼ਾਨੀ ਹੈ ਕਿ ਉਹਨਾਂ ਦੇ ਮਨ, ਤਨ, ਮੁਖ, ਹੀਅਰੇ ਅੰਦਰ (ਸਚੇ ਸਤਿਗੁਰੂ ਦੁਆਰਾ ਧੁਰੋਂ ਆਈ) ਗੁਰਮੰਤ੍ਰ ਗੁਰਬਾਣੀ ਦਾ ਭਜਨ ਅਭਿਆਸੀ ਨਿਵਾਸ ਹੁੰਦਾ ਹੈ ਅਤੇ ਜਿਸ ਗੁਰਮੁਖਿ ਗੁਰਸਿਖ ਦੇ ਅੰਤਰ ਇਸ ਭਜਨ ਅਭਿਆਸੀ ਸੱਚੀ ਬਾਣੀ ਦਾ ਨਿਵਾਸ ਹੁੰਦਾ ਹੈ, ਉਹ ਸਤਿਗੁਰ ਦਾ ਸੱਚਾ ਸੇਵਕ ਹੈ। ਓਹੀ ਸਤਿਗੁਰੂ ਦੇ ਦ੍ਰਿੜ੍ਹਾਏ ਸੱਚੇ ਸ਼ਬਦ ਗੁਰਮੰਤ੍ਰ ਦੀ ਅਭਿਆਸ ਕਮਾਈ ਰੂਪੀ ਸੇਵਾ ਕਰਦਾ ਹੈ :

"ਗੁਰ ਕੀ ਸੇਵਾ ਗੁਰ ਭਗਤਿ ਹੈ"*

ਦੇ ਗੁਰਵਾਕ ਅਨੁਸਾਰ ਇਸ ਸ਼ਬਦ ਗੁਰਮੰਤ੍ਰ ਦੀ ਕਮਾਈ ਦੀ ਪ੍ਰਾਰਸ ਕਲਾ ਦੇ ਤਫੈਲ ਉਸ ਦੀ ਹਉਮੈ ਦਾ ਬਿਨਾਸ ਹੋ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਕਰਦਿਆਂ ਉਸ ਦੀ ਹਉਮੈ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ, ਸੱਚ ਮੁੱਚ ਉਸ ਦੀ ਹਉਮੈ ਸ਼ਬਦ (ਗੁਰਮੰਤ੍ਰ) ਵਿਖੇ ਹੀ ਸਮਾ ਜਾਂਦੀ ਹੈ। ਇਤ ਬਿਧਿ ਕੀਤੀ ਭਗਤਿ ਕਮਾਈ ਦੁਆਰਾ ਉਸ ਨੂੰ ਸਦੀਵ ਕਾਲੀ ਸੁਖ ਪ੍ਰਾਪਤ ਹੋ ਜਾਂਦਾ ਹੈ। ਪ੍ਰੰਤੂ ਏਹ ਭਗਤਿ ਕਮਾਈ ਸਚੇ ਗੁਰੂ ਦੇ ਪ੍ਰਸਾਦ ਪ੍ਰਾਇਣੀ ਆਸਰੇ ਤੋਂ ਬਿਹੂਣ ਨਹੀਂ ਬਣ ਆਉਂਦੀ। ਜਿਨ੍ਹਾਂ ਵਡਭਾਗੇ ਜਗਿਆਸੂ ਜਨਾਂ ਨੇ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਸਤਿਗੁਰੂ ਨੂੰ ਧਾਰਨ ਕੀਤਾ ਹੈ, ਅਤੇ ਜੋ ਗੁਰਸਿਖ ਇਸ ਬਿਧਿ ਸਤਿਗੁਰੂ ਨੂੰ ਧਾਰਨ ਕਰਕੇ (ਸਗੁਰੇ ਹੋ ਕੇ) ਸਦੀਵ ਸਤਿਗੁਰੂ ਦੀ ਆਗਿਆ ਦੇ ਪ੍ਰਾਇਣ ਹੀ ਹੋਇ ਰਹੇ ਹਨ, ਤਿਨ੍ਹਾਂ ਨੂੰ ਹੀ ਇਹ ਬਿਧ ਪ੍ਰਾਪਤ ਹੋਈ ਹੈ, ਭਗਤਿ ਕਮਾਈ ਦੀ।

ਗੁਰੂ ਸਤਿਗੁਰੂ ਤੋਂ ਬੇਮੁਖ ਅਗਿਆਤ ਅਤੇ ਨਿਗੁਰੀ ਹੋਰ ਲੁਕਾਈ ਭੁਲੀ ਹੀ ਫਿਰਦੀ ਹੈ। ਗੁਰ ਮਾਰਗ; ਗੁਰ ਦੀਖਿਆ; ਗੁਰਮਤਿ ਮਤਿ ਤੋਂ ਭੁਲੀ ਭਟਕੀ ਹੋਈ ਲੁਕਾਈ ਭਾਵੇਂ ਆਪਣੀਆਂ ਅਤੇ ਅਨਮਤਾਂ ਤੋਂ ਸਹੇੜੀਆਂ ਅਨੇਕ ਸਹਸ ਸਹੰਸਰ ਸਿਆਣਪਾਂ ਕਰਕੇ ਕਿਤਨੀ ਹੀ ਸਿਆਣੀ ਬਣੀ ਫਿਰਦੀ ਹੈ ਪਰ ਉਹ ਭਰਮ ਭੁਲੀ ਹੋਈ ਇਆਣੀ ਦੀ ਇਆਣੀ ਹੀ ਹੈ। ਗੁਰੂ ਅਤੇ ਗੁਰੂ ਦੀ ਦੀਖਿਆ ਗੁਰਮਤਿ ਤੋਂ ਘੁਥੇ ਅਗਿਆਤ ਮਨ ਮੁਖੀ ਗੁਰਮਤਿ ਤਤ ਗਿਆਨ ਤੋਂ ਫੋਕੇ ਅਤੇ ਵਿਰਵੇ ਖਾਲਮ ਖਾਲੀ ਹੀ ਫਿਰਦੇ ਹਨ, ਉਹ ਚਿਲਲਾਉਣਗੇ ਅਤੇ ਸਦਾ ਦੁਖ ਹੀ ਦੁਖ ਭੋਗਣਗੇ, ਕਿਉਂਕਿ ਗੁਰਵਾਕ ਹੈ :

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥

ਗਉੜੀ ਚੇਤੀ ਮ: ੫, ਪੰਨਾ ੨੧੦

---

* ਸਿਰੀ ਰਾਗੁ ਮ: ੩, ਪੰਨਾ ੬੬

 www.sikhbookclub.com

ਹਰਿ ਕੀ ਭਗਤਿ ਬਿਨਾ ਮਰਿ ਮਰਿ ਰੂੰਨਿਆ ॥

ਆਸਾ ਮ: ੫, ਪੰਨਾ ੩੯੮

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਗਉੜੀ ਸੁਖਮਨੀ ਮ: ੫, ਪੰਨਾ ੨੮੮

ਭਗਤਿ ਬਿਹੂਨਾ ਜਗੁ ਬਉਰਾਨਾ ॥

ਰਾਮਕਲੀ ਮ: ੧, ਪੰਨਾ ੯੩੧

ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥
ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥

ਸਿਰੀ ਰਾਗੁ ਮ: ੧, ਪੰਨਾ ੫੭

ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥

ਸੂਹੀ ਮ: ੩, ਪੰਨਾ ੭੬੮

ਕਹੁ ਨਾਨਕ ਭਗਤਿ ਪ੍ਰਭ ਸਾਰੁ ॥
ਬਿਨੁ ਭਗਤੀ ਸਭ ਹੋਇ ਖੁਆਰੁ ॥

ਗੋਂਡ ਮ: ੫, ਪੰਨਾ ੮੬੫

ਲਖ ਚਉਰਾਸੀਹ ਆਪਿ ਉਪਾਇ ॥
ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥
ਬਿਨੁ ਭਗਤੀ ਬਿਸਟਾ ਵਿਚਿ ਵਾਸਾ
ਬਿਸਟਾ ਵਿਚਿ ਫਿਰਿ ਪਾਇਦਾ ॥ ੧੧ ॥

ਮਾਰੂ ਮ: ੩, ਪੰਨਾ ੧੦੬੧

ਏਕਾ ਭਗਤਿ ਏਕੋ ਹੈ ਭਾਉ ॥
ਬਿਨੁ ਭੈ ਭਗਤੀ ਆਵਉ ਜਾਉ ॥

ਬਸੰਤੁ ਮ: ੧, ਪੰਨਾ ੧੧੮੮

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ
ਬਿਖਿਆ ਰਾਤਾ ਸੁਆਨ ਜੈਸੇ ॥

ਬਿਲਾਵਲੁ ਮ: ੫, ਪੰਨਾ ੮੨੯

ਬਿਨੁ ਭੈ ਭਗਤੀ ਜਨਮੁ ਬਿਰੰਥ ॥
ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥

ਆਸਾ ਮ: ੧, ਪੰਨਾ ੪੧੩

ਨਾਮੁ ਵਿਸਾਰਿ ਮਾਇਆ ਮਦੁ ਪੀਆ ॥
ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥

ਬਿਲਾਵਲੁ ਮ: ੧, ਪੰਨਾ ੮੩੨

ਬਿਨੁ ਗੁਰ ਭਗਤਿ ਨ ਭਾਉ ਹੋਇ ॥

ਬਸੰਤ ਮ: ੧, ਪੰਨਾ ੧੧੭੦

ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥
ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥

ਸਿਰੀ ਰਾਗੁ ਮ: ੩, ਪੰਨਾ ੩੧

ਜਿਸ ਨਾਮ ਨੂੰ ਸਮਗਰ ਗੁਰਬਾਣੀ ਦੀ ਤੁਕੋ ਤੁਕ ਨਿਖ਼ਰਵੇਂ ਨਿਰਣੇ ਸਹਿਤ ਦ੍ਰਿੜ੍ਹਾਉਂਦੀ ਹੈ ਉਸ ਨਾਮ ਨੂੰ ਵਿਚਾਰ ਸ਼ੀਲ ਟੀਕਾਕਾਰ ਜੀ ਬਾਹਰੋਂ ਹੀ ਢੂੰਡਣ ਖੋਜਣ ਵਿਚ ਖਲਤ ਮਲਤ ਹੋ ਗਏ, ਗੁਰਮਤਿ ਦਰਸਾਏ ਨਾਮ ਜਾਪ ਦੇ ਥਾਉਂ ਨਾਮ ਦਾ ਮਨ ਮੰਨਿਆਂ ਖਿਆਲ ਹੀ ਉਹਨਾਂ ਨੂੰ ਭਾਇਆ। ਜੋ ਰਤਨ ਪਦਾਰਥ ਨਾਮ ਗੁਰਬਾਣੀ ਰੂਪੀ ਗੁਰ ਗੁੰਫਾਏ ਗੁਣਾਂ ਵਿਚ ਗੁੰਦ ਗੁੰਦ ਕੇ ਸਤਿਗੁਰ ਗੁਰੂ ਗ੍ਰੰਥ ਸਾਹਿਬ ਜੀ ਨੇ ਫੇਰ ਨਿਰਾਲਾ ਕਾਢ ਤਲੀ ਦਿਖਲਾ ਦਿਤਾ ਹੈ, ਉਸ ਦਾ ਲਾਹਾ ਲਾਭ ਪ੍ਰਥਾਇ ਢੂੰਡਣ ਖੋਜਣ ਲਈ ਕਿਉਂ ਗੁਮਰਾਹ ਹੁੰਦੇ ਅਤੇ ਹੋਰਨਾਂ ਨੂੰ ਗੁਮਰਾਹ ਕਰ ਰਹੇ ਹਨ, ਦੇਖੋ ਇਹ ਗੁਰਵਾਕ ਕੀ ਸਾਖਾ ਭਰਦਾ ਹੈ :

ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥
ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥
ਵਖਰੁ ਨਾਮੁ ਸਦਾ ਲਾਭੁ ਹੈ ਜਿਸਨੋ ਏਤੁ ਵਾਪਾਰਿ ਲਾਇ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਇ ॥੧॥

ਵਡਹੰਸ ਮਹਲਾ ੩, ਪੰਨਾ ੫੬੯

ਇਸ ਗੁਰਵਾਕ ਅੰਦਰ ਸਿਖਾਂ ਪ੍ਰਤੀ ਉਪਦੇਸ਼ ਮਈ ਇਹ ਹੁਕਮ ਹੈ ਕਿ ਉਸ ਨਾਮ ਰੂਪੀ ਰਤਨ ਪਦਾਰਥ ਨੂੰ 'ਵਣਜੀਅਹਿ' ਵਣਜਣਾ ਵਿਹਾਜਣਾ ਚਾਹੀਦਾ ਹੈ, ਜਿਸ ਨੂੰ ਸਤਿਗੁਰੂ ਨੇ ਸਚਖੰਡ ਤੋਂ ਲਿਆ ਕੇ ਸਿਖ ਪਰਤੀ ਬੁਝਾਇ ਦਿਤਾ ਹੈ, ਇਸ ਨਵਨਿਧ ਨਾਮ ਨੂੰ ਵਣਜਣ ਦੇ ਆਹਰ ਵਿਚ ਲੱਗਣ ਲਈ ਗੁਰਸਿਖਾਂ ਨੂੰ ਗੁਣੀ ਅਕਾਲ ਪੁਰਖ ਦੇ ਗੁਣ ਵਿਥਾਰਨ ਦੀਆਂ ਅਤੁਟ ਕਮਾਈਆਂ ਦੇ ਲਾਹੇ ਲੈਣੇ ਅਵੱਸ਼ ਲਾਜ਼ਮੀ ਹਨ, ਪ੍ਰੰਤੂ ਗੁਣਾਂ ਵਿਚ ਗੁਣੀ ਸਮਾਇਆ ਪਰਤੱਖ ਉਹਨਾਂ ਨੂੰ ਹੀ ਨਜ਼ਰ ਆਉਂਦਾ ਹੈ, ਜਿਨ੍ਹਾਂ ਨੂੰ ਆਪ

ਸਤਿਗੁਰੂ ਗੁਰਦੇਵ ਦੇ ਰਾਹੀਂ ਬੁਝਾਇ ਦੇਵੈ ਅਤੇ ਜਿਸ ਨੇ ਇਹ ਪਰਮ ਪ੍ਰਮਾਰਥੀ ਬੁਝਣਾ ਬੁੱਝ ਲਈ ਹੈ, ਉਸੇ ਨੂੰ ਏਹ ਗਲ ਨਿਸਚਿਤ ਹੋਈ ਹੈ ਕਿ ਇਸ ਸੰਸਾਰ ਵਿਚ ਸੱਚਾ ਲਾਹਾ (ਮਾਨੁੱਖਾ ਦੇਹ ਧਾਰਨ ਦਾ) ਹਰਿ ਭਗਤੀ ਹੀ ਹੈ। ਨਾਮ ਭਗਤੀ ਤੋਂ ਵੰਜੜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਦਤ ਕਰਾਉਂਦੇ ਹਨ ਕਿ ਇਸ ਗੁਰੁ ਦ੍ਰਿੜ੍ਹਾਏ ਗੁਰਮਤਿ ਮਾਰਗੀ ਭਗਤੀ ਬਿਨਾਂ ਸਚੇ ਸੁਖ ਦੀ, ਵਾਸਤਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਬਸ ! ਹੁੰਦੀ ਹੈ ਤਾਂ ਕੇਵਲ ਗੁਰਮਤਿ ਨਾਮ ਆਧਾਰਨੀ ਭਗਤੀ ਦੁਆਰਾ ਹੁੰਦੀ ਹੈ। ਜੋ ਇਸ ਭਗਤੀ, ਗੁਰੂ ਘਰ ਵਾਲੀ ਭਗਤੀ ਨੂੰ ਛੱਡ ਕੇ ਦੂਜੇ ਭਾਵ ਦੀ ਭਗਤੀ ਵਿਖੇ ਪ੍ਰਵਿਰਤ ਹੁੰਦੇ ਹਨ, ਓਹਨਾਂ ਨੇ ਐਸਾ ਕਰਕੇ ਸਚ ਸਮਝੋ ਕਿ ਆਪਣੀ ਪਤਿ ਪ੍ਰਤੀਤ ਖੋ ਲਈ ਹੈ। ਹੋਰ ਦੂਜੇ ਭਾਵ ਦੀਆਂ ਆਨਮਤਿ ਵਿਸਥਾਰਤ ਮਨ ਮੁਖਾਈ ਭਗਤੀਆਂ, ਜੋਗ ਜੁਗਤੀਆਂ ਕਿਸੇ ਲੇਖੇ ਨਹੀਂ ਅਤੇ ਉਹਨਾਂ ਦੇ ਕਰਨ ਦਾ ਕੋਈ ਲਾਭ ਲਾਹਾ ਨਹੀਂ। ਲਾਭ ਲਾਹਾ ਹੈ ਤਾਂ ਗੁਰਮਤਿ ਆਦਰਸ਼ਨੀ ਭਗਤੀ ਵਿਚ ਹੈ। ਗੁਰਮਤਿ ਭਗਤ ਕਮਾਈ ਵਾਲਾ ਵਿਹਾਜਿਆ ਵਖਰ ਨਾਮ ਇਕ ਐਸਾ ਲਾਭ ਲਾਹਾ ਹੈ ਕਿ ਜਿਸ ਵਿਚ ਸਦਾ ਵਾਧਾ ਹੀ ਵਾਧਾ ਹੈ, ਕਦੇ ਤੋਟਾ ਨਹੀਂ, ਪਰ ਜਿਸ ਨੂੰ ਆਪਿ ਗੁਰੂ ਕਰਤਾਰ ਇਸ ਵਣਜ ਵਾਪਾਰ ਵਿਚ ਲਾ ਦੇਵੇ। ਬਸ ! ਓਸੇ ਨੂੰ ਲਾਹਾ ਸਦਾ ਲਾਭ ਵਾਲਾ ਹੈ। ਹਾਂ ! ਏਹ ਨਾਮ ਰੂਪੀ ਰਤਨ ਪਦਾਰਥ ਤਦ ਹੀ ਵਣਜੀਦਾ ਹੈ, ਜਾਂ ਆਪ ਸਤਿਗੁਰੂ ਬੁਝਾਇ ਦੇਵੇ।

ਇਸ ਨਾਮ ਰੂਪੀ ਰਤਨ ਨੂੰ ਲਖਾਉਣਹਾਰੇ ਗੁਣੀ ਦੇ ਗੁਣ ਹਨ, ਪ੍ਰੰਤੂ ਗੁਣੀ ਦੇ ਏਹ ਗੁਣ ਗੁਪਤ ਅਗੰਮੋ ਪ੍ਰਗਟ ਕਰਣਹਾਰਾ ਕੇਵਲ ਗੁਰੂ ਹੈ। ਇਸ ਪ੍ਰਥਾਇ ਏਹ ਗੁਰਵਾਕ ਆਉਂਦਾ ਹੈ :

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥

ਸਿਰੀ ਰਾਗੁ ਮ: ੩, ਪੰਨਾ ੬੭

ਅਕਾਲ ਪੁਰਖ ਦੇ ਅਕਾਲੀ ਗੁਣਾਂ ਰੂਪੀ ਗੁਰਬਾਣੀ ਅਲੱਖ, ਗੁਪਤ, ਅਗੰਮ ਤੋਂ ਜਦ ਪਰਗਟ ਪਾਹਾਰੇ ਜਾਪੀ ਤਾਂ ਕੇਵਲ ਸਤਿਗੁਰੂ ਦੁਆਰਾ ਹੀ ਜਾਪੀ। ਸਤਿਗੁਰੂ ਬਾਝੋਂ ਇਹ ਅਕਾਲੀ ਗੁਣ ਪ੍ਰਗਟ ਪਾਹਾਰੇ ਕਦੇ ਨਹੀਂ ਜਾਪ ਸਕਦੇ,ਕਦੇ ਭੀ ਗੁਪਤੋਂ ਪ੍ਰਗਟ ਨਹੀਂ ਹੋ ਸਕਦੇ ਅਤੇ ਏਹਨਾਂ ਗੁਪਤੋਂ ਪ੍ਰਗਟ ਹੋਏ ਗੁਣਾਂ ਬਿਹੂਣ ਭਗਤੀ ਕਿਸੇ ਤੋਂ ਭੀ ਨਹੀਂ ਹੋ ਸਕਦੀ। ਭਗਤ ਵਛਲ ਵਾਹਿਗੁਰੂ ਅਕਾਲ ਪੁਰਖ ਭਗਤੀ ਦੁਆਰਾ ਹੀ ਵਸਿ ਆਉਂਦਾ ਹੈ। ਬਸ ਜਦੋਂ ਇਸ ਭਗਤੀ ਦੁਆਰਾ ਭਗਤ ਵਛਲ ਸਾਹਿਬ ਜੋਤਿ ਜਗਨੀਸ਼ਨੀ ਰਸ ਰਵਨੀਸ਼ਨੀ

ਪ੍ਰਕਾਸ਼ ਦੇ ਪਸਰਾਉ ਵਿਚ ਘਟ ਅੰਤਰਿ ਵਸ ਗਿਆ ਬਸ ਤਦ ਨਿਸਚੇ ਕਰ ਜਾਣ ਲਵੋ ਕਿ ਇਹ ਤਿਸ ਪ੍ਰੀਤਮ ਪ੍ਰਭੂ ਜੀ ਦਾ ਸਹਿਜ ਮਿਲਾਵਾ ਹੈ।

**ਸਹਿਜ ਮਿਲਾਵਾ** ਏਸ ਮੇਲ ਮਿਲਾਵੇ ਵਾਲੇ ਘਟੰਤਰੀ ਤੇ ਸਹਿਜ ਬਵਸਥਨੀ ਮਿਲਾਪ ਦੀ ਦਸ਼ਾ ਵਿਚ ਭੀ ਜੋ ਸਨਮੁਖ ਸਾਕਸ਼ਾਤਕਾਰੀ ਸਰੂਪ ਦਰਸ਼ਨ ਪੇਖ ਪੇਖ ਅਤੇ ਬਿਸਮ ਹੋਇ ਹੋਇ ਫੇਰ ਭੀ ਵਾਹੁ ਵਾਹੁ ਰਵੀ ਜਾਂਦੇ ਹਨ ਅਤੇ ਬਿਸਮਾਦ ਰੰਗਾਂ ਵਿਚ ਰੰਗੀਜ ਕੇ ਸੱਚੀ ਗੁਰ ਸ਼ਬਦ ਵਿਗਾਸਨੀ ਸਿਫਤਿ ਸਾਲਾਹ ਕਰੀ ਜਾਂਦੇ ਹਨ, ਓਹੀ ਪੁਰਖ ਪੂਰਨ ਵਡਭਾਗੇ ਅਤੇ ਪੁੱਗ ਖਲੋਦੇ ਹੋਏ ਗੁਰਮੁਖਿ ਸੰਤ ਹਨ। ਸੱਚੀ ਸਿਫਤਿ ਸਲਾਹ ਕਰਦੇ ਹੀ ਓਹੀ ਹਨ। ਸੱਚੀ ਸਿਫਤਿ ਸਾਲਾਹ ਦਾ ਸੱਚਾ ਸੁਆਦ ਤਿਨ੍ਹਾਂ ਗੁਰਮੁਖ ਭਗਤ ਜਨਾਂ ਨੂੰ ਆਉਂਦਾ ਹੈ ਜੋ ਸਾਮਰਤੱਖ ਦਰਸ਼ਨ ਸਾਹਮਣੇ ਦੇਖ ਕੇ ਸੁੰਦਰ ਸੁਆਮੀ ਸਾਹਿਬ ਵਾਹਿਗੁਰੂ ਦੇ 'ਰੂਪ ਅਪਾਰਾ' ਨੂੰ ਸਲਾਹ ਕੇ ਨਹੀਂ ਰੱਜਦੇ। ਜਿਉਂ ਜਿਉਂ ਸੁੰਦਰ ਦਰਸ਼ਨ ਰੂਪ ਅਪਾਰ ਨੂੰ ਸਨਮੁਖ ਪੇਖ ਬਿਸਮਾਦ ਹੁੰਦੇ ਹਨ, ਤਿਉਂ ਤਿਉਂ ਆਮੁਹਾਰੀ ਵਾਹਿ ਬਿਸਮਾਦ ਧੁੰਨੀ ਵਾਲੀ ਸਿਫਤਿ ਸਾਲਾਹ ਸਨਮੁਖ ਦਿਦਾਰੀਏ (ਦਰਸ਼ਨ ਕਰਨ ਹਾਰੇ) ਭਗਤ ਜਨਾਂ ਦੀ ਜੋਤਿ ਕ੍ਰਿਣਰਵੀ ਦਿੱਬਯ-ਆਨੰਦ ਲਤੀਫ਼ੀ ਰੋਮਾਲਵੀ ਵਿਚੋਂ ਨਿਕਲਦੀ ਹੈ।

'ਸੁਣਿਐ' ਦੀ ਛੇਕੜਲੀ ਪਉੜੀ ਦੀ ਤੀਜੀ ਪੰਗਤੀ "ਸੁਣਿਐ ਅੰਧੇ ਪਾਵਹਿ ਰਾਹੁ" ਦਾ ਅਰਥ ਕਰਦੇ ਹੋਏ ਟੀਕਾਕਾਰ ਜੀ ਏਹ ਤਾਂ ਲਿਖਦੇ ਹਨ ਕਿ ਨਾਮ ਦੇ ਸੁਣਨ ਨਾਲ ਆਤਮਕ ਨੇਤ੍ਰ ਹੀਣ ਪੁਰਸ਼ਾਂ ਨੂੰ ਅਸਲੀ ਰਾਹ ਦਿਸਦਾ ਹੈ, ਪਰ ਏਹ ਨਹੀਂ ਦਸਦੇ ਕਿ ਅਸਲੀ ਰਾਹ ਦਿਖਾਉਣ ਵਾਲੇ ਆਤਮਕ ਨੇਤ੍ਰ ਕੇਹੜੇ ਨਾਮ ਦੇ ਸੁਣਿਆਂ ਖੁਲ੍ਹਦੇ ਹਨ। ਭਾਵੇਂ ਏਥੇ ਇਸ ਘੁੰਡੀ ਨੂੰ ਸਪਸ਼ਟ ਤਾਂ ਨਹੀਂ ਕਰਦੇ, ਪਰ ਉਹਨਾਂ ਦਾ ਭਾਵ ਮੁਢਲੀ ਮੁਖ-ਬੰਦਨੀ ਨਾਮ ਵਿਆਖਿਆ ਨੂੰ ਵਿਚਾਰ ਕੇ ਏਹੀ ਸਪਸ਼ਟ ਹੁੰਦਾ ਹੈ ਕਿ ਉਹਨਾਂ ਦੀ ਮੁਰਾਦ ਇਸ ਨਾਮ ਤੋਂ ਗੁਪਤ ਨਾਮ ਨਹੀਂ, ਜੋ ਸਤਿਗੁਰਾਂ ਨੇ ਗੁਰਸਿਖਾਂ ਪ੍ਰਤੀ ਦ੍ਰਿੜਾਇਆ ਹੈ, ਬਲਕਿ ਓਹੋ ਨਾਮ ਹੈ, ਜੋ ਨਿਜ ਸਰੋਤੋਂ ਮੈਡੀਟੇਸ਼ਨ ਅਥਵਾ ਸੁਣੇ ਸੁਣਾਏ ਜੋਗ ਦੀ ਸਾਧਨਾ ਦੁਆਰਾ ਉਹਨਾਂ ਦੀ ਨਿਜ ਖੋਜ ਤੋਂ ਦਸਮ ਦੁਆਰ ਵਿਖੇ ਜਾ ਕੇ ਸੁਣਾਈ ਦਿੰਦਾ ਹੈ। ਜਿਸ ਦੀ ਬਾਬਤ ਉਹ ਲਿਖਦੇ ਹਨ ਕਿ ਹਰ ਕੋਈ (ਸਿਖ ਅਸਿਖ) ਇਸ ਗੱਲ ਦਾ ਪਰਤਾਵਾ ਕਰਕੇ ਵੇਖ ਸਕਦਾ ਹੈ, ਜਿਸ ਨੂੰ ਉਹ ਆਮ ਵੀਚਾਰ ਭੀ ਆਖਦੇ ਹਨ। ਜੋ ਆਮ ਵੀਚਾਰ ਦੁਆਰਾ ਜਣਾ ਕਣਾ ਸਿੱਖ ਅਸਿੱਖ ਭੀ ਮਨ-ਮਰਜ਼ੀ ਦੀ ਮੈਡੀਟੇਸ਼ਨੀ ਖੋਜ ਦੁਆਰਾ ਨਾਮ ਸੁਣ ਸਕਦਾ ਹੈ ਅਤੇ ਇਸ ਨੂੰ ਸੁਣ ਕੇ ਆਤਮ ਨੇਤ੍ਰਾਂ ਹੀਣ ਆਦਮੀਆਂ ਨੂੰ ਅਸਲੀ ਰਾਹ ਲੱਭ ਜਾਂਦਾ ਹੈ ਤਾਂ ਗੁਰਮਤਿ ਮਾਰਗ ਦੇ ਧਾਰਨ

ਦੀ ਲੋੜ ਤਾਂ ਕਿਸੇ ਨੂੰ ਨਾ ਰਹੀ ? ਨਾ ਹੀ ਗੁਰੂ ਨਾਨਕ ਦਸੇ ਪਾਦਸ਼ਾਹੀਆਂ ਦੇ ਸਾਕਸ਼ਾਤ ਸਰੂਪ ਸਿਰੀ ਗੁਰੂ ਗ੍ਰੰਥ ਸਾਹਿਬ ਦੀ ਦੀਖਿਆ (ਸਿਖਿਆ) ਗ੍ਰਹਿਣ ਕਰਨ ਦੀ ਕਿਸੇ ਨੂੰ ਲੋੜ ਹੈ। ਗੁਰਮਤਿ ਵਿਲੱਖਣਤਾ ਤਾਂ ਕੀ ਰਹਿਣੀ ਸੀ ? ਗੁਰਮਤਿ ਮਹੱਤਤਾ ਦੀ ਸਾਧਾਰਨਤਾ ਭੀ ਮਫਹੂਮ ਨਹੀਂ ਰਹਿੰਦੀ। ਮਾਨੋ ਅਸਲੀ ਰਾਹ ਲੱਭਣ ਲਈ ਸਿਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸੁਣਨ ਦੀ ਲੋੜ ਹੀ ਨਹੀਂ। ਜੇ ਆਤਮ ਨੇਤ੍ਰ ਨਾਮ ਸੁਣੇ ਬਿਨਾਂ ਹੀ ਖੁਲ੍ਹ ਪੈਣ ਤਾਂ ਗੁਰੂ ਘਰ ਦੀ ਨਾਮ ਦਾਤ ਵਾਲੀ ਦੀਖਿਆ ਕੋਈ ਕਿਉਂ ਲਵੇ ਸੁਣੇਗਾ ?

"ਊਹਾਂ ਤਉ ਜਾਈਐ ਜਉ ਈਹਾ ਨ ਹੋਇ"*

ਗੁਰਵਾਕ ਦੇ ਉਲਟ ਏਥੋਂ ਏਹ ਮਤਿ ਮਿਲਦੀ ਹੈ ਕਿ ਈਹਾਂ ਤਉ ਆਈਐ ਜਉ ਊਹਾਂ ਨਾ ਹੋਇ। ਦੇਖੋ ਈਹਾਂ ਊਹਾਂ ਦੀ ਪਰਖ ਦਾ ਨਿਤਾਰਾ :

ਵੇਦੁ ਪੜਿਹ ਹਰਿ ਰਸੁ ਨਹੀ ਆਇਆ ॥
ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨ ਮਤੀ ਸਦਾ ਅੰਧਿਆਰਾ
ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥...
ਤ੍ਰੈ ਗੁਣ ਪੜਿਹ ਹਰਿ ਤਤੁ ਨ ਜਾਣਹਿ ॥
ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥
ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ
ਬਿਨੁ ਬੂਝੇ ਦੁਖੁ ਪਾਵਣਿਆ ॥੭॥

ਮਾਝ ਮ: ੩, ਪੰਨਾ ੧੨੮

ਕੈਸੀ ਹੈ ਊਹਾਂ ਈਹਾਂ ਦੀ ਨਿਖਾਰਵੀਂ ਪਰਖ ਪੜਤਾਲ ! ਵੇਦ ਸ਼ਾਸਤ੍ਰ ਵਿਚ ਤਾਂ ਨਿਰੀ ਤ੍ਰਿਬਿਧਿ ਮਾਇਆ ਦੀ ਤ੍ਰੈਗੁਣੀ ਅਵਿੱਦ ਵਿੱਦਿਆ ਹੀ ਭਰੀ ਪਈ ਹੈ। ਭਲਾ ਏਹਨਾਂ ਦੇ ਘੋਖਣ ਹਾਰਿਆਂ ਨੂੰ ਏਥੋਂ "ਅਗਿਆਨ ਮਤੀ ਸਦਾ ਅੰਧਿਆਰਾ" ਤੋਂ ਬਿਨਾਂ ਹੋਰ ਕੀ ਲੱਭਣਾ ਹੈ। ਵੇਦਾਂ, ਪੁਰਾਣਾਂ, ਜੋਗ ਸ਼ਾਸਤ੍ਰਾਂ ਨੂੰ ਪੜ੍ਹ ਕੇ 'ਹਰਿ ਰਸ ਕੀ ਆਉਣਾ ਸੀ ? ਏਥੋਂ ਤਾਂ ਅਗਿਆਨ ਮਤਾਂ ਦਾ ਉਪਦੇਸ਼ ਹੀ ਮਿਲਦਾ ਹੈ, ਜਿਸ ਤੋਂ ਸਦਾ ਅੰਨ੍ਹੇਰੇ ਵਿਚ ਹੀ ਰਹੀਦਾ ਹੈ, ਸੋ ਇਹਨਾਂ ਨੂੰ ਪੜ੍ਹਨ ਸੁਣਨਹਾਰੇ ਮਾਇਆ ਦੇ ਤ੍ਰੈਗੁਣੀ ਮੋਹ ਵਿਚ ਮੱਤੇ ਵਾਦ ਹੀ

---

* ਬਸੰਤੁ ਰਾਮਾਨੰਦ ਜੀ, ਪੰਨਾ ੧੧੯੫

ਵਖਾਣਦੇ ਰਹਿੰਦੇ ਹਨ ।

ਗਿਆਨ ਦਾ ਚਾਨਣ ਗੁਰਮੁਖਾਂ, ਗੁਰੂ ਸੰਵਾਰੇ ਗੁਰ ਦੀਖਿਆ ਕਮਾਵਣਹਾਰੇ ਗੁਰਸਿਖਾਂ ਨੂੰ ਹੀ ਹੁੰਦਾ ਹੈ । ਉਹ ਗੁਰਮਤਿ ਤਤ ਦੀਖਿਆ ਦੀ ਬੂਝ ਬੁਝ ਕੇ ਹਰਿ ਗੁਣ ਗਾਵਣ ਵਿਖੇ ਹੀ ਤਤਪਰ ਹੋਇ ਰਹਿੰਦੇ ਹਨ । ਵੇਦ ਦੀ ਤਰੇਗੁਣੀ ਵਿਦਿਆ ਜੋ ਪੜ੍ਹ ਪੜ੍ਹ ਘੋਖਦੇ ਹਨ, ਉਹਨਾਂ ਨੂੰ ਤੱਤ ਵਸਤੂ ਦੀ ਸੋਝੀ ਸਾਰ ਨਹੀਂ ਹੋ ਸਕਦੀ । ਉਹ ਮੂਲੋਂ ਮੁਢੋਂ ਹੀ ਭੁਲੇ ਹੋਏ ਹਨ । ਉਹਨਾਂ ਨੂੰ ਗੁਰ ਸ਼ਬਦ ਰੂਪੀ ਤੱਤ ਸਾਰ ਗੁਰਮੰਤਰੀ ਗੁਰਦੀਖਿਆ ਦੀ ਸਾਰ ਹੀ ਨਹੀਂ ਹੋ ਸਕਦੀ । ਉਹਨਾਂ ਤ੍ਰੈਗੁਣੀ ਮੋਹ ਮਮਤਾ ਵਿਚ ਖੱਚਤ ਹੋਇਆਂ ਨੂੰ ਸੁੱਝਦਾ ਹੀ ਕੁਛ ਨਹੀਂ । ਹਰੀ ਪ੍ਰਮਾਤਮਾ ਪਾਇਆ ਜਾ ਸਕਦਾ ਹੈ ਤਾਂ ਗੁਰ ਸ਼ਬਦ ਮਾਰਗ ਦੁਆਰਾ ਹੀ ਪਾਇਆ ਜਾ ਸਕਦਾ ਹੈ । ਸਹਿਸ ਸਿਆਣਪੀ ਮਤਾਂ ਵਿਚੋਂ ਸਭ ਤੋਂ ਵਡਾ ਮਤ ਵੇਦ ਹੈ । ਸੋ ਵੇਦ ਤਾਂ ਤ੍ਰਿਬਿਧ ਮਾਇਆ ਦਾ ਹੀ ਪ੍ਰਤਿਪਾਦਨ ਕਰਾਉਂਦਾ ਹੈ । ਸੋ ਉਸ ਨੂੰ ਪੜ੍ਹਨ ਹਾਰੇ ਦੂਜੇ ਭਾਵ ਦੀ ਉਪਾਸ਼ਨਾ ਵਿਚ ਹੀ ਸਾਰੀ ਉਮਰ ਲਗੇ ਰਹਿੰਦੇ ਹਨ ਅਤੇ ਆਪਣਾ ਜਨਮ ਅਕਾਰਥ ਗੰਵਾ ਲੈਂਦੇ ਹਨ, ਤਾਂ ਤੇ ਦੂਜੇ ਭਾਵ ਵਿਚ ਲਗੇ ਰੱਤੇ ਮਨਮੁਖੀ ਅਜਾਣ ਮਾਣੂਆਂ ਨੂੰ ਤੱਤ ਵਥ ਦੀ ਕੀ ਸੂਝ ਬੂਝ ਸਾਰ ਹੋ ਸਕਦੀ ਹੈ ? ਤ੍ਰੈਗੁਣੀ ਵਿਦਿਆ ਵਾਲੇ ਵੇਦਾਂ ਨੂੰ ਪੜ੍ਹਨ ਸੁਣਨਹਾਰੇ ਇਕ ਅਕਾਲ ਪੁਰਖ ਦੀ ਅਨਿੰਨ ਉਪਾਸ਼ਨਾਂ ਨੂੰ ਜਾਨਣ ਪਛਾਨਣ ਦੀ ਸੂਝ ਬੂਝ ਹੀ ਨਹੀਂ ਰਖ ਸਕਦੇ । ਬਿਨਾਂ ਇਸ ਸੂਝ ਬੂਝ ਦੇ ਉਹ ਦੁਖ ਭੋਗਦੇ ਹਨ ।

ਜਿਸ ਨੂੰ ਏਸ ਤ੍ਰੈਗੁਣੀ ਤ੍ਰਿਬਿਧ ਵੇਦ ਸ਼ਾਸਤ੍ਰੀ ਵਿਦਿਆ ਦਾ ਹਿੜਬਿਸੀ ਹਿਤਕਾਰ ਹੈ, ਸੋ ਐਸਾ ਹਿੜਬਿਸੀ ਹਿਤਕਾਰ ਰਖਣ ਹਾਰਾ ਜਨਮ ਮਰਨ ਦੇ ਲਖ ਚਉਰਾਸੀ ਵਾਲੇ ਗੇੜ ਵਿਚ ਹੀ ਮੁੜ ਮੁੜ ਭਉਂਦਾ ਰਹਿੰਦਾ ਹੈ । ਕਿਉਂਕਿ ਜਿਨ੍ਹਾਂ ਵੇਦਾਂ ਨੂੰ ਉਹ ਘੋਖਦਾ ਹੈ ਉਹ ਤਾਂ ਚਾਰੇ ਵੇਦ ਤ੍ਰੈਗੁਣੀ ਅਕਾਰ ਦਾ ਹੀ ਵਿਸਥਾਰ ਕਰਦੇ ਹਨ ਅਤੇ ਤੀਨ ਅਵਸਥਾ ਦਾ ਹੀ ਵਖਿਆਨ ਕਰਦੇ ਹਨ । ਤੁਰੀਆ ਅਵਸਥਾ ਦਾ ਉਹਨਾਂ ਨੂੰ ਸਾਨ ਗੁਮਾਨ ਹੀ ਨਹੀਂ ਕਿ ਕਿਸ ਬਲਾ ਦਾ ਨਾਉਂ ਹੈ । ਏਹ ਤੁਰੀਆ ਅਵਸਥਾ ਸਤਿਗੁਰੂ ਦੁਆਰਾ ਹੀ ਜਾਣੀ ਜਾਂਦੀ ਹੈ, ਐਵੇਂ ਗੱਲਾਂ ਬਾਤਾਂ ਦੇ ਦਿਮਾਗੀ ਖਰੜ ਗਿਆਨ ਦੁਆਰਾ ਨਹੀਂ ਜਾਣੀ ਜਾਂਦੀ। ਨਾ ਹੀ ਚਾਰ ਵੇਦਾਂ ਤੇ ਖਟ ਸ਼ਾਸਤ੍ਰਾਂ ਦੇ ਘੋਖਣ ਨਾਲ ਪਛਾਣੀ ਜਾਂਦੀ ਹੈ । ਯਥਾ ਗੁਰਵਾਕ :

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥
ਤੀਨਿ ਅਵਸਥਾ ਕਹਹਿ ਵਖਿਆਨੁ ॥

ਤੁਰੀਆ ਅਵਸਥਾ ਸਤਿਗੁਰ ਤੇ ਹਰਿ ਜਾਨੁ ॥

ਗਉੜੀ ਮ: ੧, ਪੰਨਾ ੧੫੪

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥

ਗਉੜੀ ਮ: ੩, ਪੰਨਾ ੨੩੦

ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥

ਆਸਾ ਮ: ੧, ਪੰਨਾ ੩੫੫

ਗਿਆਨ ਧਿਆਨ ਸਗਲੇ ਸਭਿ ਜਪ ਤਪ
ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥

ਆਸਾ ਮ: ੧, ਪੰਨਾ ੩੫੬

ਵਾਹ ! ਕੈਸੀ ਨਿਖਾਰ ਕੀਤੀ, ਇਸ ਗੁਰਵਾਕ ਨੇ । ਜਿਸ ਗੁਰਸਿਖ ਗੁਰਮੁਖਿ ਪਿਆਰੇ ਦਾ ਮਨ ਗੁਰਮਤਿ ਰਾਮ ਨਾਮ (ਗੁਰਮੰਤ੍ਰ) ਦੀ ਪਾਰਸ ਕਲਾ ਵਾਲੇ ਅਭਿਆਸ ਨਾਲ ਰੰਗਿਆ ਗਿਆ ਹੈ, ਉਸਨੇ ਇਸ ਗੁਰਮਤਿ ਨਾਮ ਅਭਿਆਸ ਕਮਾਈ ਦੀ ਸਹਜ ਸੇਵਾ ਨਾਲ ਹੀ ਅਲੱਖ ਅਭੇਵ ਪਾਰਬ੍ਰਹਮ ਹਰੀ ਪਰਮਾਤਮਾਂ ਨੂੰ ਆਪਣੇ ਹਿਰਦੇ ਅੰਦਰ ਹੀ ਪਾ ਪ੍ਰਗਟਾ ਲਿਆ ਹੈ । ਸਗਲੇ ਗਿਆਨ ਧਿਆਨ ਅਤੇ ਸਾਰੇ ਜਪ ਤਪ ਉਸਦੇ ਪਿਛੇ ਲਗੇ ਫਿਰਦੇ ਹਨ, ਉਹਨਾਂ ਦੇ ਕਰਣ ਕਰਾਉਣ ਦੀ ਉਸ ਨੂੰ ਕਾਈ ਅਕਾਂਖਿਆ ਹੀ ਨਹੀਂ ਰਹੀ ।

ਅਠਾਰਾਂ ਪੁਰਾਣਾਂ ਛੇ ਸ਼ਾਸਤ੍ਰਾਂ ਅਤੇ ਚੌਹਾਂ ਬੇਦਾਂ ਦੀ ਵਿਦਿਆ ਐਵੇਂ ਬਾਦ ਹੀ ਹੈ, ਇਹਨਾਂ ਬੇਦਾਂ, ਪੁਰਾਨਾਂ ਨੇ ਤੱਤ ਬ੍ਰਹਮ ਵਿਦਿਆ ਰੂਪ ਵਥ ਦਾ ਭੇਦ ਹੀ ਨਹੀਂ ਜਾਤਾ । ਗੁਰੂ ਘਰ ਦੀ ਗੁਰਮਤਿ ਮਤਿ ਘਟ ਵਿਖੇ ਹੀ ਅਲੱਖ ਪਾਰਬ੍ਰਹਮ ਨੂੰ ਦਿਖਾਉਣ ਲਈ ਸਮਰਥ ਹੈ, ਬ੍ਰਹਮ ਵਿਦਿਆ ਤੱਤ ਵਥ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ । ਯਥਾ ਗੁਰਵਾਕ :

ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥

ਆਸਾ ਮ: ੧, ਪੰਨਾ ੩੫੫

ਅਨੇਕ ਅਨਮਤੀ ਸਮੂਹਾਂ ਦੇ ਸਮੂਹ ਇਸ ਸੰਸਾਰ ਸਾਗਰ ਤੋਂ ਤਰਨ ਲਈ ਬੇਦਾਂ ਸ਼ਾਸਤ੍ਰਾਂ ਨੂੰ ਪਏ ਘੋਖਦੇ ਹਨ ਅਤੇ ਅਨੇਕ ਪ੍ਰਕਾਰ ਦੇ ਅਨਮਤੀ ਕਰਮ, ਧਰਮ, ਕਿਰਿਆ ਮਈ ਜਪ, ਤਪ, ਪੂਜਾ, ਜੋਗ ਸਾਧਨ ਕਮਾਉਂਦੇ ਫਿਰਦੇ ਹਨ, ਪ੍ਰੰਤੂ ਇਹਨਾਂ ਸਭਨਾਂ ਦੇ ਉੱਪਰ ਸਿਰ ਕਰਮਨ ਦੇ ਕਰਮਾਂ ਵਾਲਾ ਨਾਮ

ਅਭਿਆਸ ਰੂਪੀ ਸਚਾ ਕਰਮ ਆਚਾਰ ਹੈ । ਯਥਾ ਗੁਰਵਾਕ :

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਬ ਊਪਰਿ ਨਾਮੁ ਅਚਾਰੁ ॥

ਆਸਾ ਮ: ੫, ਪੰਨਾ ੪੦੫

ਤਾਂ ਤੇ ਗੁਰਮਤਿ ਨਾਮ ਨੂੰ ਹੀ ਸੁਣਨ ਨਾਲ ਕੁਰਾਹੇ ਪਏ ਗੁਮਰਾਹ ਅਗਿਆਨੀ ਅੰਧਲੇ ਪੁਰਸ਼ ਸੱਚੇ ਰਾਹੇ ਪੈ ਸਕਦੇ ਹਨ ਅਤੇ ਸੱਚੇ ਧਰਮ ਮਾਰਗੀ ਰਾਹ ਨੂੰ ਪਾ ਸਕਦੇ ਹਨ, ਐਵੇਂ ਨਹੀਂ ।

## (੫)

## ਨਾਮ ਦਾ ਮੰਨਣਾ

ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਾਮ ਹੀ ਨਾਮ ਦ੍ਰਿੜ੍ਹਾਉਂਦੀ ਹੈ । ਗੁਰਬਾਣੀ ਦਾ ਹਰ ਇਕ ਸ਼ਬਦੁ ਵਾਕੁ ਏਹੋ ਉਪਦੇਸ਼ ਦ੍ਰਿੜ੍ਹਾਉਂਦਾ ਹੈ ਕਿ ਨਾਮ ਜਪਹੁ, ਨਾਮ ਸਿਮਰਹੁ । ਜਿਨ੍ਹਾਂ ਨੂੰ ਏਹ ਉਪਦੇਸ਼ ਸੁਣਕੇ 'ਨਾਮ' ਉਤੇ ਦ੍ਰਿੜ੍ਹਤਾ ਨਹੀਂ ਬੱਝੀ, ਉਨ੍ਹਾਂ ਦਾ ਗੁਰਬਾਣੀ ਦਾ ਹੁਕਮ ਰੂਪੀ ਇਹ ਉਪਦੇਸ਼ ਸੁਣਿਆ, ਨਾ ਸੁਣਿਆ ਸਮਾਨ ਹੀ ਹੈ । ਸੁਣਿਆ ਪੜ੍ਹਿਆ ਤਿਨ੍ਹਾਂ ਦਾ ਹੀ ਪਰਵਾਨ ਹੈ, ਜਿਨ੍ਹਾਂ ਨੇ ਏਸ ਹੁਕਮ ਉਪਦੇਸ਼ ਅੰਦਰ ਗੁਰ ਹੁਕਮਾਈ ਆਗਿਆ ਸਚ ਸਚ ਕਰ ਮੰਨ ਲਈ । ਗੁਰਬਾਣੀ ਦੁਆਰਾ ਨਾਮ ਦੀ ਮਹਿਮਾ ਸੁਣਕੇ ਗੁਰੂ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਾਮ ਸੁਣਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰਮੁਖ ਨਾਮ ਅਭਿਆਸੀ ਪੰਜਾਂ ਪਿਆਰਿਆਂ ਤੋਂ ਨਾਮ ਗੁਰਮੰਤ੍ਰ ਸੁਣਕੇ, ਨਾਮ ਅਭਿਆਸ ਦੀ ਕਮਾਈ ਵਿਚ ਤੱਤਕਾਲ ਜੁਟ ਜਾਣਾ ਅਤੇ ਨਾਮ ਜਪਣ, ਆਰਾਧਨ, ਧਿਆਵਣ ਯਾ ਨਾਮ ਸਿਮਰਨ ਲਗ ਪੈਣਾ, ਏਹ ਨਾਮ ਨੂੰ ਸੁਣਕੇ ਮੰਨਣਾ ਹੈ । ਅੰਮ੍ਰਿਤ ਨਾਮ ਨੂੰ ਅੰਮ੍ਰਿਤ ਭਿੰਨੜੀ ਗੁਰ ਰਸਨਾ ਤੋਂ ਸੁਣ ਲੈਣ ਦੀ ਮਹਿਮਾ ਅਪਰ ਅਪਾਰ ਹੈ । ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਪੰਜਾਂ ਪਿਆਰਿਆਂ ਦੀ ਰਸਨਾ ਗੁਰੂ ਦੀ ਰਸਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਅੰਮ੍ਰਿਤ ਸੰਚਾਰ ਸਮਾਗਮੀ ਨਾਮ ਦ੍ਰਿੜ੍ਹਾਵਣ ਸਮੇਂ ਇਹਨਾਂ ਪਿਆਰਿਆਂ ਦੀ ਅੰਮ੍ਰਿਤ ਨਾਮ ਕਮਾਈ ਵਾਲੀ ਰਸ ਭਿੰਨਿਅੜੀ ਅਤੇ ਰੰਗ ਰੱਤਿਅੜੀ ਰਸਨਾ ਤੋ ਨਾਮ ਗੁਰਮੰਤ੍ਰ ਸੁਣਨ (ਲੈਣ) ਦੀ ਬਿਸਮ ਆਕ੍ਰਖਣੀ ਪਾਰਸ ਕਲਾ ਵਰਤਦੀ ਹੈ ਕਿ ਸ੍ਰਵਣਾਂ ਦੁਆਰਾ ਨਾਮ ਸੁਣ ਕੇ ਅਰਥਾਤ ਗੁਰਮੰਤ੍ਰ ਲੈਣ ਸਾਰ ਹੀ ਨਾਮ ਮਾਤਰ ਜਗਿਆਸੂ ਜਨਾਂ ਅੰਦਰ ਨਾਮ ਅਭਿਆਸ ਦੀ ਰੌ ਚੱਲ ਪੈਂਦੀ ਹੈ, ਅਤੇ ਐਸੀ ਚਲਦੀ ਹੈ ਕਿ ਫੇਰ ਠਲ੍ਹਦੀ ਹੀ ਨਹੀਂ । ਜਗਿਆਸੂ ਜਨ ਦੇ ਰੋਮ

ਰੋਮ ਅੰਦਰ ਨਾਮ ਦੀ ਝਰਨਾਟ ਛਿੜ ਪੈਂਦੀ ਹੈ। ਮੁਖ, ਰਸਨਾ, ਹੋਂਠ (ਬੁਲ੍ਹ) ਤਾਲੂ ਸਭ ਨਾਮ ਜਪਣ ਵਿਚ ਹੀ ਜੁਟ ਜਾਂਦੇ ਹਨ। ਏਹ "ਨਾਮ" "ਸੁਣਨ" ਦੀ ਹੀ ਮਹਿਮਾਂ ਹੈ ਜੋ ਇਸ ਬਿਧ ਜਗਿਆਸੂ ਜਨ ਨੂੰ ਨਾਮ ਜਪਣ ਵਿਚ ਹਮਾਤਨ ਹੋ ਕੇ ਜੁਟਾਉਂਦੀ ਹੈ। ਆ-ਮੁਹਾਰਾ ਨਿਰਯਤਨ ਜਾਪ ਛਿੜ ਪੈਂਦਾ ਹੈ। ਨਾਮ ਜਪਦਿਆਂ ਹੀ ਨਾਮ ਦੀ ਧੁਨੀ ਨਾਲੋ ਨਾਲ ਸੁਣਾਈ ਦਿੰਦੀ ਹੈ। ਨਾਮ ਦਾ ਸੁਣਨਾ ਅਤੇ ਜਪਣਾ ਨਾਮ ਅਭਿਆਸੀ ਜਨ ਦੀ ਸਦੀਵ ਕਾਲੀ, ਖਿਨ ਖਿਨ ਹੀ, ਨਾਮ ਕਮਾਈ ਅੰਦਰ ਓਤ ਪੋਤ ਬਣਿਆ ਰਹਿੰਦਾ ਹੈ।

ਇਹ ਸ੍ਰਵਣ ਮੰਨਣੀ ਨਿਧਿਆਸਨ ਪਹਿਲੂ-ਬ-ਪਹਿਲੂ ਜਾਰੀ ਹੀ ਰਹਿੰਦਾ ਹੈ। ਕੋਈ ਸਾਇਤ ਭੀ ਖਾਲੀ ਨਹੀਂ ਜਾਂਦੀ ਜਦ ਕਿ ਨਾਮ ਅਭਿਆਸੀ ਨਾਮ ਜਪਦਾ ਹੋਵੇ ਤੇ ਨਾਲੋ ਨਾਲ ਨਾਮ ਨਾ ਸੁਣੇ। ਸੂਖਮ ਤੋਂ ਸੂਖਮ, ਮੱਧਮ ਤੋਂ ਮੱਧਮ, ਪਰਾ, ਪਸੰਤੀ ਤੋਂ ਅਪ੍ਰੰਪਰਾ, ਨਾਮ ਬਾਣੀ ਦਾ ਸੁਆਸ ਅਭਿਆਸੀ ਜਾਪ ਭੀ ਨਾਲੋ ਨਾਲ ਧੁਨੀ ਉਪਜਾਉਂਦਾ ਹੈ। ਜਿਹੋ ਜਿਹਾ ਅਭਿਆਸ ਤੇਹੋ ਜੇਹੀ ਧੁਨੀ। ਇਸ ਧੁਨੀ ਨੂੰ ਸ੍ਰਵਣਾਂ ਦੁਆਰਾ ਅਵੱਸ਼ ਸੁਣੀਦਾ ਹੈ। ਨਾਮ ਜਾਪ ਰੂਪੀ ਸ਼ਬਦ (ਬਾਣੀ) ਨੂੰ ਸ੍ਰਵਣਾਂ ਦੁਆਰੇ ਸੂਖਮ ਤੋਂ ਸੂਖਮ ਧੁਨੀ ਦੀ ਸਰੋਤ ਵਿਚ ਸੁਣਦੇ ਰਹਿਣਾ ਏਹੀ ਤਾਂ ਸ਼ਬਦਿ ਸੁਰਤਿ ਵਾਲਾ ਨਾਮ ਅਭਿਆਸ ਗੁਰਮਤਿ ਅੰਦਰ ਪ੍ਰਸਿੱਧ ਹੈ। ਨਾਮ ਜਾਪ ਤੋਂ ਉਪਜੀ ਪਾਰਸ ਰਹੱਸੀ ਧੁਨੀ ਅਵੱਸ਼ ਹੀ ਸ੍ਰਵਣ ਸਰੋਤੀ ਸੁਰਤੀ ਨੂੰ ਆਪਣੇ ਵਲ ਲਾਈ ਰਖਦੀ ਹੈ, ਜਿਉਂ ਜਿਉਂ ਨਾਮ ਅਭਿਆਸ ਵਧਦਾ ਹੈ, ਤਿਉਂ ਤਿਉਂ ਸ਼ਬਦ ਸੁਰਤਿ ਘੁਲ ਮਿਲ ਘਿਚ ਖੇਡ ਵਧ ਤੋਂ ਵਧ ਬਿਸਮ ਰੰਗਾਂ ਵਿਚ ਖੇਡਦੀ ਹੈ। ਅਭਿਆਸੀ ਜਨ ਆਪ ਹੀ ਸ਼ਬਦ (ਨਾਮ) ਦਾ ਬਕਤਾ (ਜਪਣ ਹਾਰਾ) ਅਤੇ ਆਪ ਹੀ ਸੁਰਤਾ (ਸਰੋਤਾ) ਹੁੰਦਾ ਹੈ। ਜਿਨ੍ਹਾਂ ਵਡਭਾਗੇ ਜਗਿਆਸੂ ਜਨਾਂ ਦੇ ਨਾਮ ਅਭਿਆਸ ਅੰਦਰ ਨਾਮ ਗੁਰਮੰਤ੍ਰ ਮਿਲਨ ਸਾਰ ਹੀ ਸ਼ਬਦ ਸੁਰਿਤ ਦਾ ਮਿਕਨਾਤੀਸੀ ਮੇਲ ਹੋ ਜਾਂਦਾ ਹੈ, ਤਿਨ੍ਹਾਂ ਨੂੰ ਤਾਂ ਆਪਣੇ ਹੁਦਰੋਂ ਸ਼ਬਦ (ਨਾਮ ਗੁਰਮੰਤ੍ਰ) ਵਿਖੇ ਅਭਿਆਸ ਸਮੇਂ ਸੁਰਤੀ ਜੋੜਨ ਦਾ ਕਿੰਚਤ ਮਾਤਰ ਯਤਨ ਹੀ ਕਰਨਾ ਪੈਂਦਾ ਹੈ, ਕਿਉਂਕਿ ਨਾਮ ਦਾ ਰਿਦ-ਜੋਤਿ ਪਰਜੁਲਤ ਰਹੱਸ ਆਪਣੇ ਆਪ ਹੀ ਸੁਰਤੀ ਦੀਆਂ ਤਣਾਵਾਂ ਖਿੱਚੀ ਰਖਦਾ ਹੈ। ਪ੍ਰੰਤੂ ਜਿਨ੍ਹਾਂ ਨੂੰ ਨਾਮ ਤਾਂ ਦ੍ਰਿੜ੍ਹ ਹੋ ਗਿਆ ਹੁੰਦਾ ਹੈ, ਤੇ ਨਾਮ ਉਤੇ ਦ੍ਰਿੜ੍ਹਤਾ ਬਝ ਗਈ ਹੁੰਦੀ ਹੈ, ਪ੍ਰੰਤੂ ਅਜੇ ਨਾਮ ਦਾ ਰਸ ਨਹੀਂ ਆਇਆ ਹੁੰਦਾ, ਤਿਨ੍ਹਾਂ ਨੂੰ ਨਾਮ ਦਾ ਖੰਡਾ ਜ਼ੋਰੋ ਜ਼ੋਰ ਰਸਨਾ ਯਾ ਸੁਆਸਾਂ ਨਾਲ ਹੀ ਖੜਕਾਉਂਦੇ ਹੋਏ ਨਾਮ ਜਾਪ ਤੋਂ ਉਪਜੀ ਧੁਨੀ ਵਲ ਤਕੜਾ ਯਤਨ ਕਰਕੇ ਸੁਰਤੀ ਜੋੜਨੀ ਪੈਂਦੀ ਹੈ। ਨਾਮ ਦੀ ਸ਼ਬਦ ਧੁਨੀ ਵਲ

ਸ਼ਬਦ ਸੁਰਤ ਵਾਲਾ ਅਭਿਆਸ

ਸੁਰਤੀ ਲਾਉਣੀ ਅਵੱਸ਼ ਜ਼ਰੂਰੀ ਹੈ। ਜੋ ਕਿਸੇ ਦੇ ਭਰਮ ਭਰਮਾਏ ਹੋਏ, ਨਾਮ ਅਭਿਆਸ ਤੋਂ ਅਗਿਆਤ ਪੁਰੇਸ਼ਾਂ ਦੀ ਮਤ ਲੈ ਕੇ ਕਿਸੇ ਖਿਆਲੀ ਮੂਰਤੀ ਯਾ ਮਸੱਵਰ ਤਸੱਵਰੀ ਗੁਰੂਆਂ ਦੀ ਤਸਵੀਰ ਯਾ ਫੋਟੋ ਵੱਲ ਭੀ ਸੁਰਤੀ ਲਾਉਂਦੇ ਹਨ, ਉਹ ਭੀ ਗੁਰਮਤਿ ਮਾਰਗੀ 'ਸ਼ਬਦ ਸੁਰਤਿ' ਦੀ ਖੇਡ ਅਗੰਮੀ ਤੋਂ ਘੁਥੇ ਹੀ ਰਹਿੰਦੇ ਹਨ। ਅੱਖਾਂ ਦੇ ਅਗੇ ਮੂਰਤ ਯਾ ਤੁਸਵੀਰ ਫੋਟੋ ਧਰਨ ਨਾਲ ਸੁਰਤ ਸ਼ਬਦ ਵਾਲੀ ਗੁਰਮਤਿ ਸੁਰਤਾਈ ਸੁਰਤ ਕਦੇ ਪੂਰੀ ਨਹੀਂ ਹੋ ਸਕਦੀ ਸਗੋਂ ਏਹ ਕੁਢੱਜ ਅਭਿਆਸੀ ਜਨ ਨੂੰ ਅਉਝੜ ਹੀ ਪਾਏਗਾ, ਅਤੇ ਅਉਝੜ ਹੀ ਲੈ ਜਾਏਗਾ। ਸ਼ਬਦ ਸੁਰਤ ਦੀ ਗੁਰਮਤਿ ਅਭਿਆਸਨੀ, ਧਿਆਨ ਨਧਿਆਸਨੀ, ਚੋਜ ਅਗੰਮੀ ਖੇਡ ਤੋਂ ਬਿਨਾਂ ਹੋਰ ਸਭ ਧਿਆਨ ਬਾਜ਼ੀ ਬੁਤ ਪ੍ਰਸਤੀ ਹੈ। ਅਲੱਖ ਨਿਰੰਜਨ ਅਕਾਲ ਮੂਰਤ ਵਾਲੇ ਪੁਰਖ ਪ੍ਰੀਤਮ ਪਾਰਬ੍ਰਹਮ ਪਰਮੇਸਰ ਦੀ ਕੋਈ ਫ਼ਰਜ਼ੀ ਮੂਰਤਿ ਬਣਾ ਕੇ ਉਸ ਵਲ ਦ੍ਰਿਸ਼ਟ ਧਿਆਨ ਜੋੜਨਾ ਐਵੇਂ ਤੁਹ ਕੁਟਣ ਵਾਲੀ ਗਲ ਹੀ ਹੈ। ਨਾ ਹੀ ਇਸ ਬਿਧਿ ਧਿਆਨ ਜੁੜਦਾ ਹੈ, ਨਾ ਬਿਰਤੀ ਜੁੜਦੀ ਹੈ। ਸਾਰੀ ਖੇਪ ਅਜਾਈਂ ਹੀ ਜਾਂਦੀ ਹੈ, ਸਗੋਂ ਇਸ ਫਰਜ਼ਾ ਫ਼ਰਜ਼ੀ ਵਾਲੀ ਧਿਆਨ ਬਾਜ਼ੀ ਨਾਲ ਆਪਣੇ ਧੇਯ ਇਸ਼ਟ ਨੂੰ ਮਖੌਲ ਕਰਨਾ ਹੈ। ਸੁਰਤਿ ਮੰਡਲੀ ਇਨਕਸ਼ਾਫ ਕਰਨ ਲਈ ਸਿਰਫ ਸ਼ਬਦ ਸੁਰਤਿ ਦੀ ਗੁਰਮਤਿ ਦਰਸਾਈ ਜੁਗਤੀ ਹੀ ਸਹਾਈ ਹੈ। ਇਸ ਕਰਕੇ ਸ਼ਬਦ ਸਰੋਦ ਅਰਥਾਤ ਸ਼ਬਦ ਕੀਰਤਨ ਨੂੰ ਸਤਿਗੁਰੂ ਸਾਹਿਬ ਨੇ ਸਭ ਗੁਰਮਤਿ ਯੁਕਤੀਆਂ ਵਿਚੋਂ ਮੁਖ ਅਤੇ ਸ੍ਰੇਸ਼ਟ ਯੁਕਤੀ ਪਰਵਾਨ ਰਖਿਆ ਹੈ, ਕਿਉਂਕਿ ਉਸ ਦੀ ਸਹਾਇਤਾ ਦੁਆਰੇ ਅਭਿਆਸੀ ਜਨ ਦੀ ਸੁਰਤੀ ਬਿਰਤੀ ਪੰਖ ਲਗਾਇਕੇ ਪ੍ਰੀਤਮ ਦਰਸ ਜੋਤੀਸ਼ ਨਾਲਿ ਜਾਇ ਜੁੜਦੀ ਹੈ। ਤਾਂ ਹੀ ਤੇ ਸਤਿਗੁਰੂ ਨੇ ਸੁਣਨ (ਸਰਵਣ ਕਰਨ) ਦੀ ਮਹਿਮਾ ਦਾ ਚੋਜ ਸਭ ਤੋਂ ਪਹਿਲਾਂ ਵਰਨਣ ਕੀਤਾ ਹੈ। ਉਂਵ ਸੁਣਣ, ਮੰਨਣ, ਨਿਧਿਆਸਨ ਦਾ ਦਰਜਾ ਇਕੋ ਜਿਹਾ ਹੀ ਰਖਿਆ ਹੈ। ਜੇਹੀ "ਸੁਣਿਐ" ਦੀ ਮਹਿਮਾਂ ਤੇਹੀ "ਮੰਨੇ" ਦੀ। ਦੇਖੋ ਵਾਰ ਸਾਰੰਗ ਦੀਆਂ "ਸੁਣਿਐ" "ਮੰਨਿਐ" ਦੀਆਂ ਪਉੜੀਆਂ ਅੰਦਰ ਆਈਆਂ ਵਖੋ ਵਖ ਭਾਂਤੋ ਭਾਂਤ ਦੀਆਂ ਪੰਗਤੀਆਂ ਦੇ ਭਾਵ ਇਕ ਦੂਜੇ ਦੇ ਬਰੋਬਰ ਨਿਰਣਾ ਕਰਕੇ ਤੇ ਨਾਲ ਰਲਾ ਕੇ ਜਪੁਜੀ ਸਾਹਿਬ ਦੀਆਂ "ਸੁਣਿਐ" ਤੇ "ਮੰਨੇ" ਦੀਆਂ ਪਉੜੀਆਂ ਇਕੋ ਸਮਸਰੀ ਭਾਵ ਵਾਲੀਆਂ ਤੁਕਾਂ, ਦੇਖੋ ਸਫਾ ੧੯੬ :

 www.sikhbookclub.com

## "ਸੁਣਿਐ"

"ਨਾਮ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ"
"ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ"
"ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ"
"ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ"
"ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ"

ਸਾਰੰਗ ਵਾਰ ਮ: ੪, ਪੰਨਾ ੧੨੩੯

"ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ")
"ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ")

ਸਾਰੰਗ ਵਾਰ ਮ: ੪, ਪੰਨਾ ੧੨੪੦

"ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ"

ਸਾਰੰਗ ਵਾਰ ਮ: ੪, ਪੰਨਾ ੧੨੪੦

## "ਮੰਨਿਐ"

"ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ"
"ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ"
"ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ"
"ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ"
"ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ"

ਸਾਰੰਗ ਵਾਰ ਮ: ੪, ਪੰਨਾ ੧੨੪੧-੪੨

("ਮੰਨੈ ਸੁਰਤਿ ਹੋਵੈ ਮਨਿ ਬੁਧਿ ॥
(ਮੰਨੈ ਸਗਲ ਭਵਣ ਕੀ ਸੁਧਿ ॥"

ਜਪੁਜੀ ਸਾਹਿਬ

"ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ"

ਸਾਰੰਗ ਵਾਰ ਮ: ੪, ਪੰਨਾ ੧੨੪੨

ਏਹ ਤਾਂ ਹੋਏ ਨਾ, ਸਾਂਝੇ ਭਾਵ ਦੇ ਸਮ ਅਰਥੀ ਪਰਮਾਰਥ ਫਲ, ਜੋ ਨਾਮ ਨੂੰ ਸੁਨਣ ਅਤੇ ਮੰਨਣ ਤੋਂ ਸਾਮਾਨ ਹੀ ਇਕੋ ਦਰਜੇ ਅੰਕਤ ਹੁੰਦੇ ਹਨ। ਹੋਰ ਭੀ ਜੇਹੜੇ ਦੋਹਾਂ "ਸੁਣਿਐ" "ਮੰਨਿਐ" ਦੀ ਪਉੜੀਆਂ ਦੀਆਂ ਵਖੋ ਵਖ ਪਦ ਪਦਾਰਥੀ ਤੁਕਾਂ ਅੰਦਰ ਦਰਸਾਏ ਅਰਥ ਪਰਮਾਰਥ ਹਨ,ਓਹ ਭੀ ਰਲਵੇਂ ਮਿਲਵੇਂ ਹੀ ਹਨ। "ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ"* ਵਾਲਾ ਨਾਮ ਸੁਣਨ ਦਾ ਪਰਮਾਰਥ ਕੇਹੜਾ ਘਟ ਹੈ, ਨਾਮ ਸੁਣਨ ਨਾਲ ਓਹ ਸੰਤੋਖ ਬਿਰਤੀ ਪਰਾਪਤ ਹੁੰਦੀ ਹੈ ਜਿਸ ਦੀ ਬੇ-ਪਰਵਾਹ ਦਸ਼ਾ ਅੰਦਰ ਕੌਲਾ ਲਛਮੀ ਭੀ ਪਈ ਪੈਰ ਝਸਦੀ ਫਿਰਦੀ ਹੈ। ਏਹ ਗੁਰਮਤਿ ਨਾਮ ਸੁਨਣ ਦਾ ਹੀ ਮਹਾਤਮ ਹੈ, ਸੁਣਨ ਵਿਚ ਸਭ ਕੁਛ ਆ ਗਿਆ। ਮੰਨਣ, ਨਿਧਿਆਸਨ ਭੀ ਆ ਗਿਆ, ਜੈਸਾ ਕਿ ਪਹਿਲਾਂ ਨਿਰੂਪਨ ਕੀਤਾ ਜਾ ਚੁਕਾ ਹੈ। ਫੇਰ : "ਨਾਇ ਸੁਣਿਐ ਸਹਜੁ ਊਪਜੈ" ਵਾਲੀ ਪੰਗਤੀ ਦੇਖੋ, "ਸਹਜ" ਪਦ ਨੂੰ ਹੀ ਪਹੁੰਚਾਇ ਦਿੰਦੀ ਹੈ, ਨਾਮ ਦੇ ਸੁਣਨ ਹਾਰੇ ਨੂੰ। ਜਿਸ ਨਾਮ ਨੂੰ ਟੀਕਾਕਾਰ ਜੀ ਨੇ ਤੁਰੀਆ (ਸਹਜ) ਪਦ ਵਿਚ ਜਾਕੇ ਸੁਣਨਾ ਦਸਿਆ ਹੈ ਓਹ ਤੁਰੀਆ (ਸਹਜ) ਪਦ ਤਾਂ ਨਾਮ ਦੇ ਸੁਣੇ ਤੋਂ ਹੀ ਪਰਾਪਤ ਹੁੰਦਾ ਹੈ, ਸੋ ਗੁਰਮਤਿ ਨੂੰ ਸਚੀ ਮੰਨੀਏ ਕਿ ਅਲਪਗ ਫਲਾਸਫਰਾਂ ਦੀ ਮਨ-ਮੰਨੀ ਯੁਕਤੀ ਨੂੰ। "ਮੰਨਿਐ" "ਸੁਣਿਐ" ਦੇ ਭਾਵਾਂ ਦਾ ਵਿਤਕਰਾ ਭੀ ਐਵੇਂ ਉਹਨਾਂ ਆਪਣੀ ਮਨ ਦੀ ਮਤ ਅਨੁਸਾਰ ਹੀ ਪਾਇਆ ਹੋਇਆ ਹੈ। ਦੇਖੋ ਉਪਰਲੇ "ਨਾਇ ਸੁਣਿਐ" ਦੇ ਸਹਜ ਪਦ ਵਾਲੇ ਪਰਮਾਰਥ ਦੇ ਸਾਹਮਣੇ "ਨਾਇ ਮੰਨਿਐ" ਦਾ ਏਹਨਾਂ ਅਗਲੀਆਂ ਤੁਕਾਂ ਅੰਦਰ ਕੈਸਾ ਸਾਧਾਰਣ ਪਰਮਾਰਥ ਵਿਦਤਾਇਆ ਗਿਆ ਹੈ। ਯਥਾ :

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥
ਸਾਰੰਗ ਕੀ ਵਾਰ ਮ: ੪, ਪੰਨਾ ੧੨੪੨

ਫੇਰ 'ਨਾਇ ਸੁਣਿਐ ਮੰਨਿਐ' ਦੇ ਫਲ ਪਰਮਾਰਥ ਦੀ ਸਰਬ ਸਾਧਾਰਨ ਆਤਮ ਜੀਵਨ ਨਿਰੂਪਨੀ ਸਾਂਝੀ ਬਵਸਥਾ ਦੀਆਂ ਤੁਕਾਂ ਪੰਗਤੀਆਂ ਦਾ ਗਹੁ ਕਰਕੇ ਮੁਲਾਹਜ਼ਾ ਕਰੋ :

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥
ਨਾਇ ਸੁਣਿਐ ਘਟਿ ਚਾਨਣਾ ਆਨੑੇਰੁ ਗਵਾਵੈ ॥......
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੯॥
ਸਾਰੰਗ ਕੀ ਵਾਰ ਮ: ੪, ਪੰਨਾ ੧੨੪੦

---

* ਸਾਰੰਗ ਕੀ ਵਾਰ ਮ: ੪, ਪੰਨਾ ੧੨੪੦

ਓਧਰ :

ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥
ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥
ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥...੧੨॥

ਸਾਰੰਗ ਕੀ ਵਾਰ ਮ: ੪, ਪੰਨਾ ੧੨੪੨

ਜਿਥੇ "ਨਾਇ ਮੰਨਿਐ ਭਵਜਲੁ ਲੰਘੀਐ"* ਦੇ ਭਾਵ ਅਨੁਸਾਰ ਨਾਮ ਮੰਨਣ ਦੇ ਪਰਤਾਪ ਨਾਲ ਭਵ ਸਾਗਰ ਤੋਂ ਲੰਘਕੇ ਪਾਰ ਪੈ ਜਾਈਦਾ ਹੈ ਓਥੇ "ਸੁਣਿਐ ਹਾਥ ਹੋਵੈ ਅਸਗਾਹੁ" ਦੇ ਭਾਵ ਅਨੁਸਾਰ ਨਾਮ ਦੇ ਸੁਣਨ ਦਾ ਭੀ ਏਹੋ ਪਰਮਾਰਥ ਪਰਤਾਪੀ ਪ੍ਰਭਾਵ ਵਰਤਦਾ ਹੈ ਕਿ ਅਗਮ ਅਗੋਚਰ ਅਥਾਹ ਪ੍ਰਮਾਤਮਾ ਪਾਰਬ੍ਰਹਮ ਪ੍ਰਤੱਖ ਹਿਰਦੇ ਵਿਖੇ ਪ੍ਰਗਟ ਹੋ ਜਾਂਦਾ ਹੈ। "ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥"** ਦੇ ਗੁਰਵਾਕ ਵਾਲਾ ਅਸਚਰਜ ਕਉਤਕ ਵਰਤ ਜਾਂਦਾ ਹੈ। ਹਾਂ ! ਗੁਰਮਤਿ ਨਾਮ ਨਿਰੰਜਨ ਐਸਾ ਕੰਚਨਵਤ ਨਿਰਮਲ ਤੇ ਪਾਕ ਪਾਰਸ ਰੂਪ ਹੈ ਕਿ ਇਸ ਦੇ ਸੁਣਨ ਮਾਤਰ ਨਾਲ ਹੀ ਸੁਖ ਹੋ ਜਾਂਦਾ ਹੈ, ਸਚੇ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਉਂ ਜਿਉਂ ਏਹ ਸੁਣੀਦਾ ਹੈ, ਤਿਉਂ ਤਿਉਂ ਹੀ ਏਹ ਹਿਰਦੇ ਅੰਦਰ ਉਤਰਦਾ ਜਾਂਦਾ ਹੈ, ਨਾਮ ਅਭਿਆਸ ਸਮੇਂ ਸ਼ਬਦ ਸੁਰਤਿ ਦੀ ਅਗੰਮੀ ਖੇਡ ਬਹੁਤੀ ਸੂੱਤ ਸੁਰਤਿ ਉਤੇ ਹੀ ਵਰਤਦੀ ਹੈ। ਸੁਰਤਿ ਸ਼ਬਦ ਅਭਿਆਸ ਰੀਤੀ (ਗੁਰਮਤਿ ਜੁਗਤਿ ਰੀਤੀ) ਨਾਲ ਨਾਮ ਨੂੰ ਸੁਣ ਸੁਣ ਹੀ ਮੰਨਿ ਵਸਾਈਦਾ ਹੈ ਪਰ ਏਸ ਜੁਗਤਿ ਬਿਧੀ ਨੂੰ ਗੁਰੂ ਵਰੋਸਾਏ ਗੁਰਮੁਖ ਜਨ ਹੀ ਬੁਝਦੇ ਹਨ :

"ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ"***

ਦੇ ਵਾਕ ਅਨੁਸਾਰ ਗੁਰਮਤਿ ਨਾਮ ਅਭਿਆਸੀ ਗੁਰਮੁਖਾਂ ਦਾ ਪੰਥ ਹੀ ਅਜੇਹੇ ਵਿਰਲੇ ਥੋੜੇ ਰਬ ਦੇ ਬੰਦਿਆਂ ਦਾ ਹੀ ਸਮੂਹ ਹੈ, ਜਿਨ੍ਹਾਂ ਦੇ ਅੰਤਰ ਆਤਮੇ ਇਸ ਪ੍ਰਕਾਰ ਨਾਮ ਵਸ ਜਾਂਦਾ ਹੈ, ਓਹਨਾਂ ਤੋਂ ਫੇਰ ਏਹ ਨਾਮੁ ਬਹਿੰਦਿਆਂ ਉਠਦਿਆਂ ਨਹੀਂ ਵਿਸਰਦਾ। ਸਚੇ 'ਸਤਿ ਕਰਤਾਰ' ਦਾ ਨਾਮ ਭੀ ਸਚਾ ਹੈ। ਤਾਂ ਹੀ ਤਾਂ ਇਸ ਨੂੰ ਸਤਿਨਾਮ ਦਾ ਵਿਸ਼ੇਸ਼ਣ ਪ੍ਰਾਪਤ ਹੈ। ਚੂੰਕਿ ਨਾਮ ਨਾਮੀ ਅਭੇਦ ਹਨ, ਇਸ ਕਰਕੇ ਜਿਨ੍ਹਾਂ ਨੂੰ ਸਤਿਨਾਮ ਨਹੀਂ ਵਿਸਰਦਾ, ਤਿਨ੍ਹਾਂ ਨੂੰ ਸਤਿ ਕਰਤਾਰ ਨਾਮੀ ਵਾਹਿਗੁਰੂ, ਪ੍ਰਮਾਤਮਾ ਭੀ ਨਹੀਂ ਵਿਸਾਰਦਾ। ਅਜੇਹੇ ਗੁਰਮੁਖ ਭਗਤ ਜਨਾਂ ਨੂੰ 'ਨਾਮ' ਅਧਾਰ ਰੂਪ ਹੋ ਜਾਂਦਾ ਹੈ। ਨਾਮ ਬਿਨਾਂ ਉਹ

* ਸਾਰੰਗ ਕੀ ਵਾਰ ਮ: ੪, ਪੰਨਾ ੧੨੪੧
** ਸੋਰਠਿ ਮ: ੫, ਪੰਨਾ ੬੧੨
*** ਗਉੜੀ ਵਾਰ ਮ: ੪, ਪੰਨਾ ੩੦੬

ਜੀਉ ਹੀ ਨਹੀਂ ਸਕਦੇ। ਐਸੇ ਬਸ ! ਐਸੇ ਹੀ ਨਾਮ ਅਧਾਰੀ ਨਾਮ ਆਹਾਰੀ ਗੁਰਮੁਖ ਭਗਤ ਜਨਾਂ ਨੂੰ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਦੇ ਮਨ ਤਨ ਅੰਦਰ ਸਦਾ ਅਕਾਲ ਪੁਰਖ ਵਾਹਿਗੁਰੂ ਸਾਕਸ਼ਾਤ ਹੋ ਕੇ ਰਮ ਜਾਂਦਾ ਹੈ ਅਤੇ ਰਮਿਆ ਹੀ ਰਹਿੰਦਾ ਹੈ। ਯਥਾ ਗੁਰਵਾਕ :

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥
ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥
ਬਹਿਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥
ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ* ਸੋਈ ॥੫॥

ਸਾਰੰਗ ਕੀ ਵਾਰ ਮ: ੪, ਪੰਨਾ ੧੨੩੯

ਏਹ ਗੁਰਮਤਿ ਨਾਮ ਗੁਰਮੰਤ੍ਰ ਹੀ ਹੈ (ਹੋਰ ਕੋਈ ਖਿਆਲੀ ਤੁਰੀਆ ਵਾਲਾ ਕਿਆਸ ਸੂਤ੍ਰੀ ਨਾਮ ਨਹੀਂ) ਜਿਸਦੇ (ਗੁਰੂ ਦੁਆਰਿਓਂ ਪ੍ਰਾਪਤੀ ਸਮੇਂ) ਸੁਣਿਆਂ ਅਤੇ ਨਾਮ ਪ੍ਰਾਪਤ ਕਰਕੇ ਅਭਿਆਸ ਕਮਾਈ ਕਰਦਿਆਂ ਛਿਨ ਛਿਨ ਸੁਣਦੇ ਰਹਿਣ ਕਰਕੇ ਮਨ ਨੂੰ ਸਚਾ ਰਹੱਸ (ਅਨੰਦ ਰਸ) ਪ੍ਰਾਪਤ ਹੁੰਦਾ ਹੈ, ਅਤੇ ਸਚੀ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਏਸੇ ਨਾਮ ਦੇ ਏਸੇ ਬਿਧ ਸੁਣਿਆਂ ਹੀ ਮਨ ਨੂੰ "ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ"** ਦੇ ਗੁਰਵਾਕ ਭਾਵ ਵਾਲੀ ਸੱਚੀ ਤ੍ਰਿਪਤੀ ਪ੍ਰਾਪਤ ਹੁੰਦੀ ਹੈ ਅਤੇ ਨਾਮ ਸੁਣਨਹਾਰੇ ਦੇ ਸਭੇ ਦੁਖ, ਭੁੱਖ, ਰੋਗ ਦੂਰ ਹੋ ਜਾਂਦੇ ਹਨ। ਨਾਮ ਦੇ ਏਸੇ ਗੁਰਮਤਿ ਬਿਧ ਸੁਣਨ ਕਰਕੇ ਅੰਦਰੋਂ (ਘਟ ਅੰਤਰੋਂ) ਹੀ ਅਜਪਾ ਜਾਪੀ ਨਾਮ ਅਭਿਆਸ ਦਾ ਸੋਮਾ ਉਗਵਿ ਆਉਂਦਾ ਹੈ, ਸੱਚੀ ਵਡਿਆਈ ਮਈ ਸਿਫਤਿ ਸਾਲਾਹ ਦਾ ਸੱਚਾ ਆਨੰਦਮਈ ਤੋਰਾ ਤੁਰਦਾ ਹੈ। ਬਸ ! ਨਾਮ ਅਭਿਆਸੀ ਭਗਤਾਂ ਦੀ ਜਾਤਿ ਪਤਿ ਗਹਿਣ ਗਤਿ ਸਭ ਨਾਮ ਹੀ ਨਾਮ ਹੈ। ਪਰ ਗੁਰਦੀਖਿਆ ਮਈ ਗੁਰਪ੍ਰਸ਼ਾਦ ਪ੍ਰਾਪਤ ਹੋਣ ਪਰ ਹੀ ਅਤੇ ਨਿਗੁਰਿਓਂ ਸੁਗੁਰੇ ਹੋਣ ਕਰਿ ਹੀ ਇਤ ਬਿਧ ਏਹ ਨਾਮ ਧਿਆਇ ਹੁੰਦਾ ਹੈ ਅਤੇ ਇਸੇ ਗੁਰਮਤਿ ਜੁਗਤਿ ਬਿਧੀ ਕਰਿ ਦੀਖਿਯਤ ਨਾਮ ਧਿਆਇਆਂ ਹੀ ਸੱਚੀ ਲਿਵਤਾਰ ਡੋਰੀ ਹਰਿ ਚਰਨ ਕੰਵਲ ਵਿਖੇ ਲਗਦੀ ਹੈ। ਐਨ ਇੰਨ ਬਿੰਨ ਏਹੋ ਭਾਵ ਦਰਸਾਇਣੀ ਹੀ ਵਾਰ ਸਾਰੰਗ ਦੀ "ਨਾਇ ਸੁਣਿਐ" ਵਾਲੀ ਏਹ ਪਉੜੀ ਹੈ :

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥
ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥

---

* ਗੁਰਮੁਖਿ ਹਰਿ—ਵਾਹਿਗੁਰੂ

** ਰਾਮਕਲੀ ਮ: ੩ ਅਨੰਦੁ, ਪੰਨਾ ੯੧੭

ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥
ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥
ਗੁਰਮੁਖਿ ਨਾਮੁ* ਧਿਆਈਐ ਨਾਨਕ ਲਿਵਲਾਈ ॥ ੬ ॥

ਸਾਰੰਗ ਕੀ ਵਾਰ ਮ: ੪, ਪੰਨਾ ੧੨੩੯

ਏਸ ਵਾਰ (ਰਾਗ ਸਾਰੰਗ) ਦੀ ਅਗਲੀ "ਨਾਇ ਸੁਣਿਐ" ਵਾਲੀ ਪਉੜੀ (ਸੱਤਵੀਂ) ਅੰਦਰ ਨਾਮ ਸੁਣਨ ਦੇ ਪਾਰਸ ਰਸਾਇਣੀ ਫਲ ਪਰਮਾਰਥ ਦਰਸਾਇ ਕੇ ਛੇਕੜਲੀ ਤੁਕ—

"ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥੭॥"

ਵਿਚ ਸਾਫ ਫੈਸਲਾ ਕਰ ਦਿਤਾ ਹੈ, ਕਿ ਐਸਾ ਫਲ ਪ੍ਰਦਾਇਣੀ ਪਾਰਸ ਸ਼ਕਤ ਵਾਲਾ ਨਾਮ ਕੇਵਲ ਗੁਰਮਤੀਂ (ਗੁਰਮਤਿ ਦੁਆਰਾ) ਹੀ ਪਾਇਆ ਜਾ ਸਕਦਾ ਹੈ ਅਤੇ ਗੁਰਮਤਿ ਦੁਆਰਾ ਹੀ ਨਾਮ ਨਾਮੀ ਦੇ ਗੁਣ, ਸਚੇ ਗੁਣ ਗਾਏ ਜਾ ਸਕਦੇ ਹਨ,ਹੋਰ ਕਿਸੇ ਬਿਧ ਨਹੀਂ। ਫੇਰ "ਨਾਇ ਸੁਣੀਐ" ਦੀ ਇਜੇਹੀ ਬਰਕਤ ਨਿਰੂਪਨੀ ਅਗਲੇਰੀ ਪਉੜੀ (ਅੱਠਵੀਂ) ਭੀ ਅੰਧੇਰ ਬਿਨਾਸ਼ਕ, ਘਟਿ ਚਾਨਣ ਮਈ ਨੂਰ ਅੰਤਰਿ ਆਤਮੇ ਪ੍ਰਜੁਲਤ ਹੋਣ, ਆਦਿਕ ਨਾਮ ਸੁਣਨ ਦੇ ਵੇਕੋ ਵੇਕੀ ਬਿਸਮ ਬਿਨੋਦੀ ਜ਼ਹੂਰ ਪ੍ਰਗਟਾਉਂਦੀ ਹੋਈ ਅੰਤਲੀ ਤੁਕ—

"ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥"

ਵਿਚ ਏਹ ਸਿੱਟਾ ਕਢਦੀ ਹੈ ਕਿ ਉਹ ਨਾਮ, ਜਿਸ ਦੇ ਸੁਣਨ ਕਰਕੇ ਮੁਖ ਉਜਲੇ ਹੁੰਦੇ ਹਨ (ਈਹਾਂ ਊਹਾਂ ਲੋਕ ਪਰਲੋਕ ਵਿਖੇ), ਗੁਰੂ ਘਰ ਦਾ ਅਰਥਾਤ ਗੁਰ ਉਪਦੇਸਿਆ ਗੁਰਮੁਖਿ ਹੀ ਧਿਆਉਂਦਾ ਹੈ। ਮਨਮੁਖਾਂ, ਗੁਰੂ ਤੇ ਬੇ-ਮੁਖਾਂ ਤੋਂ ਏਹ ਨਾਮ ਨਹੀਂ ਧਿਆਇਆ ਜਾਂਦਾ। "ਨਾਇ ਸੁਣਿਐ" ਅਤੇ "ਗੁਰਮੁਖਿ ਧਿਆਵੈ" ਇਕੋ ਤੁਕ ਅੰਦਰ ਏਹ ਦੋਈ ਗੱਲਾਂ ਵਿੱਦਤ ਹਨ। ਗੁਰਮੁਖਿ ਨਾਮ ਅਭਿਆਸੀ ਨਾਮ ਸੁਣਦਾ ਹੈ ਤਾਂ ਭੀ ਧਿਆਉਂਦਾ ਹੈ, ਨਾਮ ਧਿਆਉਂਦਾ ਹੈ ਤਾਂ ਭੀ ਸੁਣਦਾ ਹੈ।

ਸਾਰੰਗ ਵਾਰ ਦੀ "ਨਾਇ ਮੰਨਿਐ" ਨਿਰੂਪਨੀ ਦਸਵੀਂ ਪਉੜੀ ਦੀ ਤੀਜੀ ਤੁਕ—

"ਨਾਇ ਮੰਨਿਐ ਸੁਣਿ ਉਧਰੇ ਜਿਨ੍ਹ ਰਸਨ ਰਸਾਇਆ ॥"

ਇਸ ਗੁਰਮਤਿ ਗੂੜ੍ਹ ਗਲ ਦਾ ਭਾਵ ਖੋਲ੍ਹਦੀ ਹੈ ਕਿ ਗੁਰਮਤਿ ਨਾਮ ਨੂੰ ਜੋ ਸੁਣਦਾ ਹੈ ਅਰਥਾਤ ਗੁਰਮੰਤ੍ਰ ਨੂੰ ਗੁਰੂ ਦੁਆਰਿਓਂ ਜੋ ਪੂਰਨ ਗੁਰਮਤਿ ਜੁਗਤਿ ਬਿਧੀ ਪੂਰਬਕ ਲੈਂਦਾ ਹੈ, ਓਸੇ ਨੂੰ ਨਾਮ ਦ੍ਰਿੜ੍ਹ ਹੁੰਦਾ ਹੈ। ਇਸੇ ਬਿਧ ਨਾਮ

* ਗੁਰਮੁਖਿ ਨਾਮੁ—ਵਾਹਿਗੁਰੂ ਨਾਮੁ

ਦ੍ਰਿੜ੍ਹ ਹੋਣਾ ਨਾਮ ਦਾ ਮੰਨਣਾ ਹੈ, ਨਾਮ ਮੰਨੇ ਜਾਣ ਦਾ ਪ੍ਰਤੱਖ ਸਬੂਤ ਨਾਮ ਦੀ ਰਸ ਅਭਿਆਸ ਕਮਾਈ ਕਰਨ ਲਗ ਜਾਣ ਵਿਚ ਹੈ। ਭਾਵ ਤਿਸੈ ਦਾ ਨਾਮ ਮੰਨਣਾ ਪ੍ਰਵਾਣ ਹੈ, ਜੋ ਤਤਕਾਲ ਹੀ ਨਾਮ ਜਪਣ ਲਗ ਗਿਆ। ਜੋ ਨਾਮ ਜਪਣ ਲਗ ਪਿਆ ਉਸ ਨੇ ਨਾਮ ਦੀਖਿਆ ਨੂੰ ਸੱਤ ਕਰਕੇ ਮੰਨ ਲਿਆ। ਨਾਮ ਜਦੋਂ ਰਸਨਾ ਵਿਚ ਰਸ ਜਾਂਦਾ ਹੈ, ਉਸ ਆਤਮ ਅਵਸਥਾ ਵਿਚ ਨਾਮ ਰਸਨ-ਰਸ-ਰਸੀਆ ਨਾਮ ਜਾਪ ਦੇ ਨਾਲੋਂ ਨਾਲ ਨਾਮ ਅਭਿਆਸ ਦੀ ਧੁਨੀ ਭੀ ਅੰਤ੍ਰਗਤ ਸੁਣਦਾ ਰਹਿੰਦਾ ਹੈ। ਏਸ ਧੁਨੀ ਵਿਚ ਸਰਵਣ ਰਚੇ ਰਸੇ ਰਹਿੰਦੇ ਹਨ, ਅਤੇ ਜਿਹਬਾ ਜਾਪ ਵਿਖੇ ਰਸ ਰਚੰਨੀ ਹੋਈ ਰਹਿੰਦੀ ਹੈ। ਇਸ ਬਿਧਿ ਅੰਤ੍ਰਗਤਿ ਰਸਨ ਰਸੰਨਾ ਅਤੇ ਸਰੋਤ ਸੁਣਨ ਸੁਰਤੰਨਾ ਨਾਮ ਅਭਿਆਸ ਦੇ ਅਭਿਆਸੀ ਜਨ ਦਾ ਆਤਮ ਉਧਾਰ ਹੋ ਜਾਂਦਾ ਹੈ। ਏਸੇ ਪਉੜੀ ਦੀ ਅੰਤਲੀ ਤੁਕ—

"ਨਾਨਕ ਨਾਮੁ ਤਿਨੀ ਸਲਾਹਿਆ ਜਿਨ ਗੁਰੂ ਮਿਲਾਇਆ ॥"

ਏਸ ਗੁਰਮਤਿ ਅਸੂਲ ਦਾ ਨਿਗਰ ਨਿਰਣਾ ਫੇਰ ਕਰਦੀ ਹੈ ਕਿ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਿਫਤਿ ਸਾਲਾਹ ਤਿਨਾਂ ਤੋਂ ਹੀ ਹੋਇ ਆਵੰਦੀ ਹੈ, ਜਿਨ੍ਹਾਂ ਨੂੰ ਗੁਰੂ ਮਿਲ ਗਿਆ,ਅਰਥਾਤ ਜਿਨ੍ਹਾਂ ਨੇ ਸਚੇ ਗੁਰੂ ਸਤਿਗੁਰੂ ਨੂੰ ਧਾਰਨ ਕਰ ਲਿਆ ਹੈ। ਗੁਰੂ ਹੀਣਿਆਂ, ਮੀਣਿਆਂ, ਨਿਗੁਰੇ ਪੁਰਸ਼ਾਂ ਨੂੰ ਏਹ ਸਿਫਤਿ ਸਾਲਾਹ ਪ੍ਰਾਪਤ ਹੀ ਨਹੀਂ ਹੁੰਦੀ। ਨਾ ਹੀ ਨਿਗੁਰਿਆਂ ਤੋਂ ਨਾਮ ਅਭਿਆਸ ਕਮਾਈ ਹੋ ਸਕਦੀ ਹੈ।

ਵਾਰ ਸਾਰੰਗ ਦੀ ('ਨਾਇ ਮੰਨਿਐ' ਵਾਲੀ) ਗਿਆਰਵੀਂ ਪਉੜੀ ਦੀ ਅੰਤਲੀ ਤੁਕ—

"ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥"

ਭੀ ਏਹ ਗੁਰਮਤਿ ਨਾਮ ਆਦਰਸ਼ ਨਿਸਚੇ ਕਰਾਉਂਦੀ ਹੈ ਕਿ ਗੁਰਮਤਿ ਨਾਮ ਰੂਪੀ ਅਮੋਲੇ ਰਤਨ ਦੇ ਕੇਵਲ ਗੁਰੂ ਦੇ ਗੁਰਮੁਖਿ ਸਿਖ ਹੀ ਅਭਿਆਸ ਵਾਪਾਰੀ ਹੋ ਸਕਦੇ ਸਨ। ਮਨਮੁਖ ਏਸ ਰਤਨ ਵਾਪਾਰ ਦੀ ਸਾਰ ਕੀ ਜਾਨਣ ? 'ਨਾਇ ਮੰਨਿਐ' ਦੀ ਇਸ ਵਾਰ ਵਿਚ ਆਈ ਆਖਰੀ ਪਉੜੀ (ਬਾਰਵੀਂ) ਦੀ ਆਖਰੀ ਤੁਕ—

"ਨਾਨਕ ਪੂਰੇ ਗੁਰ ਤੇ ਨਾਉ ਮੰਨਿਐ ਜਿਨ ਦੇਵੈ ਸੋਈ ॥"

ਭੀ ਏਹੋ ਗੁਰਮਤਿ ਸਿਧਾਂਤ ਸਿਧ ਕਰਦੀ ਹੈ, ਕਿ ਨਾਉਂ ਮੰਨਣ ਵਾਲਾ ਦ੍ਰਿੜ੍ਹ ਨਿਸਚਾ ਪੂਰੇ ਗੁਰੂ ਦੇ ਦਰੋਂ ਘਰੋਂ ਦਿਤੀ ਨਾਮ ਦੀਖਿਆ ਦੁਆਰਾ ਹੀ ਹੋ ਸਕਦਾ ਹੈ, ਪਰ ਜੀਹਨੂੰ ਸਤਿਗੁਰੂ ਪੂਰਾ ਏਹ ਸੱਚੀ ਦਾਤ ਦੇਵੇ। ਸਚੀ ਗੁਰੱਤ ਤੋਂ ਉਰੇ ਡਿੰਭੀ ਗੁਰੂ ਡੰਮੀਏ ਦੀਖਕਾਂ ਦੇ ਦੁਆਰੇ ਕੁਦੁਆਰੇ ਤੋਂ ਏਹ ਦਾਤ ਨਹੀਂ

ਨਸੀਬ ਹੁੰਦੀ। ਜੋ ਏਸ ਦਾਤਿ ਤੋਂ ਵਰੋਸਾਏ, ਸੋ ਪੂਰੇ ਸੂਰੇ ਗੁਰੂ ਸਤਿਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਹੀ ਵਰੋਸਾਏ ਅਤੇ ਇਸ ਦਾਤ ਤੋਂ ਇਸ ਘਰੋਂ ਵਰੋਸਾਏ। ਨਾਮ ਅਭਿਆਸੀ ਗੁਰਮੁਖ ਜਨਾਂ ਨੂੰ 'ਨਾਇ ਸੁਣਿਐ' 'ਨਾਇ ਮੰਨਿਐ' ਦੀਆਂ ਪਉੜੀਆਂ ਵਿਚ ਬਹੁ ਬਹੁ ਭਾਂਤ ਕਰ ਵਿਦਤਾਈ ਨਾਮ ਫਲ ਪਰਦਾਤਨਾ ਦੀ ਸੱਚੀ ਲਭਤਾ ਸੱਚ ਮੁਚ ਪ੍ਰਾਪਤ ਹੋ ਗਈ। ਇਸ ਵਿਚ ਰੰਚਕ ਸੰਦੇਹ ਨਾ ਜਾਣੋ।

'ਮੰਨੇ' ਦੀ ਗਤਿ 'ਸੁਣਿਐ' ਦੇ ਆਸਰੇ ਹੀ ਸਾਲਾਹੁਣ ਜੋਗ ਹੈ, ਜਿਸ ਨੇ ਗੁਰਦੁਆਰਿਓਂ ਨਾਮ ਸੁਣਿਆ ਹੀ ਨਹੀਂ, (ਅਰਥਾਤ ਜਿਸ ਨੇ ਗੁਰਮੰਤ੍ਰ ਰੂਪੀ ਦੀਖਿਆ ਹੀ ਨਹੀਂ ਲਈ) ਉਸ ਨੂੰ ਨਾਮ ਦੇ ਮੰਨਣ ਦੀ ਬਿਧਿ ਗਤਿ ਪ੍ਰਾਪਤ ਹੀ ਨਹੀਂ ਹੋ ਸਕਦੀ। ਹਾਂ! ਜਿਸ ਨੇ ਨਾਮ ਗੁਰਮੰਤ੍ਰ ਦੀਖਿਆ ਸੁਣ ਕੇ ਮੰਨ ਲਈ ਹੈ, ਉਸ ਦੀ ਨਾਮ ਮੰਨਣ ਦੀ ਗਤਿ ਮਹਿਮਾ ਕਹਿਣ ਕਥਨ ਤੋਂ ਅਪਰ ਅਪਾਰ ਹੈ, ਕਿਉਂਕਿ ਉਹ ਸੁਣਨ, ਮੰਨਣ ਸਾਰ ਹੀ ਨਾਮ ਅਭਿਆਸ ਕਮਾਈ ਵਿਖੇ ਜੁਟ ਜਾਂਦਾ ਹੈ। ਤਾਂ ਤੇ ਨਾਮ ਅਭਿਆਸ ਕਮਾਈ ਕਰਨਹਾਰੇ ਗੁਰਮੁਖ ਜਨਾ ਪ੍ਰਥਾਇ ਹੀ "ਮੰਨੇ ਕੀ ਗਤਿ ਕਹੀ ਨ ਜਾਇ" ਵਾਲੀ ਗੁਰ ਵਡੀਰੜੀ ਮਹਿਮਾ ਅਸੀਸ, ਲੋਰੀ ਉਚਾਰੀ ਫਬਦੀ ਹੈ, ਸੱਚ ਮੁੱਚ ਤਿਨਾਂ ਦੀ ਗਤਿ ਮਹਿਮਾ ਕਹਿਣ ਕਥਨ ਤੋਂ ਅਗੋਚਰੀ ਹੈ। ਗੁਰੂ ਸਾਹਿਬ ਹੀ ਇਸ ਅਕਥ ਗਤਿ ਮਹਿਮਾਂ ਨੂੰ ਕਥਨ ਲਈ ਸਮਰਥ ਹਨ। ਯਥਾ ਗੁਰਵਾਕ :

ਜਿਨੀ ਸੁਣਿਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣ ਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥...
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨੁ ਸਬਦਿ ਗੁਰੂ ਸੁਣਿ ਮੰਨਿਆ
ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥...॥੩॥

ਸਿਰੀ ਰਾਗੁ ਮ: ੩, ਪੰਨਾ ੨੭

ਇਸ ਗੁਰਵਾਕ ਦੀਆਂ ਪਿਛਲੀਆਂ ਦੁਤੁਕੀਆਂ ਵਿਚੋਂ ਪਹਿਲੀ ਤੁਕ—

"ਜਿਨ ਸਬਦਿ ਗੁਰੂ ਸੁਣਿ ਮੰਨਿਆ
ਤਿਨ ਮਨਿ ਧਿਆਇਆ ਹਰਿ ਸੋਇ ॥"

ਖੂਬ ਗਹਿ ਕਰਕੇ ਇਸ ਅਸੂਲ ਨੂੰ ਪ੍ਰਤਿਪਾਦਨ ਕਰਾਉਂਦੀ ਹੈ ਕਿ ਕੇਵਲ ਗੁਰੂ ਕੇ

ਸ਼ਬਦ (ਗੁਰਦੀਖਤ ਗੁਰਮੰਤ੍ਰ) ਦੁਆਰਾ ਸੁਣ ਕੇ ਮੰਨਿਆ ਹੋਇਆ ਨਾਮ ਹੀ ਗੁਰਸਿਖ ਦੇ ਅਭਿਆਸਨ ਧਿਆਵਨ ਜੋਗ ਹੈ। ਬਸ ! ਜਿਨ੍ਹਾਂ ਨੇ ਗੁਰ ਦੀਖਿਅਤ ਸ਼ਬਦ ਮੰਤ੍ਰ ਦੁਆਰਾ ਸੁਣ ਕੇ ਹੀ ਨਾਮ ਨੂੰ ਮੰਨਿਆ ਦ੍ਰਿੜ੍ਹ ਕੀਤਾ ਹੈ ਤਿਨ੍ਹਾਂ ਦਾ ਹੀ ਨਾਮ ਧਿਆਵਣ ਪੰਨੇ ਪੈਂਦਾ ਹੈ। ਨਾਮ ਅਭਿਆਸ ਕਮਾਈ ਰੂਪੀ ਸੇਵਾ ਕੀਤੀ ਤਿਨ੍ਹਾਂ ਦੀ ਸਫਲ ਹੈ ਜੋ ਸਤਿਗੁਰੂ ਨੂੰ ਭਾਉਂਦੀ ਹੈ। ਸਤਿਗੁਰੂ ਨੂੰ ਸੋਈ ਸ਼ਬਦ ਕਮਾਈ (ਸੇਵਾ) ਕੀਤੀ ਭਾਉਂਦੀ ਹੈ ਜੋ ਸਤਿਗੁਰੂ ਦੀਖਿਆ ਦੀ ਕਸਉਟੀ ਤੇ ਚੜ੍ਹ ਕੇ ਪੂਰੀ ਉਤਰੇ, ਜਾਂ ਇਤ ਬਿਧੀ ਪੂਰੇ ਗੁਰਮਤਿ ਤੋਲ ਕੀਤੀ ਹੋਈ ਗੁਰ ਦੀਖਿਆ ਆਦਰਸ਼ਤ ਕਮਾਈ ਕੀਤੀ ਜਾਵੇ। ਐਸੀ ਕਮਾਈ ਨਾਮ ਅਭਿਆਸ ਦੀ ਕੀਤੀ ਹੋਈ ਕੋਟਾਨ ਕ੍ਰਿਤ ਕਰੰਮੀ ਅਤੇ ਕੁਕ੍ਰਿਤ ਕਸੰਮਲੀ ਪਾਪਾਂ ਦੇ ਪਹਾੜਾਂ ਨੂੰ ਭੀ ਤੋੜਨ ਭੰਨਣ ਨੂੰ ਸਮਰਥ ਹੈ। ਏਸੇ ਪ੍ਰਥਾਇ ਹੀ ਏਹ ਗੁਰਵਾਕ ਐਨ ਘਟਦਾ ਹੈ :

> ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
> ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥
> ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥
> ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥
> ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥
>
> ਗਉੜੀ ਕੀ ਵਾਰ ਮਹਲਾ ੪, ਪੰਨਾ ੩੧੪

ਹਾਂ ਜੀ ! "ਉਪਦੇਸੁ ਜਿ ਦਿਤਾ ਸਤਿਗੁਰੂ" ਜੇਹੜਾ ਉਪਦੇਸ਼ ਸਤਿਗੁਰੂ ਨੇ ਗੁਰਸਿਖਾਂ ਪ੍ਰਤੀ ਦਿਤਾ "ਸੋ ਸੁਣਿਆ ਸਿਖੀ ਕੰਨੇ" ਸੋਈ ਗੁਰਸਿਖਾਂ ਨੇ ਸੁਚਿਆਰ ਗੁਰ ਸਿਖਾਂ ਨੇ ਕੰਨੀ ਸੁਣਨਾ ਹੈ ਅਤੇ ਇਸ ਨੂੰ ਦ੍ਰਿੜ ਕਰਕੇ ਮੰਨਣਾ ਹੈ। ਜਿਨ੍ਹਾਂ ਨੇ ਇਸ ਬਿਧ ਸਤਿਗੁਰੂ ਦਾ ਭਾਣਾ ਮੰਨਿਆ ਹੈ ਤਿਨ੍ਹਾਂ ਦੇ ਮੁਖ ਮਸਤਕ ਉਤੇ ਹੀ ਗੱਜ ਵੱਜ ਕੇ ਅਤੇ ਰੱਜ ਰੱਜ ਕੇ ਨਾਮ ਦਾ ਤੇਜਸੀ ਨੂਰ ਚੜ੍ਹਦਾ ਹੈ। ਸਤਿਗੁਰੂ ਕਾ ਤੱਤ ਭਾਣਾ ਜੋ ਸੱਚੇ ਸਾਹਿਬ ਸਤਿਗੁਰੂ ਆਪਣੇ ਗੁਰਸਿਖਾਂ ਪਾਸੋਂ ਮਨਵਾਉਣਾ ਚਾਹੁੰਦੇ ਹਨ ਤੇ ਹਰ ਵਕਤ ਮਨਾਉਣਾ ਚਾਹੁੰਦੇ ਹਨ ਓਹ ਸਤਿਗੁਰੂ ਦਾ ਗੁਰ ਦੀਖਿਆ ਰੂਪੀ ਹੁਕਮ, ਹੁਕਮਾਂ ਸਿਰ ਹੁਕਮ, ਨਾਮ ਜਪਣ ਦਾ ਉਪਦੇਸ਼ ਹੈ। ਸੋ ਜਿਨ੍ਹਾਂ ਗੁਰਸਿਖਾਂ ਨੇ ਏਸ ਹੁਕਮ ਨੂੰ ਮੰਨਿਆ ਹੈ ਤਿਨ੍ਹਾਂ ਨੇ ਹੀ ਨਾਮ ਅਭਿਆਸ ਦੀ ਕਮਾਈ ਕੀਤੀ ਹੈ ਅਤੇ ਉਸ ਅਤੁਟ ਕਮਾਈ ਦੁਆਰਾ ਉਹ ਨਾਮ ਦੇ ਚਲੂਲੇ ਰੰਗਾਂ ਨਾਲ ਰੰਗੀਜ ਕੇ ਨੂਰੋ ਨੂਰ ਹੋ ਜਾਂਦੇ ਹਨ। ਗੁਰਮੁਖ ਗੁਰਸਿਖਾਂ ਦੀ ਏਹ ਚਾਲ ਅੱਤ ਨਿਰਾਲੀ ਹੈ ਕਿ ਉਹਨਾਂ ਦਾ ਮਨ ਗੁਰ ਦੀਖਿਆ ਸੁਣ ਕੇ ਹੀ ਭਿਜਦਾ ਹੈ। ਹੋਰ ਕਿਸੇ ਤੇ ਉਹ ਭਿਜਦੇ ਨਹੀਂ, ਨਾ ਹੀ ਅਨਮਤੀਆਂ ਦੀ ਜੋਗ ਫਿਲਾਸਫੀ ਉੱਤੇ ਰੀਝਦੇ ਹਨ

ਤੇ ਨਾ ਹੀ ਆਪਣਾਆਂ ਮਨ ਮੰਨੀਆਂ ਰੀਝਾਂ ਕਾਢਾਂ ਕਢ ਕੇ ਪਸੀਜਦੇ ਹਨ ਅਤੇ ਨਾ ਹੀ ਨਵ-ਕਾਢੂਆਂ ਦੀ ਨਵੀਨ ਫਿਲਾਸਫੀ ਉਤੇ ਪਤੀਜਦੇ ਹਨ । ਬਸ :

"ਜਿਨ ਸਬਦਿ ਗੁਰੂ ਸੁਣਿ ਮੰਨਿਆ
ਤਿਨ ਮਨਿ ਧਿਆਇਆ ਹਰਿ ਸੋਇ ॥"

ਰੂਪੀ ਗੁਰਵਾਕ ਦਾ ਭਾਣਾ ਮੰਨਣ ਵਾਲੇ ਗੁਰਸਿਖ ਹੀ ਤਤ ਵਾਸਤਵੀ ਨਾਮ ਅਭਿਆਸ ਕਮਾਈਆਂ ਕਰਦੇ ਹਨ । ਹੋਰ ਐਵੇਂ ਧੰਦ ਹੀ ਪਿਟਦੇ ਹਨ । ਤੱਤ ਕਮਾਈਆਂ ਕਰਨ ਹਾਰਿਆਂ ਦਾ ਮਨ ਤਨ ਨਿਰਮਲ ਕੰਚਨ ਸੋਵਿੰਨਾ ਹੋ ਜਾਂਦਾ ਹੈ, ਕਿਉਂਕਿ ਉਹ ਅਨਦਿਨ (ਦਿਨ ਰਾਤ) ਭਗਤੀ ਵਿਚ ਰਤੇ ਰਹਿੰਦੇ ਹਨ । ਇਸ ਪ੍ਰਕਾਰ—

"ਜਿਨੀ ਸੁਣਿਕੇ ਮੰਨਿਆ ਤਿਨਾ ਨਿਜ ਘਰਿ ਵਾਸੁ"

ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਤਿਨਾਂ ਦਾ ਹੀ ਅਕਾਲ ਪੁਰਖ ਦੇ ਜੋਤੀ ਸਰੂਪ ਰੂਪੀ ਆਪਣੇ ਅਸਲੀ ਘਰ ਵਿਚ ਨਿਵਾਸ ਹੋਇਆ ਹੈ । ਤੱਤ ਨਿਰੰਜਨ ਜੋਤਿ ਸਰੂਪ ਹੀ ਜੋਤਿ ਵਿਗਾਸ ਤਾਂਘੀ ਗੁਰਮੁਖਾਂ ਦਾ ਨਿਜ ਘਰ ਹੈ । ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੀ ਗੁਣ ਸਿਫਤਿ ਸਾਲਾਹ ਦੁਆਰਾ ਹੀ ਗੁਰਮੁਖਾਂ ਦਾ ਗੁਣਤਾਸ ਗੁਰੂ ਅਕਾਲ ਪੁਰਖ ਦੇ ਨਿਜ ਮਹਿਲਾਂ ਵਿਚ ਵਾਸ ਹੁੰਦਾ ਹੈ ।

**ਨਿਜ ਘਰ**

ਗੁਣਤਾਸ ਗੁਰੂ ਅਕਾਲ ਪੁਰਖ ਦੇ ਨਿਜ ਘਰ ਮਹਿਲਾਂ ਦਾ ਨਿਵਾਸ ਸਦ ਨਵ-ਤਨ ਜੋਤਿ ਵਿਗਾਸਨੀ ਪ੍ਰਭੂ ਪ੍ਰਾਪਤੀ ਹੈ । ਸ਼ਬਦ ਗੁਰੂ ਦੇ ਰੰਗਾਂ ਵਿਚ ਰੰਗੇ ਹੋਏ ਨਾਮ ਵਿਗਾਸੀ ਗੁਰਮੁਖ ਜਨ ਹੀ ਤ੍ਰੈ ਗੁਣੀ ਮਾਇਆ ਮਲ ਤੋਂ ਰਹਿਤ ਨਿਰਲੇਪ ਨਿਰਮਲੇ ਤੁਰੀਆ ਗੁਣੀ ਤਤ ਬੇਤੇ, ਤਤ ਲਖਤੇ, ਰੱਬੀ ਬੰਦੇ ਬਣ ਸਕਦੇ ਹਨ, ਤਿਨ੍ਹਾਂ ਵਿਟਹੁ ਗੁਰੂ ਸਾਹਿਬ ਸਦ ਘੋਲ ਘੁਮਾਏ ਤੁਠ ਤੁਠਾਏ ਨਦਰੀ ਨਦਰ ਨਿਹਾਲ ਰਹਿੰਦੇ ਹਨ, ਸ਼ਬਦ ਗੁਰੂ ਗੁਣਤਾਸ ਦੀਆਂ ਸਿਫ਼ਤ ਸਾਲਾਹੀ ਨਾਮ ਕਮਾਈਆਂ ਵਾਲੇ ਸੁਹਿਰਦ ਨਾਮ ਪ੍ਰੋਤੇ ਜੋਤਿ ਵਿਗਾਸੀਆਂ ਦੇ ਘਟ ਅੰਦਰ ਸਦਾ ਹੀ ਜੋਤੀ ਸਰੂਪ ਦੀ ਸਮੁੱਚੀ ਜੋਤਿ ਦਾ ਪ੍ਰਕਾਸ਼ ਰਹਿੰਦਾ ਹੈ । ਗੁਣੀ ਗੁਣਤਾਸ ਦੇ ਸਿਫਤ ਸਾਲਾਹੀ ਗੁਣ ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਵਸਦੇ ਹਨ, ਤਿਨਾਂ ਦੇ ਅੰਤਰ ਆਤਮੇ ਜੋਤ ਸਰੂਪੀ ਗੁਣੀ ਗੁਣਤਾਸ ਵਾਹਿਗੁਰੂ ਦਾ ਹੀ ਵਿਗਾਸ ਹੈ । ਜੋ ਗੁਣੀ ਗੁਣਤਾਸ ਦੇ ਗੁਣਾਂ ਤੋਂ (ਰੱਬੀ ਗੁਣਾਂ) ਤੋਂ ਵਾਂਝੇ ਹੋਏ ਹਨ, ਤਿਨ੍ਹਾਂ ਵਿਚ ਤ੍ਰੈ ਗੁਣੀ ਗੁਣ ਭੀ ਜੋ ਹਨ, ਸੋ ਅਉਗੁਣ ਰੂਪ ਹੀ ਹਨ ਜੋ ਉਨ੍ਹਾਂ ਨੂੰ ਗੁਣੀ ਗੁਣਤਾਸ ਵਲ ਨਹੀਂ ਲਗਣ ਢੁੰਦੇ । ਤਿਨ੍ਹਾਂ ਅਵਗੁਣ ਵੰਤਿਆਂ ਤੋਂ ਗੁਣੀ ਗੁਣਤਾਸ ਪ੍ਰਭੂ ਸਦਾ ਹੀ ਦੂਰ ਰਹਿੰਦਾ ਹੈ । ਅਜੇਹੇ ਗੁਣਾਂ ਤੋਂ ਬਾਹਰੇ ਮਨਮੁਖ ਨਾਮ ਬਿਹੂਣ ਸਦਾ ਲਈ ਸਦਾ ਹੀ ਝੂਰ ਝੂਰ ਮਰਦੇ ਹਨ ।

ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥
ਸੂਹੀ ਮਹਲਾ ੫, ਪੰਨਾ ੭੬੧

ਵਾਲੇ ਗੁਰਵਾਕ ਅੰਦਰ ਦਰਸਾਈ ਦਸ਼ਾ ਹੀ ਤਿਨ੍ਹਾਂ ਦੀ ਰਹਿੰਦੀ ਹੈ। ਤ੍ਰੈ ਗੁਣੀ ਗੁਣਾਂ ਦੀ ਲਬੇੜ ਦੂਜੇ ਭਾਵ ਦੀ ਦੁਕ੍ਰਿਤ ਮਤ ਹੈ, ਭਾਵੇਂ ਕਿਡੀ ਹੀ ਉੱਚੀ ਸਹਿਸ ਸਿਆਣਪੀ ਮਤ ਹੋਵੇ, ਸੰਸਾਰ ਭਰ ਦੀਆਂ ਸਾਇੰਸ ਫਿਲਾਸਫੀਆਂ ਸਭ ਦੁਰਜਨ ਦੁਹੇਲੜੀਆਂ ਮਤਾਂ ਹਨ ਜੋ ਸੰਸਾਰੀ ਪੁਰਸ਼ਾਂ ਨੂੰ ਕਦੇ ਵੀ ਨਾਮ ਵਲ ਨਹੀਂ ਲਗਣ ਦਿੰਦੀਆਂ। ਏਹਨਾਂ ਦੀਆਂ ਜੋਗ ਧਿਆਨ ਫਿਲਾਸਫੀਆਂ ਸਭ ਦੂਜੇ ਭਾਵ ਦੀਆਂ ਕੁਮੱਤੜੀਆਂ ਹੀ ਹਨ। ਸ਼ਬਦ ਗੁਰੂ ਦੁਆਰਾ ਸੁਣੇ ਮੰਨੇ ਤੱਤ ਗਿਆਨ ਬਿਨਾਂ ਭਲਾ ਲਿਵ ਧਿਆਨ ਕਿਥੇ ?

ਸਿਰੀ ਜਪੁਜੀ ਸਾਹਿਬ ਦੀ ਬਾਣੀ ਦੇ ਟੀਕਾਕਾਰ ਜੀ "ਮੰਨੈ" ਦੀਆਂ ਪਉੜੀਆਂ ਦਾ ਟੀਕਾ ਕਰਨ ਤੋਂ ਪਹਿਲਾਂ 'ਨਾਮ ਮੰਨਣ' ਦੀ ਤਾਰੀਫ (definition) ਇਉਂ ਕਰਦੇ ਹਨ : 'ਨਾਮ ਨੂੰ ਮੰਨਣਾ ਕੀ ਹੈ ? ਜੋ ਗਿਆਨ ਤੁਰੀਆ ਦੇ ਸੰਜੋਗ ਤੋਂ ਪ੍ਰਾਪਤ ਹੋਇਆ ਹੈ, ਜਾਗ੍ਰਤ ਅਵਸਥਾ ਵਿਚ ਉਸ ਨੂੰ ਵਰਤਣਾ ਨਿਰਾ ਸਮ ਦ੍ਰਿਸਟੀ ਹੀ ਨਹੀਂ ਹੋਣਾ, ਸਮ ਵਰਤੀ ਭੀ ਹੋਣਾ।' ਤੁਰੀਆ ਵਿਚ ਜੋ ਗਿਆਨ ਟੀਕਾਕਾਰ ਜੀ ਆਪਣੇ ਪਿਛਲੇ ਕਥਨ ਅਨੁਸਾਰ ਦਸਦੇ ਹਨ, ਕੀ ਓਹ ਸੁਪਨੇ ਵਿਚ ਹੀ ਹੋਇਆ ਹੈ ਜਿਸ ਨੂੰ ਜਾਗ੍ਰਤ ਵਿਚ ਵਰਤਣਾ ਹੈ। ਹੁਣ ਤੁਰੀਆ ਦੇ ਸੰਜੋਗ ਤੋਂ ਕਿਹੜਾ ਗਿਆਨ ਪ੍ਰਾਪਤ ਹੋਇਆ ਹੈ ? ਅਤੇ ਕਿਵੇਂ ਪ੍ਰਾਪਤ ਹੋਇਆ ਹੈ ? ਉਸ ਨੂੰ ਤਾਂ ਨਿਖਾਰ ਕੇ ਅਤੇ ਨਿਰਣਾ ਕਰਕੇ ਏਥੇ ਨਹੀਂ ਦਸਿਆ,ਜੋ ਕੁਛ ਪਿਛੇ ਦਸ਼ਿਆ ਹੈ ਓਹ ਗਿਆਨ ਤਾਂ ਮਹਿਜ਼ ਏਤਨਾ ਹੀ ਹੈ ਕਿ ਤੁਰੀਆ ਵਿਚ ਪਹੁੰਚਕੇ (ਓਹਨਾਂ ਦੇ ਦਸੇ ਗਿਆਨ ਅਨੁਸਾਰ) ਨਾਮ ਦੀ ਧੁਨੀ ਸੁਣਦੀ ਹੈ, ਯਾ ਉਹਨਾਂ ਦੇ ਆਪਣੇ ਲਫਜ਼ਾਂ ਵਿਚ ਜੋ ਕੁਛ ਓਥੇ ਸੁਣਦਾ ਹੈ, ਓਹ ਨਾਮ ਹੈ। ਪਰ ਉਸ ਤੁਰੀਆ ਵਿਚ ਪਹੁੰਚ ਜੋ ਹੁੰਦੀ ਹੈ, ਸੋ ਉਹਨਾਂ ਦੇ ਦਸੇ ਅਨੁਸਾਰ ਇਮੈਜੇਨਰੀ ਮੈਡੀਟੇਸ਼ਨ ਵਾਲੀ ਮਗਜ਼ੌਲੀ ਮਾਰਕੇ (ਮਗ਼ਜ਼ ਖਪਾਈ ਕਰਕੇ) ਹੀ ਹੁੰਦੀ ਹੈ। ਮਗਜ਼ੌਲੀ ਮਾਰਕੇ ਤੁਰੇ ਤਾਰ ਹੋਈ ਤੁਰੀਆ ਅਵਸਥਾ ਐਵੇਂ ਇਕ ਇਮੈਜੇਨਰੀ (ਖਿਆਲੀ) ਅਵਸਥਾ ਹੀ ਹੈ। ਏਸ ਇਮੈਜੇਨਰੀ ਤੁਰੀਆ ਅਵਸਥਾ ਵਿਚ ਸੁਣਿਆ ਨਾਮ ਭੀ ਇਮੈਜੇਨਰੀ (ਖਿਆਲੀ) ਨਾਮ ਹੀ ਹੈ ਅਤੇ ਇਸ ਇਮੈਜੇਨਰੀ ਨਾਮ ਦੇ ਸੁਣਨ ਵਾਲਾ ਗਿਆਨ (ਜੋ ਓਹ ਤੁਰੀਆ ਵਿਚ ਪ੍ਰਾਪਤ ਹੋਇਆ ਦਸਦੇ ਹਨ) ਭੀ ਇਮੈਜੇਨਰੀ ਗਿਆਨ ਹੀ ਹੈ। ਇਸ ਇਮੈਜੇਨਰੀ ਅਵਸਥਾ ਵਾਲੇ ਗਿਆਨ ਨੂੰ ਤੁਰੀਆ ਅਵਸਥਾ ਵਾਲਾ ਗਿਆਨ ਦਸਣਾ ਤਾਂ ਟੀਕਾਕਾਰ ਗਿਆਨ ਵਾਨ ਦੀ ਕਸਰ ਨਫ਼ਸੀ ਹੈ। ਵਾਸਤਵ ਵਿਚ ਏਹ ਤੁਰੀਆ ਅਵਸਥਾ ਵਾਲਾ ਗਿਆਨ ਨਹੀਂ। ਤੁਰੀਆ ਅਵਸਥਾ ਵਾਲਾ ਤੱਤ ਗਿਆਨ ਤਾਂ

ਗੁਰਮਤਿ ਅਨੁਸਾਰ ਨਾਮ ਸੁਣਨ ਮੰਨਣ ਦੇ ਤਫੈਲ ਪ੍ਰਾਪਤ ਹੋਣਾ ਹੈ, ਪਰ ਜਿਸ ਤੁਰੀਆ ਅਵਸਥਾ ਵਿਚ ਪਹੁੰਚਕੇ ਹੀ ਨਾਮ ਸੁਣਿਆ ਜਾਣਾ ਹੈ ਉਹ ਤੁਰੀਆ ਅਵਸਥਨੀ ਗਿਆਨ ਭੀ ਇਕੋ ਨਾਮ ਦੇ ਜ਼ਰੀਏ ਪ੍ਰਾਪਤ ਹੋਇਆ ਵਿਆ ਗਿਆਨ ਨ ਹੋਇਆ,ਕਿਸੇ ਹੋਰ ਜ਼ਰੀਏ ਪ੍ਰਾਪਤ ਹੋਇਆ ਵਿਆ ਗਿਆਨ ਹੀ ਗਿਣਿਆ ਜਾਊ, ਜਿਸ ਦਾ ਗੁਰਮਤਿ ਅੰਦਰ ਵਿਧਾਨ ਨਹੀਂ। ਹੋਰ ਜ਼ਰੀਆ ਜੋ ਇਸ ਗਿਆਨ ਪ੍ਰਾਪਤੀ ਦਾ ਟੀਕਾਕਾਰ ਗਿਆਨ ਵਾਨ ਜੀ ਨੇ ਗਿਆਨਿਆ ਹੈ ਓਹ ਸਿਰਫ ਮੈਡੀਟੇਸ਼ਨੀ ਸੋਚ ਵਿਚਾਰ ਯਾ ਕਨਸੰਟ੍ਰੇਸ਼ਨੀ ਜੋਗ ਜੁਗਾਰ ਹੈ ਤੇ ਜਿਸਦਾ ਗੁਰਮਤਿ ਅੰਦਰ ਪੂਰਾ ਪੂਰਾ ਖੰਡਨ ਹੈ। ਸੋ ਇਸ ਇਮੈਜੇਨਰੀ ਸੁਪਨ ਸਾਰਖੀ ਅਵਸਥਾ ਵਾਲੇ ਗਿਆਨ ਨੂੰ ਜਾਗ੍ਰਤ ਅਵਸਥਾ ਵਿਚ ਵਰਤਣ ਦੇ ਕੀ ਅਰਥ ਹੋ ਸਕਦੇ ਹਨ ? ਜੋ ਕੁਛ ਖਿਆਲੀ ਖੋਜ਼ ਵਿਚ ਯਾ ਸੁਪਨ ਸਾਰਖੀ ਸੁਪਨੰਜ ਯਾ ਸੁਣੀ ਸੁਣਾਈ ਦਸਮ ਦੁਆਰੀ ਸ਼ਨਵੌਜ ਵਿਚ ਜੋ ਕੁਛ ਸੁਣਿਆ ਪੇਖਿਆ ਜਾਏ, ਓਸ ਖੋਜ਼, ਸੁਪਨੰਜ ਯਾ ਸ਼ੁਨਵੌਜ ਨੂੰ ਜਾਗ੍ਰਤ ਵਿਚ ਵਰਤਿਆਂ ਕੀ ਸੁਬੇਹਤਾ ਹੋ ਜਾਊ ? ਕੀ ਸੁਪਨ ਅਵਸਥਾ ਯਾ ਫਰਜ਼ੀ ਤੁਰੀਆ ਅਵਸਥਾ ਦੇ ਫਰਜ਼ੀ ਗਿਆਨ ਦੀ ਕਸੌਟੀ ਲਾ ਕੇ ਪਰਖਿਆ ਹੋਇਆ ਜਾਗ੍ਰਤ ਅਵਸਥਾ ਵਾਲਾ ਗਿਆਨ, ਤਤ ਗਿਆਨ ਯਾ ਅਮਲੀ ਗਿਆਨ ਬਣ ਜਾਊ ? ਜਿਸ ਦਾ ਨਾਮ ਭਾਵੇਂ ਸਮਵਰਤੀ ਗਿਆਨ ਧਰ ਲਵੋ ਭਾਵੇਂ ਸਮਦ੍ਰਿਸ਼ਟੀ, ਪਰ ਪਰਨਾਲਾ ਤਾਂ ਥਾਉਂ ਦਾ ਥਾਉਂ ਹੀ ਰਹਿਣਾ ਹੈ। ਭਲਾ ਇਮੈਜੇਨਰੀ ਮੈਡੀਟੇਸ਼ਨ ਦੁਆਰਾ ਫਰਜ਼ੀ ਤੁਰੀਆ ਅਵਸਥਾ ਵਿਚ ਪਹੁੰਚ ਕੇ ਸੁਣੇ ਨਾਮ ਵਾਲਾ ਗਿਆਨ ਕਿਵੇਂ ਸਮਦ੍ਰਿਸ਼ਟੀ ਗਿਆਨ ਕਹਾਊ ? ਅਤੇ ਇਸ ਸਮਦ੍ਰਿਸ਼ਟੀ ਗਿਆਨ ਨੂੰ ਜਾਗ੍ਰਤ ਵਿਚ ਵਰਤਣ ਨਾਲ ਉਕਤ ਸੁਪਨੰਤਰੀ ਅਸਤਿ ਅਤੇ ਵਹਿਮ ਗੁਮਾਨੀ ਗਿਆਨ ਕਿਵੇਂ ਤੱਤ ਗਿਆਨ ਬਣ ਜਾਊ ? ਏਹ ਸਾਰੀ ਲਾਜਕ (ਨਯਾਯ) ਸਰਾਸਰ ਫੈਲਸੀਆਂ (ਖਾਮੀਆਂ) ਦੀ ਭਰੀ ਹੋਈ ਹੈ। ਜੇ ਤਾਂ ਕਹਿਣ ਮਾਤਰੀ ਤੁਰੀਆ ਅਵਸਥਾ ਵਿਚ ਸੁਣਿਆ ਨਾਮ ਜਾਗ੍ਰਤ ਅਵਸਥਾ ਸਮੇਂ ਜਪਿਆ ਅਭਿਆਸਿਆ ਜਾਵੇ, ਤਦ ਤਾਂ ਸਮਝ ਵੀ ਲਿਆ ਜਾ ਸਕਦਾ ਹੈ ਕਿ ਸਮਦ੍ਰਿਸਟੀਆ ਗਿਆਨ ਵਰਤੋਂ ਵਿਚ ਆ ਗਿਆ ਅਤੇ ਸਮਵਰਤੀਆ ਗਿਆਨ ਬਣ ਗਿਆ। ਪਰ ਜੇ ਉਸ ਨਾਮ ਨੂੰ ਜਾਪ.ਅਭਿਆਸ ਵਿਚ ਲਿਆ ਕੇ ਵਰਤਣਾ ਹੀ ਨਹੀਂ, ਤਾਂ ਤਿਸ ਸੁਣੇ ਨਾਮ ਦੀ ਕਿਆਸੀ ਸਮ ਵਰਤੋਂ ਕੈਸੀ, ਐਵੇਂ ਸਮਦ੍ਰਿਸਟੀ ਤੇ ਸਮ ਵਰਤੀ ਦੇ ਫੋਕਟ ਨਾਮ ਹੀ ਫੋਕੇ ਗਿਆਨਵਾਨਾਂ ਜੋ ਧਰ ਲਏ ਹਨ। ਤਾਂਤੇ ਟੀਕਾਕਾਰ ਜੀ ਨੇ ਜੋ ਨਾਮ ਸੁਣਨ ਨਾਲੋਂ ਨਾਮ ਮੰਨਣ ਦਾ ਵਾਧਾ ਵਿਖਾਇਆ ਹੈ, ਏਹ ਵਾਧਾ ਸਿਧ ਤਾਂ ਨਾ ਹੋਇਆ, ਐਵੇਂ ਉਕਤੀ ਯੁਕਤੀ ਵਾਲੀ ਗਿਆਨ ਘੋਟ ਖਰੜ ਫਿਲਾਸਫੀ ਹੀ ਰਹੀ। ਟੀਕਾ ਕਾਰ ਜੀ ਆਪਣੀ ਨਿਜ ਲਾਜੀਸ਼ੀ ਨਾਮ

ਫਿਲਾਸਫੀ ਅਨੁਸਾਰ, ਅਕਾਲ ਪੁਰਖ ਦੀ ਸਰਬ ਵਿਆਪਕਤਾ ਦੇ ਹੋਂਦ ਦੇ ਅਹਿਸਾਸ ਅਤੇ ਅਨੁਮਾਨ ਨੂੰ ਨਾਮ ਜਪਣਾ ਸਮਝਦੇ ਹਨ। ਪਰ ਏਹ ਅਹਿਸਾਸ ਤੇ ਅਨੁਮਾਨ ਤਾਂ ਓਹਨਾਂ ਦੀ ਕਲਪਤ ਫਿਲਾਸਫੀ ਅਨੁਸਾਰ ਓਦੋਂ ਹੀ ਹੋ ਜਾਣਾ ਹੈ, ਜਦੋਂ ਕਿ ਤੁਰੀਆ ਅਵਸਥਾ ਵਿਚ ਪਹੁੰਚਕੇ ਓਹਨਾਂ ਨੇ ਨਾਮ ਸੁਣ ਲਿਆ। ਜੇ ਤੁਰੀਆ ਅਵਸਥਾ ਵਿਚ ਪਹੁੰਚਕੇ ਨਾਮ ਸੁਣਕੇ ਭੀ ਨਾਮ ਦੀ ਹੋਂਦ ਦਾ ਅਹਿਸਾਸ ਅਨੁਮਾਨ ਨਹੀਂ ਹੁੰਦਾ, ਤਾਂ ਨਾਮ ਮੰਨਣ ਵਾਲੀ ਸਮ-ਵਰਤਨੀ ਹੋਂਦ ਨੂੰ ਅਹਿਸਾਸਣ ਅਤੇ ਅਨੁਮਾਨਣ ਲਈ ਉਹਨਾਂ ਨੂੰ ਤੁਰੀਆ ਤੋਂ ਭੀ ਉਪਰ ਕੋਈ ਹੋਰ ਅਵਸਥਾ ਘੜਨੀ ਯਾ ਫਰਜ਼ਨੀ ਪਊ। ਏਹ ਸਭ ਘਾੜਾ ਘਾੜੀ ਦੀਆਂ ਟਪਲੇ ਬਾਜ਼ੀਆਂ ਹੀ ਹਨ। ਗੁਰਮਤਿ ਅਨੁਸਾਰ ਜਿਥੇ ਨਾਮ ਦੇ ਮੰਨਣ ਨਾਲ :

"ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਨ ਕੀ ਸੁਧਿ ॥"

ਵਾਲੀ ਪਰਮਾਰਥ ਫਲ ਘਟਨਾ ਵਰਤ ਜਾਂਦੀ ਹੈ, ਓਥੇ ਨਾਮ ਸੁਣਨ ਨਾਲ :

"ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥"
"ਨਾਇ ਸੁਣਿਐ ਸਹਜੁ ਊਪਜੈ"

ਸਾਰੰਗ ਕੀ ਵਾਰ ਮ: ੧, ਪੰਨਾ ੧੨੪੦

ਵਾਲੀ ਬਰਾਬਰ ਦੀ ਘਟਨਾ ਵੀ ਵਰਤਦੀ ਹੈ, ਜਿਥੇ ਨਾਮ ਦੇ ਮੰਨਣ ਕਰ :

"ਮੰਨੈ ਮੁਹਿ ਚੋਟਾ ਨਾ ਖਾਇ ॥ਮੰਨੈ ਜਮ ਕੈ ਸਾਥਿ ਨ ਜਾਇ ॥"

ਵਾਲੀ ਪਰਮਾਰਥ ਫਲ ਦਾਤਨੀ ਫਜ਼ੀਲਤ ਪ੍ਰਸਿੱਧ ਹੈ, ਓਥੇ :

"ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥"

ਵਾਲੀ ਨਾਮ ਸੁਣਨ ਦੀ ਫਲ ਸਿਧਾਂਤ ਸਿਧਨੀ ਸ੍ਰੇਸ਼ਟਤਾ ਭੀ ਗੁਰਮਤਿ ਅਨਕੂਲ ਹੈ। ਜਿਥੇ :

"ਮੰਨੈ ਮਾਰਗਿ ਠਾਕ ਨਾ ਪਾਇ ॥
ਮੰਨੈ ਪਤਿ ਸਿਉ ਪਰਗਟੁ ਜਾਇ ॥"

ਵਾਲੀ ਨਾਮ ਮੰਨਣ ਦੀ ਮਹਿਮਾ ਵਿਦਤ ਹੈ ਉਥੇ :

"ਨਾਨਕ ਨਾਇ ਸੁਣਿਐ ਮੁਖ ਉਜਲੇ"

ਤੇ : "ਸੁਣਿਐ ਅੰਧੇ ਪਾਵਹਿ ਰਾਹੁ"

ਵਾਲਾ ਨਾਮ ਸੁਣਨ ਦਾ ਮਹਾਤਮ ਭੀ ਸਪਸ਼ਟ ਹੈ।

ਏਹਨਾਂ ਵੰਨਗੀ ਮਾਤਰ ਉਦਾਹਰਨਾਂ ਤੋਂ ਸਿਧ ਹੈ ਕਿ ਗੁਰਮਤਿ ਅੰਦਰ ਤਾਂ 'ਨਾਮ ਸੁਣਨ' ਅਤੇ 'ਨਾਮ ਮੰਨਣ' ਦੀ ਮਹਿਮਾ ਮਹਾਤਮੀ ਪਰਮਾਰਥ ਪਾਰਸਤਾ ਦੇ ਸਮਸਰੀ ਸਾਂਝੇ ਸਮਾਨ ਸਿਧਾਂਤ ਹਨ।

ਤੁਰੀਆ ਅਵਸਥਾ ਦੀ ਸਮਦ੍ਰਿਸ਼ਟਤਾ ਅਤੇ ਸਮਵਰਤਤਾ ਦੀ ਅਗਾਧ ਬੋਧਨੀ ਬੋਧ ਵਾਲੇ ਟੀਕਾਕਾਰ ਜੀ ਨੇ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਦਾ ਟੀਕਾਕਾਰੀ ਅਰਥ ਬੋਧ ਜਣਾਉਂਦੇ ਹੋਏ, ਇਹਨਾਂ ਪਉੜੀਆਂ ਅੰਦਰ ਆਏ ਸਿਧਾਂਤਾਂ ਤੋਂ 'ਸੁਣਿਐ' ਪਦ ਦੀ ਸਮਦ੍ਰਿਸਟਤਾ ਅਤੇ 'ਮੰਨੈ' ਪਦ ਦੀ ਸਪ-ਵਰਤਤਾ ਦਾ ਭੇਦ ਕਿਤੇ ਨਹੀਂ ਨਿਖਾਰਿਆ ਅਤੇ 'ਸੁਣਿਐ' ਨਾਲੋਂ 'ਮੰਨੈ' ਦੀ ਸਪਸ਼ਟ ਵਿਸ਼ੇਸ਼ਤਾ ਕਿਤੇ ਨਹੀਂ ਦਿਖਲਾਈ। ਨਾ ਹੀ ਇਹ ਗਲ ਨਿਖਾਰ ਕੇ ਸਿਧ ਕੀਤੀ ਹੈ ਕਿ ਨਾਮ ਮੰਨਣ ਦੀ ਸਮਵਰਤਤਾ ਦਾ ਭਾਵ ਉਹਨਾਂ ਕੀ ਨਿਰਣਾਇਆ ਹੈ ? ਕੁਛ ਭੀ ਨਹੀਂ ! ਨਿਰਣਾਉਣ ਤਾਂ ਤਦ, ਜੇ ਸਚ ਮੁਚ ਕੁਛ ਨਿਰਣਾ ਹੋਇਆ ਹੋਵੇ। ਸਭ ਸੁਣੀਆਂ ਸੁਣਾਈਆਂ ਗਲਾਂ ਹਨ, ਏਹ ਅਗਲਾ ਗੁਰਵਾਕ ਦਸਦਾ ਹੈ ਕਿ :

ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥
ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ ॥
ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ ॥

ਮ: ੩, ਵਡਹੰਸ ਕੀ ਵਾਰ ਮ: ੪, ਪੰਨਾ ੫੯੦

ਐਵੇਂ ਆਵਾਗਉਣ ਅਨਮਤੀ ਲੋਗਾਂ ਤੋਂ ਰਵਾਂ ਰਵੀਂ ਸੁਣ ਸੁਣਾਕੇ ਯਾ "ਕਾਚੇ ਗੁਰ ਤੇ ਮੁਕਤਿ ਨ ਹੂਆ"* ਗੁਰਵਾਕ ਦੇ ਘਟੇ ਭਾਵ ਵਾਲੇ ਕਚਿਆਂ ਡਿੰਭੀ ਮੀਣੇ ਗੁਰੂਆਂ ਤੋਂ ਕਚ-ਪਿਚੀਆਂ ਜੁਗਤਿ ਬਿਧੀਆਂ ਸਿਖ ਸਿਖਾ ਕੇ ਨਾਮ ਅਭਿਆਸ ਦਾ ਸੁਆਦ ਨਹੀਂ ਆਉਂਦਾ। ਸੁਆਦ ਕਿਵੇਂ ਆਵੇ ? ਨਾਮ ਦੀ ਜਾਣ ਪਛਾਣ ਸਾਰ ਸੁੰਧਕ ਹੀ ਨਹੀਂ ਆ ਸਕਦੀ, ਜਦ ਤਾਈਂ ਗੁਰੂ ਧਾਰਕੇ ਨਿਗੁਰਿਓਂ ਸਗੁਰਾ ਬਣਕੇ ਗੁਰੂ ਦੁਆਰਿਓਂ ਗੁਰ ਦੀਖਿਆ ਪੂਰਨ ਗੁਰਮਤਿ ਬਿਧੀ ਅਨੁਸਾਰ ਲੈ ਕੇ ਕੋਈ ਜਗਿਆਸੂ ਜਨ ਗੁਰਸ਼ਬਦ ਨਾਮ ਵਿਖੇ ਨ ਲਗ ਜਾਵੇ, ਅਰਥਾਤ ਨਾਮ ਅਭਿਆਸ ਕਮਾਈ ਕਰਨ ਵਿਚ ਨਾ ਜੁਟ ਜਾਵੇ। ਸਤਿਗੁਰ ਦਾ ਸੇਵਕ ਸਿਖ ਸ਼ਰਧਾਲੂ ਬਣਕੇ ਹੀ ਨਾਮ ਮਨ ਵਿਚ ਵਸਦਾ ਹੈ। ਇਸ ਬਿਧ ਸਰਧਾ ਭਾਵਨੀ ਸਹਿਤ ਸਤਿਗੁਰੂ ਦਾ ਸਿਖ ਸੇਵਕ ਬਣਕੇ ਜਿਸ ਦੇ ਹਿਰਦੇ ਵਿਚ ਨਾਮ ਵਸ਼ ਜਾਂਦਾ ਹੈ, ਤਿਸੇ ਦਾ ਦੁਬਿਧਾ ਰੂਪੀ ਭਰਮ ਭਉ ਵਿਚਹੁੰ (ਅੰਤਸ਼ਕਰਣ ਵਿਚਹੁੰ) ਦੂਰ ਹੁੰਦਾ ਹੈ। ਫੇਰ ਜੇਹੋ ਜੇਹੀ ਸਤਿਗੁਰੂ ਉਤੇ ਜਿਸ ਕਿਸੇ ਦੀ ਸ਼ਰਧਾ ਭਾਵਨੀ ਹੁੰਦੀ ਹੈ, ਤੇਹਾ ਹੀ ਮਨ, ਬਚ, ਕਰਮ ਕਰਕੇ ਓਹ ਹੋਵੇ, ਤਾਂ ਉਸ ਜਗਿਆਸੂ ਜਨ ਦੀ ਸਚੇ ਨਾਮ ਵਿਚ ਲਿਵ ਲਗਦੀ ਹੈ। ਗੁਰੂ

---

* ਰਾਮਕਲੀ ਮ: ੧ ਦਖਣੀ ਓਅੰਕਾਰੁ (ਪਉੜੀ ੨੧), ਪੰਨਾ ੯੩੨

ਨਾਨਕ ਸਾਹਿਬ ਜੀ ਸਾਖਾ ਭਰਦੇ ਹਨ ਕਿ ਗੁਰਮਤਿ ਨਾਮ ਦੁਆਰਾ ਹੀ ਏਹ ਵਡਿਆਈ (ਲਿਵਤਾਰ ਬਵੰਸਥਾ ਵਾਲੀ) ਮਿਲਦੀ ਹੈ ਅਤੇ ਅਜੇਹੇ ਲਿਵਤਾਰ ਵਡਿਆਈ ਵਾਲੇ ਗੁਰਮੁਖਿ ਅਭਿਆਸੀ ਜਨ ਹੀ ਅਗੇ ਸਚੀ ਦਰਗਾਹ ਵਿਚ ਗਏ ਸੋਂਹਦੇ ਹਨ।

ਜਿਨਾਂ ਸਚਿਆਰ ਜਗਿਆਸੂ ਜਨਾਂ ਦੀ ਸਤਿਗੁਰ ਉਤੇ ਸੱਚੀ ਸ਼ਰਧਾ ਭਾਵਨੀ ਹੋ ਆਉਂਦੀ ਹੈ, ਓਹ ਸਤਿਗੁਰੂ ਦਾ ਹੁਕਮ ਸਤਿ ਸਤਿ ਮੰਨਦੇ ਹਨ, ਅਤੇ ਮਨ, ਬਚ, ਕਰਮ ਕਰਕੇ ਮੰਨਦੇ ਹਨ। ਓਹ ਸਤਿਗੁਰੂ ਦੇ ਸਰੇ ਉਪਦੇਸ਼ ਰੂਪੀ ਹੁਕਮਾਂ ਸਿਰ ਹੁਕਮ ("ਏਕੁ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ")* ਗੁਰਮਤਿ ਨਾਮ ਨੂੰ ਅਤੇ ਇਸ ਨਾਮ ਦੀ ਗੁਰਬਾਣੀ ਵਿਖੇ ਗਾਈ ਮਹੱਤਤਾ ਮਹਿਮਾ ਨੂੰ ਸੁਣ ਸੁਣ ਕੇ ਹੋਰ ਭੀ ਉਸ ਨਾਮ ਜਪਣ ਰੂਪੀ ਸਤਿਗੁਰੂ ਦੀ ਹੁਕਮ ਰਜ਼ਾਈ ਆਗਿਆ ਮੰਨਣ ਲਈ ਤੱਤ ਪਰ ਹੋ ਜਾਂਦੇ ਹਨ, ਅਤੇ ਸਦਾ ਤੱਤ ਪਰ ਹੋਏ ਰਹਿੰਦੇ ਹਨ। ਵਧੇਰੇ ਤੋਂ ਵਧੇਰੇ ਤੱਤ ਪਰ ਹੋਵੰਦੇ ਵਿਗਸੋਵੰਦੇ ਹਨ। ਐਥੋਂ ਤਾਈਂ ਕਿ ਉਹ ਅਠੋ ਪਹਿਰ ਨਾਮੀ ਵਾਹਿਗੁਰੂ ਹਰੀ ਪਰਮਾਤਮਾ ਦੇ ਸਿਫਤਿ ਸਾਲਾਹੀ ਗੁਣ ਗਾਉਂਦੇ ਰਹਿੰਦੇ ਹਨ, ਰਜਦੇ ਅਘਾਵੰਦੇ ਨਹੀਂ। ਇਸ ਬਿਧ ਗੁਣ ਗਾ ਗਾ ਕੇ ਪਾਰਸ ਗੁਣਾਂ ਦੀ ਪਾਰਸ ਕਮਾਈ ਦੇ ਤੁਫੈਲ ਉਹ ਪਰਮ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ ਅਤੇ ਗੁਰੂ ਦੇ ਪਰਸਾਦ ਕਰਕੇ ਓਹਨਾਂ ਦੀ ਸੱਚੀ ਲਿਵ ਲਗ ਜਾਂਦੀ ਹੈ, ਇਹ ਲਿਵ ਕੇਵਲ ਗੁਰੂ ਦੇ ਪ੍ਰਸਾਦ ਕਰਕੇ ਹੀ ਲਗਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਗੱਲ ਦੀ ਸਾਖਾ ਭਰਦੇ ਹਨ, ਸੋ ਗੁਰਸਿਖਾਂ ਨੂੰ ਸਿਰੀ ਸਤਿਗੁਰੂ ਨਾਨਕ ਸਾਹਿਬ ਦੀ ਦ੍ਰਿੜਾਈ ਸਿਖਿਆ ਸਾਖਾ ਤੇ ਭਰੋਸਾ ਹੋਣਾ ਚਾਹੀਦਾ ਹੈ, ਨਾ ਕਿ ਆਨਮਤਾਂ ਦੀ ਸੁਣੀ ਸੁਣਾਈ ਸਿਖਿਆ ਪਰ।

ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਣਿਓ ਰੀ ॥

ਆਸਾ ਮ: ੫, ਪੰਨਾ ੩੮੪

ਵਾਹੁ ਬਿਸਮਾਦੀ (ਅਸਚਰਜ) ਨਾਮ ਜਦ ਗੁਰਮੰਤ੍ਰ ਰੂਪੀ ਗੁਰਦੀਖਿਆ ਦੁਆਰਾ ਕੰਨੀ ਸੁਣਿਆ ਤਾਂ ਏਹ ਗੁਰਸ਼ਬਦ ਗੁਰਮਤਿ ਨਾਮ ਰੂਪੀ ਮਹਾਂ ਮੰਤਰ ਹਿਰਦੇ ਵਿਚ ਵਸਿਆ। ਏਹ ਹਿਰਦੇ ਵਸਿਆ ਧਸਿਆ ਨਾਮ ਐਸੀ ਅੰਮ੍ਰਿਤ ਕਲਾ ਜ਼ਹੂਰਾਉਂਦਾ ਹੈ, ਕਿ ਏਹੋ ਨਾਮ ਆਪਣੀ ਪਾਰਸ ਰਸਾਇਣੀ ਕੁਦਰਤ ਨਾਲ ਰਸਨੀ ਰਸਿਆ ਤੇ ਸ੍ਰਵਣੀ ਸਰੱਸਿਆ ਨਾਮ ਬਣ ਜਾਂਦਾ ਹੈ। ਜਿਸ ਅੰਮ੍ਰਿਤ ਨਾਮ ਨੂੰ ਨਾਲੇ ਅੰਤਰਿ ਗਤਿ ਸੁਣੀਦਾ ਹੈ, ਅਤੇ ਨਾਲੇ ਧਿਆਈਦਾ ਹੈ, ਤੇ

---

* ਸਿਰੀ ਰਾਗੁ ਮ: ੧, ਪੰਨਾ ੭੧-੭੨

ਮਹਿਮਾ ਮਹੋਉਤਸ਼ਵ ਅੰਦਰ ਆਠ ਪਹਿਰ ਗਾਈਦਾ ਹੈ। ਨਾਮ ਨਾਮੀ ਦੀਆਂ ਗੁਣ ਮਿੱਠਤਾਂ ਜੋ ਸਮਸਰ ਹੀ ਸਾਲਾਹੁਣ ਗਾਉਣ ਜੋਗ ਹੁੰਦੀਆਂ ਹਨ। ਯਥਾ ਗੁਰਵਾਕ :

ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥
ਆਠ ਪਹਰ ਤੇਰੇ ਗੁਣ ਗਾਵਾ ॥

ਸੂਹੀ ਮਹਲਾ ੫, ਪੰਨਾ ੭੪੦

ਗੁਰਮਤਿ ਨਾਮ ਦੀ ਗੁਣਾਂ ਵਾਲੀ ਸਿਫਤਿ (ਮਹਿਮਾ) ਨੂੰ ਸਾਲਾਹੁਣ, ਗਾਉਣ ਅਤੇ ਸ੍ਰਵਣੀ ਸੁਣਨ ਅਤੇ ਸੁਣ ਸੁਣ ਕੇ ਬਿਸਮਾਉਣ ਤੇ ਬਿਸਮ ਰੰਗਾਂ ਵਿਚ ਰੰਗੀਜ ਕੇ ਨਾਮ ਦੀ ਗੁਰਬਾਣੀ ਰੂਪੀ ਗੁਣ ਸਿਫਤਾਂ ਨੂੰ ਮੁੜਿ ਮੁੜਿ ਗਾਉਣ ਅਤੇ ਗਾਉਂਦੇ ਰਹਿਣ ਨੂੰ ਅੱਗੇ ਰਖਿਆ ਹੈ। ਜਿਹਾ ਕਿ ਗੁਰਵਾਕ ਇਸ ਬਿਧ ਨਿਰੂਪਨ ਕਰਾਉਂਦਾ ਹੈ :

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥
ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥

ਸੂਹੀ ਮਹਲਾ ੫, ਪੰਨਾ ੭੮੦

ਸਿਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਗੁਣਾ ਪੁੰਜ, ਗੁਣੀ ਵਾਹਿਗੁਰੂ, ਨਾਮੀ, ਹਰੀ ਪਰਮਾਤਮਾ ਦੇ ਅਬਿਨਾਸ਼ੀ ਗੁਣਾਂ ਦੇ ਭੰਡਾਰ ਹਨ। ਕੇਵਲ ਏਹਨਾਂ ਅਬਿਨਾਸ਼ੀ ਗੁਣਾਂ ਅੰਦਰ ਹੀ ਅੰਮ੍ਰਿਤ ਨਾਮ ਦੀ ਪਾਰਸ ਤਾਸੀਰ ਵਾਲਾ ਤਲਿਸਮ ਹੈ। ਇਹਨਾਂ ਗੁਣਾਂ ਨੂੰ ਗਾਵਣਾ ਅਤੇ ਸੁਣਨਾ ਐਸਾ ਪਾਰਸ ਰਸਾਇਣੀ ਮੁਅਜਜ਼ਾ ਰਖਦਾ ਹੈ ਕਿ ਇਸ ਨੂੰ ਸੁਣ ਸੁਣ ਕੇ ਜਨਮ ਜਨਮਾਂ ਦੀ ਲਗੀ ਮੈਲ ਵਾਲਾ ਮਲੀਨ ਮਨ ਨਿਰਮਲ ਹੋ ਜਾਂਦਾ ਹੈ। ਮਨ ਹੀ ਨਿਰਮਲ ਨਹੀਂ ਹੁੰਦਾ ਬਲਕਿ ਕਾਲ ਦੀ ਫਾਸੀ ਹੀ ਕਟੀ ਜਾਂਦੀ ਹੈ। ਸੋ ਸੱਚੇ ਪਾਤਸਾਹ ਸਤਿਗੁਰੂ ਏਹਨਾਂ ਅਬਿਨਾਸੀ ਗੁਣਾਂ ਦੇ ਸ੍ਰਵਣੀ ਸੁਣਨ ਦੀ ਅਪਰ ਅਪਾਰੀ ਮਹੱਤਤਾ ਨੂੰ ਮੁਖ ਰਖ ਕੇ ਅਕਾਲ ਪੁਰਖ ਅਗੇ ਸਨਮੁਖ ਜਾਚਨਾ ਕਰਦੇ ਹਨ (ਕੇਵਲ ਅਸਾਡੇ ਅਲਪਗ ਸੰਸਾਰੀ ਜੀਵਾਂ ਦੀ ਖਾਤਰ ਕਰਦੇ ਹਨ) ਕਿ ਹੇ ਪ੍ਰੀਤਮ ਪ੍ਰਭੂ ! ਤੂੰ ਆਪਣੇ ਜਗਿਆਸੂ ਜਨਾਂ ਨੂੰ ਕਰੋੜਾਂ ਹੀ ਕੰਨ ਬਖਸ਼, ਜਿਨ੍ਹਾਂ ਕਰਕੇ ਤੇਰੇ ਅਬਿਨਾਸੀ ਗੁਣਾਂ ਨੂੰ ਸਦ ਸਦਾ ਹੀ ਸੁਣਦੇ ਰਹੀਏ, ਜਿਨ੍ਹਾਂ ਨੂੰ ਸੁਣ ਸੁਣ ਕੇ ਸੁਣਨ ਹਾਰਿਆਂ ਦੇ ਮਨ ਸੱਚ ਮੁੱਚ ਹੀ ਨਿਰਮਲ ਹੋ ਜਾਂਦੇ ਹਨ

ਅਤੇ ਜਮ ਦੀ ਕਾਲ ਫਾਸ਼ ਕਟੀ ਜਾਂਦੀ ਹੈ, ਏਹਨਾਂ ਅਬਿਨਾਸੀ ਗੁਣਾਂ ਦੇ ਸੁਣਨ ਦੀ ਪਾਰਸ ਰਸਾਇਣੀ ਤਾਸੀਰ ਨਾਮ ਦੀ ਸਿਮਰਨ ਕਲਾ ਭੀ ਨਾਲੋ ਨਾਲ ਉਪਜਾਉਂਦੀ ਤੇ ਵਧ ਤੋਂ ਵਧ ਵਧਾਉਂਦੀ ਹੈ। ਗੁਣਾਂ ਨੂੰ ਸਰਵਣ ਕਰਦੇ ਹੋਏ ਨਾਮ ਦੀ ਸਿਮਰਨ ਕਲਾ ਨੂੰ ਜੋ ਚੜ੍ਹਦੀ ਤੋਂ ਚੜ੍ਹਦੀ ਆਤਮ ਤ੍ਰੰਗਣੀ ਰੰਗਣ ਦੇ ਜੋਤਿ ਵਿਗਾਸੀ ਫੰਗ ਲਗਦੇ ਹਨ, 'ਇਸ ਅਵਸਥਾ ਨੂੰ ਤਾਂ ਕੇਵਲ ਨਾਮ ਅਭਿਆਸੀ ਹੀ ਲਖ ਜਾਚ ਸਕਦੇ ਹਨ, ਤਾਂ ਹੀ ਤੇ :

"ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ
ਕਟੀਐ ਕਾਲ ਕੀ ਫਾਸੀ ਰਾਮ ॥"

ਦੇ ਨਾਲ ਲਗਦੀ ਏਹ ਤੁਕ ਵਿਦਮਾਨ ਹੈ—

"ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥"

ਅਬਿਨਾਸੀ ਗੁਣਾਂ ਮਈ ਜਸ ਸਿਫਤਿ ਸਾਲਾਹ ਸੁਣ ਸੁਣ ਕੇ, ਦਹਿ ਬਾਲਾ ਹੋਈ ਸਿਮਰਨ ਕਲਾ, ਅਤੇ ਸਿਮਰਨ ਤੋਂ ਸਰਵਣਾਂ ਅੰਦਰ ਭੇਦੀ ਅੰਮ੍ਰਿਤ ਰਸ ਨਾਦ ਅਨਾਹਦੀ ਧੁਨਕਾਰ ਸੰਮਿਲਤ ਦੀ ਪਾਰਸ ਰਸਾਇਣੀ ਤਾਸੀਰ ਦੁਆਰਾ, ਨਾ ਸਿਰਫ ਸੁਰਤਿ ਸ਼ਬਦ ਵਾਲੇ ਨਾਮ ਅਭਿਆਸੀ ਦੀ ਕਾਲ (ਜਮ) ਫਾਸੀ ਹੀ ਕੱਟੀ ਜਾਂਦੀ ਹੈ, ਬਲਕਿ ਉਸ ਨੂੰ ਸਾਕਸ਼ਾਤ ਜੋਤਿ ਵਿਗਾਸੀ ਗਿਆਨ ਦੀ ਗੰਮਤਾ ਭੀ ਹੋ ਜਾਂਦੀ ਹੈ। ਇਸ ਬਿਧ ਪ੍ਰਾਪਤ ਹੋਏ, ਸੰਜੋਗ ਸੰਜੋਏ ਸ੍ਰਵਣ ਸੁਰਤ ਸੰਜੋਗੀ, ਜਾਪ ਸੁਜਾਪ ਨੂੰ ਦਿਨ ਰਾਤੀ ਜਪਣਾ ਯਾ ਖਿਨ ਖਿਨ ਜਪੀ ਜਾਣ ਦਾ ਗੁਰੂ ਦ੍ਰਿੜ੍ਹਾਇਆ ਅਕਾਲੀ ਹੁਕਮ ਹੈ ਜਿਸ ਨੂੰ ਕਮਾਉਣ ਕਰ ਸਹਜ ਅਵਸਥਾ ਵਿਖੇ ਲਿਵ ਧਿਆਨ ਜਾ ਕੇ ਜੁੜਦਾ ਹੈ। ਲੋਕੀਂ ਐਵੇਂ ਗੱਲਾਂ ਬਾਤਾਂ ਨਾਲ ਏਹ ਸਹਜ (ਤੁਰੀਆ) ਪਦ ਪਾਇਆ ਲੋੜਦੇ ਹਨ ਅਤੇ ਸੁੱਕੀ ਮੈਡੀਟੇਸ਼ਨ ਥੀਊਰੀ ਦੇ ਥੀਊਰਾਉਣ ਨੂੰ ਹੀ ਸਹਜ ਪਦ ਦਾ ਲਖਾਇਕ ਗਰਦਾਨੀ ਫਿਰਦੇ ਹਨ। ਐਥੇ ਸੁੱਕੀਆਂ ਥੀਊਰੀਆਂ ਤੋਂ ਕੰਮ ਨਹੀਂ ਚਲਦਾ, ਗੁਰਮਤਿ ਅੰਦਰ ਤਾਂ ਪ੍ਰਭੂ ਦੀ ਨਾਮ ਚਿਤਾਰਨੀ ਸਿਮਰਨ ਚੰਭੁਕ ਬੂਟੀ ਸੱਚ ਮੁੱਚ ਕਲਮਲ ਦੁਖ ਟਾਰਨੀ, ਅਤੇ ਦੁਰਮਤਿ ਮਤਿ ਮਾਰਿ ਵਿਡਾਰਣੀ ਹੈ। ਤਾਂ ਤੇ ਉਪਰਲੇ ਗੁਰਵਾਕ ਦਾ ਸਿੱਟਾ ਸਫੁੱਟ ਕਰਦੇ ਹੋਏ ਸਿਰੀ ਗੁਰੂ ਨਾਨਕ ਸਾਹਿਬ ਜੀਉ ਏਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਰਮਤ ਰਾਮ ਪਰਮੇਸ਼ਰ ਦੇ ਅਬਿਨਾਸ਼ੀ ਗੁਣਾਂ ਨੂੰ ਹੀ ਹਰ ਦਮ ਸੁਣਦੇ ਰਹੀਏ। ਹਰ ਦਮ ਸੁਣਦੇ ਰਹਿਣ ਵਾਲਾ ਅਤੇ ਦੰਮ ਬਦੰਮ ਜਪੀਂਦੇ ਰਹਿਣ ਵਾਲਾ ਸਰਬ ਗੁਣਾਂ ਗੁਣ ਊਤਮੋ ਗੁਰਮਤਿ ਨਾਮ ਹੀ ਹੈ।

"ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥"*

---

* ਬਿਹਾਗੜੇ ਕੀ ਵ[illegible] ੩, ਪੰਨਾ ੫੫੬।

ਦੀ ਸ਼ਰਤ ਪੂਰਾ ਕਰਨ ਵਾਲਾ ਗੁਰਮਤਿ ਨਾਮ ਹੀ ਹੈ, ਜਿਸ ਨੂੰ ਸੰਮਾਲਣ ਹਾਰਾ ਸੁਆਸ ਸੁਆਸ ਨਾਮ ਨਾਮ ਜਪਦਾ ਹੈ ਅਤੇ ਨਾਮ ਸੁਣਦਾ ਭੀ ਹੈ। 'ਸੰਮ੍ਹਾਲਣ' ਦੇ ਪਦ ਵਿਚ ਸਿਮਰਨ, ਸੁਰਤਿ ਸ੍ਰਵਣ ਦੋਈ ਸ਼ਰਤਾਂ ਪੂਰੀਆਂ ਹੋ ਜਾਂਦੀਆਂ ਹਨ। ਤਾਂ ਤੇ ਗੁਰਬਾਣੀ ਅੰਦਰ ਆਏ ਸੰਮ੍ਹਲਣ ਵਾਲੇ ਪਦ ਤੱਤ ਵਿਲੱਖਣੀ ਮਾਅਨੇ ਰਖਦੇ ਹਨ। ਸਿਮਰਨ ਕਰਦੇ ਹੋਏ ਸਿਮਰਨ ਕਮਾਈ ਨੂੰ ਸੰਮ੍ਹਾਲਣਾ ਕਿਸੇ ਸੂਰੇ ਦਾ ਕੰਮ ਹੈ। ਸਿਮਰਨੋ ਉਦੋਤ ਹੋਈ ਸਰੋਦ ਸੁਰਤੀ ਨੂੰ ਸ਼ਬਦ ਜਾਪ ਅਜਾਪ ਦੇ ਨਾਲੋਂ ਨਾਲ ਜੋੜੀ ਰਖਣਾ ਏਹ ਨਾਮ ਸੰਮ੍ਹਾਲਣ ਦੇ ਅਰਥਾਂ ਦਾ ਇਕ ਹੱਲ ਹੋਇਆ ਤਨਕ ਮਾਤ੍ਰੀ ਗੁਰਮਤਿ ਮੁਇੰਮਾ ਹੈ। ਹੋਰ ਦੀਗਰ ਰਾਜ਼ ਮੁਇਮੇ ਨਾਮ ਸਮ੍ਹਾਲਣ ਦੇ, ਨਾਮ ਸਮ੍ਹਾਲਣ ਦੀ ਅਜਰ ਸ਼ਕਤੀ ਵਾਲੇ ਅਜਰ ਜਰੀਏ ਹੀ ਜਾਣਦੇ ਹਨ, ਅਤੇ ਜਾਣ ਕੇ, ਅਜਰ ਜਰਾਣ ਕੇ, ਅੰਦਰੇ ਹੀ ਅੰਦਰ ਆਨੰਦ ਮਾਣਦੇ ਹਨ। ਜਣਾਉਂਦੇ ਲਖਾਉਂਦੇ ਕਿਸੇ ਨੂੰ ਨਹੀਂ, ਅਲੱਖ ਨੂੰ ਲੱਖ ਕੇ ਅੰਦਰੇ ਹੀ ਅੰਦਰ ਜਰਦੇ ਹਨ।

ਗੁਰਮਤਿ ਨਾਮ ਨੂੰ ਬਾਰੰਬਾਰ ਉਚਾਰਨਾ ਏਹ ਐਸੀ ਬਾਣੀ ਹੈ ਕਿ ਜਿਸ ਨੂੰ ਉਚਾਰਨ ਸਮੇਂ, ਸੁਣ ਸੁਣ ਕੇ ਉਚਾਰਨ ਸੁਨਣਹਾਰੇ ਅਰਥਾਤ ਨਾਮ ਨੂੰ ਸੰਮ੍ਹਾਲਣ ਹਾਰੇ ਅਭਿਆਸੀ ਜਨਾਂ ਦੀ ਪਰਮ ਗਤੀ ਹੋ ਜਾਂਦੀ ਹੈ। ਯਥਾ ਗੁਰਵਾਕ :

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮਗਤਿ ਮੇਰੀ ॥

ਮਾਝ ਮ: ੫, ਪੰਨਾ ੧੦੩

'ਹਰਿ' ਪਦ ਨੂੰ 'ਹਰਿ ਹਰਿ' ਕਰਕੇ ਦੋ ਬਾਰ ਉਚਾਰਿਆ ਲਿਖਣਾ ਇਸ ਗਲ ਨੂੰ ਸਿਧ ਕਰਦਾ ਹੈ, ਕਿ 'ਹਰਿ ਹਰਿ ਬਾਣੀ' ਤੋਂ ਭਾਵ ਬਾਰੰਬਾਰ ਸਿਮਰਨ ਵਾਲੇ ਗੁਰਮਤਿ ਨਾਮ ਤੋਂ ਹੈ।

'ਨਾਮ ਸੰਮਾਲਣ' ਦੇ ਲਫਜ਼ਾਂ ਅੰਦਰ ਨਾਮ ਨੂੰ ਸੁਣਕੇ ਮੰਨਣ ਦਾ ਸਮੁੱਚਾ ਗੁਰਮਤਿ ਭਾਵ ਆ ਗਿਆ, ਹੁਣ ਗੁਰਮਤਿ ਨਾਮ ਨੂੰ ਸੁਣ ਕੇ ਮੰਨਣ ਪਰਥਾਇ ਕੁਛ ਕੁ ਗੁਰਵਾਕ ਦੇ ਕੇ ਇਸ ਪਰਕਰਣ ਨੂੰ ਸਮਾਪਤ ਕੀਤਾ ਜਾਂਦਾ ਹੈ।

ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤ ਸੰਗਤਿ ਮੇਲਾਈ ॥੧੭॥
ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥੧੮॥
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥੧੯॥

ਰਾਮਕਲੀ ਮਹਲਾ ੩ ਅਸਟਪਦੀਆ, ਪੰਨਾ ੯੧੦

ਗੁਰਮੁਖੋਂ ਸੁਣ ਸੁਣ,ਗੁਰ ਦੀਖਿਆ ਰੂਪੀ ਗੁਰਮੰਤ੍ਰ,ਗੁਰੂ ਦੁਆਰਿਓਂ ਸੁਣਕੇ (ਲੈ ਕੇ) ਗੁਰਮੁਖ ਦੀਖਿਆ ਪਾਤਰ ਜਨ ਨਾਮ ਮੁਖਿ ਬਾਣੀ ਸ੍ਰਵਣਾਂ ਤੇ ਰਸਨਾ ਦੁਆਰਾ ਸੰਮ੍ਹਾਲਦਾ ਹੈ ਅਤੇ ਗੁਰਮੁਖ ਪਿਆਰਿਆਂ ਦੀ ਪੁੰਜ ਸਤਿ ਸੰਗਤ ਦੇ ਮੇਲ ਮਿਲਾਪ

ਹੋਣ ਦੇ ਅਵਸਰ ਜੁੜਨ ਪਰ ਹੀ ਸੰਮ੍ਹਾਲਦਾ ਹੈ। ਇਸ ਬਿਧ ਨਾਲ ਸੰਮ੍ਹਾਲ ਸੰਮ੍ਹਾਲ ਨਾਮ ਦੇ ਗੁਣ ਗਾਉਂਦਾ ਹੈ, ਅਤੇ ਗੁਣ ਗਾ ਗਾ ਆਪਾ ਭਾਵ ਗਵਾਇ ਕੇ ਨਾਮ ਵਿਖੇ ਸਮਾ ਜਾਂਦਾ ਹੈ। ਇਤ ਬਿਧ ਦਰਿ ਸਚੈ ਸੋਭਾ ਪਾਉਂਦਾ ਹੈ। ਇਸ ਸਚੇ ਨਾਮ ਨੂੰ ਸੱਚੀ ਬਾਣੀ ਦੀ ਜਾਪ ਧੁਨੀ ਵਿਚ ਵਖਾਣਦਾ ਸੁਣਦਾ ਹੈ, (ਕੋਈ ਖਿਆਲੀ ਘੁੰ ਘੁੰ ਕੰਨਾਂ ਵਿਚ ਨਹੀਂ ਸੁਣਦਾ)। ਇਸ ਤਰ੍ਹਾਂ ਨਾਮ, ਜਾਪ ਉਚਾਰਨ ਸੰਮ੍ਹਾਲਣ ਕਰਕੇ ਉਸ ਦੀ ਨਾਮ ਅਭਿਆਸ ਕਮਾਈਆਂ ਕਰ ਕਰ ਸਚੇ ਨਾਮ ਵਿਖੇ ਹੀ ਲਿਵ ਲਗ ਜਾਂਦੀ ਹੈ :

ਕਰਣ ਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ ॥
ਸੁਨਿਸੁਨਿ ਜੀਵਉ ਮਨਿ ਇਹੁ ਬਿਸ੍ਰਾਮ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ॥
ਰਾਮਕਲੀ ਮ: ੫, ਪੰਨਾ ੮੯੪

ਭਾਵ ਅਕਾਲ ਪੁਰਖ ਦੇ ਨਾਮ ਦੀ ਜਿਨ੍ਹਾਂ ਦੇ ਮਨ ਵਿਚ ਟੇਕ ਹੈ, ਓਹ ਏਸੇ ਨਾਮ ਟੇਕ ਬਿਸਰਾਮ ਵਾਲੇ ਸਚੇ ਆਧਾਰ ਰੂਪੀ ਨਾਮ ਨੂੰ ਸੁਣ ਸੁਣਕੇ ਅਤੇ ਸੰਮ੍ਹਾਲ ਸੰਮ੍ਹਾਲ ਕੇ ਜੀਵੰਦੇ ਹਨ। ਗੁਰਮਤਿ ਨਾਮ ਦੇ ਸੰਮ੍ਹਾਲਣ ਅੰਦਰ ਐਸੀ ਪਾਰਸ ਕਲਾ ਹੈ ਜਿਸਦੇ ਸੰਮ੍ਹਾਲਣ ਕਰਕੇ ਸਾਰੇ ਪਾਪ ਖੰਡੇ ਜਾਂਦੇ ਹਨ :

ਮਨ ਮਹਿ ਰਾਮ ਨਾਮਾ ਜਾਪਿ ॥
ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ਰਹਾਉ॥
ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਣ ਕਾ ਚਾਉ ॥
ਆਸਾ ਮ: ੫, ਪੰਨਾ ੪੦੫

ਭਾਵ, ਗੁਰ ਪ੍ਰਸਾਦ ਕਰ ਗੁਰਮਤਿ ਨਾਮ ਜਾਪ ਦੁਆਰਾ ਵਾਹਿਗੁਰੂ ਹਿਰਦੇ ਵਿਚ ਵਸਦਾ ਹੈ। ਪ੍ਰੀਤਮ ਪ੍ਰਭੂ ਦਾ ਐਸਾ ਪਿਆਰਾ ਪ੍ਰਾਣ ਅਧਾਰਾ ਨਾਮ ਸੁਣ ਸੁਣ ਕੇ ਹੀ ਪ੍ਰਭ ਪੇਖਣ ਦਾ ਚਾਉ ਮਨ ਵਿਚ ਉਪਜਦਾ ਹੈ। ਏਹ ਨਾਮ ਸਰਵਣੀ ਸੁਣਨ ਦੀ ਮਹਿਮਾ ਹੈ :

ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾਕੈ ਸਦ ਬਲਿਹਾਰੈ ਜਾਉ ॥
ਗਉੜੀ ਮ: ੧, ਪੰਨਾ ੧੫੨

ਭਾਵ, ਜੋ ਗੁਰਮੁਖ ਗੁਰ ਦੀਖਿਆ ਦੁਆਰਾ ਨਾਮ ਨੂੰ ਸੁਣਕੇ ਬੁੱਝਦਾ ਹੈ ਅਤੇ ਸੁਣ ਬੁੱਝ ਕੇ ਮੰਨਦਾ ਹੈ, ਉਸ ਗੁਰਮੁਖ ਵਿਟਹੁੰ ਸੌ ਸੌ ਵਾਰ ਘੋਲ ਕੇ ਨਿਸਾਰ ਹੋਇਆ ਜਾਵੇ ਤਾਂ ਭੀ ਥੋੜਾ ਹੈ :

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥
ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ਰਹਾਉ॥

ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥
ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥
ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥
ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥੩॥
ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥
ਸਾਧ ਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋਪਾਲਾ ॥੪॥੧੦॥

ਸੋਰਠਿ ਮ: ੫, ਪੰਨਾ ੬੧੧

ਏਸ ਗੁਰਵਾਕ ਦੁਆਰਾ ਗੁਰੂ ਸਚੇ ਪਾਦਸ਼ਾਹ ਪ੍ਰਥਮ ਤਾਂ ਏਸ ਗੱਲ ਨੂੰ ਨਿਸਚਤ ਕਰਾਉਂਦੇ ਹਨ, ਕਿ ਸਾਰੀਆਂ ਮਤ ਮਤਾਂਤਰੀ ਫਿਲਾਸਫੀਆਂ, ਥੀਆਸਾਫੀਆਂ ਸਭ ਹੋਰ ਹੀ ਹਨ। ਅਗੰਮੀ ਖੋਜ ਵਿਚਾਰ ਦੁਆਰਾ, ਅਤੇ ਸਰਬਗ ਆਤਮੀ ਕਸ਼ਫ ਕਸ਼ਾਫੀ ਦਿੱਬ ਦ੍ਰਿਸ਼ਟਾਰ ਦੁਆਰਾ ਨਿਹਾਰ ਕੇ ਏਹ ਸਿੱਟਾ ਨਿਖਾਰਿਆ ਹੈ, ਕਿ ਨਾਮ, ਕੇਵਲ ਨਾਮ ਹੀ ਤੱਤ ਸਾਰ ਵਥ ਪਦਾਰਥ ਹੈ, ਜਿਸ ਨੂੰ ਗੁਰਮਤਿ ਬਿਧ ਜੁਗਤਿ ਅਨੁਸਾਰ ਨਿਮਖ ਮਾਤਰ ਆਰਾਧਿਆਂ, ਅਰਾਧਨਹਾਰੇ ਗੁਰਮੁਖ ਜਨਾਂ ਦੇ ਕਿਲਵਿਖ ਕੱਟੇ ਜਾਂਦੇ ਹਨ, ਅਤੇ ਗੁਰਮੁਖਾਂ ਦਾ ਤਤ ਨਿਸਤਾਰਾ ਪਾਰ ਉਤਾਰਾ ਹੋ ਜਾਂਦਾ ਹੈ। ਐਸੇ ਤਤ ਨਿਸਤਾਰੇ ਵਾਲੇ, ਅਤੇ ਪਾਰ ਉਤਾਰੇ ਵਾਲੇ, ਅਤੇ ਪਾਰ ਉਤਰਨ ਹਾਰੇ, ਨਿਸਤਰਤ ਹਰਿ ਰਸ ਪਾਗੇ ਗੁਰਮੁਖ ਪੁਰਖ ਗਿਆਨੀ, ਇਸ ਜੀਵਨ ਮੁਕਤਿ ਬਵਸਥਾ ਵਿਚ ਖੇਡਦੇ ਹੋਏ ਭੀ ਨਾਮ ਅਭਿਆਸ ਕਮਾਈ ਦਾ ਅਗਾਧ ਤੋਂ ਅਗਾਧ ਅੰਮ੍ਰਿਤ ਰਸ ਭੁੰਚਦੇ ਰਹਿੰਦੇ ਹਨ। ਇਉਂ ਅੰਮ੍ਰਿਤ ਰਸ ਭੁੰਚਕੇ ਅਹਿਲਾਦ ਅੰਦਰ ਅਨਹਦ ਨਾਦ ਅੰਮ੍ਰਿਤ ਸੁਆਦ ਭੀ ਤਿਨ੍ਹਾਂ ਨੂੰ ਆਵੰਦਾ ਹੈ, ਤਿਸ ਅੰਮ੍ਰਿਤ ਸੁਆਦੀ ਅਹਿਲਾਦੀ ਅਨਹਦ ਨਾਦ ਨੂੰ ਅੰਤ੍ਰਗਤੀ ਸੁਣ ਸੁਣ ਓਹਨਾਂ ਨੂੰ ਮਹਾਂ ਤ੍ਰਿਪਤੀ ਦੀ ਬਿਸਮਤਾ ਬਣਿ ਆਉਂਦੀ ਹੈ। ਤਿਨ੍ਹਾਂ ਗੁਰਮੁਖ ਸਾਧ ਜਨਾਂ ਦੀ ਪਾਰਸ ਰਸਾਇਣੀ ਰਸਨਾਂ ਤੋਂ ਉਚਰੀ ਰਸਨ ਰਟੰਨੀ, ਨਾਮ ਜਾਪ ਰੂਪ ਅੰਮ੍ਰਿਤ ਬਾਣੀ ਨੂੰ ਸੁਣ ਸੁਣ ਕੇ ਭੀ ਸੁਣਨ ਹਾਰਿਆਂ ਦਾ ਮਨ ਮਹਾਂ ਤ੍ਰਿਪਤੀ ਨੂੰ ਪ੍ਰਾਪਤ ਹੁੰਦਾ ਹੈ। ਐਸਾ ਅੰਮ੍ਰਿਤ ਨਾਮ ਸਰਬ ਸੁਖਾਂ ਕਾ ਦਾਤਾ ਹੈ, ਜਿਸ ਤੋਂ ਮੁਕਤ, ਭੁਗਤ, ਜੁਗਤ ਦਾ ਤੱਤ ਸੱਤਿ (ਸਚੁ) ਪਾਈਦਾ ਹੈ। ਐਸੀ ਤੱਤ ਸਤਿ ਪ੍ਰਦਾਇਨੀ ਪ੍ਰੇਮਭਗਤੀ ਦੀ ਦਾਤ ਪੂਰਨ ਪੁਰਖ ਬਿਧਾਤਾ ਆਪਣੇ ਨਾਮ ਅਭਿਆਸ ਕਮਾਈ ਵਾਲੇ ਗੁਰਸਿਖ ਸੇਵਕ ਦਾਸ ਨੂੰ ਹੀ ਦਿੰਦਾ ਹੈ, ਐਸੇ ਦਾਤੇ ਪ੍ਰਥਾਇ ਹੀ :

"ਸ੍ਰਵਣੀ ਸੁਣੀਏ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥"

ਵਾਲੀ ਗੁਰਪੰਗਤੀ ਵਾਲਾ ਹੁਕਮੀ ਹਿਤ ਉਪਦੇਸ਼ ਮਖਸੂਸ ਹੈ ਕਿ ਤਿਸ ਦਾਤੇ

ਦੇ ਨਾਮ ਨੂੰ ਸ੍ਰਵਣਾਂ ਕਰਕੇ ਸੁਣੀਏ,ਰਸਨਾ ਕਰਕੇ ਅਰਾਧੀਏ,ਗਾਈਏ ਅਤੇ ਹਿਰਦੇ ਕਰਕੇ ਧਿਆਈਏ। ਏਹ ਤੱਤ ਉਪਦੇਸ਼ ਰੂਪੀ ਹੁਕਮ ਨਾਮ ਅਭਿਆਸ ਕਮਾਈ ਅਰੰਭ ਕਰਨ ਹਾਰੇ ਜਗਿਆਸੂ ਜਨਾਂ ਨੂੰ ਸਨਮੁਖ ਸੌਹੇਂ ਨਿਸ਼ਾਨਾ ਰਖ ਕੇ ਉਚਾਰਨ ਕੀਤਾ ਗਿਆ ਹੈ। ਅਭਿਆਸੀ ਜਨਾਂ ਨੂੰ ਪਹਿਲਾਂ ਅਰੰਭ ਸਮੇਂ ਹੀ ਏਹੋ ਹੁਕਮ ਕਮਾਵਣਾ ਪ੍ਰਮ ਜ਼ਰੂਰੀ ਹੈ। ਹੁਕਮੀ ਦਾਤੇ ਕਰਨ ਕਾਰਨ ਸਮਰਥ ਸੁਆਮੀ ਦੇ ਘਰ ਸਭ ਕਿਛ ਹੈ, ਤਿਸ ਦੀਆਂ ਦਾਤਾਂ ਤੋਂ ਬਿਰਥਾ ਕੋਈ ਭੀ ਹੁਕਮ ਕਮਾਵਨ ਹਾਰਾ ਸਿਖ ਸੇਵਕ ਨਹੀਂ ਹੋ ਸਕਦਾ। ਵਡੇ ਭਾਗਾਂ ਕਰਕੇ ਮਾਨੁਖਾ ਜਨਮ ਮਿਲਦਾ ਹੈ, ਅਤੇ ਮਾਨੁਖਾ ਜਨਮ ਰਤਨ ਜਨਮ ਬਣ ਜਾਂਦਾ ਹੈ, ਜੇਕਰ ਕ੍ਰਿਪਾਲੂ ਵਾਹਿਗੁਰੂ ਦੀ ਕ੍ਰਿਪਾ ਨਾਲ ਏਹ ਗੁਰ ਸੰਗਤ ਵਿਚ ਹਰੀ ਗੁਣ ਗਾਉਂਦਿਆਂ ਅਤੇ ਸਦਾ ਸਿਮਰਨ ਕਰਦਿਆਂ ਹੀ ਬਤੀਤ ਹੋਵੇ :

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥
ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥
ਬਹਿਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥
ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥

ਸਾਰੰਗ ਕੀ ਵਾਰ ਮ: ੪, ਪੰਨਾ ੧੨੩੯

ਵਯਾਖਯਾ—ਨਿਰੰਜਨ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਅਰਥਾਤ ਸਤਿਨਾਮ ਗੁਰਮੰਤ੍ਰ ਗੁਰਮਤਿ ਨਾਮ ਵੀ ਨਿਰੰਜਨ ਤੇ ਨਿਰਮਲ ਹੈ, ਜਿਸ ਨੂੰ ਗੁਰ ਦੀਖਿਆ ਦੁਆਰਾ ਸੁਣਿ ਕਰਿ ਤਤ ਸੁਖ ਦੀ, ਸਚੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਕ ਗੁਰਦੀਖਤ ਸ੍ਰਵਣ ਸਰੋਤੇ ਨਾਮ ਨੂੰ ਸ਼ਬਦ ਸੁਰਤ ਦੀ ਅਭਿਆਸ ਦੀ ਤਾਰ ਦੁਆਰਾ ਸੁਣ ਸੁਣ ਕੇ ਹੀ ਮਨ ਵਿਚ ਵਸਾਈ, ਧਸਾਈ ਤੇ ਉਤਰਾਈਦਾ ਤੇ ਰੋਮ ਰੋਮ ਵਿਚ ਸੰਚਾਰੀਦਾ ਹੈ, ਪਰ ਇਸ ਗੁਰਮਤਿ ਅਲਖ ਅਭੇਵ ਜੁਗਤਿ ਨੂੰ ਕੋਈ ਵਿਰਲਾ ਗੁਰਮੁਖ ਜਨ ਹੀ ਬੁਝਦਾ ਹੈ। ਤਿਨ੍ਹਾਂ ਗੁਰਮੁਖ ਨਾਮ ਜਾਪ ਜੁਗਤੀਸ਼ਰਾਂ ਨੂੰ ਸੱਚਾ ਨਾਮੀ ਅਕਾਲ ਪੁਰਖ ਤੇ ਉਸ ਦਾ ਏਹ ਸੱਚਾ ਨਾਮ ਉਠਦਿਆਂ ਬਹਿੰਦਿਆਂ ਨਹੀਂ ਵਿਸਰਦਾ। ਐਸੇ ਨਾਮ ਅਭਿਆਸੀ ਗੁਰਮੁਖ ਭਗਤ ਜਨਾਂ ਨੂੰ ਏਹ ਸੱਚਾ ਨਾਮ ਹੀ ਆਧਾਰ ਰੂਪ ਹੈ, ਉਨ੍ਹਾਂ ਨੂੰ ਨਾਮ ਦੁਆਰਾ ਹੀ ਸੋ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਕਹਿੰਦੇ ਹਨ, ਗੁਰੂ ਨਾਨਕ ਸਾਹਿਬ ਕਿ ਉਨ੍ਹਾਂ ਦੇ ਮਨ ਤਨ ਵਿਚ ਵਾਹਿਗੁਰੂ ਰਵ ਰਹਿਆ ਹੈ, ਅਰਥਾਤ ਸਮਾ ਰਹਿਆ ਹੈ।

ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥

ਸਿਰੀ ਰਾਗੁ ਮ: ੧, ਪੰਨਾ ੧੬

 www.sikhbookclub.com

ਨਾਮ ਨੂੰ ਸੁਣਨਹਾਰੇ ਅਤੇ ਸੁਣ ਸੁਣ ਕੇ ਕਮਾਵਣਹਾਰਿਆਂ ਦੇ ਗੁਰੂ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ ।

ਵਾਹੁ ਵਾਹੁ ਨਾਮ ਦੇ ਸੁਣਨ, ਜਪਣ (ਮੰਨਣ) ਦੀ ਕੇਹੀ ਸੋਹਣੀ ਸੰਧ (ਸਾਂਝੀ ਗੰਢ) ਅਗਲੇ ਗੁਰਵਾਕ ਅੰਦਰ ਦਰਸਾਈ ਹੈ :

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹੰਉਮੈ ਪਾਪਾ ਰਾਮ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥
ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥
ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥
ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖ ਦਾਤੇ ਦੁਖ ਲਾਥੇ ਪਾਪ ਸੰਤਾਪਾ ॥
ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥
ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥
ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥
ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥

ਵਡਹੰਸੁ ਮਹਲਾ ੪, ਪੰਨਾ ੫੭੪

ਵਿਆਖਿਆ—ਗੁਰਮਤਿ ਗੁਰ ਦੀਖਿਆ ਦੁਆਰਾ ਗੁਰਮੁਖਿ ਨਾਮ (ਵਾਹਿਗੁਰੂ ਨਾਮ) ਨੂੰ ਸੁਣ ਅਤੇ ਸੁਣੀ ਜਾਣ ਕਰਕੇ ਸਾਰੇ ਰੋਗ ਅਤੇ ਪਾਪ ਬਿਨਸ ਗਏ (ਇਹ ਹਡ ਵਰਤਿਆ ਤਜਰਬਾ ਨਾਮ ਸੁਣਨ ਦੀ ਪਾਰਸ ਕਲਾ ਦਾ ਹੈ) ਅਤੇ ਗੁਰਮਤਿ ਨਾਮ ਨੂੰ ਜਪ ਜਪਿ ਕੇ ਸਭਿ ਜਗਿ ਤਾਪ ਖੰਡੇ ਗਏ, ਉਕੇ ਹੀ ਲਹਿ ਗਏ ਹਨ । ਨਾਮ ਸੁਣਨ ਅਤੇ ਜਪਣ ਦੀ ਏਹ ਸਾਂਝੀ ਆਕਰਖਣ ਕਲਾ ਹੈ। ਸੁਣਨ ਅਤੇ ਮੰਨਣ ਦੀ ਸਾਂਝੀ ਸੰਧ ਵਿਚ ਜਪੇ ਨਾਮ ਦਾ ਏਹ ਬਚਿੱਤਰ ਕ੍ਰਿਸ਼ਮਾ ਹੈ ਕਿ ਨਾਮ ਅਰਾਧਨ ਸਮੇਂ ਨਾਮ ਸੁਣਨ ਵਾਲਾ ਅਭਿਆਸ ਭੀ ਹੁੰਦਾ ਹੈ, ਨਾਲੇ ਮੰਨਣ ਰੂਪੀ ਜਾਪ ਭੀ ਹੁੰਦਾ ਰਹਿੰਦਾ ਹੈ । ਇਸ ਬਿਧ ਏਹ ਗੁਰਮਤਿ ਨਾਮ ਅਰਾਧਨ ਰੂਪੀ ਨਾਮ ਅਭਿਆਸ ਸੋਲਾਂ ਕਲਾ ਸੰਪੂਰਨ ਹੋ ਜਾਂਦਾ ਹੈ । ਇਸ ਬਿਧ ਸੁਣਨ ਮੰਨਣ ਦੀ ਸਾਂਝੀ ਸੰਧ ਵਾਲਾ ਨਾਮ ਜਿਨ੍ਹਾਂ ਨੇ ਅਰਾਧਿਆ ਹੈ, ਤਿਨ੍ਹਾਂ ਦੇ ਦੁਖ ਪਾਪ ਸਭ ਨਿਵਾਰਨ ਹੋ ਗਏ ਹਨ । ਨਿਜ ਤਜਰਬੇ ਤੋਂ ਏਹ ਪੱਕੀਆਂ ਅਜ਼ਮਾਇਸ਼ਾਂ ਹਨ । ਸਤਿਗੁਰੂ ਦੁਆਰਿਓਂ ਗੁਰਸਿਖਾਂ ਨੂੰ ਸਿਮਰਨ ਰੂਪੀ ਨਾਮ ਦਾ ਇਹ ਖੜਗ ਦਸਤਯਾਬ ਹੋਇਆ ਹੈ ਜਿਸ ਦੀ ਸ਼ਕਤ ਤੇ ਤੇਜ ਪਰਤਾਪ ਨਾਲ ਜਮ ਕੰਕਰ ਮਾਰ ਕੇ ਬਿਦਾਰ ਦਿਤੇ ਗਏ ਹਨ । ਸੁਖ ਦਾਤੇ

ਹਰੀ ਪ੍ਰਭੂ ਪ੍ਰਮਾਤਮਾ ਨੇ ਸਤਿਗੁਰੂ ਦੇ ਰਾਹੀਂ ਜਿਨ੍ਹਾਂ ਉਪਰ ਏਹ ਕਿਰਪਾ ਰੂਪੀ ਪ੍ਰਸਾਦ ਨੁਛਾਵਰ ਕੀਤਾ, ਤਿਨ੍ਹਾਂ ਦੇ ਸਭ ਪਾਪ ਸੰਤਾਪ ਲਥ ਗਏ। 'ਵਾਹਿਗੁਰੂ' ਨਾਮ ਗੁਰਮੰਤ੍ਰ ਰੂਪੀ ਗੁਰ ਦੀਖਿਆ ਸਮੇਂ ਅਤੇ ਸਿਮਰਨ ਰਾਹੀਂ ਸੁਣ ਸੁਣ ਕੇ ਸਭਿ ਪਾਪ ਹਉਮੈ ਰੋਗ ਬਿਨਸ ਗਏ। ਬਾਰੰਬਾਰ ਜਪ ਜਪ ਕੇ ਹੀ ਜਪਣਹਾਰੇ ਨੂੰ ਗੁਰਮਤਿ ਨਾਮ ਖੂਬ ਭਾਇਆ ਹੈ। ਏਹ ਗਲ ਨਾਮ ਜਪਣ ਹਾਰਿਆਂ ਨੇ ਆਪ ਤਜਰਬਾ ਕਰਕੇ ਖੂਬ ਦੇਖ ਲਈ ਹੈ। ਮੁਖੋਂ ਗੁਰਮਤਿ ਗੁਰ ਦੀਖਤ ਨਾਮ ਵਾਹਿਗੁਰੂ ਜਪ ਜਪ ਕੇ ਸਭ ਰੋਗਾਂ ਘਾਣ ਵਾਲਾ ਪਰਤਿਆਵਾ ਕਰਕੇ ਅਬਿਨਾਸੀ ਜਨਾਂ ਵੇਖ ਵਰਤ ਲਿਆ ਹੈ। ਵਾਹਿਗੁਰੂ ਨਾਮ ਜਪ ਜਪ ਕੇ ਸਾਰੇ ਹੀ ਰੋਗ ਗਵਾ ਲਏ ਹਨ। ਜਪਣ ਹਾਰਿਆਂ ਦਾ ਏਹ ਜ਼ਾਤੀ ਤਜਰਬਾ ਹੈ ਕਿ ਏਹ ਗੁਰਮਤਿ ਨਾਮ ਜਪ ਕੇ ਓਹ ਅਰੋਗ ਨਿਰਦੋਖ ਹੋ ਗਏ ਹਨ। ਅਤੇ ਇਸ ਗਹਿਰ ਗੰਭੀਰ ਤੇ ਗੁਰਮਤਿ ਨਾਮ ਜਾਪ ਦੇ ਪ੍ਰਤਾਪ ਕਰਕੇ ਉਹਨਾਂ ਦੀ ਹਰੀ ਪ੍ਰਮਾਤਮਾ ਵਿਖੇ ਸਹਜ ਸਮਾਧ ਲਗ ਗਈ ਹੈ ਅਤੇ ਦਿਨ ਰਾਤ ਲਗੀ ਰਹਿੰਦੀ ਹੈ। ਗਹਿਰ ਗੰਭੀਰ ਜਾਪ ਦੇ ਪਾਰਸ ਪ੍ਰਭਾਵੀ ਪਰਤਾਪ ਦੀ ਏਹ ਪਰਤੱਖ ਪੇਖੀ ਸ਼ਹਾਦਤ ਹੈ।

ਏਹ ਸਹਿਜ ਸਮਾਧੀ ਗੁਰਮਤਿ ਨਾਮ ਜਾਪ ਕਮਾਈ ਦੇ ਪਰਤਾਪ ਨਾਲ ਲਗਦੀ ਹੈ। ਸਮਾਧੀ ਤੋਂ ਪਹਿਲਾਂ ਨਾਮ ਦੀ ਪ੍ਰਾਪਤੀ ਅਤੇ ਗੁਰਮਤਿ ਦੁਆਰਾ ਪ੍ਰਾਪਤ ਹੋਏ ਨਾਮ ਦੀ ਅਤੁਟ ਕਮਾਈ ਪਰਮ ਲਾਜ਼ਮੀ ਹੈ, ਨਾ ਕਿ ਟੀਕਾਕਾਰ ਦੇ ਖਿਆਲੀ ਫਲਸਫੇ ਅਨੁਸਾਰ ਸਮਾਧੀ ਪਿਛੋਂ ਨਾਮ ਸੁਣਾਈ ਦਿੰਦਾ ਹੈ, ਗੁਰਮਤਿ ਨਾਮ ਦੁਆਰਾ ਧਿਆਏ ਤੋਂ ਹੀ ਏਹ ਸਹਿਜ ਸਮਾਧੀ ਵਾਲਾ ਪਰਮ ਪਦਾਰਥ ਪ੍ਰਾਪਤ ਹੁੰਦਾ ਹੈ,ਐਵੇਂ ਨਹੀਂ। ਏਹ ਗੁਰਮਤਿ ਨਾਮ ਭਾਵੇਂ ਕਿਸੇ ਭੀ ਕਹੌਤੀ ਜ਼ਾਤੀ ਵਾਲੇ ਛੂਤ ਅਛੂਤ ਨੇ ਗੁਰਮਤਿ ਜੁਗਤੀ ਅਨੁਸਾਰ ਧਿਆਇਆ, ਉਸ ਦੀ ਹੀ ਪਰਮ ਗਤੀ ਹੋ ਗਈ ਹੈ, ਤੇ ਉਸ ਨੂੰ ਹੀ ਏਹ ਪਰਮ ਪਦਾਰਥ ਪ੍ਰਾਪਤ ਹੋ ਗਿਆ ਹੈ। ਏਹ ਸ਼ਹਾਦਤ ਭੀ ਸਤਿਗੁਰ ਸਾਹਿਬ ਦੇ ਪੇਖੇ ਪਰਖੇ ਜ਼ਾਤੀ ਤਜਰਬੇ ਦੀ ਹੈ, ਐਸੇ ਪਾਰਸ ਪਰਤਾਪੀ ਗੁਰਮਤਿ ਨਾਮ ਦਾ ਨੀਚਹੁ ਊਚ ਕਰਨ ਹਾਰਾ ਮੁਅਜਜ਼ਾ ਵੀ ਨਾਮ ਦਾ ਬਾਰੰਬਾਰ ਜਾਪ ਜਪਣਾ ਸਤਿਗੁਰ ਸਾਹਿਬ ਫੁਰਮਾਉਂਦੇ ਹਨ। ਅਗਲਾ ਗੁਰਵਾਕ ਨਾਮ ਮੰਨਣ ਦੀ ਮਹਿਮਾ ਸਿਫਤਿ ਸਾਲਾਹੀ ਮਹਿਮਾ ਖੂਬ ਨਿਖਾਰ ਕੇ ਪਰਗਟ ਕਰਦਾ ਹੈ। ਯਥਾ :

ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥
ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥...

ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥
ਨਾਮੁ ਸਲਾਹੇ ਸਦ ਸਦਾ ਨਾਮੇ ਮਹਲੁ ਪਾਈ ॥

ਆਸਾ ਮਹਲਾ ੩, ਪੰਨਾ ੪੨੬

ਏਹ ਸੁਣਿਆ, ਮੰਨਿਆ ਨਾਮ ਗੁਰਮਤਿ ਮਨ ਮਾਨਿਆ ਨਾਮ ਹੈ, ਨਾ ਕਿ ਐਵੇਂ ਢਕੌਂਸਲਕ ਦਿਮਾਗੀ ਖੋਜ ਨਾਲ ਇਨਫਰਿਆ। ਇਨਫਰ (infer) ਕੀਤੇ ਨਾਮ (ਇਨਫਰਤ ਨਾਮ) ਦੇ ਜਾਪ ਦੀ ਹੀ ਲੋੜ ਨਹੀਂ, ਇਨਫਰੀਆਂ ਦੀ ਕਿਆਸੀ ਇਨਫਰ ਬਾਜ਼ੀ ਅਨੁਸਾਰ। ਦੇਖੋ ਅਗਲਾ ਗੁਰਵਾਕ ਕੀ ਖੱਪੇ ਖੋਲ੍ਹਦਾ ਹੈ :

ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥
ਨਾਮੁ ਸੁਣਤ ਜਮੁ ਦੂਰਹੁ ਭਾਗੈ ॥

ਭੈਰਉ ਮਹਲਾ ੫, ਪੰਨਾ ੧੧੫੦

ਜਪਣਹਾਰਿਆਂ ਦੀ ਨਾਮ ਧੁਨੀ ਤੋਂ ਸੁਣੇ ਨਾਮ ਦੀ ਬਰਕਤ ਕਰਕੇ ਜਮੁ ਦੂਰੋਂ ਹੀ ਭਜ ਜਾਂਦਾ ਹੈ। ਨਾਮ ਲੈਣ ਹਾਰਿਆਂ (ਜਪਣ ਹਾਰਿਆਂ) ਦੇ ਨਾਮ ਲੈਣ (ਜਪਣ) ਕਰ ਕੇ ਨਾਮ ਜਪਣ ਹਾਰਿਆਂ ਨੂੰ ਕੁਛ ਬਿਘਨ ਨਹੀਂ ਲਗਦਾ, ਸਪਸ਼ਟ ਹੈ।

ਅਗਲੇਰਾ ਗੁਰਵਾਕ ਨਾਮ, ਜਾਪ ਸੁਨਣ ਦੀ ਸਪਸ਼ਟ ਸਰੋਤ ਸੁਰਤਿ ਨੂੰ ਹੋਰ ਭੀ ਨਿਖਾਰ ਦਿੰਦਾ ਹੈ ਅਤੇ ਨਾਮ ਕਮਾਈ ਸਰੋਤ ਸਿਫਤ ਸਾਲਾਹ ਦੀ ਪਾਰਸ ਕਲਾ ਨੂੰ ਹੋਰ ਭੀ ਵਿਦਤਾਉਂਦਾ ਹੈ :

ਨਾਮੁ ਸੁਣੀ ਨਾਮੋ ਮਨਿ ਭਾਵੈ ॥
ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥ ੧ ॥
ਨਾਮੁ ਜਪਹੁ ਗੁਰਮੁਖਿ ਪਰਗਾਸਾ ॥
ਨਾਮ ਬਿਨਾ ਮੈ ਧਰ ਨਹੀ ਕਾਈ
ਨਾਮੁ ਰਵਿਆ ਸਭ ਸਾਸ ਗਿਰਾਸਾ ॥ ੧ ॥ ਰਹਾਉ ॥
ਨਾਮੈ ਸੁਰਤਿ ਸੁਨੀ ਮਨਿ ਭਾਈ ॥
ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥ ੨ ॥

ਆਸਾ ਮਹਲਾ ੪, ਪੰਨਾ ੩੬੭

੧੭

# ਜਪੁਜੀ ਸਾਹਿਬ ਦੀਆਂ 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦੀ ਵਯਾਖਯਾ

ਨਾਮ ਦੇ ਸੁਣਨ ਤੇ ਮੰਨਣ ਅਰਥਾਤ 'ਸੁਣਿਐ' 'ਮੰਨੇ' ਦੀ ਵਿਆਖਿਆ ਪਿਛੇ ਆ ਚੁਕੀ ਹੈ। ਹੁਣ ਜਪੁਜੀ ਸਾਹਿਬ ਦੀਆਂ 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦੀ ਵਯਾਖਯਾ ਕੀਤੀ ਜਾਂਦੀ ਹੈ :

## (੧)

## 'ਸੁਣਿਐ' ਦੀ ਪਉੜੀਆਂ ਦੀ ਵਯਾਖਯਾ

"ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥"

ਵਯਾਖਯਾ—ਨਾਮ ਗੁਰਮੰਤ੍ਰ ਰੂਪੀ ਗੁਰਦੀਖਿਆ ਦੇ ਸੁਣਨ ਕਰਕੇ, ਅਤੇ ਸ਼ਬਦ ਸੁਰਤ ਦੀ ਕਮਾਈ ਦੁਆਰਾ ਨਾਮ ਨੂੰ ਸਦਾ ਸੁਣਦੇ ਰਹਿਣ ਕਰਕੇ, ਨਾਮ ਸਰੋਤੇ ਸੁਰਤੇ ਦੇ ਪਿਛੇ ਰਿਧੀਆਂ ਸਿਧੀਆਂ ਸੁਤੇ ਸਹਿਜ ਹੀ ਲਗੀਆਂ ਫਿਰਦੀਆਂ ਹਨ। ਜੈਸਾ ਕਿ :

"ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ"

ਵਾਲੀ ਸਾਰੰਗ ਦੀ ਵਾਰ ਵਾਲੀ ਸਤਵੀਂ ਪਉੜੀ ਦੇ ਭਾਵ ਤੋਂ ਸਿਧ ਹੈ। ਅਤੇ ਪੀਰਾਂ ਦੀਆਂ ਪੀਰੀਆਂ ਭੀ ਨਾਮ ਸਰੋਤੇ ਸੁਰਤੇ ਦੇ ਚੁਪ ਚੁਪਾਤੇ ਹੀ ਪੈਰ ਚੁੰਮਦੀਆਂ ਹਨ, ਦੇਵਤਿਆਂ ਨਾਥਾਂ ਵਾਲੇ ਸ਼ੁਭ ਗੁਣ ਭੀ ਸੁਤੇ ਸਿਧ ਹੀ ਨਾਮ ਸਰੋਤੇ ਸੁਰਤੇ ਨੂੰ ਆਣ ਪ੍ਰਾਪਤ ਹੁੰਦੇ ਹਨ, ਤਾਂਤੇ ਕੇਵਲ ਨਾਮ ਸਰੋਤੇ, ਸੁਰਤੇ ਹੀ ਤਤ ਵਾਸਤਵੀ ਸਚੇ ਪੀਰ, ਸੁਰ, ਨਾਥ ਹਨ, ਨਾਮ ਸਰੋਤੇ, ਸੁਰਤੇ ਅਭਿਆਸੀ ਜਨਾਂ ਤੋਂ ਬਿਨਾਂ ਹੋਰ ਸਭ ਕੂੜ੍ਹਾਵੇ ਸਿਧ, ਪੀਰ, ਸੁਰ, ਨਾਥ ਹਨ।

ਨਾਮ ਗੁਰਮੰਤ੍ਰ ਗੁਰਦੀਖਿਆ ਦੇ ਸੁਣਨ ਕਰਕੇ ਨਾਮ ਸਰੋਤਿਆਂ, ਸੁਰਤਿਆਂ

ਨੂੰ ਅਣਗਿਣਤ ਧਰਤੀਆਂ ਤੇ ਧਰਤੀਆਂ ਦੀਆਂ ਉਦਕਰਖਣੀ, ਥੰਮਣ ਸ਼ਕਤੀਆਂ ਅਤੇ ਅਣਗਿਣਤ ਆਕਾਸ ਅਤੇ ਬੇਅੰਤ ਦੀਪਾਂ ਲੋਆਂ, ਪਾਤਾਲਾਂ ਦਾ ਬੇਓੜਕਾ ਦਿਬ ਦ੍ਰਿਸ਼ਟੀ ਉਘਾੜ ਵਿਗਾਸ ਹੋ ਜਾਂਦਾ ਹੈ।

ਨਾਮ ਦੇ ਸੁਨਣ ਕਰਕੇ ਨਾਮ ਸੁਰਤੇ ਸਰੋਤਿਆਂ ਨੂੰ ਕਾਲ ਨਹੀਂ ਪੋਹ ਸਕਦਾ, ਅਕਾਲ ਪੁਰਖ ਦੇ ਪਾਰਸ ਰਸਾਇਣੀ ਅਕਲ ਕਲਾ ਸਪੰਨ ਕਾਲ ਰਹਿਤ ਅਕਾਲ-ਨਾਮ ਸੁਰਤੇ ਅਭਿਆਸ-ਸਰੋਤਿਆਂ ਦੇ ਨੇੜੇ ਕਾਲੁ, ਕਾਲ ਰੂਪ ਹੋ ਕੇ ਨਹੀਂ ਆਉਂਦਾ। ਨਾਮ ਸੁਰਤਿਆਂ ਨੂੰ ਮਰਨ ਕਾਲ ਦਾ ਤ੍ਰਾਸ ਹੀ ਨਹੀਂ ਉਪਜਦਾ, ਨਾ ਹੀ ਕਾਲ ਦੁਖਦਾਈ ਭਾਸਦਾ ਹੈ। ਮਰਨ ਕਾਲ ਦਾ ਦੂਖ ਦਰਦ ਪੋਹੰਦਾ ਹੀ ਨਹੀਂ, ਜੈਸਾ ਕਿ ਚੁਰਾਸੀ ਦੇ ਜੀਵਾਂ ਨੂੰ ਪੋਹੰਦਾ ਹੈ। ਚੁਰਾਸੀ ਦੇ ਜੀਵਾਂ ਨੂੰ ਤਾਂ ਏਹ ਮਰਨ ਕਾਲ ਦਾ ਤ੍ਰਾਸ ਅਤ ਭਿਆਨਕ ਰੂਪ ਭਾਸਦਾ ਹੈ। ਨਾਮ ਸੁਰਤੇ ਸਰੋਤੇ ਅਭਿਆਸੀ ਜਨ ਬਹੁੜਿ ਚੁਰਾਸੀ ਦੇ ਗੇੜ ਵਿਚ ਪੈਂਦੇ ਹੀ ਨਹੀਂ :

"ਏਕਹਿ ਆਵਨ ਫਿਰਿ ਜੋਨਿ ਨ ਆਇਆ ॥
ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥"*

ਵਾਲੀ ਅਮਰ ਅਕਾਲ ਅਵਸਥਾ ਨੂੰ ਜਾ ਪ੍ਰਾਪਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਦੁਆਰਾ ਆਈ ਏਹ ਧੁਰ ਕੀ ਅਕਾਲੀ ਬਾਣੀ ਆਖਦੀ ਹੈ ਕਿ ਨਾਮ ਦੀ ਸ਼ਕਤੀ ਵਾਲੀ ਭਗਤਿ ਕਮਾਈ ਵਾਲੇ ਭਗਤਾਂ ਨੂੰ ਸਦਾ ਹੀ ਇਨਕਸ਼ਾਫੀ ਵਿਗਾਸ ਰਹਿੰਦਾ ਹੈ ਅਤੇ ਇਸ ਆਤਮ ਉਘਾੜ ਵਾਲੀ ਸਦ-ਜੋਤਿ-ਵਿਗਾਸੀ ਸੁਰਤਿ ਅਸਥਿਰਤਾ ਦੇ ਪਰਭਾਵ ਕਰ ਕੇ ਨਾਮ ਸੁਰਤਿ ਵਿਗਾਸੀ ਜੋਤਿ ਪ੍ਰਕਾਸ਼ੀ ਅਭਿਆਸੀ ਜਨਾਂ ਦੇ ਸਾਰੇ ਦੂਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

"ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥

ਵਯਾਖਯਾ—ਨਾਮ ਗੁਰਮੰਤ੍ਰ ਗੁਰਦੀਖਿਆ ਦੇ ਸੁਣਨ ਅਤੇ ਸੁਣ ਕੇ ਸਿਮਰਨ, ਸਰਵਣਨ, ਲਿਵ ਉਨਮਨਣ ਕਰਕੇ ਸ਼ਬਦ-ਸੁਰਤਿਆਂ ਨੂੰ ਮਾਣਸੋਂ ਦੇਵਤੇ ਹੋਣ ਦੀ ਦੇਵਾਨ ਦੇਵ ਸਰਬੋਤਮੀ ਪਦਵੀ ਪ੍ਰਾਪਤ ਹੁੰਦੀ ਹੈ। ਤੱਤ ਵਾਸਤਵੀ ਸੁਰੇਸ਼ਰੀ ਸਤਿ ਮਹੱਤਤਾ ਵਾਲੇ ਈਸ਼ਰ, ਬਰਮਾ, ਇੰਦ, ਨਾਮ-ਸੁਰਤੇ ਅਭਿਆਸੀ ਗੁਰ ਸਿਖ ਜਨ ਹੀ ਹੋ ਸਕਦੇ ਹਨ। ਹਿੰਦਵੈਣ ਦੇ ਮੰਨੇ ਪ੍ਰਮੰਨੇ ਦੇਵਤੇ ਈਸਰ, ਬ੍ਰਹਮਾ, ਇੰਦ੍ਰ ਏਸ ਸਰਬ ਸ੍ਰੇਸ਼ਟ ਸਰਬੋਤਮ ਦੇਵ ਪਦ ਦੇ ਲਵੇ

* ਗਉੜੀ: ਬਾਵਨ ਅਖਰੀ ਮ: ੫, ਪੰਨਾ ੨੫੨

ਨਹੀਂ ਲਗ ਸਕਦੇ। ਐਸੀ ਹੈ, ਨਾਮ ਸਰਵਣਨ ਗੁਰਦੀਖਿਆ ਦੀ ਸ਼ਬਦ ਸੁਰਤਿ ਅਭਿਆਸ ਕਮਾਈ ਦੀ ਬਰਕਤ। ਨਾਮ ਗੁਰਦੀਖਿਆ ਦੀ ਪਾਰਸ ਰਸਾਇਣੀ ਸ੍ਰਵਣ ਕਲਾ ਕਰ ਕੇ ਹੀ ਮੁਖਾਰਬਿੰਦ ਦੁਆਰਾ ਸੁੰਦਰ ਸੁਹਾਵਣਾ ਤੱਤ ਗੁਰਮਤੀ ਅੱਤ ਸ੍ਰੇਸ਼ਟ ਸਿਮਰਨ ਸਾਲਾਹਣ ਹੁੰਦਾ ਹੈ ਅਤੇ ਸਹਜ ਸੁਭਾਵ ਹੀ ਹੋਇ ਆਵੰਦਾ ਹੈ, ਏਹ

"ਸੁਣਿਐ ਮੁਖਿ ਸਾਲਾਹਣ ਮੰਦੁ"

ਪੰਗਤੀ ਦੀ ਤੱਤ ਵਖਿਆਨਣੀ ਵਾਸਤਵ ਵਿਆਖਿਆ ਹੈ, ਪੂਰਨ ਗੁਰਮਤਿ ਰੀਤੀ ਅਨੁਸਾਰ ਪੰਜਾਂ ਪਿਆਰਿਆਂ ਦੁਆਰਾ ਪਹਿਲਾਂ ਗੁਰਮੰਤ੍ਰ ਗੁਰਦੀਖਿਆ ਰੂਪੀ ਗੁਰਮਤਿ ਨਾਮ ਅਧਿਕਾਰੀ ਜਨ ਦੇ ਸਰਵਣਾਂ ਅੰਦਰ ਹੀ ਪਰਵੇਸ਼ ਹੁੰਦਾ ਹੈ। ਇਸ ਅੰਮ੍ਰਿਤ ਨਾਮ ਦੇ ਇਸ ਬਿਧ ਸਰਵਣੀ ਪਰਵੇਸ਼ ਹੋਣ ਦੀ ਪਾਰਸ ਰਸਾ-ਇਣੀ ਚੰਭੁਕ ਕਲਾ ਤਤ ਕਾਲ ਹੀ ਏਹ ਵਰਤ ਜਾਂਦੀ ਹੈ ਕਿ ਸ੍ਰਵੰਣ, ਨਿਧਿ-ਆਸਣੀ ਗੁਰਦੀਖਿਆ ਪਾਤਰ ਅਧਿਕਾਰੀ ਜਨ ਦੇ ਮੁਖ, ਰਸਨਾਂ ਤੋਂ ਨਾਮ ਅਭਿਆਸ ਮਈ ਸਿਮਰਨ ਸਾਲਾਹੁਣ ਦੀ ਤਤ ਵਿਲੱਖਣੀ ਕ੍ਰਿਸ਼ਮ ਰਟਨਾਰ ਦਾ ਤੁਰਤ ਫੁਰਤੀ ਤੋਰਾ ਤੁਰ ਪੈਂਦਾ ਹੈ ਅਤੇ ਐਸਾ ਤੁਰਦਾ ਹੈ ਮਾਨੋਂ ਕੋਈ ਅਜ਼ਗੈਬੀ ਕੁੰਜੀ ਲਗ ਗਈ ਹੁੰਦੀ ਹੈ। ਏਹ ਅਤੀ ਸ੍ਰੇਸ਼ਟ ਕ੍ਰਿਸ਼ਮ ਸਿਫਤਿ ਸਾਲਾਹਣ ਮੁਖ ਦੁਆਰਾ ਪਿਛੋਂ ਰਟਨ ਹੁੰਦੀ ਹੈ, ਜਦ ਪਹਿਲੇ ਸਰਵਣਾਂ ਦੁਆਰਾ ਨਾਮ ਗੁਰਮੰਤ੍ਰ ਗੁਰਦੀਖਿਆ ਦੀ ਕ੍ਰਿਸ਼ਮ ਕਲਾ ਪਰਵੇਸ਼ ਹੋ ਚੁਕੀ ਹੁੰਦੀ ਹੈ। ਪੂਰਨ ਗੁਰਮਤਿ ਬਿਧੀ ਮਰਯਾਦਾ ਅਨੁਸਾਰ ਗੁਰਮੰਤ੍ਰ ਦੀਖਸ਼ਤ ਹੋਏ ਅੰਮ੍ਰਿਤਧਾਰੀ ਗੁਰਮੁਖ ਨਾਮ ਵਪਾਰੀ ਜਨ ਫੇਰ ਸਦਾ ਲਈ ਖਿਨ ਖਿਨ ਸੁਆਸਿ ਸੁਆਸਿ ਅਭਿਆਸ ਦੁਆਰਾ ਮਿਸਟ ਅੰਮ੍ਰਿਤ ਪਾਨੀ ਹੋਇ ਹੋਇ ਤ੍ਰਿਪਤਾਵੰਦੇ ਹਨ ਅਤੇ ਮਿਸ਼ਟ ਅੰਮ੍ਰਿਤ ਗਟਾਕ ਪੀ ਪੀ ਕੇ ਮੰਦੂ ਮੰਦੂ ਮੁਸਕਰਾਉਂਦੇ ਅਤੇ ਰਿਦ ਵਿਗ-ਸਾਉਂਦੇ ਹਨ, ਐਸੀ ਸਿਫਤਿ ਸਾਲਾਹਣੀ ਸਾਲਾਹੁੰਦੇ ਹਨ ਕਿ ਨਾਲੋਂ ਨਾਲ ਰਸ ਜੋਤਿ ਵਿਗਾਸੀ ਹੋਇ ਹੋਇ ਉਮਗਾਉਂਦੇ ਰਹਿਸਾਉਂਦੇ ਹਨ। ਜੈਸਾ ਕਿ, "ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥"* ਗੁਰ ਪ੍ਰਮਾਣ ਦਾ ਭਾਵ ਹੈ।

ਨਾਮ ਦੇ ਸੁਣਨ ਕਰਕੇ ਹੀ ਨਾਮ ਗੁਰ ਸ਼ਬਦ ਸੁਰਤੇ ਸਰੋਤੇ ਗੁਰਮੁਖ ਜਨਾਂ ਨੂੰ ਸਚੀ ਗੁਰਮਤਿ ਜੋਗ ਜੁਗਤਿ ਦਾ (ਰਾਜ਼, ਗਿਆਨ) ਭੇਦ ਰਿਦੰਤਰੋਂ ਤਨੰਤਰੋਂ ਹੀ ਉਗਵਿ ਆਉਂਦਾ ਹੈ। ਗੁਰਮਤਿ ਨਾਮ ਗੁਰਦੀਖਿਆ ਸੁਣਨ ਹਾਰੇ ਪਾਤਰ ਸ੍ਰੇਸ਼ਟ ਗੁਰਮੁਖ ਜਨ ਹੀ ਤੱਤ ਗੁਰਮਤਿ ਗੁਰਦੀਖਿਆ ਨੂੰ ਸੁਣਕੇ ਸਤਿ ਸ਼ਾਸਤ੍ਰ ਸਿਮ੍ਰਿਤ ਵੇਦ ਦੇ ਤੱਤ ਵੇਤੇ ਹੋ ਜਾਂਦੇ ਹਨ। ਗੁਰਮੰਤ੍ਰ ਦੀਖਸ਼ਤ ਗੁਰਮੁਖਾਂ ਨੂੰ

---

* ਆਸਾ ਮ: ੫, ਪੰਨਾ ੩੮੦


www.sikhbookclub.com

ਗੁਰਮਤਿ ਨਾਮ ਦਾ ਸਿਮਰਨ ਸਰਵਣ ਅਤੇ ਸਾਲਾਹਣ ਹੀ ਸ਼ਾਸਤ੍ਰ ਸਿਮ੍ਰਿਤ ਵੇਦ ਹੈ, ਉਹਨਾਂ ਨੂੰ ਸ਼ਾਸਤ੍ਰਾਂ ਸਿਮ੍ਰਤੀਆਂ ਅਤੇ ਵੇਦਾਂ ਦੇ ਪੜ੍ਹਨ ਸੁਣਨ ਦੀ ਲੋੜ ਨਹੀਂ। ਨਾਮ ਸਾਲਾਹਿਣ ਸਿਫਤਾਉਣ ਅਤੇ ਸੁਰਤ ਸ਼ਬਦਾਉਣ ਦੀ ਐਸੀ ਅਜਬ ਮੁਆਜਜ਼ਾਵੀ ਕਲਾ ਹੈ ਕਿ ਸਾਧਾਰਨ ਗੁਰਮੁਖ ਜਗਿਆਸੂ ਅਭਿਆਸੀ ਜਨਾਂ ਨੂੰ ਸ਼ਾਸਤ੍ਰਾਂ ਸਿਮ੍ਰਤੀ ਵੇਦਾਂ ਦੀ ਗੂੜ੍ਹ ਗੰਮਤਾ ਪ੍ਰਾਪਤ ਹੋ ਜਾਂਦੀ ਹੈ। ਐਸਾ ਹੈ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਗੁਰਮੁਖ ਨਾਮ ਅਭਿਆਸੀ, ਨਾਮ ਸੁਰਤਾਸੀ ਭਗਤ ਜਨਾਂ ਦਾ ਸਦ-ਰਿਦ-ਵਿਗਾਸੀ ਪਰਤਾਪ, ਕਿ ਨਾਮ ਦੀ ਸ੍ਰੋਤ ਸੁਰਤਿ ਅਭਿਆਸਨੀ ਚੰਬੁਕ ਕਲਾ ਕਰਕੇ ਹੀ ਅਗਿਆਨ ਅੱਛਾਦਨੀ ਦੁਖਾਂ ਪਾਪਾਂ ਦੇ ਤਿਮਰ ਅੰਧਕਾਰੀ ਛਉੜ ਕਟੇ ਜਾਂਦੇ ਹਨ ਅਤੇ ਏਹਨਾਂ ਛਉੜਾਂ ਦੇ ਕਟੇ ਜਾਣ ਕਰਕੇ ਸਗਲੇ ਦੁਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ।

"ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥"

ਵਯਾਖਆ—ਨਾਮ ਦੇ ਸੁਣਨ ਕਰਕੇ ਸੁਰਤ ਸਰੋਤੇ ਨੂੰ ਅਤੇ ਕੇਵਲ ਨਾਮ ਸਰੋਦ ਸਰੋਤੇ ਨੂੰ ਹੀ ਸੱਚੇ ਸਤ ਸੰਤੋਖ ਅਤੇ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਗਿਆਨ ਅਤੇ ਗੁਰਮਤਿ ਨਾਮ ਅਭਿਆਸ ਸੁਰਤੀਸ਼ਰਾਂ ਨੂੰ ਪ੍ਰਾਪਤ ਹੋਏ ਸਚੇ ਸਤ ਸੰਤੋਖ ਬਾਝੋਂ ਹੋਰ ਸਭ ਕਹੌਤੀ (so called) ਸਤ ਸੰਤੋਖ ਗਿਆਨ ਸਭ ਕੂੜਾਵੇ ਅਤੇ ਤ੍ਰੈਗੁਣੀ ਸਤ, ਸੰਤੋਖ, ਗਿਆਨ ਹਨ। ਕੇਵਲ ਗੁਰਮਤਿ ਨਾਮ ਸੁਰਤ-ਸ਼ਬਦ ਕਮਾਈ ਦੁਆਰਾ ਹੀ ਤੱਤ ਪਰਮਾਰਥੀ ਸਤ, ਸੰਤੋਖ, ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਗੁਰਦੀਖਿਆ ਗੁਰੂ ਦੁਆਰਾ (ਪੰਜਾਂ ਪਿਆਰਿਆਂ ਦੀ ਗੁਰੂ ਸਾਹਿਬ ਦੇ ਤਾਬਿਆ ਗੁਰਮੰਤ੍ਰ ਦ੍ਰਿੜਾਉਣੀ ਗੁਰਤੱਤਾ ਕ੍ਰਿਸ਼ਮਾਉਣੀ ਕਲਾ ਦੁਆਰਾ) ਸੁਣੇ ਅਤੇ ਸੁਰਤੀ-ਅਭਿਆਸੇ ਬਾਝੋਂ ਨ ਹੀ ਸੱਚੇ ਗੁਰਮਤਿ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਪਰਮਾਰਥ ਤਤਵੀ ਸਤ ਸੰਤੋਖ ਹੀ ਸੁਲੱਭਤ (ਪ੍ਰਾਪਤ) ਹੁੰਦਾ ਹੈ। ਸੁਲੱਭਤ ਤਾਂ ਕੀ ਹੋਣਾ ਸੀ ? ਤਤ ਸਤਵੀ ਸਤ ਸੰਤੋਖ ਗਿਆਨ ਦੀ ਸੂਝ ਬੂਝ ਭੀ ਨਹੀਂ ਹੋ ਸਕਦੀ। ਗੁਰਮਤਿ ਸਤ, ਸੰਤੋਖ, ਗਿਆਨੁ, ਆਮ ਫਹਿਮ ਅਤੇ ਆਨਮਤ ਮਤਾਂਤਰਾਂ ਸਤ ਸੰਤੋਖ ਗਿਆਨਾਂ ਤੋਂ ਅਤੀ ਵਿਲੱਖਣ ਹੈ। ਏਹਨਾਂ ਤੇਹਾਂ ਪਦਾਂ ਦੇ ਪਿਛਲੇ ਅੱਖਰ ਨੂੰ ਔਂਕੜ ਏਸੇ ਕਰਕੇ ਸ਼ਸ਼ੋਭਤ ਹੈ ਕਿ ਇਹ ਸਤੁ, ਸੰਤੋਖੁ, ਗਿਆਨੁ ਖਾਲਸਾਈ ਤਤ ਵਿਲੱਖਣਾਂ ਦੀ ਗੁਰਮਤਿ ਖਾਸੁਲ ਖਾਸਤਾ ਵਾਲੀ ਅਹਿਮੀਅਤ ਖ਼ਾਸੀਅਤ ਰਖਦੇ ਹਨ। ਗੁਰਮਤਿ ਸਤਿ, ਖਾਸੁਲ ਖਾਸ ਸਤਿ ਹੈ, ਜਿਸ ਦੀ ਸੂਝ ਬੂਝ ਅਤੇ

ਸੁਲੱਭਤੁਜ (ਲੱਭਤਾ) ਕੇਵਲ ਗੁਰਮਤਿ ਨਾਮ ਅਭਿਆਸੀ ਸੁਰਤੀਸ਼ਰਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਲਖਾਇਆ ਸੰਤੋਖ ਭੀ ਖਾਸ ਪਰਮਾਰਥੀ ਸੰਤੁਸ਼ਟਤਾ ਵਾਲੀ ਅੰਸ ਸੰਪੰਨ ਸੰਤੋਖ ਹੈ, ਜਿਸ ਦੇ ਲਖਣ ਹਾਰੇ ਕੇਵਲ ਗੁਰ ਗੰਮ ਗਿਆਨ ਪਦ ਦੀ ਸੁਰਤੀ ਵਾਲੇ ਹੀ ਹੋ ਸਕਦੇ ਹਨ। ਹੋਰ ਆਮ ਅਗਿਆਨਤਾ ਸੁਤੇ ਹੀ ਚੁੰਚ ਕਥਨੀ ਦੁਆਰਾ ਲੋਕ ਕਥਦੇ ਫਿਰਦੇ ਹਨ, ਪ੍ਰੰਤੂ ਸਚਾ ਦਿਬ-ਜੋਤਵੀ ਗਿਆਨ ਕੇਵਲ ਗੁਰਮਤਿ ਨਾਮ ਦੀ ਅਥਾਹ ਅਭਿਆਸ ਕਮਾਈ ਅਤੇ ਉਚ ਸੁਰਤ ਸ਼ਬਦ ਦੀ ਲਖਤਾ ਦੁਆਰਾ ਹੀ ਪਰਕਾਸ਼ਤ ਹੁੰਦਾ ਹੈ ਅਤੇ ਉਚ ਆਤਮ ਅਟਾਰੜੀ ਅਵਸਥਾ ਵਿਚ ਪੁਗ ਕੇ ਏਹ ਤਤ ਲਖਤਾ ਪ੍ਰਾਪਤ ਹੁੰਦੀ ਹੈ ਕਿ ਨਾਮ ਹੀ ਸਤੁ ਹੈ, ਨਾਮ ਹੀ ਸੰਤੋਖੁ ਹੈ ਅਤੇ ਨਾਮ ਹੀ ਗਿਆਨੁ ਹੈ। ਨਾਮ ਬਿਹੂਣ ਹੋਰ ਕੋਈ ਸਤੁ, ਸੰਤੋਖੁ, ਗਿਆਨੁ ਨਹੀਂ।

ਨਾਮ ਗੁਰਮੰਤ੍ਰ ਗੁਰਦੀਖਿਆ ਲੈ ਕੇ ਅਤੇ ਇਤ ਬਿਧ ਸ਼ਬਦ ਸੁਰਤ ਕਮਾਈਆਂ ਦੀ ਆਤਮ ਇਸਥਿਤੀ ਅਵਸਥਾ ਗਹਿ ਕੇ ਇਸ ਬਿਧ ਗਹੀ ਆਤਮ ਅਵਸਥਾ ਵਾਲਿਆਂ ਨੂੰ ਅੰਤਰ ਆਤਮੇ ਅਠ ਸਠ ਤੀਰਥਾਂ ਦਾ ਇਸ਼ਨਾਨ ਪ੍ਰਾਪਤ ਹੋ ਜਾਂਦਾ ਹੈ। ਨਾਮ ਅੰਮ੍ਰਿਤ ਰੂਪ ਹੈ। ਨਾਮ ਅੰਮ੍ਰਿਤ ਪਿਰਮ ਪਿਆਲਾ ਪੀਣ ਹਾਰੇ ਚੁਪ ਚੁਪੋਲਿਆਂ ਨੂੰ ਨਭ ਨਾਭ ਵਿਖੇ, ਅੰਮ੍ਰਿਤ ਸਰੋਵਰ ਉਗਵ ਆਉਂਦੇ ਹਨ। ਉਹ ਅਹਿਨਿਸ ਅਮਿਉ ਉਦਕ ਤੀਰਥਾਂ ਸਰੋਵਰਾਂ ਵਿਚ ਹੀ ਤਾਰੀਆਂ ਲਾਉਂਦੇ ਰਹਿੰਦੇ ਹਨ। ਮਾਨੋ ਅਠਸਠ ਤੀਰਥਾਂ ਦਾ ਇਸ਼ਨਾਨ ਉਹਨਾਂ ਨੂੰ ਸੁਭਾਵਕ ਹੀ ਹੁੰਦਾ ਹੈ। ਹਿੰਦਵੈਣ ਦੇ ਅਠਸਠ ਤੀਰਥ ਇਸ ਅੰਮ੍ਰਿਤ ਮੱਜਨੀ ਆਤਮ ਇਸ਼ਨਾਨ ਦਾ ਅਨੰਦ ਨਹੀਂ ਭੁੰਚਾਇ ਸਕਦੇ ਅਤੇ ਇਸ ਆਤਮ ਮੱਜਨੀ ਅਵਸਥਾ ਦੇ ਲਵੇ ਨਹੀਂ ਲਗ ਸਕਦੇ। ਨਾਮ ਗੁਰਮੰਤ੍ਰ ਗੁਰਦੀਖਸ਼ਤ ਅੰਮ੍ਰਿਤ ਮੱਜਨੀ ਅਤੇ ਸੁਰਤ-ਸਾਧਕ ਸੁਰਤੱਜਨੀ ਗੁਰਮੁਖ ਸੁਅੱਜਨਾਂ ਨੂੰ ਹੀ ਨਾਮ ਦੇ ਰੰਗਾਂ ਵਿਚ ਰੱਪ ਕੇ ਨਾਮ ਬਾਣੀ ਦੇ ਪੜ੍ਹਨ ਦਾ ਸਚਾ ਆਨੰਦ ਆਉਂਦਾ ਹੈ ਅਤੇ ਓਹੀ ਪੜਿ ਪੜਿ ਮਾਨ ਪਾਉਂਦੇ ਹਨ; ਇਸ ਲੋਕ ਵਿਖੇ ਭੀ ਅਤੇ ਧੁਰ ਦਰਗਾਹੀਂ ਪਰਲੋਕ ਵਿਖੇ ਭੀ। ਅੰਮ੍ਰਿਤ ਨਾਮ ਵਿਚ ਗੀਧੇ (ਗੁੰਨ੍ਹੇ ਪਰੁੰਨੇ ਮੁਸ਼ਕ ਝਕੋਲਨੇ) ਗੁਰਮੁਖ ਜਨਾਂ ਦੇ ਮੁਖੋਂ ਉਚਰੀ ਬਾਣੀ ਅਮਿਉ ਝਰਨੇ ਝਰਨਾ ਦਿੰਦੀ ਹੈ, ਜਿਸ ਨੂੰ ਸੁਣ ਕੇ ਸੁਆਦ ਲੈਣਹਾਰੇ ਵਾਹ ਵਾਹ ਕਰ ਉਠਦੇ ਹਨ। ਅੰਮ੍ਰਿਤ ਉਚਾਰਣੀ ਬਾਣੀ ਦੀ ਅਮਿਉ ਝਰਣਾਣੀ ਮਹਿਮਾਂ ਮਹਾਣੀ ਅਪਰ ਅਪਾਰ ਹੈ।

ਇਸ ਬਿਧ ਅਗਲੀ ਪੰਗਤੀ "ਸੁਣਿਐ ਲਾਗੈ ਸਹਜਿ ਧਿਆਨੁ" ਦੀ ਵਿਆਖਿਆ ਤਾਂ ਸੁਤੇ ਸੁਭਾਵ ਹੀ ਸਪਸ਼ਟ ਹੋ ਜਾਂਦੀ ਹੈ। ਇਸ ਪੰਗਤੀ ਵਿਚ ਵਿਦਤਾਈ ਸਹਿਜ ਪਦ ਵਿਚ ਧਿਆਨ ਲਗਣ ਵਾਲੀ ਲਿਵ ਮਗਨਤਾ ਪਿਛਲੀ

ਪੰਗਤੀ ਵਿਚ ਦਰਸਾਈ ਅਮਿਉ ਝਰਣੇ ਝਰਣਾਉਣ ਵਾਲੀ ਬਿਵਸਥਾ ਨਾਲ ਸਬੰਧਤ ਹੈ । ਸਹਿਜ ਪਦ ਵਿਖੇ ਧਿਆਨ ਕੇਵਲ ਨਾਮ ਸੁਰਤੀਸ਼ਰ ਦਾ ਹੀ ਲਗ ਸਕਦਾ ਹੈ । ਸੁਰਤ ਸ਼ਬਦ ਸੁਰਤੀਸ਼ਰ ਹੀ ਸਹਿਜ ਪਦ ਲਿਵ ਮਜਨੀਸ਼ਰ ਬਣ ਸਕਦੇ ਹਨ । ਗੁਰਮਤਿ ਨਾਮ ਗੁਰਦੀਖਿਆ ਦੀਖਤ ਹੋਏ ਅਭਿਆਸ ਸਾਵਧਾਨੀ ਸੁਰਤੇਂ ਹੀ ਸਹਿਜ ਪਦ ਵਿਖੇ ਧਿਆਨ ਮਗਨ ਹੋਣ ਦਾ ਮਕਦੂਰ ਰਖਦੇ ਹਨ, ਹੋਰ ਕੋਈ ਨਹੀਂ ਰਖ ਸਕਦਾ । ਅਜਿਹੇ ਸਹਿਜ ਪਦ ਲਿਵ ਧਿਆਨੀ ਗੁਰੂ ਨਾਨਕ ਵਰੋਸਾਏ ਗੁਰਮੁਖਾਂ ਭਗਤਾਂ ਪ੍ਰਤੀ ਹੀ "ਸਦਾ ਵਿਗਾਸੁ" ਵਾਲਾ ਆਤਮ ਵਿਗਾਸੀ ਘਟਨਾਉ ਘਟਦਾ ਹੈ ਅਤੇ ਅਜੇਹੇ ਸਦ-ਨਵਤਨ ਆਤਮ ਇਨਕਸ਼ਾਫੀ ਭਗਤ ਜਨਾਂ ਦੇ ਸਮੁੱਚੇ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ ।

"ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥"

ਵਯਾਖਯਾ—ਨਾਮ ਦੀ ਗੁਰਮਤਿ ਰਮਜ਼ਾਈ ਗੁਰਮਤਿ ਜੁਗਤਿ ਜੁਗਤਾਈ ਸੁਰਤ ਸਰਵਣਾਈ ਦੇ ਪ੍ਰਤਾਪ ਕਰਿ ਤ੍ਰੈਗੁਣੀ ਤੁਰੀ ਗੁਣੀ ਗੁਣ ਸਰੋਵਰਾਂ ਦੇ ਸਮੂਹਾਂ ਦਾ ਸੈਰ ਦਿਬ ਦ੍ਰਿਸ਼ਟੈਰੀ ਦਰਸੈਰ (ਦਰਸਾਰ)—ਗਾਹਨ ਅਵਗਾਹਨ ਹੋ ਜਾਂਦਾ ਹੈ । ਨਾਮ ਸੁਰਤੀਸ਼ਰਾਂ ਦਾ ਸੁਰਤਿ ਮੰਡਲ ਇਤਨਾ ਵਸੀਅ ਅਤੇ ਅਮੀਕ ਹੋ ਜਾਂਦਾ ਹੈ ਕਿ ਸਾਰਾ ਤ੍ਰੈਗੁਣੀ ਪਸਾਰਾ ਅਤੇ ਤੁਰੀਆ ਗੁਣੀ ਦਿਬ ਦ੍ਰਿਸ਼ਟਾਰਾ ਓਹਨਾਂ ਦੀ ਦਿਬ ਦ੍ਰਿਸ਼ਟੀ ਦਾ ਸੁਤੇ ਸਹਿਜਾਗੇ ਨਜ਼ਾਰਾ ਬਣ ਜਾਂਦਾ ਹੈ ।

ਨਾਮ ਸੁਣਨ ਦੇ ਪਾਰਸ ਭੂਤੀ ਫੈਜ਼ ਪ੍ਰਭਾਵ ਕਰਕੇ ਨਾਮ ਅਭਿਆਸੀ ਸੁਰਤੇ ਗੁਰਮੁਖ ਸ਼ੇਖਾਂ ਪੀਰਾਂ ਦੇ ਭੀ ਪਾਤਸ਼ਾਹ ਬਣ ਜਾਂਦੇ ਹਨ ।

ਜਿਸਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥

ਜਪੁ ਜੀ ਸਾਹਿਬ

ਗੁਰਵਾਕ ਦੇ ਭਾਵ ਅਨੁਸਾਰ ਪਾਤਸ਼ਾਹਾਂ ਦੇ ਭੀ ਪਾਤਸ਼ਾਹ ਬਣ ਜਾਂਦੇ ਹਨ ।

ਨਾਮ ਦੇ ਸ੍ਰਵਣ ਸੱਤੀ ਸੁਰਤ ਸ਼ਬਦ ਉਦੋਤੀ ਪਾਰਸ ਪਰਭਾਵੀ ਪਰਤਾਪ ਕਰਕੇ ਮੂੜ੍ਹ ਅੰਧ ਅਗਿਆਨੀ ਭੀ ਗੁਰਮਤਿ ਸੁਮਾਰਗੀ ਸੁਘੜ ਸੁਜਾਨੀ ਤੱਤ ਆਤਮ ਦਰਸੀਏ ਸੁਗਿਆਨੀ ਬਣ ਜਾਂਦੇ ਹਨ ।

ਨਾਮ ਦੇ ਸੁਣਨ ਦੀ ਅਕਲ ਕਲਾ ਬਰਕਤ ਦੇ ਤੁਫੈਲ ਸ਼ਬਦ ਸੁਰਤਿ ਗੁਰਮਤਿ ਮਾਰਗ ਦੇ ਪਾਂਧੀ ਗੁਰਮੁਖ ਜਨਾਂ ਨੂੰ ਅਥਾਹ ਗਤਿ ਮਿਤ ਵਾਲਾ ਪਾਰ

ਬ੍ਰਹਮ ਪਰਮੇਸ਼ਰ ਭੀ ਹਸਤਾਮਲ ਵਤ (ਹੱਥ ਉਤੇ ਪਏ ਔਲੇ ਵਾਂਗ) ਆਸ਼ਕਾਰ ਅਤੇ ਸਾਖਸ਼ਾਤਕਾਰ ਹੋ ਜਾਂਦਾ ਹੈ ।

ਗੁਰੂ ਨਾਨਕ ਸਾਹਿਬ ਦੀ ਨਦਰਿ ਨਦਰਾਏ ਗੁਰਮੁਖਾਂ ਭਗਤ ਜਨਾਂ ਨੂੰ ਐਸਾ ਸਦ ਰਿਦ-ਵਿਗਾਸੀ ਇਨਕਸ਼ਾਫ ਹੁੰਦਾ ਹੈ ਕਿ ਜਿਸ ਦੇ ਪ੍ਰਭਾਵ ਕਰਕੇ ਨਾਮ ਵਿਗਾਸਨੀ ਸੁਰਤੀ ਹੋਰ ਤੋਂ ਹੋਰ ਖੁਲਦੀ ਵਿਗਸੁਦੀ ਖਿੜਦੀ ਅਤੇ ਚੜ੍ਹਦੀ ਰਹਿੰਦੀ ਹੈ । ਅਤੇ ਨਾਮ ਦੀਆਂ ਅਨਹਤ ਧੁਨੀਆਂ ਹੋਰੋ ਹੋਰ ਤੇ ਜ਼ੋਰੋ ਜ਼ੋਰ ਸੁਣਨਿ ਵਿਚ, ਨਿਤ ਨਵਲ ਰੰਗਾਂ ਵਿਚ ਆ ਜ਼ਹੂਰਾਉਂਦੀਆਂ ਹਨ, ਜਿਨ੍ਹਾਂ ਦੇ ਸੁਣਨ ਕਰਕੇ ਦੁਖਾਂ, ਪਾਪਾਂ, ਕਲੇਸ਼ਾਂ ਦਾ ਉਕਾ ਹੀ ਅਭਾਵ ਹੋ ਜਾਂਦਾ ਹੈ ।

## (੨)

## 'ਮੰਨੇ' ਦੀ ਪਉੜੀਆਂ ਦੀ ਵਯਾਖਯਾ

"ਮੰਨੇ ਕੀ ਗਤਿ ਕਹੀ ਨਾ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥"

ਵਯਾਖਯਾ—ਗੁਰੂ ਦੁਆਰਾ ਗੁਰਦੀਖਿਆ ਗੁਰੂਮੰਤ੍ਰ ਲੈ ਕੇ ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਤਿਨਾਂ ਗੁਰਮੁਖਾਂ ਦੇ ਸੁਣ ਕੇ ਨਾਮ ਨੂੰ ਮੰਨਣ ਦੀ ਗਹਿਣ ਗਤਿ ਕਹੀ ਨਹੀਂ ਜਾ ਸਕਦੀ :

ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥
**ਕਾਨੜੇ ਕੀ ਵਾਰ ਮ: ੪, ਪੰਨਾ ੧੩੧੪**

ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥
**ਮ: ੩, ਵਾਰ ਸੋਰਠਿ ਮ: ੪, ਪੰਨਾ ੬੪੫**

ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥
ਤਿਲੰਗ ਮ: ੪, ਪੰਨਾ ੭੨੬

ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾਕੈ ਸਦ ਬਲਿਹਾਰੈ ਜਾਉ ॥
**ਗਉੜੀ ਮ: ੧, ਪੰਨਾ ੧੫੨**

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ
ਮਭਿ ਬਿਨਸੇ ਹਉਮੈ ਪਾਪਾ ਰਾਮ ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ
ਲਥਿਅੜੇ ਜਗਿ ਤਾਪਾ ਰਾਮ ॥

ਵਡਹੰਸ ਮ: ੪, ਪੰਨਾ ੫੭੪

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥
ਗੁਰਬਾਣੀ ਹਰਿ ਅਲਖੁ ਲਖਾਇਆ ॥

ਆਸਾ ਮ: ੪, ਪੰਨਾ ੩੬੬

ਸੁਣਕੇ ਨਾਮ ਨੂੰ ਮੰਨਣ ਦੀ ਗਤਿ ਮਿਤ ਵਡਿਆਈ ਇਸ ਅਗਲੇਰੇ ਗੁਰ-ਵਾਕ ਤੋਂ ਕੈਸੀ ਰੋਸ਼ਨ ਹੁੰਦੀ ਹੈ :

ਜਿਨੀ ਸੁਣਿਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥...॥੨॥
ਜਿਨਿ ਸਬਦਿ ਗੁਰੂ ਸੁਣਿ ਮੰਨਿਆ ॥
ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥...
ਜਿਸੁ ਅੰਦਰਿ ਨਾਮੁ ਪ੍ਰਗਾਸੁ ਹੈ
ਓਹੁ ਸਦਾ ਸਦਾ ਥਿਰੁ ਹੋਇ ॥੩॥੪॥੩੭॥

ਸਿਰੀ ਰਾਗੁ ਮ: ੩, ਪੰਨਾ ੨੭

ਸੁਣਕੇ ਨਾਮ ਮੰਨਣ ਦੀ ਗਤ ਮਿਤ ਮਹਿਮਾ ਜੋ ਇਸ ਗੁਰਵਾਕ ਅੰਦਰ ਵਿਦਮਾਨ ਹੈ, ਓਹ ਹੋਰ ਕਿਸੇ ਤੋਂ ਤਾਂ ਕਦੇ ਭੀ ਕਹੀ ਨਹੀਂ ਜਾ ਸਕਦੀ ਏਹ ਗੁਰੂ ਸਾਹਿਬ ਨੂੰ ਹੀ ਤੌਫੀਕ ਹੈ ਕਿ ਧੁਰ ਕੀ ਆਈ ਬਾਣੀ ਦੁਆਰਾ "ਮੰਨੇ ਕੀ ਗਤਿ" ਵਰਨਣ ਕਰ ਸਕਣ, ਹੋਰ ਕਿਸੇ ਨੂੰ ਕੀ ਸਾਰ। ਗੁਰੂ ਸਾਹਿਬ ਇਹ ਉਪਰਲੇ ਗੁਰਵਾਕ ਦੁਆਰਾ ਫੁਰਮਾਉਂਦੇ ਹਨ, ਕਿ ਜਿਨ੍ਹਾਂ ਨੇ ਗੁਰੂ ਦੁਆਰਿਓਂ ਗੁਰਮਤਿ ਗੁਰਦੀਖਿਆ ਰਾਹੀਂ ਨਾਮ ਨੂੰ ਸੁਣਿਆ ਮੰਨਿਆ ਹੈ,ਤਿਨ੍ਹਾਂ ਦਾ ਨਿਜ ਘਰ ਸਚੇ ਅਸਲ ਘਰ ਅਕਾਲ ਪੁਰਖ ਦੇ ਸਰੂਪ ਵਿਚ ਵਾਸ ਹੋ ਗਿਆ ਹੈ, ਹੋ ਜਾਂਦਾ ਹੈ ਅਤੇ ਹੋ ਜਾਵੇਗਾ. ਜੋ ਜੋ ਭੀ ਗੁਰਮੁਖ ਜਨ ਉਪਰ ਲਿਖੀ ਵਿਧ ਜੁਗਤਿ ਦੁਆਰਾ ਨਾਮ ਨੂੰ ਸੁਣਕੇ ਮੰਨਣਗੇ ਯਾ ਮੰਨਦੇ ਹਨ। ਇਸ ਤੋਂ ਵਡੀ ਵਡਿਆਈ "ਮੰਨੇ ਕੀ ਗਤਿ" ਦੀ ਹੋਰ ਕੀ ਹੋ ਸਕਦੀ ਹੈ। ਗੁਰਮਤਿ ਗੁਰਦੀਖਿਆ ਦੁਆਰਾ ਨਾਮ ਨੂੰ ਸੁਣ ਮੰਨਣਹਾਰੇ ਹੀ ਸਚੀ ਸਿਫਤ ਸਾਲਾਹ ਵਿਚ ਅਰੂੜ੍ਹ ਹੋ ਸਕਦੇ ਹਨ। "ਗੁਰਮਤੀ ਸਾਲਾਹਿ ਸਚੁ" ਸਚੀ ਸਿਫਤ ਸਾਲਾਹ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਇਸ ਮੰਨੇ ਦੀ ਪ੍ਰਭਤਾ ਵਾਲੀ ਸਿਫਤਿ ਸਾਲਾਹ ਦੁਆਰਾ

ਸਿਫਤਿ ਸਾਲਾਹੀ ਗੁਣੀ ਗੁਣਤਾਸ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਸੁਣਿ ਮੰਨਣੀ ਸਰਧਾ-ਬਿਵਸਥਾ ਨੂੰ ਪ੍ਰਾਪਤ ਹੋਕੇ ਹੀ ਸ਼ਬਦ ਸੁਰਤਿ ਦੇ ਰੰਗ ਚਲੂਲੇ ਚੜ੍ਹਦੇ ਹਨ, ਤੇ ਗੁਣੀ ਗੁਣਤਾਸ ਵਾਹਿਗੁਰੂ ਘਟ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ, ਅਤੇ ਘਟ ਰਿਦੇ ਵਿਖੇ ਅਗਾਧ ਅਮਿਤ ਜੋਤ ਪ੍ਰਕਾਸ਼ ਵਾਲਾ ਜੋਤੀ ਸਰੂਪ ਦਾ ਪਰਗਾਸ ਹੋ ਜਾਂਦਾ ਹੈ। ਇਸ ਜੋਤ ਪ੍ਰਤਿ ਬਿੰਬਨੀ ਝਲਕ-ਵਿਗਾਸ ਅੰਦਰਿ ਜਿਨ੍ਹਾਂ ਦੇ ਹਿਰਦੇ ਵਿਖੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ,ਓਹ ਸਦਾ ਸਦਾ ਲਈ ਜੁਗੋ ਜੁਗ ਅਸਥਿਰ ਹੋ ਜਾਂਦੇ ਹਨ, ਐਸੀ ਹੈ "ਮੰਨੇ ਕੀ ਗਤਿ" ਵਾਲੀ ਮਹਿਮਾ ਅਗਾਧ ਬੋਧ। ਇਸ ਨੂੰ ਕੋਈ ਅਲਪੱਗ ਜੀਵ ਕੀ ਕਥ ਸਕਦਾ ਹੈ? ਜੇ ਕੋਈ ਕੂੜ ਹਮਾਕਤੀ ਅਲਪੱਗ ਜੀਵ ਕਹਿਣ ਕਥਨ ਦੀ ਹਮਾਕਤ ਭਰੀ ਮੂੜ੍ਹਤਾ ਕਰ ਹੀ ਬੈਠਦਾ ਹੈ ਤਾਂ ਪਿਛੋਂ ਪਛੁਤਾਉਂਦਾ ਹੈ, ਕਿਉਂਕਿ "ਜੇ ਕੋ ਖਾਇਕੁ ਆਖਣਿ ਪਾਇ ॥ ਓਹ ਜਾਣੈ ਜੇਤੀਆ ਮੁਹਿ ਖਾਇ ॥"* ਵਾਲੀ ਦੁਰ-ਦਸ਼ਾ ਉਸ ਦੀ ਹੁੰਦੀ ਹੈ, ਮੰਨੇ ਕੀ ਗਤਿ ਮਿਤ ਮਹਿਮਾ ਦਾ ਨਾ ਸਿਰਫ ਕਥਨ-ਹਾਰ ਹੀ ਕੋਈ ਨਹੀਂ ਸਗੋਂ "ਮੰਨੇ ਕੀ ਗਤਿ" ਦਾ ਲਿਖਣਹਾਰਾ ਭੀ ਕੋਈ ਨਹੀਂ।

"ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥"

ਜੇ ਵਿਚਾਰਵਾਨ ਬਹਿਕੇ ਮੰਨੇ ਕੀ ਮਹਿਮਾ ਦਾ ਵੀਚਾਰ ਕਰਨ ਯਾ ਕਰਨ ਲੱਗਣ ਤਾਂ ਨਾ ਕੋਈ ਲਿਖਣਹਾਰ ਤੱਤ ਵਿਚਾਰ ਵਾਲਾ ਲਿਖਾਰੀ ਹੈ, ਨਾ ਤੱਤ ਲੇਖ ਲਿਖਣੀ ਕਲਮ ਜੋ ਕਾਗਦਾਂ (ਕਾਗਦਾਂ ਦੇ ਢੇਰਾਂ) ਵਿਚ ਮੰਨੇ ਕੀ ਮਹਿਮਾ ਮਈ ਤੱਤ ਵੀਚਾਰ ਦਾ ਲੇਖਾ ਲਿਖ ਸਕੇ। ਨਾਉਂ ਮੰਨਣ ਦੀ ਗਤਿ ਕਿਵੇਂ ਆਖੀ ਜਾ ਸਕੇ, ਕਿਉਂਕਿ ਗੁਰਵਾਕ ਹੈ:

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ਰਹਾਉ॥
ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥

ਸਿਰੀ ਰਾਗੁ ਮ: ੧, ਪੰਨਾ ੧੬

* ਜਪੁ ਜੀ ਸਾਹਿਬ (ਪਉੜੀ ੨੫)

 www.sikhbookclub.com

ਐਸੀ ਮੰਨੇ ਕੀ ਗਤਿ ਮਿਤਿ ਮਹਿਮਾਂ ਉਪਰਲੇ ਵਾਕ ਲਿਖੇ ਅਨੁਸਾਰ ਹੀ ਲਿਖੀ ਲਖੀ ਜਾ ਸਕਦੀ ਹੈ, ਅਤੇ ਐਸਾ ਹੈ ਨਾਮ ਨਿਰੰਜਣ । ਪਰ ਇਸ ਨਾਮ ਨਿਰੰਜਨ ਦੀ ਮਹਿਮਾ ਤਦੇ ਹੀ ਗਤਿ ਮਿਤ ਹੁੰਦੀ ਹੈ, ਅਤੇ ਓਸੇ ਗੁਰਮੁਖਿ ਨਾਮ ਅਭਿਆਸੀ ਤੋਂ ਲਖੀ ਪਰਤਖੀ ਜਾ ਸਕਦੀ ਹੈ—

"ਜੇ ਕੋ ਮੰਨਿ ਜਾਣੈ ਮਨਿ ਕੋਇ ॥"

ਜੇ ਕੋਈ ਮੰਨਣਾ ਜਾਣੈ (ਨਾਮ ਨੂੰ) ਮਨ ਕਰਕੇ ਭਾਵ ਮਨ, ਬਚ ਕਰਮ ਕਰਕੇ ਹਿਤੋਂ ਚਿਤੋਂ ਜਿਸ ਕਿਸੇ ਗੁਰਮੁਖ ਨੇ ਨਾਮ ਨੂੰ ਮੰਨਿਆ ਹੈ ਤਿਸੇ ਹੀ ਨਾਮੁ ਨਿਰੰਜਨ ਦੀ ਮਹਿਮਾ ਜਾਣੀ ਲਖੀ ਹੈ ।

"ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨਾ ਜਾਇ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇਕੋ ਮੰਨਿ ਜਾਣੈ ਮਨਿ ਕੋਇ ॥੧੩॥"

ਵਯਾਖਯਾ—ਨਾਮ ਦੇ ਮੰਨਣ ਕਰਕੇ ਨਾਮ ਦੇ ਮੰਨਣਹਾਰਾਂ ਨਾਮ ਦੀ ਅਭਿਆਸ ਕਮਾਈ ਕਰਨਹਾਰਾ ਹੋਣ ਕਰਕੇ ਹੀ ਨਾਮ ਦੇ ਮੰਨਣਹਾਰੇ ਗੁਰਮੁਖ ਅਭਿਆਸੀ ਜਨਾਂ ਦੇ ਮਨ ਵਿਖੇ ਸੱਚੀ ਤੱਤ ਬੋਧਨੀ ਸੁਰਤੀ ਅਤੇ ਸਤਿ ਗੁਰਮਤਿ ਮਤਿ ਸੁਬੁਧੀ ਸੰਜੀਵਤ ਹੁੰਦੀ ਹੈ, ਅਤੇ ਨਾਮ ਦੇ ਮੰਨਣ ਕਰਕੇ ਹੀ ਨਾਮ ਮੰਨਣ ਹਾਰੇ ਅਰਥਾਤ ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕਰਨਹਾਰੇ ਗੁਰਮੁਖ ਜਨਾਂ ਨੂੰ "ਸਗਲ ਭਵਨ ਕੀ ਸੁਧਿ" ਪ੍ਰਾਪਤ ਹੋ ਜਾਂਦੀ ਹੈ । ਸਾਰੇ ਖੰਡ ਮੰਡਲ ਬ੍ਰਹਿਮੰਡੀ ਭਵਨਾਂ ਦੀ ਸਾਪੇਖਸ਼ ਸੋਝੀ (ਲਖਤਾ) ਪ੍ਰਾਪਤ ਹੋ ਜਾਂਦੀ ਹੈ । ਸਾਮ੍ਹੇ ਦ੍ਰਿਸ਼ਟੀ ਗੋਚਰੀ ਸਾਪੇਖਸਤਾਂ ਐਸੀ ਦਿੱਬ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਕਿ ਅਣ-ਦਿਸਦੇ ਅਣ-ਗਿਣਤ ਖੰਡ, ਬ੍ਰਹਿਮੰਡ, ਦੀਪ, ਲੋਅ ਦ੍ਰਿਸ਼ਟੀ ਸਨਮੁਖ ਐਉਂ ਦਿਸਣ ਲਗ ਪੈਂਦੇ ਹਨ ਜਿਵੇਂ ਹੱਥ ਤੇ ਧਰਿਆ ਹੋਇਆ ਔਲਾ (ਆਮਲਾ) ਦਿਸ ਪੈਂਦਾ ਹੈ ।

ਨਾਮ ਦੇ ਮੰਨਣ, ਨਿਧਿਆਸਨ, ਅਭਿਆਸਨ ਦਾ ਪਰਤਾਪ ਹੀ ਹੈ ਕਿ ਨਾਮ ਦਾ ਮੰਨਣ ਹਾਰਾ ਸੰਸਾਰ ਦੇ ਮੋਹ ਮਮਤਾ ਮਈ ਮਾਇਕ ਪਦਾਰਥਾਂ ਤੇ ਸੰਸਾਰਕ ਸੰਬੰਧੀਆਂ ਦੇ ਹੇਤ ਜੰਜਾਲ ਵਿਚ ਰਚ ਪਚ ਕੇ ਮੁਹਾ ਕੇ ਮੋਹ ਠਗਉਲੀ ਖਾ ਕੇ ਬਹੁੜਿ ਬਹੁੜਿ ਜੰਮਣ ਮਰਨ ਦੇ ਅਤੇ ਕਰੜੇ ਦੁਖਾਂ ਦੁਫੇੜਿਆਂ ਦੀਆਂ ਚੁਰਾਸੀਆਂ ਦੇ ਗੇੜ ਵਾਲੀਆਂ ਮਹਾਂ ਦੁਸ਼ਤਰੀ ਸੱਟਾਂ ਚੋਟਾਂ ਨਹੀਂ ਖਾਂਦਾ ਅਤੇ ਨਾਮ ਦੇ ਮੰਨਣ ਅਸਥੰਮਨ ਕਰਕੇ ਨਾਮ ਮੰਨਣ ਹਾਰਾ ਅਭਿਆਸੀ ਜਨ ਗੁਰਮੁਖਿ ਪਿਆਰਾ ਜਮਾਂ ਦੇ ਨਾਲ ਨਹੀਂ ਜਾਂਦਾ ਹੈ । ਜਮ ਜਾਗਾਤੀ ਉਸ ਦੇ ਨੇੜੇ ਭੀ ਨਹੀਂ ਆਉਂਦਾ, ਕੋਈ ਜਮ ਦੂਤ, ਜਮ ਰਾਜ ਉਸ ਨੂੰ ਬੰਨ੍ਹ ਨਹੀਂ ਚਲਾਉਂਦਾ । ਐਸਾ ਹੈ ਨਾਮ ਨਿਰੰਜਨ ਦਾ ਵਡੀ ਹੂੰ ਵਡਾ ਅਪਾਰ ਮਰਤਬਾ, ਪਰ ਇਸ ਨਾਮ

ਨਿਰੰਜਨ ਦਾ ਪਾਰਸ ਪ੍ਰਭੂਤੀ ਪਰਤਾਪ ਤਦੇ ਵਰਤਦਾ ਹੈ ਜੇ ਕੋਈ ਗੁਰਮੁਖ ਜਨ ਮਨ ਕਰਕੇ (ਮਨਿ) ਇਸ ਨਾਮ ਨੂੰ ਮੰਨਿ ਜਾਣੈ ਅਰਥਾਤ ਨਾਮ ਦੀਆਂ ਮੰਨਿਣ ਨਿਧਿਆਸਣ ਅਭਿਆਸ ਕਮਾਈਆਂ ਕਰਨ ਜਾਣਦਾ ਹੋਵੇ ।

"ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥
ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥"

ਵਿਆਖਿਆ—"ਮੰਨੈ ਮਾਰਗਿ ਠਾਕ ਨ ਪਾਇ" ਨਾਮ ਦੇ ਮੰਨਣ ਨਿਧਿ-ਆਸਣ ਕਰਕੇ ਨਾਮ ਨਿਧਾਨ ਦੇ ਨਿਧਿਆਸਨੀ ਸਿਮਰਨ ਦੀਆਂ ਅਤੁਟ ਕਮਾਈਆਂ ਤੋੜ ਨਿਬਹੇ ਪੁਗ ਖਲੋਤੇ ਮੁਨਿ, ਮੁਨੀਸ਼ਰ, ਗੁਰਮੁਖ ਜਨ ਨੂੰ ਧੁਰ ਦਰਗਾਹ ਪਰਵੇਸ਼ੀ ਮਾਰਗ ਵਿਚ ਕੋਈ ਰੋਕ ਠਾਕ ਨਹੀਂ ਹੁੰਦੀ "ਠਾਕਿ ਨ ਹੋਤੀ ਤਿਨਹੁ ਦਰਿ,"* ਸਗੋਂ ਉਹ ਪਤਿ ਪਰਤਿਸ਼ਟਾ ਸੇਤੀ ਧੁਰ ਦਰਗਾਹੀ ਗੁਰਪੁਰੀ ਨਿਧੜਕ ਦੰਮ ਦੰਮ ਕਰਦੇ ਜਾਂ ਦਾਖਲ ਹੁੰਦੇ ਹਨ, ਅਤੇ "ਪੰਚੇ ਪਾਵਹਿ ਦਰਗਹਿ ਮਾਨੁ" ਵਾਲੇ ਪਰਮਾਣੀਕ ਪੁਰਖ ਹੋ ਜਾਂਦੇ ਹਨ। ਗੁਰਮਤਿ ਨਾਮ ਦੇ ਮੰਨਣ ਕਰਕੇ ਨਾਮ ਦੇ ਮੰਨਣ-ਹਾਰਿਆਂ ਦਾ ਗੁਰਮਤਿ ਮਾਰਗੀ ਪਰਗਟ ਪੰਥ ਕਦੇ ਭੀ ਚਲਾਇਮਾਨ ਨਹੀਂ ਹੁੰਦਾ, ਸਦਾ ਨਿਹਚਲ ਰਹਿੰਦਾ ਹੈ । "ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ,"** "ਮੰਨੈ ਮਗੁ ਨ ਚਲੈ ਪੰਥੁ" ਦੀ ਪੰਗਤੀ ਅੰਦਰ 'ਮਗੁ' ਅਤੇ 'ਪੰਥੁ' ਦੋਹਾਂ ਪਦਾਂ ਦੇ ਅਖ਼ੀਰਲੇ (ਪਦੇ) ਅਖਰਾਂ ਨੂੰ ਔਂਕੁੜ ਹੋਣ ਕਰਕੇ ਮਾਰਗ ਤੇ ਯਾ ਪੰਥ ਵਿਖੇ ਚਲਣ ਦੇ ਅਰਥ ਨਹੀਂ ਬਣਦੇ। ਅਤੇ 'ਮਗੁ' ਦੇ ਗਗੇ ਨੂੰ ਔਂਕੜ ਹੋਣ ਕਰਿ ਨਾ ਹੀ ਅਗਲਾ ਨੰਨਾ ਨਾਲ ਮਿਲਕੇ 'ਮਗਨ' ਬਣ ਸਕਦਾ ਹੈ, ਬਣੂ ਤਾਂ 'ਮਗੁਨ' ਬਣੂ ਪ੍ਰੰਤੂ ਸਮੱਗਰ ਗੁਰਬਾਣੀ ਵਿਖੇ ਕਿਤੇ ਭੀ 'ਮਗੁਨ' ਪਾਠ ਨਹੀਂ ਆਉਂਦਾ, 'ਮਗਨ' ਹੀ ਆਉਂਦਾ ਹੈ । "ਚਲੈ" ਦੇ ਅਰਥ, 'ਚਲਦਾ ਹੈ' ਨਹੀਂ, 'ਚਲਾਇਮਾਨ ਹੁੰਦਾ ਹੈ,' ਹੈ । ਗੁਰਮਤਿ ਮਾਰਗੀਆਂ ਨਾਮ ਅਭਿਆਸੀਆਂ ਦਾ ਨਿਹਚਲ ਪੰਥ ਕਿਉਂ ਰਹਿੰਦਾ ਹੈ ? ਅਤੇ ਕਿਉਂ ਚਲਾਇਮਾਨ ਨਹੀਂ ਹੁੰਦਾ ? ਇਸ ਦਾ ਉਤਰ ਅਗਲੀ ਤੁਕ ਦਸਦੀ ਹੈ ਕਿ :

"ਮੰਨੈ ਧਰਮ ਸੇਤੀ ਸਨਬੰਧੁ"

ਨਾਮ ਦੇ ਮੰਨਣ ਹਾਰਿਆਂ ਦਾ ਸਨਬੰਧ (ਵਾਸਤਾ) ਨਰੋਲ ਧਰਮ ਗੁਰਮਤਿ ਪ੍ਰਮਾਰਥੀ ਧਰਮ ਨਾਲ ਹੀ ਹੁੰਦਾ ਹੈ ਅਤੇ—

* ਗਉੜੀ: ਬਾਵਨ ਅਖਰੀ ਮ: ੫ (ਸਲੋਕ ੨੮), ਪੰਨਾ ੨੫੫

** ਬਿਹਾਗੜੇ ਕੀ ਵਾਰ ਮ. ੪ (ਸਲੋਕ ਮ: ੩ ॥੨॥), ਪੰਨਾ ਪ੪੮


www.sikhbookclub.com

"ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥"*

ਦੇ ਗੁਰਵਾਕ ਅਨੁਸਾਰ ਭੀ ਏਹੋ ਸਿੱਧ ਹੁੰਦਾ ਹੈ ਕਿ ਗੁਰਮਤਿ ਰੂਪੀ ਸਚਾ ਧਰਮ ਹੀ ਜੁਗੁ ਜੁਗੁ ਪੂਰਾ ਉਤਰਦਾ ਹੈ ਅਰਥਾਤ ਅਚਲ ਅਤੇ ਅਸਥਿਰ ਰਹਿੰਦਾ ਹੈ ਅਤੇ ਜੋ ਕੋਈ ਇਸ ਗੁਰਮਤਿ ਧਰਮ ਦੇ ਧਾਰਨ (ਦ੍ਰਿੜੁ) ਕਰਨਹਾਰਾ ਹੈ, ਓਹੋ ਹੀ ਜੁਗੁ ਜੁਗੁ ਪੂਰਾ ਉਤਰਦਾ ਹੈ। ਐਸਾ ਹੈ, ਨਾਮੁ ਨਿਰੰਜਨੁ ਜਿਸ ਦੇ ਮਹਾਤਮ ਦਾ ਉਪਰ ਲਿਖਿਆ ਪ੍ਰਭਾਵ ਵਰਤਦਾ ਹੈ, ਪਰ ਤਾਂ ਵਰਤਦਾ ਹੈ ਜੇ ਕੋਈ ਮਨ ਕਰਕੇ ਗੁਰਮਤਿ ਨਾਮ ਨੂੰ ਮੰਨਣਾ ਜਾਣੇ।

"ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥"

ਵਯਾਖਯਾ—"ਮੰਨੈ ਪਾਵਹਿ ਮੋਖੁ ਦੁਆਰ" ਨਾਮ ਦੇ ਮੰਨਣ ਕਰਕੇ ਨਾਮ ਨੂੰ ਮੰਨਣ ਹਾਰੇ ਸੱਚੀ ਮੁਕਤ ਰੂਪੀ ਸੱਚ ਦਰਗਾਹੀ ਦੁਆਰ ਨੂੰ ਪਾ ਲੈਂਦੇ ਹਨ, ਨਾਮ ਦੇ ਮੰਨਣ ਨਿਧਿਆਸਨ ਕਰਕੇ ਨਾ ਸਿਰਫ ਨਾਮ ਦਾ ਮੰਨਣ ਨਿਧਿਆਸਨ ਕਰਨਹਾਰਾ ਗੁਰਮੁਖ ਜਨ ਖੁਦ ਮੋਖ ਦੁਆਰੁ ਨੂੰ ਪ੍ਰਾਪਤ ਹੁੰਦਾ ਹੈ, ਬਲਕਿ "ਮੰਨੈ ਪਰਵਾਰੈ ਸਾਧਾਰੁ" ਨਾਮ ਦੇ ਮੰਨਣ ਕਰਕੇ ਨਾਮ ਮੰਨਣਹਾਰਾ ਸਾਰੇ ਪਰਵਾਰ ਦਾ ਸਾਧਾਰ (ਨਿਸਤਾਰਾ) ਕਰਨਹਾਰਾ ਬਣ ਜਾਂਦਾ ਹੈ, ਪਰਵਾਰ ਛਡਕੇ ਇਕੀ ਕੁਲਾਂ ਦਾ ਭੀ ਤਾਰਕ ਹੋ ਜਾਂਦਾ ਹੈ। "ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥"** ਸਤਿਗੁਰ ਦੀ ਸ਼ਫਾਇਤ ਨਾਲਿ, ਐਸੀ ਹੈ ਪਾਰਸ ਕਲਾ ਨਾਮ ਰਸਾਇਣ ਦੀ ਅਤੇ ਚੁੰਬਕ ਰਸਾਇਣੀ ਨਾਮ ਅਭਿਆਸ ਦੇ ਪਾਰਸ ਪਰਤਾਪ ਦੀ—

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥
ਗੂਜਰੀ ਮਹਲਾ ੫, ਪੰਨਾ ੪੯੬

ਗੁਰਵਾਕ ਦੇ ਭਾਵ ਅਨੁਸਾਰ ਨਾਮ ਸਿਮਰਨਹਾਰੇ ਗੁਰਮੁਖਿ ਜਨ ਨਾਮ ਸਿਮਰ ਸਿਮਰ ਕੇ ਆਪਣੇ ਪਰਲੋਕ ਗਮਨ ਪਿਤਰਾਂ ਦਾ ਭੀ ਉਧਾਰ ਕਰ ਦਿੰਦੇ ਹਨ। "ਪਰਵਾਰੈ ਸਾਧਾਰੁ" ਹੋਣ ਵਿਚ ਤਾਂ ਕੀ ਸੰਦੇਹ ਹੋ ਸਕਦਾ ਹੈ ? ਪ੍ਰਗ ਖਲੋਤੇ ਗੁਰਮੁਖ ਜਨਾਂ ਦੀ ਸਤਿਗੁਰੂ ਹਰ ਪਰਕਾਰ ਬਾਹੁੜੀ ਕਰਦਾ ਹੈ, ਅਤੇ ਉਹਨਾਂ ਦੀ ਕੀਤੀ ਨੂੰ ਕ੍ਰਿਪਾ ਕਰਕੇ ਆਪ ਸਤਿਗੁਰੂ ਨਿਵਾਹ ਲੈਂਦਾ ਹੈ, ਉਹਨਾਂ ਦੇ ਬਾਊਂ ਆਪ ਖਲੋਇਕੇ ਸਤਿਗੁਰੂ ਬਾਹੁੜੀ ਨਿਬਾਹੁੜੀ ਕਰਦਾ ਹੈ। "ਮੰਨੈ ਤਰੈ

* ਬਸੰਤੁ ਮ: ੧, ਪੰਨਾ ੧੧੮੮
** ਗਉੜੀ ਬੈਰਾਗਣਿ ਮ: ੪, ਪੰਨਾ ੧੬੬

ਤਾਰੇ ਗੁਰੁ ਸਿਖ" ਚਾਹੇ ਨਾਮ ਦੇ ਮੰਨਣਹਾਰੇ ਨਾਮ ਨਿਧਿਆਸਨੀ ਅਭਿਆਸੀ ਸਿਖ ਨੇ ਕਿਤਨੀ ਹੀ ਨਾਮ ਕਮਾਈ ਕੀਤੀ ਹੋਵੇ, ਪਰ ਉਹ ਗੁਰੂ ਦੀ ਨਦਰ ਮੇਹਰ ਨਾਲ ਹੀ ਤੁਰਦਾ ਹੈ। ਉਹ ਆਪਣੀ ਕਰਣੀ ਕਰ ਆਪੋਂ ਤਰਨ ਦਾ ਦਮ ਕਦੇ ਨਹੀਂ ਮਾਰ੍ਹ ਸਕਦਾ ਅਤੇ ਨਾ ਹੀ ਆਪ ਆਪਣੇ ਹੁਦਰੋਂ ਹੀ ਤਰ ਸਕਦਾ ਹੈ, ਸਦਾ ਗੁਰਪ੍ਰਸਾਦਿ ਕਰ ਹੀ ਤਰੇਗਾ। ਗੁਰਮਤਿ ਦਾ ਏਹ ਮੁਸੱਲਮਾ ਅਸੂਲ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੀ ਸੁਫਲ ਫਲਾਈ ਦਾ ਏਹ ਗੁਰਮਤਿ ਮੰਨਿਆ ਪਰਮੰਨਿਆ ਅਸੂਲ ਹੈ ਕਿ ਪੂਜ ਕੇ ਕੀਤੀਆਂ ਨਾਮ ਅਭਿਆਸ ਕਮਾਈਆਂ ਵਾਲੇ ਸਿਖ ਨੂੰ ਤਾਰੇ ਤਾਂ ਗੁਰੂ ਹੀ ਤਾਰੇ, ਉਹ ਆਪੋਂ ਆਪਣੀ ਕਰਨੀ ਕਰਿ ਤਰਨ ਦੀ ਡੀਂਗ ਕਦੇ ਨਹੀਂ ਮਾਰ ਸਕਦਾ। ਨਾਮ ਅਭਿਆਸੀ ਸਿਖ ਦੀ ਸੁਕ੍ਰਿਤ ਕਰਨੀ ਦਾ ਫਲ ਪ੍ਰਦਾਤਾ ਸਤਿਗੁਰੂ ਹੈ, ਭੂਤ ਭਵਿਖਤ ਦਾ ਏਹ ਅਟੱਲ ਗੁਰਮਤਿ ਸਿਧਾਂਤ ਹੈ ਕਿ ਸਿਖ ਨੂੰ ਤਾਰੇ ਤਾਂ ਗੁਰੂ ਹੀ ਤਾਰੇ। ਸੋ ਨਾਮ ਦੇ ਮੰਨਣ ਕਰਕੇ ਨਾਮ ਕਮਾਈਆਂ ਦੇ ਤੁਫੈਲ ਹੀ ਨਾਮ ਅਭਿਆਸੀ ਸਿਖ ਤਰਦਾ ਹੈ, ਪਰ ਗੁਰੂ ਦਾ ਤਾਰਿਆ ਹੀ ਤਰਦਾ ਹੈ। ਉਸ ਨੂੰ ਤਾਰੇ ਤਾਂ ਗੁਰੂ ਹੀ ਤਾਰੇ। ਗੁਰੂ ਪਦ ਦੇ ਰਾਰੇ ਨੂੰ ਔਂਕੁੜ ਹੋਣ ਕਰਕੇ ਗੁਰੂ ਪਦ ਸਿਖ ਪਦ ਨਾਲ ਸੰਮਿਲਤ ਹੋਕੇ 'ਗੁਰਸਿਖ' ਨਹੀਂ ਬਣ ਸਕਦਾ, ਗੁਰਸਿਖ ਤਾਂ ਬਣੇ ਜੇ ਔਂਕੜ ਨਾ ਹੋਵੇ। 'ਸਿਖ' ਪਦ ਦੇ ਖੱਖੇ ਦਾ ਔਂਕੁੜ ਇਉਂ ਉੜਿਆ ਹੈ ਕਿ ਸਿਖ ਦੇ ਨਾਲ 'ਨੂੰ' ਦੇ ਅਰਥ ਸਬੰਧਤ ਹਨ, ਗੁਰੂ ਸਿਖ ਨੂੰ ਤਾਰੇ ਅਤੇ ਇਸ ਬਿਧ ਅਤੇ ਇਸ ਬਿਧ ਗੁਰ ਨਦਰਿਸ਼ਟੈ ਹੋਕੇ ਹੀ ਸਿਖ ਤਰਦਾ ਹੈ, 'ਤਰੈ' ਹੈ ਅਤੇ ਇਸ ਬਿਧਿ

"ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥"

ਜਪੁ ਜੀ ਸਾਹਿਬ (ਪਉੜੀ ੩੮)

ਦਾ ਅੰਤਲਾ ਤੱਤ ਗੁਰਮਤਿ ਅਸੂਲ ਅੰਦਰ ਨਿਰਣੇ ਵਿਆਖਤ ਹੁੰਦਾ ਹੈ। 'ਤਰੈ' ਦਾ ਸਬੰਧ ਗੁਰੂ ਨਾਲ ਨਹੀਂ ਜੈਸਾ ਕਿ ਕਈ ਟੀਕਾਕਾਰ ਅਰਥ ਕਰਦੇ ਹਨ ਕਿ ਨਾਮ ਦੇ ਮੰਨਣ ਕਰਿ ਗੁਰੂ ਤਰਦਾ ਹੈ ਅਤੇ ਸਿੱਖਾਂ ਨੂੰ ਤਾਰਦਾ ਹੈ। ਸਤਿਗੁਰੂ ਤਾਂ "ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੁਹਿ ਤਾਰੈ"* ਦੇ ਗੁਰਵਾਕ ਅਨੁਸਾਰ ਖੁਦ ਹੀ ਤਰਨ ਤਾਰਨ ਸਮਰਥ ਧੁਰ ਦਰਗਾਹੋਂ ਹੀ ਤਰਿਆ ਹੋਇਆ ਹੈ, ਹਾਂ! ਧੁਰੋਂ ਗੁਰੂ ਕਰਤਾਰ ਦੀ ਦਰਗਾਹੋਂ ਹੀ ਨਾਮ ਗੁਰਮੰਤ੍ਰ ਮਿਲਨ ਕਰਿ ਤਰਨ ਤਾਰਨ ਸਮਰਥ ਹੈ, ਪਰ 'ਮੰਨੇ' ਦੇ ਅਰਥਾਂ ਵਿਚ ਧੁਰ

* ਕਾਨੜਾ ਮ: ੫, ਪੰਨਾ ੧੩੦੧

ਦਰਗਾਹੋਂ ਨਾਮ ਮਿਲਣ ਦੇ ਅਰਥ ਨਹੀਂ ਸੰਬੋਧੇ ਜਾ ਸ਼ਕਦੇ, ਤਾਂ ਤੇ—

"ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥"

ਦਾ ਭਾਵ ਸਿਖ ਅਭਿਆਸੀ ਜਨਾਂ ਤੇ ਹੀ ਘਟ ਸਕਦਾ ਹੈ ਅਤੇ ਨਾਮ ਦੇ ਮੰਨਣ ਕਮਾਵਣ ਹਾਰੇ ਸਿਖਾਂ ਪ੍ਰਥਾਇ ਹੀ ਖੂਬ ਫਬਦਾ ਹੈ। "ਸੁਣਿਐ" "ਮੰਨੇ" ਦੀਆਂ ਪਉੜੀਆਂ ਸਿਖਾਂ ਪ੍ਰਥਾਇ ਉਚਾਰਨ ਹੋਈਆਂ ਹਨ ਅਤੇ ਗੁਰੂ ਪ੍ਰਥਾਇ ਉਚਾਰਨ ਹੋਈ ਕਿਸੇ ਪੰਗਤੀ ਪਉੜੀ ਨੂੰ ਮੰਨਣਾ ਉੱਕਾ ਹੀ ਅਨੁਥਾ ਹੈ।

"ਮੰਨੈ ਨਾਨਕ ਭਵਹਿ ਨ ਭਿਖ" ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਦੇ ਮੰਨਣ ਕਰ ਨਾਮ ਦੇ ਮੰਨਣਹਾਰੇ ਨਾਮ ਦੀ ਭਿਖਿਆ ਹੇਤ ਹੋਰ ਥਾਉਂ ਭਾਉਂਦੇ ਨਹੀਂ ਫਿਰਦੇ। ਜਿਨ੍ਹਾਂ ਨੂੰ ਗੁਰਮਤਿ ਨਾਮ ਦੀਖਿਆ ਉਤੇ ਦ੍ਰਿੜ੍ਹ ਵਿਸ਼ਵਾਸ ਆਇਆ ਹੈ, ਜੋ ਏਸ ਦ੍ਰਿੜ੍ਹ ਵਿਸ਼ਵਾਸ ਸਰਧਾ ਕਰਕੇ ਗੁਰਮਤਿ ਨਾਮ ਦਾ ਜਾਪ ਅਭਿਆਸ ਰੂਪੀ ਮੰਨਣ ਨਿਧਿਆਸਣ ਕਰਦੇ ਹਨ, ਉਹਨਾਂ ਦਾ ਘਰ ਏਥੇ ਗੁਰੂ ਘਰ ਵਿਚ ਹੀ ਪੂਰਾ ਹੋ ਜਾਂਦਾ ਹੈ। ਉਹਨਾਂ ਨੂੰ ਨਿਜ-ਆਤਮ ਵਿਸਾਇਣੀ ਭੁਖ ਮਿਟਾਉਣ ਹੇਤ ਨਾਮ ਦੀਖਿਆ ਦੀ ਭਿਖਿਆ ਮੰਗਣ ਲਈ ਦਰ ਦਰ ਭਉਣਾ ਭਟਕਣਾ ਨਹੀਂ ਪੈਂਦਾ। ਉਹ ਗੁਰੂ ਦੇ ਅਨਿੰਨ ਭਰੋਸੇ ਵਾਲੇ ਅਡੋਲ ਬਿਰਤੀਏ ਸ਼ਰਧਾਲੂ ਸਿਖ ਹੋ ਜਾਂਦੇ ਹਨ।

# ੧੮

# ਨਾਮ ਜਪਣ ਦੀ ਜੁਗਤੀ

ਗੁਰਮਤਿ ਨਾਮ ਅਭਿਆਸ ਨਾਲ 'ਨਾਮ ਜਪਣ ਦੀ ਜੁਗਤੀ' ਦਾ ਖ਼ਾਸ ਸੰਬੰਧ ਹੈ। ਸੋ ਇਹ ਪ੍ਰਕਰਣ ਭਾਈ ਸਾਹਿਬ ਜੀ ਲਿਖਤ 'ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ ਲੈ ਕੇ ਏਥੇ ਦਰਜ ਕੀਤਾ ਜਾਂਦਾ ਹੈ। [ਸੰਪਾਦਕ]

ਸਾਨੂੰ ਗੁਰਸਿਖਾਂ ਨੂੰ ਗੁਰੂ ਸਚੇ ਪਾਤਸ਼ਾਹ ਨੇ ਨਾਮ ਦ੍ਰਿੜ੍ਹਾਇਆ, ਨਾਮ ਦੀ ਪੂਜਾ ਸਿਖਾਈ, ਗੁਰਦੀਖਿਆ ਦੀ ਗੁੜ੍ਹਤੀ ਦਿਤੀ। ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਸਰੂਪ ਵਿਚਿ ਦਿਤੀ। ਜਿਨ੍ਹਾਂ ਨੇ ਖ਼ੁਦ ਨਾਮ ਅਭਿਆਸ ਰੂਪੀ ਸਚੜੀ ਪੂਜਾ ਨੂੰ ਜਗਿਆਸੂ ਜਨਾਂ ਪ੍ਰਤੀ ਕਰ ਕੇ ਪਰਤੱਖ ਦਿਖਾਇਆ। ਗੁਰਦੀਖਿਆ ਮਈ ਗੁਰਮੰਤਰ ਗੁਰਮਤਿ ਨਾਮ ਦਾ ਅਭਿਆਸ ਕਰਨਾ ਸਿਖਾਇਆ, ਜਿਸ ਵਿਚਿ ਕੋਈ ਫ਼ਰਜ਼ੀ ਧਿਆਨ ਕਿਸੇ ਫ਼ਰਜ਼ੀ ਮੂਰਤੀ ਦਾ ਨਹੀਂ ਧਰਨਾ ਪੈਂਦਾ। ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ ਜਾਪ ਦੇ ਆਰੰਭ ਵਿਚ ਸ਼ਬਦ ਨਾਲ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ ਜਾਪ ਕਰਦਿਆਂ ਆਵੇ (ਨਿਕਲੇ), ਉਸ ਧੁਨਿ ਨਾਲ ਸੁਰਤੀ ਨੂੰ ਜੋੜਨਾ, ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਚੁਅੰਖਰੇ ਦਾ ਪਹਿਲਾ ਦੁਅਖਰਾ, ਸਹਿਤ ਸੁਆਸ ਦੇ, ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰਿ ਲੈ ਜਾਵੇ, ਸਹਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਸ਼ਬਦ ਦੇ ਹਿੱਸੇ ਨੂੰ ਰਸਨਾ ਨਾਲ ਸਪਰਸ ਕੇ ਨਿਕਸਾਵੇ। ਏਸ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ। ਉਪਰ ਨੂੰ, ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪਰੰਸ ਹਲਕ ਤਾਲੂ ਸਹਿਤ ਹੋਵੇਗਾ। ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸੁਪਰਸੇਗਾ। ਇਸ ਸੁਪਰਸ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮ, ਪਰਾ ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ।

 www.sikhbookclub.com

"ਸਬਦੁ ਗੁਰੂ ਸੁਰਤਿ ਧੁਨਿ ਚੇਲਾ"*

ਦੇ ਗੁਰਵਾਕ ਅਨੁਸਾਰੀ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ। ਸ਼ਬਦ ਗੁਰੂ ਰੂਪ ਇਸ ਕਰ ਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ਼ ਪਾਰਸ ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲ ਸੁਰਤੀ ਸਹਿਤ ਸਪਰਸਿਆਂ ਕਾਟ ਕਰਕੇ ਸਨੇ ਸਨੇ ਬਿਸਮਾਦ ਰੂਪ ਵਿਚ ਲੀਨਤਾ ਦਾ ਅਨੰਦ ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਰਸਨਾ ਨਾਲਿ ਸਪਰਸ ਹੋਣ ਕਰਕੇ ਅੰਤਰਿ ਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲਗ ਪੈਂਦਾ ਹੈ। ਜਦੋਂ ਰਸ ਬਿਸਮਤਾ ਦੀ ਨੌਬਤ ਆਣ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ ਬਿਸਮਾਦ ਕਲਾ ਵਿਚਿ ਲੀਨ ਹੋ ਕੇ ਸਹਜ ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਕੋਈ ਖਾਸ ਯਤਨ ਨਹੀਂ ਕਰਨਾ ਪੈਂਦਾ। ਰਸ-ਜੋਤਿ ਪ੍ਰਕਾਸ਼ ਦੀ ਕਿਰਣ ਕਣੀ ਹੀ ਸੁਰਤਿ ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ। ਸ਼ਬਦ ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦਿੰਦੀ। ਗੁਰਪ੍ਰਸਾਦਿ ਕਰਿ ਹੀ ਇਹ ਬਿਧਿ ਬਣਿ ਆਉਂਦੀ ਹੈ ਅਤੇ ਜਿਉਂ ਜਿਉਂ ਇਹ ਵਿਧਿ ਬਣਦੀ ਹੈ, ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚਿ ਨਿਮਰੀ ਭੂਤ ਹੋਕੇ ਅਭਿਆਸ ਆਨੰਦਨੀ ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ ਕਰਤਾਰ ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ,ਚੇਤੇ ਰਹੇ ਕਿ ਇਸ ਅਭਿਆਸ ਰਸ-ਆਨੰਦੀ ਖੇਡ ਵਿਚਿ ਰਸ ਪ੍ਰਾਇਣ ਹੋ ਕੇ ਰਸ ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉਠਦਾ ਹੈ। ਅੰਗੁ ਅੰਗੁ ਫੁਰਕਣ ਲਗ ਪੈਂਦਾ ਹੈ। ਹੋਂਠ ਭੀ ਆ ਮੁਹਾਰੇ ਫੁਰਕਣ ਲਗ ਪੈਂਦੇ ਹਨ। ਇਹ ਅਮਿਓ ਰਸਾਇਣੀ ਰਸ ਅਤੀਅੰਤ ਹੀ ਅਜਰ ਵਸਤੂ ਹੈ। ਗੁਰ ਪ੍ਰਸਾਦਿ ਕਰਿ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ (ਜੈਸਾ ਉਪਰ ਵਰਨਣ ਹੋਇਆ ਹੈ) ਇਸ ਅਜਰ ਪਦ ਨੂੰ ਜਰਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ ਉਹ ਭੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ ਝਰਨ ਬਿਰਤੀ ਇਕ ਬਿਸਮ ਆਨੰਦੀ ਹੁਲਾਰੇ ਦੀ ਅਕਥਨੀ ਮੌਜ ਵਿਚ ਹਾਲ ਖੇਡਣ ਲਗ ਪੈਂਦੀ ਹੈ। ਸਰੀਰ ਭੀ ਵਜਦ ਵਿਚ ਆਕੇ ਝੂਲਣ ਮੇਹਲਣ ਲਗ ਪੈਂਦਾ ਹੈ, ਪਰ ਸਹਜ ਕਲਾ ਵਿਚ। ਇਸ ਵਜਦ ਹੁਲਾਰੜੀ ਖੇਡ ਵਿਚ ਅੰਤ੍ਰੀਵੀ ਅਮਿਓ ਰਸ ਰਸਾਇਣ ਸੇਤੀ ਸਰਸ਼ਾਰ ਹੋ ਕੇ ਅਤੇ ਬਿਹਬਲ ਹੋ ਕੇ ਅਭਿਆਸੀ ਜਨ ਸ਼ਬਦ ਅਭਿਆਸੀ ਤਰੰਗੀ ਫੁਰਾਟੇ ਵੀ ਮਾਰਨ ਲਗ ਪੈਂਦਾ ਹੈ।


www.sikhbookclub.com

ਇਹਨਾਂ ਫੁਰਾਟਿਆਂ ਸੁਰਾਰਟਿਆਂ ਗੁਰਾਟਿਆਂ ਦੇ ਗਰਜਾਉਣ ਵਿਚ ਹੋਰ ਭੀ ਅਦਿਭੁਤ ਅਨੰਦ ਆਉਂਦਾ ਹੈ। ਜਿਨ੍ਹਾਂ ਉਤੇ ਏਹ ਦਸ਼ਾ ਵਾਪਰੀ ਹੋਵੇ ਸੋਈ ਜਾਣਨ ਇਸ ਰਸ-ਅਨੰਦੀ ਖੇਡ ਨੂੰ, ਨਹੀਂ ਤਾਂ ਆਮ ਲੋਕੀ ਆਪੋ ਆਪਣੀ ਮਤਿ ਕੁਮਤਿ ਅਨੁਸਾਰ ਰਸ ਫੁਰਾਟੀਆਂ, ਰਸ ਰਸਾਟੀਆਂ, ਰਸ ਝਰਨਾਟੀਆਂ, ਰਸ ਸੁਰਤਾਟੀਆਂ, ਰਸ ਗੁਰਾਟੀਆਂ, ਰਸ ਗਜਰਾਟੀਆਂ ਦੀ ਇਸ ਅਨੂਪਮ ਅਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖੌਲ ਉੜਾਉਣ ਲਗ ਪੈਂਦੇ ਹਨ। ਪਏ ਉੜਾਉਣ !

ਹਰਿ ਕੇ ਲੋਗ ਰਾਮ ਜਨ ਨੀਕੇ ਭਾਗ ਹੀਣ ਨ ਸੁਖਾਇ ॥
ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥
ਰਾਮਕਲੀ ਮ: ੪, ਪੰਨਾ ੮੮੧

ਭਾਗਹੀਣਾਂ ਦੇ ਵਸਿ ਵੀ ਕੀ ਹੈ ! ਉਹਨਾਂ ਨੂੰ ਇਸ ਅਧਿਆਤਮ ਖੇਡ ਦਾ ਪਤਾ ਹੀ ਨਹੀਂ। ਤਾਂ ਹੀ ਤਾਂ ਓਹਨਾਂ ਨੂੰ ਵਜਦ-ਅਨੰਦੀ ਕੇਲ ਕਰੰਤੇ ਹੰਸ ਜਨ ਭਾਉਂਦੇ ਨਹੀਂ। ਸਤਿਗੁਰੂ ਉਹਨਾਂ ਨੂੰ ਸੁਮਤਿ ਬਖ਼ਸ਼ੇ। ਸ਼ਬਦ-ਅਭਿਆਸੀਆਂ ਦੇ ਅਭਿਆਸ-ਬਿਲੋਵਨੇ ਬਿਲੋਵਨ ਨੂੰ ਹੌਂਕਣੀਆਂ ਧੌਂਕਣੀਆਂ ਦਸਣ ਵਾਲੇ ਅਤੇ ਅਨਿਕ ਪ੍ਰਕਾਰ ਕਰਿ ਨਿੰਦਣ ਵਾਲੇ, ਕਦੇ ਵਕਤ ਆਵੇਗਾ, ਏਸੇ ਨੱਕੇ ਥਾਣੀ ਲੰਘਣਗੇ ਅਤੇ ਪਛੁਤਾਇ ਕੇ ਆਪਣੀਆਂ ਭੁਲਾਂ ਸਤਿਗੁਰੂ ਪਾਸੋਂ ਬਖ਼ਸ਼ਾਉਣਗੇ ਤੇ ਰਾਹਿ-ਰਾਸਤ ਪਰ ਆਉਣਗੇ ਅਤੇ ਪਰਮਾਤਮਾ ਦੀ ਉਪਰ ਦਸੀ ਅਧਿਆਤਮ ਪੂਜਾ ਦੇ ਮਾਰਗ ਤੇ ਚਲਣ ਵਾਲੇ ਬਣਨਗੇ।

—ਸਮਾਪਤ—

 www.sikhbookclub.com

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧. ਜੇਲ੍ਹ ਚਿੱਠੀਆਂ
੨. ਰੰਗਲੇ ਸਜਣ
੩. ਅਣਡਿੱਠੀ ਦੁਨੀਆ
੪. ਗੁਰਮਤਿ ਬਿਬੇਕ
੫. ਗੁਰਮਤਿ ਲੇਖ
੬. ਗੁਰਮਤਿ ਪ੍ਰਕਾਸ਼
੭. ਗੁਰਮਤਿ ਵਿਚਾਰ
੮. ਗੁਰਮਤਿ ਗੌਰਵਤਾ
੯. ਸੰਤ ਪਦ ਨਿਰਣੈ
੧੦. ਕਥਾ ਕੀਰਤਨ
੧੧. ਸਚਖੰਡ ਦਰਸ਼ਨ
੧੨. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੩. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ?
੧੪. ਗੁਰਮਤਿ ਨਾਮ ਅਭਿਆਸ ਕਮਾਈ
੧੫. ਗੁਰਮਤਿ ਸਚ ਨਿਰਣੈ
੧੬. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੭. ਚਰਨ ਕਮਲ ਕੀ ਮਉਜ
੧੮. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ
੧੯. ਅਨਹਦ ਸ਼ਬਦ ਦਸਮ ਦੁਆਰ
੨੦. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ
੨੧. ਜੋਤਿ ਵਿਗਾਸ (ਮਹਾ ਕਾਵਿ)
੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੩. Autobiography of Bhai Randhir Singh (ਜੇਲ੍ਹ ਚਿੱਠੀਆਂ ਅੰਗ੍ਰੇਜ਼ੀ)

ਛੋਟੇ ਟ੍ਰੈਕਟ—

੨੪. ਅੰਮ੍ਰਿਤ ਕੀ ਹੈ
੨੫. ਅੰਮ੍ਰਿਤ ਕਲਾ
੨੬. ਗੁਰਮਤਿ ਰਮਜ਼ਾਂ
੨੭. ਸਿੱਖ ਕੌਣ ਹੈ?
੨੮. ਸੱਚੀਆਂ ਦਾੜ੍ਹੀਆਂ
੨੯. ਵਾਹਿਗੁਰੂ ਸਿਮਰਨ
੩੦. ਸੁਪਨਾ
੩੧. ਆਸਤਕ ਨਾਸਤਕ
੩੨. ਸ਼ੰਕਿਆਂ ਦੇ ਉਤਰ
੩੩. ਨਾਮ ਸੰਬੰਧੀ ਵਿਚਾਰ
੩੪. ਤਿਮਰ ਅਗਿਆਨ ਤੋਂ ਉਜਿਆਰਾ
੩੫. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੬. ਸਿੰਘਾਂ ਦਾ ਪੰਥ ਨਿਰਾਲਾ
੩੭. ਬਾਬਾ ਵੈਦ ਰੋਗੀਆ ਦਾ
੩੮. ਕੋ ਵਿਰਲਾ ਗੁਰਮਤਿ ਚਲੈ ਜੀਉ
੩੯. ਹਉਮੈ ਨਾਵੈ ਨਾਲਿ ਵਿਰੋਧ ਹੈ
੪੦. ਨਾਮ ਦਾ ਦਾਤਾ ਸਤਿਗੁਰੂ
੪੧. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੨. ਸਿੱਖੀ ਸਿਦਕ ਤੇ ਧਰਮ ਰੱਖਿਆ
੪੩. ਕੀਰਤਨੀ ਜੱਥਿਆਂ ਦੀ ਦਾਸਤਾਨ
੪੪. Meaning of Sikh Baptism

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
੨੩-ਜੀ, ਸਰਾਭਾ ਨਗਰ, ਲੁਧਿਆਣਾ


www.sikhbookclub.com